**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067

*Jassi Gill*
CA DRE Lic.#01180969
CA DRE# 00966763

**Ad Space Available**
**Call 847-359-0746**

COVERED CALIFORNIA
**ਓਬਾਮਾ ਕੇਅਰ**
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 49, December 29, 2015
20451 N Plum Grove Rd., Palatine, IL 60074
Ph:847-359-0746, Fax:847-705-9388

# ਸੋਸ਼ਲ ਮੀਡੀਆ 'ਤੇ ਬਾਦਲਾਂ ਨੂੰ ਭਾਜੜ

## ਵਿਰੋਧੀ ਪ੍ਰਚਾਰ ਡੱਕਣ ਲਈ ਹਰ ਹਥਿਆਰ ਹੋਇਆ ਖੁੰਢਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਸੋਸ਼ਲ ਮੀਡੀਆ ਅਕਾਲੀ ਸਰਕਾਰ ਲਈ ਹਊਆ ਬਣ ਗਿਆ ਹੈ। ਸੋਸ਼ਲ ਮੀਡੀਆ 'ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੀ ਪਤਨੀ ਤੇ ਬਠਿੰਡੇ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਪਰਵਾਸੀ ਪੰਜਾਬੀ ਇਸ ਮੁਹਿੰਮ ਵਿਚ ਸਭ ਤੋਂ ਅੱਗੇ ਹਨ।

ਸਰਕਾਰ ਖਿਲਾਫ ਇਹ ਸਿਲਸਿਲਾ ਅਕਾਲੀ ਆਗੂਆਂ ਦੀ ਕੈਨੇਡਾ ਤੇ ਅਮਰੀਕਾ ਫੇਰੀ ਦੌਰਾਨ ਹੋਈ ਦੁਰਦਸ਼ਾ ਤੋਂ ਬਾਅਦ ਸ਼ੁਰੂ ਹੋਇਆ ਸੀ। ਡੇਰਾ ਸਿਰਸਾ ਮੁਖੀ ਨੂੰ ਮੁਆਫੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪਿੱਛੋਂ ਤਾਂ ਬਾਦਲ ਲਾਣਾ ਖੁੱਲ੍ਹ ਕੇ ਸੋਸ਼ਲ ਮੀਡੀਆ ਦੇ ਨਿਸ਼ਾਨੇ ਉਤੇ ਆ ਗਿਆ। ਅਕਾਲੀਆਂ ਦੀ ਬਠਿੰਡਾ ਰੈਲੀ ਤੋਂ ਦੋ ਦਿਨ ਪਹਿਲਾਂ ਇਕ ਬਜ਼ੁਰਗ ਜਰਨੈਲ ਸਿੰਘ ਵੱਲੋਂ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਥੱਪੜ ਮਾਰਨ ਅਤੇ ਇਸ ਪਿੱਛੋਂ ਮੰਤਰੀ ਦੀ ਬ੍ਰਿਗੇਡ ਵੱਲੋਂ ਬਜ਼ੁਰਗ ਦੀ ਕੁੱਟਮਾਰ ਦੀ ਘਟਨਾ ਨੂੰ ਮੀਡੀਆ ਵਿਚ ਜਾਣ ਤੋਂ ਰੋਕਣ ਲਈ ਪੁਲਿਸ ਨੇ ਟਿੱਲ ਲਾ ਲਿਆ ਸੀ, ਪਰ ਸੋਸ਼ਲ ਮੀਡੀਆ ਨੇ ਸਾਰੀਆਂ ਕੋਸ਼ਿਸ਼ਾਂ ਨਾਕਾਮ ਕਰ ਦਿੱਤੀਆਂ। ਪੁਲਿਸ ਨੇ ਪੱਤਰਕਾਰਾਂ ਨੂੰ ਘੇਰ-ਘੇਰ ਕੇ ਇਸ ਘਟਨਾ ਦੀ ਵੀਡੀਓ ਡਿਲੀਟ ਕਰਵਾਈ ਅਤੇ ਖਬਰ ਨਾ ਛਾਪਣ ਲਈ ਰਾਜ਼ੀ ਵੀ ਕਰ ਲਿਆ ਸੀ, ਪਰ ਘਟਨਾ ਤੋਂ ਕੁਝ ਘੰਟੇ ਬਾਅਦ ਹੀ ਇਹ ਖਬਰ ਸੋਸ਼ਲ ਮੀਡੀਆ ਰਾਹੀਂ ਲੋਕਾਂ ਤੱਕ ਪਹੁੰਚ ਗਈ ਤੇ ਮਜਬੂਰੀ ਵਿਚ ਪ੍ਰਿੰਟ ਮੀਡੀਆ ਨੂੰ ਖਬਰ ਛਾਪਣੀ ਪਈ।

ਇਹ ਗੱਲ ਕਿਸੇ ਤੋਂ ਲੁਕੀ ਨਹੀਂ ਕਿ ਸੂਬੇ ਵਿਚ ਪੰਜਾਬੀ ਇਲੈਕਟ੍ਰੋਨਿਕ ਮੀਡੀਆ ਉਤੇ ਸਰਕਾਰ ਦਾ ਪੂਰਾ ਦਬਦਬਾ ਹੈ ਤੇ ਅਕਾਲੀਆਂ ਖਿਲਾਫ ਬੋਲਣ ਵਾਲੇ ਪੰਜਾਬੀ ਨਿਊਜ਼ ਚੈਨਲ- ਪੰਜਾਬ ਟੂਡੇ, ਡੇ ਐਂਡ ਨਾਈਟ ਤੇ ਏ.ਬੀ.ਪੀ.- ਪੰਜਾਬੀ ਪਹਿਲਾਂ ਹੀ ਆਪਣਾ ਬਿਸਤਰਾ ਗੋਲ ਕਰ ਗਏ ਹਨ। ਇਸ ਖੇਤਰ ਵਿਚ ਬਾਦਲਾਂ ਦੀ ਬੋਲੀ ਬੋਲਣ ਵਾਲੇ ਪੀ.ਟੀ.ਸੀ. ਨਿਊਜ਼ ਅਤੇ ਫਾਸਟਵੇਅ ਦੇ ਕੁਝ ਖੇਤਰੀ ਚੈਨਲ ਹੀ ਛਾਏ ਹੋਏ ਹਨ। ਸਰਕਾਰ ਪ੍ਰਿੰਟ ਮੀਡੀਆ ਨੂੰ ਵੀ ਕੁਝ ਹੱਦ ਤੱਕ ਇਸ਼ਤਿਹਾਰਾਂ ਦਾ 'ਚੋਗਾ' ਪਾ ਕੇ ਰਾਹਤ ਲੈਣ ਵਿਚ ਸਫਲ ਰਹਿੰਦੀ ਹੈ, ਪਰ ਸੋਸ਼ਲ ਮੀਡੀਆ ਦਾ ਵਾਰ ਡੱਕਣਾ ਸਰਕਾਰ ਲਈ ਚੁਣੌਤੀ ਬਣ ਗਿਆ ਹੈ।

ਪਿਛਲੇ ਦਿਨੀਂ ਅਕਾਲੀ ਦਲ ਦੀ ਕੋਰ ਕਮੇਟੀ ਦੀਆਂ ਮੀਟਿੰਗਾਂ ਵਿਚ ਵੀ ਸੋਸ਼ਲ ਮੀਡੀਆ ਨਾਲ ਦੋ-ਦੋ ਹੱਥ ਕਰਨ ਬਾਰੇ ਰਣਨੀਤੀ ਘੜੀ ਗਈ ਸੀ ਤੇ ਪੁਲਿਸ ਨੂੰ ਹਦਾਇਤ ਕੀਤੀ ਗਈ ਸੀ ਕਿ ਸਰਕਾਰ ਨੂੰ ਨਿਸ਼ਾਨਾ ਬਣਾਉਣ ਵਾਲਿਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ। ਇਸ ਪਿੱਛੋਂ ਪੁਲਿਸ ਨੇ ਅਜਿਹੇ ਲੋਕਾਂ ਨੂੰ ਕਾਬੂ ਕਰਨ ਲਈ ਵੱਡੇ ਪੱਧਰ 'ਤੇ ਮੁਹਿੰਮ ਵਿੱਢੀ ਹੋਈ ਹੈ। ਇਸੇ ਸਿਲਸਿਲੇ ਵਿਚ ਅੰਮ੍ਰਿਤਸਰ ਦੇ ਮੀਰਾਂਕੋਟ ਵਾਸੀ ਬਿਕਰਮ ਸਿੰਘ ਨਾਂ ਦੇ ਇਕ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਬਿਕਰਮ ਉਤੇ ਇਲਜ਼ਾਮ ਹੈ ਕਿ ਉਸ ਨੇ ਸੁਖਬੀਰ ਬਾਦਲ ਬਾਰੇ ਫੇਸਬੁੱਕ ਉਤੇ ਗਲਤ ਟਿੱਪਣੀ ਕੀਤੀ ਸੀ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਉਤੇ ਸਰਗਰਮ ਪਰਵਾਸੀ ਪੰਜਾਬੀਆਂ ਦੇ ਪੰਜਾਬ ਰਹਿੰਦੇ ਰਿਸ਼ਤੇਦਾਰਾਂ ਨੂੰ ਵੀ ਘੇਰਾ ਪਾਇਆ ਜਾ ਰਿਹਾ ਹੈ। ਅਕਾਲੀ ਦਲ ਵਰਕਿੰਗ ਕਮੇਟੀ ਦੇ ਮੈਂਬਰ ਪ੍ਰੀਤਮ ਸਿੰਘ ਭਰੋਵਾਲ ਤੇ

*(ਬਾਕੀ ਸਫਾ 6 'ਤੇ)*



### ਪੰਨੂ ਖਿਲਾਫ ਪੁਲਿਸ ਦੀ ਫੁਰਤੀ ਉਤੇ ਸਵਾਲ

**ਚੰਡੀਗੜ੍ਹ:** ਪੁਲਿਸ ਵੱਲੋਂ ਪੱਤਰਕਾਰ ਬਲਤੇਜ ਸਿੰਘ ਪੰਨੂ ਖਿਲਾਫ ਕਾਰਵਾਈ ਕਰਨ ਵਿਚ ਵਿਖਾਈ ਫੁਰਤੀ 'ਤੇ ਸਵਾਲ ਉੱਠਣ ਲੱਗੇ ਹਨ। ਇਕ ਮਹਿਲਾ ਦੀ ਸ਼ਿਕਾਇਤ ਉਤੇ ਬਿਨਾਂ ਕਿਸੇ ਜਾਂਚ-ਪੜਤਾਲ ਦੇ ਪੰਨੂ ਖਿਲਾਫ ਬਲਾਤਕਾਰ ਦਾ ਮਾਮਲਾ ਦਰਜ ਕਰ ਕੇ ਗ੍ਰਿਫਤਾਰ ਕਰ ਲਿਆ ਗਿਆ ਜਦ ਕਿ ਆਮ ਕਰ ਕੇ ਪੁਲਿਸ ਵੱਲੋਂ ਸ਼ਿਕਾਇਤ ਦੀ ਜਾਂਚ-ਪੜਤਾਲ ਪਿੱਛੋਂ ਹੀ ਅਜਿਹੀ ਕਾਰਵਾਈ ਕੀਤੀ ਜਾਂਦੀ ਹੈ। ਮੰਨਿਆ ਜਾ ਰਿਹਾ ਹੈ ਕਿ ਸੋਸ਼ਲ ਮੀਡੀਆ 'ਤੇ ਪੰਨੂ ਦੀ ਸਰਗਰਮੀ ਕਰ ਕੇ ਹੀ ਉਸ ਨੂੰ ਘੇਰਿਆ ਗਿਆ ਹੈ। ਪੰਨੂ ਕੈਨੇਡੀਅਨ ਨਾਗਰਿਕ ਹੈ ਤੇ ਇਸ ਪੱਖੋਂ ਵੀ ਪੁਲਿਸ ਕਾਰਵਾਈ 'ਤੇ ਸਵਾਲ ਉੱਠੇ ਹਨ। ਉਧਰ, ਬਰੈਂਪਟਨ ਦੇ ਕੈਨੇਡੀਅਨ ਕਨਵੈਨਸ਼ਨ ਸੈਂਟਰ ਵਿਚ ਟਰਾਂਟੋ ਇਲਾਕੇ ਦੇ ਤਿੰਨ ਹਜ਼ਾਰ ਤੋਂ ਵੱਧ ਲੋਕਾਂ ਨੇ ਪੰਨੂ ਦੀ ਹਮਾਇਤ ਵਿਚ ਰੈਲੀ ਕੀਤੀ ਤੇ ਕੈਨੇਡਾ ਸਰਕਾਰ ਤੱਕ ਗੱਲ ਪਹੁੰਚਾਉਣ ਲਈ ਪਟੀਸ਼ਨ ਵੀ ਪਾਈ।

### ਤੋਤਾ ਸਿੰਘ ਦੇ ਕੇਸ 'ਚ ਬਾਦਲ ਘਿਰੇ

**ਚੰਡੀਗੜ੍ਹ:** ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਸਜ਼ਾਯਾਫ਼ਤਾ ਹੋਣ ਦੇ ਬਾਵਜੂਦ ਤੋਤਾ ਸਿੰਘ ਨੂੰ ਕੈਬਨਿਟ ਮੰਤਰੀ ਬਣਾਉਣ ਉਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸਵਾਲ ਚੁੱਕੇ ਹਨ। ਅਦਾਲਤ ਨੇ ਇਸ ਮਾਮਲੇ 'ਤੇ ਪੰਜਾਬ ਸਰਕਾਰ ਸਮੇਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਤੋਤਾ ਸਿੰਘ ਨੂੰ ਨੋਟਿਸ ਜਾਰੀ ਕਰ ਕੇ 22 ਜਨਵਰੀ ਨੂੰ ਜਵਾਬ ਦਾਖਲ ਕਰਨ ਦੇ ਹੁਕਮ ਦਿੱਤੇ ਹਨ। ਹਾਈਕੋਰਟ ਦੇ ਬੈਂਚ ਵੱਲੋਂ ਇਹ ਹੁਕਮ ਮੋਗਾ ਦੇ ਰਹਿਣ ਵਾਲੇ ਸੁਖਜੀਤ ਸਿੰਘ ਵੱਲੋਂ ਪਾਈ ਪਟੀਸ਼ਨ ਉਤੇ ਕਾਰਵਾਈ ਕਰਦਿਆਂ ਸੁਣਾਏ ਗਏ ਹਨ। ਪਟੀਸ਼ਨ ਵਿਚ ਦੱਸਿਆ ਹੈ ਕਿ ਵਿਜੀਲੈਂਸ ਬਿਊਰੋ ਨੇ ਤੋਤਾ ਸਿੰਘ ਖਿਲਾਫ 14 ਜੂਨ 2002 ਨੂੰ ਸਿੱਖਿਆ ਮੰਤਰੀ ਦੇ ਅਹੁਦੇ ਉਤੇ ਰਹਿੰਦਿਆਂ ਸਰਕਾਰੀ ਵਾਹਨ ਤੇ ਟੈਲੀਫੋਨ ਦੀ ਦੁਰਵਰਤੋਂ ਦਾ ਮਾਮਲਾ ਦਰਜ ਕੀਤਾ ਸੀ। ਅਦਾਲਤ ਨੇ ਮਈ 2012 ਨੂੰ ਉਨ੍ਹਾਂ ਨੂੰ ਇਕ ਸਾਲ ਕੈਦ ਤੇ 30 ਹਜ਼ਾਰ ਰੁਪਏ ਜਰਮਾਨੇ ਦੀ ਸਜ਼ਾ ਸੁਣਾਈ। ਸਜ਼ਾ ਤੋਂ ਬਾਅਦ ਤੋਤਾ ਸਿੰਘ ਨੇ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਤੋਤਾ ਸਿੰਘ ਨੇ ਹੇਠਲੀ ਅਦਾਲਤ ਨੇ

*(ਬਾਕੀ ਸਫਾ 6 'ਤੇ)*

**We Do Real Estate in Bay Area & Central Valley**
**We do loans anywhere in California**

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


REGULAR
2.09 9/10
Diesel
EC Unleaded
888 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


Need Water? Tired of waiting in Line?
Call: 844-486-9355
We have Multiple Drilling Rigs
and We Convert Pumps to Solar too
Run Your Well Without Bill
Hydro Tech Solutions
One Stop Shop
Kamaljit Dhillon
Simran Deol
Deep Grewal

# ਸਿੱਖ ਭਾਈਚਾਰੇ ਵਲੋਂ ਸੈਕਰਾਮੈਂਟੋ 'ਚ ਕੈਪੀਟਲ ਸਟੇਟ ਬਿਲਡਿੰਗ ਸਾਹਮਣੇ ਮੁਜ਼ਾਹਰਾ

**ਸੈਕਰਾਮੈਂਟੋ (ਬਿਊਰੋ):** ਕੈਲੀਫੋਰਨੀਆਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਦੇ ਸੱਦੇ ਉਤੇ ਸਿੱਖ ਭਾਈਚਾਰੇ ਵਲੋਂ ਇਥੇ ਸਟੇਟ ਕੈਪੀਟਲ ਬਿਲਡਿੰਗ ਸਾਹਮਣੇ ਵੱਡਾ ਰੋਸ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰੇ ਦਾ ਮਕਸਦ ਭਾਰਤ ਅਤੇ ਪੰਜਾਬ ਵਿਚ ਸਿੱਖਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੇ ਸੋਸ਼ਣ ਵਿਰੁਧ ਰੋਸ ਪ੍ਰਗਟਾਉਣਾ ਅਤੇ ਇਸ ਮਾਮਲੇ ਨੂੰ ਅਮਰੀਕੀ ਪ੍ਰਸ਼ਾਸਨ ਅਤੇ ਲੋਕਾਂ ਤੱਕ ਪਹੁੰਚਾਉਣਾ ਸੀ।

ਮੁਜ਼ਾਹਰੇ ਦੇ ਪ੍ਰਬੰਧਕਾਂ ਅਨੁਸਾਰ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਅਤੇ ਕੇਂਦਰ ਦੀ ਹਿੰਦੂ ਰਾਸ਼ਟਰਵਾਦੀ ਮੋਦੀ ਸਰਕਾਰ ਦੀ ਸ਼ਹਿ ਉਤੇ ਸਿੱਖ ਧਰਮ ਵਿਚ ਨਾਜਾਇਜ਼ ਦਖਲ ਅੰਦਾਜ਼ੀ, ਸਿੱਖਾਂ ਦੀਆਂ ਨਾਜਾਇਜ਼ ਗ੍ਰਿਫਤਾਰੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿਛੋਂ ਦੋਸ਼ੀਆਂ ਵਿਰੁਧ ਕਾਰਵਾਈ ਨਾ ਕੀਤੇ ਜਾਣਾ ਅਤੇ ਉਲਟਾ ਇਸ ਬੇਅਦਬੀ ਵਿਰੁਧ ਅਮਨਮਈ ਰੋਸ ਪ੍ਰਗਟਾ ਰਹੀਆਂ ਸੰਗਤਾਂ ਉਪਰ ਗੋਲੀ ਚਲਾ ਕੇ ਦੋ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰ ਦਿਤੇ ਜਾਣਾ ਤੇ ਦੋਸ਼ੀ ਪੁਲਿਸ ਅਫਸਰਾਂ ਵਿਰੁਧ ਬਣਦੀ ਕਾਰਵਾਈ ਨਾ ਕਰਨਾ; ਸਰਬੱਤ ਖਾਲਸਾ ਦੁਆਰਾ ਚੁਣੇ ਗਏ ਤਿੰਨ ਜਥੇਦਾਰਾਂ ਨੂੰ ਦੇਸ਼ ਧ੍ਰੋਹੀ ਦੇ ਝੂਠੇ ਮੁਕਦਮੇ ਦਰਜ ਕਰਕੇ ਜੇਲਾਂ ਵਿਚ ਬੰਦ ਕਰਨਾ ਤੇ ਪੂਰੇ ਪੰਜਾਬ ਵਿਚ ਨੌਜਵਾਨਾਂ ਦੀਆਂ ਨਾਜਾਇਜ਼ ਗ੍ਰਿਫਤਾਰੀਆਂ ਨੇ ਦੇਸ਼-ਵਿਦੇਸ਼ ਵਿਚ ਵਸਦੇ ਸਿੱਖ ਭਾਈਚਾਰੇ ਵਿਚ ਡੂੰਘਾ ਰੋਸ ਪੈਦਾ ਕਰ ਦਿੱਤਾ ਹੈ ਅਤੇ ਇਹ ਮੁਜ਼ਾਹਰਾ ਇਸੇ ਸਿਲਸਿਲੇ ਦੀ ਕੜੀ ਹੈ।

ਰੋਸ ਮੁਜ਼ਾਹਰੇ ਦੀ ਸ਼ੁਰੂਆਤ ਕੋਮਲ ਸਿੰਘ ਕੋਮਲ ਦੇ ਢਾਡੀ ਜਥੇ ਵਲੋਂ ਗਾਈ ਗਈ ਵਾਰ 'ਰਹਿਣਾ ਹੈ ਆਜ਼ਾਦ ਸਦਾ, ਡਰਨਾ ਨਹੀਂ ਕਿਸ ਕੋਲੋਂ, ਸੰਗਲ ਗੁਲਾਮੀ ਵਾਲਾ ਤੋੜਿਆ ਸ਼ਹੀਦਾਂ ਨੇ' ਨਾਲ ਹੋਈ।



ਮੁਜ਼ਾਹਰੇ ਨੂੰ ਜਸਦੀਪ ਕੌਰ, ਪੁਨੀਤ ਕੌਰ ਖਾਲਸਾ, ਬਲਕੀਰਤ ਕੌਰ, ਮਲਕੀਤ ਸਿੰਘ ਉਪਲ, ਬਲਵਿੰਦਰਪਾਲ ਸਿੰਘ ਖਾਲਸਾ, ਜਸਵਿੰਦਰ ਸਿੰਘ ਜੰਡੀ, ਸਾਹਿਬ ਸਿੰਘ, ਜਾਹਨ ਸਿੰਘ ਗਿੱਲ, ਕੁਲਜੀਤ ਸਿੰਘ ਨਿੱਝਰ, ਸੰਦੀਪ ਸਿੰਘ ਜੰਟੀ, ਪ੍ਰੀਤਮ ਸਿੰਘ ਜੋਗਾਨੰਗਲ, ਦਰਸ਼ਨ ਸਿੰਘ ਸੰਧੂ, ਸੁਖਦੇਵ ਸਿੰਘ ਬੈਨੀਵਾਲ, ਹਰਮਿੰਦਰ ਸਿੰਘ ਸਮਾਣਾ, ਜਸਪ੍ਰੀਤ ਸਿੰਘ ਲਵਲਾ, ਗੁਰਜੀਤ ਸਿੰਘ ਤੇ ਭਾਈ ਗੁਰਮੀਤ ਸਿੰਘ ਖਾਲਸਾ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਅਕਾਲੀ ਸਰਕਾਰ ਤੇ ਖਾਸ ਕਰਕੇ ਬਾਦਲ ਪਰਿਵਾਰ ਵੱਲੋਂ ਬੀਜੇਪੀ, ਆਰ ਐਸ ਐਸ ਅਤੇ ਕਾਂਗਰਸ ਨਾਲ ਮਿਲ ਕੇ ਸਿੱਖ ਧਰਮ ਤੇ ਸਿੱਖ ਕੌਮ ਨਾਲ ਕਮਾਏ ਜਾ ਰਹੇ ਵੈਰ ਅਤੇ ਸਿੱਖ ਕੌਮ ਨੂੰ ਦਿਤੀਆਂ ਜਾ ਰਹੀਆਂ ਧਮਕੀਆਂ ਦਾ ਜ਼ਿਕਰ ਕੀਤਾ।

ਬੁਲਾਰਿਆਂ ਨੇ ਸਰਬੱਤ ਖਾਲਸਾ ਦੁਆਰਾ ਲਏ ਗਏ ਫੈਸਲਿਆਂ ਨੂੰ ਤਾਕਤ ਦੇ ਜ਼ੋਰ ਬਦਲਣ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਿੱਖ ਕੌਮ ਇਹ ਅਨਿਆਈਆਂ ਕਿਸੇ ਵੀ ਤਰ੍ਹਾਂ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹੈ ਅਤੇ ਦੇਰ-ਸਵੇਰ ਮੌਜੂਦਾ ਹੁਕਮਰਾਨਾਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਹੀ ਪਵੇਗਾ। ਕਈ ਬੁਲਾਰਿਆਂ ਨੇ ਸਿੱਖਾਂ ਲਈ ਆਪਣੇ ਘਰ 'ਖਾਲਿਸਤਾਨ' ਦੀ ਲੋੜ ਉਤੇ ਜ਼ੋਰ ਦਿੰਦਿਆਂ ਆਖਿਆ ਕਿ ਇਨ੍ਹਾਂ ਸਭ ਪੁਆੜਿਆਂ ਦੀ ਜੜ੍ਹ ਗੁਲਾਮੀ ਹੈ। ਜੇ ਅੱਜ ਸਿੱਖ ਕੌਮ ਕੋਲ ਆਪਣਾ ਰਾਜ ਹੁੰਦਾ ਤਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਕੋਈ ਜੁਰਅਤ ਨਹੀਂ ਸੀ ਕਰ ਸਕਦਾ। ਮੁਜਾਹਰੇ ਦੌਰਾਨ ਵਾਰ ਵਾਰ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਲੱਗਦੇ ਰਹੇ।

ਡਾ. ਗੁਰਤੇਜ਼ ਸਿੰਘ ਨੇ ਉਹ ਮੈਮੋਰੈਂਡਮ ਪੜਿਆ, ਜੋ ਕੈਲੀਫੋਰਨੀਆ ਸਰਕਾਰ ਨੂੰ ਪੰਜਾਬ ਦੀ ਵਿਸਫੋਟਕ ਸਥਿਤੀ ਬਾਰੇ ਦਿੱਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਡਾ. ਗੁਰਤੇਜ ਸਿੰਘ ਚੀਮਾ ਨੇ ਨਿਭਾਈ। ਭਾਈ ਗੁਰਮੀਤ ਸਿੰਘ ਖਾਲਸਾ ਨੇ ਪਹੁੰਚੀਆਂ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਦਾ ਧੰਨਵਾਦ ਕੀਤਾ। ਮੁਜ਼ਾਹਰੇ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਇਲਾਕਿਆਂ ਤੋਂ ਸੰਗਤਾਂ ਆਪ ਮੁਹਾਰੇ ਪਹੁੰਚੀਆਂ।

# ਅਨੰਦਪੁਰ ਸਾਹਿਬ ਤੋਂ ਹਜ਼ੂਰ ਸਾਹਿਬ ਬਣੇਗਾ ਕੌਮੀ ਮਾਰਗ

**ਨਵੀ ਦਿੱਲੀ:** ਕੇਂਦਰੀ ਸੜਕੀ ਤੇ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਨਾਂਦੇੜ (ਮਹਾਰਾਸਟਰ) ਤੱਕ ਦੇ 3080.47 ਕਿਲੋਮੀਟਰ ਲੰਬੇ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਕੌਮੀ ਰਾਜ ਮਾਰਗ ਦਾ ਦਰਜਾ ਦੇਣ ਨੂੰ ਹਰੀ ਝੰਡੀ ਦੇ ਦਿੱਤੀ।

ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਕੇਂਦਰੀ ਫੂਡ ਪ੍ਰੋਸੈਸਿੰਗ ਉਦਯੋਗ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਮੌਜੂਦਗੀ ਵਿਚ ਨਿਤਿਨ ਗਡਕਰੀ ਨਾਲ ਮੁਲਾਕਾਤ ਕਰ ਕੇ ਮੰਗ ਕੀਤੀ ਸੀ ਕਿ ਸ੍ਰੀ ਆਨੰਦਪੁਰ ਸਾਹਿਬ ਤੋਂ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ (ਮਹਾਰਾਸ਼ਟਰ) ਦੇ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਕੌਮੀ ਮਾਰਗ ਐਲਾਨਿਆ ਜਾਵੇ। ਉਪ ਮੁੱਖ ਮੰਤਰੀ ਨੇ ਦੱਸਿਆ ਕਿ ਕੁੱਲ 3080.47 ਕਿਲੋਮੀਟਰ ਵਿਚੋ 1469 ਕਿਲੋਮੀਟਰ ਨੂੰ ਪਹਿਲਾਂ ਹੀ ਕੌਮੀ ਰਾਜ ਮਾਰਗ ਐਲਾਨਿਆ ਜਾ ਚੁੱਕਾ ਹੈ।

ਇਸ ਮੰਗ ਨੂੰ ਮੰਨਦੇ ਹੋਏ ਗੁਰੂ ਗੋਬਿੰਦ ਸਿੰਘ ਮਾਰਗ ਦੇ 880 ਕਿਲੋਮੀਟਰ ਲੰਬੇ ਰਸਤੇ ਨੂੰ ਕੌਮੀ ਰਾਜ ਮਾਰਗ ਵਜੋਂ ਮਨਜ਼ੂਰੀ ਦੇ ਦਿੱਤੀ ਤੇ ਬਾਕੀ ਦੇ ਰਸਤੇ ਨੂੰ ਵੀ ਮਨਜ਼ੂਰੀ ਦਾ ਭਰੋਸਾ ਦਿੱਤਾ। ਉਪ ਮੁੱਖ ਮੰਤਰੀ ਨੇ ਚੰਡੀਗੜ੍ਹ-ਖਰੜ-ਲੁਧਿਆਣਾ ਕੌਮੀ ਮਾਰਗ-95 ਨੂੰ ਚਾਰ ਅਤੇ ਛੇ ਮਾਰਗੀ ਬਣਾਉਣ ਲਈ ਸਹਿਮਤੀ ਦੇਣ ਦੀ ਵੀ ਕੀਤੀ ਮੰਗ ਕੀਤੀ। ਕੇਂਦਰੀ ਮੰਤਰੀ ਨੇ ਇਸ ਪ੍ਰੋਜੈਕਟ ਨੂੰ ਮਹੀਨੇ ਦੇ ਅੰਦਰ-ਅੰਦਰ ਮਨਜ਼ੂਰੀ ਦੇਣ ਦੀ ਗੱਲ ਆਖੀ ਹੈ।


ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ

ਫੋਨ: 510-689-4625

JAGDEV SINGH
Realtor
CalBre #01423409
42820 Albrae, St.,
Fremont, CA 94538

REALTOR EQUAL HOUSING OPPORTUNITY



Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# ‘ਆਪ’ ਨੇ ਪੰਜਾਬ ਵਿਚ ਵਧਾਈਆਂ ਸਿਆਸੀ ਸਰਗਰਮੀਆਂ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਦਿੱਲੀ ਦੀ ਜਿੱਤ ਵਾਲਾ ਇਤਿਹਾਸ ਦੁਹਰਾਉਣ ਦਾ ਦਾਅਵਾ ਕੀਤਾ ਹੈ। ‘ਆਪ’ ਦੀ ਲੀਡਰਸ਼ਿਪ ਨੇ ਖੁਲਾਸਾ ਕੀਤਾ ਕਿ ਪੰਜਾਬ ਚੋਣਾਂ ਲਈ ਹੁਣ ਤੋਂ ਹੀ ਉਮੀਦਵਾਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਤੇ ਅਗਲੇ ਵਰ੍ਹੇ ਜੂਨ ਤੱਕ 117 ਉਮੀਦਵਾਰਾਂ ਦੀ ਚੋਣ ਕਰਕੇ ਪ੍ਰਚਾਰ ਵਿੱਢ ਦਿੱਤਾ ਜਾਵੇਗਾ। ਨੈਸ਼ਨਲ ਆਰਗੇਨਾਈਜੇਸ਼ਨ ਬਿਲਡਿੰਗ ਦੇ ਮੁਖੀ ਦੁਰਗੇਸ਼ ਪਾਠਕ ਨੇ ਕਿਹਾ ਕਿ ‘ਆਪ’ ਭ੍ਰਿਸ਼ਟਾਚਾਰ ਮੁਕਤ ਤੇ ਲੋਕ ਪੱਖੀ ਸਿਸਟਮ ਮੁਹੱਈਆ ਕਰਾਉਣ ਲਈ ਰਾਜਸੀ ਰਾਹ ’ਤੇ ਪਈ ਹੈ। ਉਨ੍ਹਾਂ ਕਿਹਾ ਕਿ ਬਾਦਲਾਂ ਦੇ ਰਾਜ ਦੌਰਾਨ ਅੱਜ ਪੰਜਾਬ ਵਿਚ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ।



‘ਆਪ’ ਦੀ ਪੰਜਾਬ ਇਕਾਈ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਅੱਜ ਉਨ੍ਹਾਂ ਨੂੰ ਪੰਜਾਬ ਦੀ ਪੀੜ੍ਹਾ ਸਮਝਣ ਵਾਲੀਆਂ 117 ਸ਼ਖ਼ਸੀਅਤਾਂ ਦੀ ਲੋੜ ਹੈ ਕਿਉਂਕਿ ਅਕਾਲੀ ਦਲ ਤੇ ਕਾਂਗਰਸ ਇਕੋ ਸਿੱਕੇ ਦੇ ਦੋ ਪਾਸੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬੰਦੂਕਾਂ ਦੀ ਛਾਂ ਹੇਠ ਸੰਗਤ ਦਰਸ਼ਨ ਕਰਕੇ ਹਕੀਕਤ ਤੋਂ ਅੱਖਾਂ ਮੀਚ ਰਹੇ ਹਨ।


ਪੰਜਾਬ ਦੀਆਂ ਨਹਿਰਾਂ ਵਿਚ ਬੱਸਾਂ ਚਲਾਉਣ, ਕਰੋੜਾਂ ਰੁਪਏ ਦੇ ਨਿਵੇਸ਼ ਹੋਣ ਆਦਿ ਸਮੇਤ ਵਿਕਾਸ ਦੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ ਜਦੋਂ ਕਿ ਦੂਜੇ ਪਾਸੇ ਸੂਬਾ ਸਰਕਾਰ ਵਿਸ਼ੇਸ਼ ਪੈਕੇਜ ਲਈ ਕੇਂਦਰ ਦੀਆਂ ਲੇਲੜੀਆਂ ਕੱਢ ਰਹੀ ਹੈ। ਪਿਛਲੇ ਇਕ ਸਾਲ ਦੌਰਾਨ ਇਕ ਲੱਖ ਕਿਸਾਨ ਖੇਤੀ ਛੱਡ ਗਏ ਹਨ ਅਤੇ ਸਰਕਾਰ ਕੋਲ ਅੱਜ ਵੀ ਤਬਾਹ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਣ ਦੀ ਕੋਈ ਨੀਤੀ ਨਹੀਂ ਹੈ। ਆਈ.ਟੀ. ਇਨਕਲਾਬ ਪੰਜਾਬ ਨੂੰ ਬਾਈਪਾਸ ਕਰ ਗਿਆ ਹੈ। ਇਸ ਕਾਰਨ ਬੇਰੁਜ਼ਗਾਰੀ ਦੂਰ ਹੋਣ ਦੇ ਕੋਈ ਅਸਾਰ ਨਹੀਂ ਜਾਪਦੇ।

### ਅਰਵਿੰਦ ਕੇਜਰੀਵਾਲ ਸੰਭਾਲਣਗੇ ਮੋਰਚਾ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੀ ਸੱਤਾ ਸੰਭਾਲਣ ਲਈ ਜ਼ੋਰਦਾਰ ਰਣਨੀਤੀ ਘੜੀ ਜਾ ਰਹੀ ਹੈ ਤੇ ਇਸ ਤਹਿਤ ਪਾਰਟੀ ਵੱਡਾ ਦਾਅ ਖੇਡਣ ਦੇ ਵੀ ਖਿਲਾਫ ਨਹੀਂ ਹੈ- ਜਿਸ ਤਹਿਤ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ ਸਿਆਸੀ ਸਰਗਰਮੀਆਂ ਦਾ ਧੁਰਾ ਪੰਜਾਬ ਨੂੰ ਬਣਾਉਣਾ ਵੀ ਸ਼ਾਮਲ ਹੈ। ਗੌਰਤਲਬ ਹੈ ਕਿ ਪਾਰਟੀ ਪਿਛਲੇ ਮਹੀਨਿਆਂ ਦੌਰਾਨ ਸੂਬੇ ਵਿਚ ਮਿਲ ਰਹੇ ਲੋਕਾਂ ਦੇ ਭਾਰੀ ਹੁੰਗਾਰੇ ਤੋਂ ਕਾਫੀ ਉਤਸ਼ਾਹਿਤ ਹੈ। ਇਸ ਕਾਰਨ ਪਾਰਟੀ ਵੱਲੋਂ ਸਾਲ 2017 ਦੇ ਸ਼ੁਰੂ ਵਿਚ ਹੋਣ ਵਾਲੀਆਂ ਇਨ੍ਹਾਂ ਚੋਣਾਂ ਲਈ ਸ੍ਰੀ ਕੇਜਰੀਵਾਲ ਨੂੰ ਪੰਜਾਬ ਵਿਚ ਲਿਆਉਣ ਲਈ ਵਿਚਾਰ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਨੂੰ ਸੂਬੇ ਦੇ ਸਾਰੇ 117 ਹਲਕਿਆਂ ਉਤੇ ਪਾਰਟੀ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਨ੍ਹਾਂ ਨੂੰ ਪੰਜਾਬ ਵਿਚ ਉਸ ਥਾਂ ਦੀ ਚੋਣ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ, ਜਿਥੇ ਸ੍ਰੀ ਕੇਜਰੀਵਾਲ ਆਪਣੀ ਰਿਹਾਇਸ਼ ਬਣਾਉਣਗੇ। ਹਾਲਾਂਕਿ ਆਪ ਆਗੂ ਸੰਜੇ ਸਿੰਘ ਨੇ ਅਜਿਹੀਆਂ ਰਿਪੋਰਟਾਂ ਨੂੰ ਖਾਰਜ ਕਰ ਦਿੱਤਾ।

## ਅਕਾਲੀਆਂ ਤੋਂ ਭੈਅਮੁਕਤ ਹੋ ਕੇ ਡਿਊਟੀ ਕਰੇ ਪੁਲਿਸ: ਸੁਰੇਸ਼ ਅਰੋੜਾ

**ਜਲੰਧਰ:** ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਸੁਰੇਸ਼ ਅਰੋੜਾ ਨੇ ਕਿਹਾ ਕਿ ਅਕਾਲੀ ਦਲ ਦੇ ਹਲਕਾ ਇੰਚਾਰਜਾਂ ਨੂੰ ਪੁਲਿਸ ਕੰਮਕਾਰ ਵਿਚ ਦਖਲ ਦੇਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ, ਜੇ ਕੋਈ ਪੁਲਿਸ ਮੁਲਾਜ਼ਮ ਸਿਆਸੀ ਦਬਾਅ ਹੇਠ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।



ਸ੍ਰੀ ਅਰੋੜਾ ਨੇ ਤਕਰੀਬਨ ਇਕ ਮਹੀਨਾ ਪਹਿਲਾਂ ਪੰਜਾਬ ਪੁਲਿਸ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ ਹੈ। ਜ਼ਿਕਰਯੋਗ ਹੈ ਕਿ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਿਛਲੇ ਕੁਝ ਸਮੇਂ ਤੋਂ ਜਿਨ੍ਹਾਂ ਹਲਕਾ ਇੰਚਾਰਜਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ, ਉਨ੍ਹਾਂ ਵਿਚੋਂ ਕੁਝ ਦਾ ਥਾਣਿਆਂ ਵਿਚ ਕਾਫੀ ਦਬਦਬਾ ਵੀ ਰਿਹਾ ਹੈ। ਇਹ ਹੀ ਦੋਸ਼ ਲੱਗਦਾ ਰਿਹਾ ਹੈ ਕਿ ਇਹ ਬਰਾਬਰ ਥਾਣੇ ਚਲਾਉਂਦੇ ਰਹੇ ਹਨ। ਵਿਰੋਧੀ ਧਿਰਾਂ ਇਹ ਵੀ ਕਹਿੰਦੀਆਂ ਆ ਰਹੀਆਂ ਹਨ ਕਿ ਇਹ ਹਲਕਾ ਇੰਚਾਰਜ ਜਿਥੇ ਪੁਲਿਸ ਦੇ ਕੰਮਕਾਰ ਵਿਚ ਦਖਲ ਦਿੰਦੇ ਹਨ, ਉਥੇ ਆਪਣੇ ਹਲਕਿਆਂ ਵਿਚ ਮਰਜ਼ੀ ਨਾਲ ਵਿਭਾਗੀ ਨਿਯੁਕਤੀਆਂ ਵੀ ਕਰਵਾਉਂਦੇ ਹਨ। ਪੁਲਿਸ ਮੁਖੀ ਨੇ ਕਿਹਾ ਕਿ ਉਨ੍ਹਾਂ ਆਪਣੇ ਅਫਸਰਾਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਕਾਨੂੰਨ ਅਨੁਸਾਰ ਕੰਮ ਕਰਨ ਤੇ ਕਿਸੇ ਦੇ ਵੀ ਖਿਲਾਫ ਪੱਖਪਾਤ ਕਰਨ ਦੀ ਸ਼ਿਕਾਇਤ ਨਹੀਂ ਆਉਣੀ ਚਾਹੀਦੀ ਹੈ।

## ਐਸ.ਪੀ. ਨੂੰ ਹਾਕਮਾਂ ਨਾਲ ਆਢਾ ਲਾਉਣਾ ਪਿਆ ਮਹਿੰਗਾ

**ਚੰਡੀਗੜ੍ਹ:** ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਨਾਲ ਤਕਰਾਰ ਤੋਂ ਬਾਅਦ ਫਤਿਹਾਬਾਦ ਦੀ ਐਸ.ਪੀ. ਸੰਗੀਤਾ ਕਾਲੀਆ ਦਾ ਤਬਾਦਲਾ ਕਰ ਦਿੱਤਾ ਗਿਆ। ਉਹ ਅਜਿਹੀ ਦੂਜੀ ਆਈ.ਪੀ.ਐਸ. ਅਧਿਕਾਰੀ ਹੈ, ਜਿਸ ਦੀ ਗੈਰ ਰਸਮੀ ਬਦਲੀ ਹੋਈ ਹੈ। ਇਸ ਕਾਰਵਾਈ ਖਿਲਾਫ ਵਿਰੋਧੀ ਧਿਰ ਤੇ ਸੋਸ਼ਲ ਮੀਡੀਆ ਉਤੇ ਤਿੱਖੀ ਪ੍ਰਤੀਕਿਰਿਆ ਹੋ ਰਹੀ ਹੈ।

ਇਸੇ ਦੌਰਾਨ ਅਨੁਸੂਚਿਤ ਜਾਤਾਂ ਬਾਰੇ ਕੌਮੀ ਕਮਿਸ਼ਨ ਨੇ ਇਸ ਮਾਮਲੇ ਵਿਚ ਆਪੇ ਕਾਰਵਾਈ ਕਰਦਿਆਂ ਸੂਬੇ ਦੇ ਮੁੱਖ ਸਕੱਤਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਸਰਕਾਰੀ ਬਿਆਨ ਮੁਤਾਬਕ 2010 ਬੈਚ ਦੀ ਆਈ.ਪੀ.ਐਸ. ਸੰਗੀਤਾ ਕਾਲੀਆ ਤੇ ਦੋ ਹੋਰ ਅਧਿਕਾਰੀਆਂ ਦਾ ਤਬਾਦਲਾ ਕੀਤਾ ਗਿਆ ਹੈ। ਸੰਗੀਤਾ ਕਾਲੀਆ ਨੂੰ ਮਾਨੇਸਰ ਵਿਚ ਸਥਾਪਤ ਆਈ.ਆਰ.ਬੀ. ਦੀ ਚੌਥੀ ਬਟਾਲੀਅਨ ਦੀ ਕਮਾਂਡੈਂਟ ਲਾਇਆ ਗਿਆ ਹੈ, ਜਦੋਂ ਕਿ ਵਿਕਾਸ ਧਨਖੜ ਨੂੰ ਇਸ ਬਟਾਲੀਅਨ ਦੇ ਵਾਧੂ ਚਾਰਜ ਤੋਂ ਮੁਕਤ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਵਿਚ ਮੰਤਰੀ ਤੇ ਐਸ.ਪੀ. ਵਿਚਕਾਰ ਵਿਵਾਦ ਹੋ ਗਿਆ ਸੀ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ 1998 ਬੈਚ ਦੀ ਆਈ.ਪੀ.ਐਸ. ਅਧਿਕਾਰੀ ਭਾਰਤੀ ਅਰੋੜਾ ਦੀ ਜੁਆਇੰਟ ਕਮਿਸ਼ਨਰ ਆਫ ਪੁਲਿਸ (ਟਰੈਫਿਕ) ਦੇ ਅਹੁਦੇ ਤੋਂ ਬਦਲੀ ਕਰ ਦਿੱਤੀ ਗਈ ਸੀ।



ਉਸ ਦਾ ਆਪਣੇ ਸੀਨੀਅਰ ਗੁੜਗਾਓਂ ਦੇ ਪੁਲਿਸ ਕਮਿਸ਼ਨਰ ਨਵਦੀਪ ਸਿੰਘ ਵਿਰਕ ਨਾਲ ਤਕਰਾਰ ਹੋ ਗਿਆ ਸੀ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਮੰਤਰੀ ਨੂੰ ਕਿਸੇ ਮਹਿਲਾ ਅਧਿਕਾਰੀ ਨਾਲ ਗੱਲਬਾਤ ਵੇਲੇ ਮਰਿਆਦਾ ਦਾ ਖਿਆਲ ਰੱਖਣਾ ਚਾਹੀਦਾ ਹੈ। ਕਾਂਗਰਸੀ ਆਗੂ ਮਨੀਸ਼ ਤਿਵਾੜੀ ਨੇ ਕਿਹਾ ਕਿ ਮੰਤਰੀ ਨੂੰ ਕਿਸੇ ਵੀ ਔਰਤ ਨਾਲ ਇਸ ਤਰ੍ਹਾਂ ਦਾ ਵਿਹਾਰ ਨਹੀਂ ਕਰਨਾ ਚਾਹੀਦਾ।

## ਮਹਾਰਾਜਾ ਰਣਜੀਤ ਸਿੰਘ ਦੇ ਮਹਿਲ ਦੀ ਮੁਰੰਮਤ ਸ਼ੁਰੂ

**ਅੰਮ੍ਰਿਤਸਰ:** ਮਹਾਰਾਜਾ ਰਣਜੀਤ ਸਿੰਘ ਦੇ ਰਾਮ ਬਾਗ ਸਥਿਤ ਇਤਿਹਾਸਕ ਮਹਿਲ ਦੀ ਮੁਰੰਮਤ ਦਾ ਕੰਮ ਮੁੜ ਸ਼ੁਰੂ ਹੋ ਗਿਆ ਹੈ। ਇਹ ਕੰਮ ਪਿਛਲੇ ਲੰਬੇ ਸਮੇਂ ਤੋਂ ਰੁਕਿਆ ਹੋਇਆ ਸੀ। ਇਸ ਵੇਲੇ ਮਹਿਲ ਦੇ ਲੱਕੜ ਦੇ ਦਰਵਾਜ਼ੇ ਤੇ ਖਿੜਕੀਆਂ ਦੀ ਮੁਰੰਮਤ ਚੱਲ ਰਹੀ ਹੈ ਅਤੇ ਦਰਬਾਰ ਹਾਲ ਦੀ ਖਰਾਬ ਹੋਈ ਛੱਤ ਨੂੰ ਬਦਲਣ ਦਾ ਕੰਮ ਸ਼ੁਰੂ ਹੋ ਗਿਆ ਹੈ। ਪਿਛਲੇ ਤਕਰੀਬਨ ਅੱਠ ਸਾਲ ਤੋਂ ਇਸ ਇਤਿਹਾਸਕ ਇਮਾਰਤ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਪਹਿਲਾਂ ਤਾਂ ਇਹ ਕੰਮ ਮੱਠੀ ਚਾਲ ਚੱਲ ਰਿਹਾ ਸੀ, ਪਰ ਪਿਛਲੇ ਇਕ ਸਾਲ ਤੋਂ ਇਹ ਕੰਮ ਬਿਲਕੁਲ ਬੰਦ ਸੀ,



ਜਿਸ ਦੀ ਹੁਣ ਮੁੜ ਸ਼ੁਰੂਆਤ ਹੋਈ ਹੈ। ਇਸ ਇਮਾਰਤ ਦਾ ਕਬਜ਼ਾ ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਵਿਭਾਗ ਕੋਲ ਹੈ, ਜਿਸ ਵੱਲੋਂ ਮਾਹਿਰਾਂ ਦੀ ਮਦਦ ਨਾਲ ਇਸ ਦੀ ਸਾਂਭ ਸੰਭਾਲ ਲਈ ਮੁਰੰਮਤ ਦਾ ਕੰਮ ਕਰਾਇਆ ਜਾ ਰਿਹਾ ਸੀ। ਇਹ ਕੰਮ 2007 ਵਿਚ ਸ਼ੁਰੂ ਹੋਇਆ ਸੀ, ਜੋ ਹੁਣ ਵੀ ਖਤਮ ਹੋਣ ਦਾ ਨਾਂ ਨਹੀਂ ਲੈ ਰਿਹਾ।

## ਰੂਸ ਨੇ ਨਾਗਰਿਕਾਂ ਨੂੰ ਭਾਰਤ ਯਾਤਰਾ ਤੋਂ ਵਰਜਿਆ

**ਮਾਸਕੋ:** ਰੂਸ ਨੇ ਆਪਣੇ ਨਾਗਰਿਕਾਂ ਨੂੰ ਭਾਰਤ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਇਹ ਕਦਮ ਸੁਰੱਖਿਆ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਰੂਸ ਮੁਤਾਬਕ ਭਾਰਤ ਸੈਰ-ਸਪਾਟੇ ਲਈ ਸੁਰੱਖਿਅਤ ਨਹੀਂ ਹੈ। ਰੂਸ ਦਾ ਇਹ ਕਦਮ ਭਾਰਤੀ ਸੈਰ-ਸਪਾਟੇ ਉਦਯੋਗ ਲਈ ਵੱਡਾ ਝਟਕਾ ਹੈ। ਰੂਸ ਨੇ ਭਾਰਤ ਦੀ ਅਹਿਮ ਸੈਰ ਸਪਾਟਾ ਥਾਂ ਗੋਆ ਨੂੰ ਸੁਰੱਖਿਅਤ ਨਹੀਂ ਮੰਨਿਆ ਤੇ ਆਪਣੇ



ਨਾਗਰਿਕਾਂ ਨੂੰ ਭਾਰਤ ਨਾ ਜਾਣ ਦੀ ਸਲਾਹ ਦਿੱਤੀ ਹੈ। ਇਸ ਫੈਸਲੇ ਨਾਲ ਗੋਆ ਦੇ ਸੈਰ ਸਪਾਟਾ ਉਦਯੋਗ ਉਤੇ ਬੁਰਾ ਅਸਰ ਪਏਗਾ। ਰੂਸ ਨੇ ਗੋਆ ਨੂੰ ਕਾਲੀ ਸੂਚੀ ਵਿਚ ਪਾ ਦਿੱਤਾ ਹੈ। ਗੋਆ ਆਉਣ ਵਾਲੇ ਕੁੱਲ ਸੈਲਾਨੀਆਂ ਵਿਚੋਂ 50 ਫੀਸਦੀ ਰੂਸੀ ਨਾਗਰਿਕ ਹਨ। 2013 ਵਿਚ ਗੋਆ ਆਉਣ ਵਾਲੇ ਰੂਸੀ ਨਾਗਰਿਕਾਂ ਦੀ ਗਿਣਤੀ ਢਾਈ ਲੱਖ ਤੋਂ ਜ਼ਿਆਦਾ ਸੀ, ਪਰ ਇਹ ਗਿਣਤੀ ਲਗਾਤਾਰ ਘਟ ਹੁੰਦੀ ਜਾ ਰਹੀ ਹੈ। ਇਸ ਦਾ ਇਕ ਕਾਰਨ ਗੋਆ ਵਿਚ ਵਧੀ ਮਹਿੰਗਾਈ ਵੀ ਹੈ। ਗੋਆ ਦੇ ਮੁਕਾਬਲੇ ਵੀਅਤਨਾਮ ਸਸਤਾ ਹੈ। ਇਸ ਕਰ ਕੇ ਜ਼ਿਆਦਾਤਰ ਲੋਕ ਭਾਰਤ ਤੋਂ ਗੁਰੇਜ਼ ਕਰ ਰਹੇ ਹਨ।

## ਭਗਵੰਤ ਮਾਨ ਦੀ ਡੋਪ ਟੈਸਟ ਚੁਣੌਤੀ ਬਾਰੇ ਸੁਖਬੀਰ ਚੁੱਪ

**ਸੰਗਰੂਰ:** ਆਮ ਆਦਮੀ ਪਾਰਟੀ ਦੇ ਕੌਮੀ ਬੁਲਾਰੇ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਮੰਤਰੀਆਂ ਵੱਲੋਂ ਨਸ਼ਿਆਂ ਬਾਰੇ ਲਗਾਏ ਜਾ ਰਹੇ ਦੋਸ਼ਾਂ ਦਾ ਮੋੜਵਾਂ ਜਵਾਬ ਦਿੰਦਿਆਂ ਉਨ੍ਹਾਂ ਨੂੰ ਮੰਤਰੀਆਂ ਸਮੇਤ ਡੋਪ ਟੈਸਟ ਕਰਾਉਣ ਦੀ ਚੁਣੌਤੀ ਦਿੱਤੀ ਹੈ।

ਆਸਟਰੇਲੀਆ ਦੌਰੇ ਉਤੇ ਗਏ ਭਗਵੰਤ ਮਾਨ ਨੇ ਆਪਣਾ ਬਿਆਨ ਸੋਸ਼ਲ ਮੀਡੀਆ ‘ਤੇ ਪਾਈ ਵੀਡੀਓ ਰਾਹੀਂ ਜਾਰੀ ਕੀਤਾ ਹੈ। ਦੂਜੇ ਪਾਸੇ, ਸੁਖਬੀਰ ਬਾਦਲ ਨੇ ਇਸ ਚੁਣੌਤੀ ਬਾਰੇ ਚੁੱਪ ਧਾਰੀ ਹੋਈ ਹੈ। ਹਾਲਾਂਕਿ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਭਗਵੰਤ ਮਾਨ ਦੀ ਚੁਣੌਤੀ ਸਵੀਕਾਰ ਕਰਦਿਆਂ ਡੋਪ ਟੈਸਟ ਕਰਾਉਣ ਲਈ ਸ਼ਰਤਾਂ ਸਮੇਤ ਹਾਮੀ ਭਰੀ ਹੈ। ਸ. ਮਾਨ ਨੇ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ, ਆਮ ਆਦਮੀ ਪਾਰਟੀ ਤੇ ਉਨ੍ਹਾਂ ਉਪਰ ਨਿੱਜੀ ਦੋਸ਼ ਲਗਾ ਰਹੇ ਹਨ ਜਦੋਂ ਕਿ ਬਾਦਲ ਕੋਲ ਕੋਈ ਸਬੂਤ ਨਹੀਂ ਹੈ, ਕੋਈ ਮੈਡੀਕਲ ਰਿਪੋਰਟ ਨਹੀਂ ਹੈ। ਇਹ ਦੋਸ਼ ਬਿਲਕੁਲ ਝੂਠੇ ਤੇ ਬੇਬੁਨਿਆਦ ਹਨ। ਉਨ੍ਹਾਂ ਸੁਖਬੀਰ ਬਾਦਲ ਨੂੰ ਚੈਲੰਜ ਕੀਤਾ ਹੈ ਕਿ



ਜੇ ਉਨ੍ਹਾਂ ਵੱਲੋਂ ਲਗਾਏ ਜਾ ਰਹੇ ਦੋਸ਼ ਸਹੀ ਹਨ ਤਾਂ ਉਹ ਆਪਣੇ ਮੰਤਰੀਆਂ ਸਮੇਤ ਆ ਕੇ ਡੋਪ ਟੈਸਟ ਕਰਵਾਉਣ।

ਕਾਂਗਰਸ ਨੂੰ ਵੀ ਡੋਪ ਟੈਸਟ ਲਈ ਬੁਲਾਇਆ ਜਾਵੇ ਕਿਉਂਕਿ ਡੋਪ ਟੈਸਟ ਵਿਚ ਸਾਲ-ਸਾਲ ਪਹਿਲਾਂ ਕੀਤੇ ਗਏ ਨਸ਼ੇ ਦਾ ਖੁਲਾਸਾ ਵੀ ਹੋ ਜਾਂਦਾ ਹੈ। ਸ. ਮਾਨ ਨੇ ਕਿਹਾ ਕਿ ਡੋਪ ਟੈਸਟ ਲਈ ਸਭ ਤੋਂ ਪਹਿਲਾਂ ਉਹ ਆਪਣਾ ਖੂਨ ਦੇਣਗੇ। ਰਿਪੋਰਟ ਨੂੰ ਜਨਤਕ ਕੀਤਾ ਜਾਵੇਗਾ। ਇਸ ਨਾਲ ਲੋਕਾਂ ਨੂੰ ਪਤਾ ਲੱਗ ਜਾਵੇਗਾ ਕਿ ਕੌਣ ਸੱਚਾ ਹੈ ਅਤੇ ਕੌਣ ਝੂਠਾ ਹੈ। ਉਨ੍ਹਾਂ ਕਿਹਾ ਕਿ ਦੋ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨ ਵਾਲੇ ਅਣਪਛਾਤੇ ਪੁਲਿਸ ਵਾਲਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਕਿ ਕੀ ਕਦੇ ਪੁਲਿਸ ਵੀ ਅਣਪਛਾਤੀ ਹੁੰਦੀ ਹੈ।

### ਭਗਵੰਤ ਦੇ ਸਮਰਥਨ ਵਿਚ ਨਵਜੋਤ ਸਿੱਧੂ

**ਅੰਮ੍ਰਿਤਸਰ:** ਭਗਵੰਤ ਮਾਨ ਵੱਲੋਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਹੋਰ ਲੀਡਰਾਂ ਦਾ ਖੁਦ ਸਮੇਤ ਡੋਪ ਟੈੱਸਟ ਕਰਵਾਉਣ ਦੇ ਦਿੱਤੇ ਚੈਲੰਜ ਦਾ ਸਮਰਥਨ ਭਾਜਪਾ ਵਿਧਾਇਕ ਤੇ ਸੀ.ਪੀ.ਐਸ. ਨਵਜੋਤ ਕੌਰ ਸਿੱਧੂ ਨੇ ਵੀ ਕੀਤਾ ਹੈ। ਸਿੱਧੂ ਦਾ ਕਹਿਣਾ ਹੈ ਕਿ ਸਿਰਫ ਪੰਜਾਬ ਦੇ ਲੀਡਰਾਂ ਦਾ ਹੀ ਨਹੀਂ ਸਗੋਂ ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਵੀ ਡੋਪ ਟੈੱਸਟ ਹੋਣਾ ਚਾਹੀਦਾ ਹੈ।ਹਾਲਾਂਕਿ ਨਵਜੋਤ ਕੌਰ ਸਿੱਧੂ ਨੇ ਸਾਫ ਕੀਤਾ ਕਿ ਸ. ਮਾਨ ਦੇ ਬਿਆਨ ਦਾ ਸਮਰਥਨ ਕਰਨ ਦਾ ਮਤਲਬ ਇਹ ਨਹੀਂ ਕਿ ਉਹ ਆਮ ਆਦਮੀ ਪਾਰਟੀ ਵਿਚ ਜਾ ਰਹੇ ਹਨ।

# ਕੈਪਟਨ ਨੂੰ ਕਪਤਾਨੀ ਮਿਲਣ ਪਿੱਛੋਂ ਅਕਾਲੀ-ਭਾਜਪਾ 'ਚ ਖਲਬਲੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਦ੍ਰਿਸ਼ ਕਿਹੋ ਜਿਹਾ ਹੋਵੇਗਾ, ਇਸ ਬਾਰੇ ਅਜੇ ਤੱਕ ਕੁਝ ਵੀ ਸਪਸ਼ਟ ਨਹੀਂ ਹੋਇਆ ਪਰ ਸੱਤਾ ਧਿਰ ਅਕਾਲੀ ਦਲ-ਭਾਜਪਾ ਨੂੰ ਸਭ ਤੋਂ ਵੱਡੀ ਵੰਗਾਰ ਕੈਪਟਨ ਅਮਰਿੰਦਰ ਸਿੰਘ ਨਜ਼ਰ ਆ ਰਹੇ ਹਨ। ਦੋਵਾਂ ਭਾਈਵਾਲਾਂ ਵੱਲੋਂ 'ਸਰਬੱਤ ਖਾਲਸਾ' ਵਿਚ ਕਾਂਗਰਸੀਆਂ ਦੀ ਸ਼ਮੂਲੀਅਤ ਤੇ ਉਸ ਮਗਰੋਂ ਸਵਿਸ ਬੈਂਕ ਵਿਚ ਖਾਤਿਆਂ ਦੇ ਮਾਮਲੇ 'ਤੇ ਕੈਪਟਨ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਹੁਣ ਭਾਜਪਾ ਕੈਪਟਨ ਖਿਲਾਫ ਤਕੜੀ ਰਣਨੀਤੀ ਬਣਾ ਕੇ ਮੈਦਾਨ ਵਿਚ ਆਉਣ ਦੇ ਰੌਂਅ ਵਿਚ ਦਿਖਾਈ ਦੇ ਰਹੀ ਹੈ। ਸੂਤਰਾਂ ਅਨੁਸਾਰ ਮੌਜੂਦਾ ਪ੍ਰਧਾਨ ਕਮਲ ਸ਼ਰਮਾ ਨੂੰ ਬਦਲਣ ਜਾਂ ਨਾ ਬਦਲਣ ਬਾਰੇ ਵੀ ਪਾਰਟੀ ਵਿਚ ਵਿਚਾਰਾਂ ਹੋ ਰਹੀਆਂ ਹਨ ਜਦਕਿ ਕੁਝ ਨੇਤਾਵਾਂ ਦਾ ਇਹ ਵੀ ਕਹਿਣਾ ਹੈ ਕਿ ਕਮਲ ਸ਼ਰਮਾ ਦੀ ਪ੍ਰਧਾਨਗੀ ਵਿਚ ਪਾਰਟੀ ਦਾ ਕੰਮ ਠੀਕ ਚੱਲ ਰਿਹਾ ਹੈ ਤੇ ਨਵਾਂ ਪ੍ਰਧਾਨ ਲਾਉਣ ਨਾਲ ਪਾਰਟੀ ਪਛੜ ਸਕਦੀ ਹੈ। ਕੁਝ ਨੇਤਾਵਾਂ ਤੇ ਹੇਠਲੇ ਪੱਧਰ ਦੇ ਵਰਕਰਾਂ ਤੇ ਅਹੁਦੇਦਾਰਾਂ ਵੱਲੋਂ ਕਮਲ ਸ਼ਰਮਾ ਖਿਲਾਫ ਬਾਗ਼ੀ ਸੁਰ ਵੀ ਅਲਾਪੇ ਜਾ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿਗਾੜ ਦਿੱਤੀਆਂ ਸਨ ਜਦੋਂ ਉਨ੍ਹਾਂ ਅਰੁਣ ਜੇਤਲੀ ਖਿਲਾਫ ਚੋਣ ਲੜਨ ਦਾ ਐਲਾਨ ਕਰ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਤੇ ਫਿਰ ਅੰਮ੍ਰਿਤਸਰ ਤੋਂ ਸ੍ਰੀ ਜੇਤਲੀ ਨੂੰ ਹਰਾ ਵੀ ਦਿੱਤਾ। ਸੂਤਰਾਂ ਅਨੁਸਾਰ ਭਾਜਪਾ ਹਾਈਕਮਾਨ ਇਸ ਗੱਲ ਤੋਂ ਵੀ ਚਿੰਤਤ ਹੈ ਕਿ ਪੰਜਾਬ ਦੀ ਮੌਜੂਦਾ ਲੀਡਰਸ਼ਿਪ ਪਾਰਟੀ ਨੂੰ ਲੋਕਾਂ ਵਿਚ ਹੋਰ ਮਕਬੂਲ ਨਹੀਂ ਕਰ ਸਕੀ ਤੇ ਅਕਾਲੀਆਂ ਦੀ ਜੂਨੀਅਰ ਭਾਈਵਾਲ ਵਜੋਂ ਵਿਚਰਦੀ ਰਹੀ।ਅਕਾਲੀ ਦਲ ਦਾ ਇਹ ਹਮਲਾਵਰ ਰੁਖ ਕਈ ਸਵਾਲ ਖੜ੍ਹੇ ਕਰਦਾ ਹੈ।

ਦਰਅਸਲ, ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਕਾਂਗਰਸ ਸੱਤਾ ਧਿਰ ਨੂੰ ਕਿਸੇ ਵੀ ਮਸਲੇ 'ਤੇ ਚੁਣੌਤੀ ਨਹੀਂ ਦੇ ਸਕੀ। ਇਸ ਲਈ ਪੰਜਾਬ ਦੀ ਜਨਤਾ ਸੱਤਾ ਧਿਰ ਦੇ ਨਾਲ-ਨਾਲ ਕਾਂਗਰਸ ਤੋਂ ਵੀ ਖਫ਼ਾ ਹੈ।

ਇਸ ਦਾ ਸਿੱਧਾ ਲਾਹਾ ਆਮ ਆਦਮੀ ਪਾਰਟੀ ਨੂੰ ਮਿਲ ਰਿਹਾ ਹੈ। ਇਸ ਗੱਲ ਨੂੰ ਭਾਂਪਦਿਆਂ ਕਾਂਗਰਸ ਹਾਈਕਮਾਨ ਨੇ ਕੈਪਟਨ ਨੂੰ ਪੰਜਾਬ ਦੀ ਕਮਾਂਡ ਸੌਂਪੀ ਹੈ। ਸੱਤਾ ਧਿਰ ਇਸ ਗੱਲ ਤੋਂ ਭਲੀਭਾਂਤ ਜਾਣੂ ਹੈ ਕਿ ਰੁੱਸੀ ਹੋਈ ਪੰਥਕ ਵੋਟ ਕੈਪਟਨ ਅਮਰਿੰਦਰ ਖਿੱਚਣ ਦੀ ਸਮਰਥਾ ਰੱਖਦੇ ਹਨ। ਪੰਥਕ ਮੁੱਦਿਆਂ ਉਤੇ ਉਹ ਅਕਾਲੀ ਦਲ ਨੂੰ ਘੇਰਨ ਦੀ ਤਾਕਤ ਵੀ ਰੱਖਦੇ ਹਨ। ਉਨ੍ਹਾਂ ਦੀ ਆਮਦ ਨਾਲ ਖਿੱਲਰੀ ਹੋਈ ਕਾਂਗਰਸ ਵੀ ਇਕਮੁੱਠ ਹੋ ਸਕਦੀ ਹੈ। ਸੱਤਾ ਧਿਰ ਨੂੰ ਕਾਂਗਰਸ ਤੋਂ ਵੱਡੀ ਵੰਗਾਰ ਮਿਲ ਸਕਦੀ ਹੈ। ਇਸ ਲਈ ਅਕਾਲੀ ਦਲ ਵੱਲੋਂ ਸਭ ਤੋਂ ਜ਼ਿਆਦਾ ਨਿਸ਼ਾਨਾ ਕੈਪਟਨ 'ਤੇ ਹੀ ਸਾਧਿਆ ਜਾ ਰਿਹਾ ਹੈ। ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਕੈਪਟਨ ਦੇ ਪਰਿਵਾਰ ਦੇ ਵਿਦੇਸ਼ਾਂ ਵਿਚ ਖਾਤਿਆਂ ਦਾ ਮਾਮਲਾ ਉਸ ਵੇਲੇ ਹੀ ਉੱਠਦਾ ਹੈ ਜਦੋਂ ਉਹ ਮੈਦਾਨ ਵਿਚ ਸਰਗਰਮ ਹੁੰਦੇ ਹਨ। ਮੀਡੀਆ ਵਿਚ ਉਨ੍ਹਾਂ ਨੂੰ ਪ੍ਰਧਾਨਗੀ ਦੀ ਕੁਰਸੀ ਦੇਣ ਤੇ ਸਵਿਸ ਬੈਂਕ ਵਿਚ ਖਾਤਿਆਂ ਦੀ ਖ਼ਬਰ ਇਕੋ ਸਮੇਂ ਆਈ।

ਕੈਪਟਨ ਨੇ ਵਿੱਤ ਮੰਤਰੀ ਅਰੁਣ ਜੇਤਲੀ 'ਤੇ ਸਵਾਲ ਉਠਾਏ ਹਨ, ਕਿਉਂਕਿ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਵੱਡੀ ਹਾਰ ਮਿਲੀ ਸੀ। ਇਤਫ਼ਾਕਨ ਵਿਦੇਸ਼ੀ ਬੈਂਕਾਂ ਵਿਚ ਖਾਤਿਆਂ ਦੀ ਜਾਂਚ ਵੀ ਜੇਤਲੀ ਦਾ ਮਹਿਕਮਾ ਹੀ ਕਰ ਰਿਹਾ ਹੈ।



### ਪੰਜਾਬ ਕਾਂਗਰਸ ਦੇ ਨਵੇਂ ਜਰਨੈਲ

ਕੈਪਟਨ ਅਮਰਿੰਦਰ ਸਿੰਘ ਪੰਜਾਬ ਕਾਂਗਰਸ ਦੇ ਪ੍ਰਧਾਨ
ਲਾਲ ਸਿੰਘ ਸੀਨੀਅਰ ਮੀਤ ਪ੍ਰਧਾਨ
ਸਾਧੂ ਸਿੰਘ ਮੀਤ ਚੇਅਰਮੈਨ
ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਕਨਵੀਨਰ
ਅੰਬਿਕਾ ਸੋਨੀ ਚੋਣ ਪ੍ਰਚਾਰ ਕਮੇਟੀ ਦੀ ਚੇਅਰਪਰਸਨ

### ਕੈਪਟਨ ਨਾਲ ਸਾਨੂੰ ਫਰਕ ਨਹੀਂ ਪੈਂਦਾ: ਬਾਦਲ

**ਖਡੂਰ ਸਾਹਿਬ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਦੀ ਕਮਾਨ ਭਾਵੇਂ ਕੈਪਟਨ ਅਮਰਿੰਦਰ ਸਿੰਘ ਸਾਂਭੇ ਜਾਂ ਕੋਈ ਹੋਰ ਆਗੂ, ਸ਼੍ਰੋਮਣੀ ਅਕਾਲੀ ਦਲ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਮੁੱਖ ਮੰਤਰੀ ਨੇ ਆਸ ਪ੍ਰਗਟਾਈ ਕਿ ਨਵਾਂ ਪ੍ਰਧਾਨ ਸੂਬੇ ਵਿਚ ਆਪਸੀ ਭਾਈਚਾਰੇ ਵਾਲਾ ਮਾਹੌਲ ਬਣਾਉਣ ਵਿਚ ਸਰਕਾਰ ਦਾ ਸਹਿਯੋਗ ਦੇਵੇਗਾ।

### ਕੈਪਟਨ ਅਮਰਿੰਦਰ ਸਿੰਘ ਦਾ ਸਿਆਸੀ ਇਤਿਹਾਸ

**ਪਟਿਆਲਾ:** 11 ਮਾਰਚ, 1942 ਨੂੰ ਪਟਿਆਲਾ ਦੇ ਸ਼ਾਹੀ ਪਰਿਵਾਰ ਵਿਚ ਜੰਮੇ ਕੈਪਟਨ ਅਮਰਿੰਦਰ ਸਿੰਘ ਨੂੰ ਤੀਜੀ ਵਾਰੀ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਉਹ 1999 ਤੋਂ 2002 ਤੇ 2010 ਤੋਂ 2013 ਤੱਕ ਕਾਂਗਰਸ ਦੇ ਸੂਬਾਈ ਪ੍ਰਧਾਨ ਰਹੇ। ਇਹੋ ਨਹੀਂ, 2002 ਤੋਂ 2007 ਤੱਕ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ। ਦੱਸਣਯੋਗ ਹੈ ਕਿ ਫੌਜ ਵਿਚ ਸੇਵਾ ਕਰਨ ਪਿੱਛੋਂ ਉਹ ਰਾਜੀਵ ਗਾਂਧੀ ਦੀ ਸਲਾਹ ਉਤੇ ਕਾਂਗਰਸ ਵਿਚ ਸ਼ਾਮਲ ਹੋਏ ਤੇ 1980 ਵਿਚ ਉਨ੍ਹਾਂ ਪਟਿਆਲਾ ਤੋਂ ਲੋਕ ਸਭਾ ਦੀ ਸੀਟ ਜਿੱਤੀ। ਸਾਕਾ ਨੀਲਾ ਤਾਰਾ ਦੇ ਰੋਸ ਵਜੋਂ 1984 ਵਿਚ ਕੈਪਟਨ ਨੇ ਕਾਂਗਰਸ ਤੋਂ ਅਸਤੀਫਾ ਦੇ ਕੇ ਅਕਾਲੀ ਦਲ ਵਿਚ ਸ਼ਮੂਲੀਅਤ ਕੀਤੀ ਤੇ ਤਲਵੰਡੀ ਸਾਬੋ ਤੋਂ ਅਕਾਲੀ ਦਲ ਦੀ ਟਿਕਟ 'ਤੇ ਵਿਧਾਨ ਸਭਾ ਵਿਚ ਪਹੁੰਚੇ। 1992 ਵਿਚ ਅਕਾਲੀ ਦਲ ਤੋਂ ਵੱਖ ਹੋ ਕੇ ਅਕਾਲੀ ਦਲ (ਪੰਥਕ) ਬਣਾਇਆ, ਪਰ 1998 ਵਿਚ ਮੁੜ ਕਾਂਗਰਸ ਵਿਚ ਸ਼ਾਮਲ ਹੋਏ। 1998 ਵਿਚ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਤੋਂ ਲੋਕ ਸਭਾ ਦੀ ਚੋਣ ਹਾਰੇ ਅਤੇ ਹੁਣ ਭਾਜਪਾ ਦੇ ਸੀਨੀਅਰ ਆਗੂ ਅਰੁਣ ਜੇਤਲੀ ਨੂੰ ਹਰਾ ਕੇ ਉਹ ਅੰਮ੍ਰਿਤਸਰ ਤੋਂ ਚੋਣ ਜਿੱਤ ਕੇ ਲੋਕ ਸਭਾ ਵਿਚ ਕਾਂਗਰਸ ਦੇ ਉਪ ਆਗੂ ਬਣੇ।

# ਸਿੰਗਾਪੁਰ 'ਚ ਪੰਜਾਬੀ ਭਾਸ਼ਾ ਨੂੰ ਮਿਲਿਆ ਮਾਣ

**ਸਿੰਗਾਪੁਰ:** ਸਿੰਗਾਪੁਰ ਸਰਕਾਰ ਨੇ ਦੇਸ਼ ਵਿਚ ਪੜ੍ਹਾਈ ਲਈ ਆਉਣ ਵਾਲੇ ਪੰਜਾਬੀ ਵਿਦਿਆਰਥੀਆਂ ਨੂੰ ਵੱਡੀ ਸਹੂਲਤ ਦਿੱਤੀ ਹੈ। ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲੀ ਸੀਨ ਲੂੰਗ ਨੇ ਐਲਾਨ ਕੀਤਾ ਹੈ ਕਿ ਪੜ੍ਹਾਈ ਲਈ ਆਉਣ ਵਾਲੇ ਪੰਜਾਬੀ ਵਿਦਿਆਰਥੀ ਆਪਣੀ ਮਾਤ ਭਾਸ਼ਾ ਨੂੰ ਦੂਜੀ ਭਾਸ਼ਾ ਵਜੋਂ ਅਪਣਾ ਸਕਦੇ ਹਨ। ਪੰਜਾਬੀ ਤੋਂ ਇਲਾਵਾ ਭਾਰਤੀ ਵਿਦਿਆਰਥੀ ਉਰਦੂ, ਬੰਗਾਲੀ, ਗੁਜਰਾਤੀ, ਹਿੰਦੀ ਵਿਚ ਪੜ੍ਹਾਈ ਕਰ ਸਕਣਗੇ। ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲੀ ਸੀਨ ਲੂੰਗ ਨੇ ਸਿੰਗਾਪੁਰ ਦੀ ਆਜ਼ਾਦੀ ਵਿਚ ਯੋਗਦਾਨ ਪਾਉਣ ਵਾਲੇ ਸਿੱਖ ਭਾਈਚਾਰੇ ਨੂੰ ਸ਼ਰਧਾਂਜਲੀ ਦਿੱਤੀ।

ਸਿੱਖ ਭਾਈਚਾਰੇ ਦੇ ਸਮਾਗਮ ਵਿਚ ਹਿੱਸਾ ਲੈਂਦਿਆਂ ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਹੈ ਕਿ ਭਵਿੱਖ ਵਿਚ ਵੀ ਦੇਸ਼ ਵਿਚ ਰਹਿਣ ਵਾਲੇ ਸਿੱਖ ਭਾਈਚਾਰੇ ਦੀ ਪੂਰੀ ਮਦਦ ਕੀਤੀ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਨੇ ਦੇਸ਼ ਵਿਚ ਪੰਜਾਬੀ ਭਾਸ਼ਾ ਨੂੰ ਪਬਲਿਕ ਸਕੂਲਾਂ ਵਿਚ ਦੂਜੀ ਭਾਸ਼ਾ ਵਜੋਂ ਮਾਨਤਾ ਦਿੱਤੀ ਹੈ। ਸਿੰਗਾਪੁਰ ਦੇ ਪ੍ਰਧਾਨ ਮੰਤਰੀ ਨੇ ਆਖਿਆ ਕਿ ਸਿੱਖ ਭਾਈਚਾਰਾ 1881 ਵਿਚ ਦੇਸ਼ ਵਿਚ ਆਏ ਸਨ। ਆਪਣੇ ਮਿਹਨਤੀ ਸੁਭਾਅ ਕਾਰਨ ਸਿੱਖਾਂ ਨੇ ਦੇਸ਼ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਇਆ। ਸਿੰਗਾਪੁਰ ਵਿਚ ਸੱਤ ਗੁਰਦੁਆਰਾ ਸਾਹਿਬ ਹਨ।

## ਬੁਲਾਰੀਆ ਨੂੰ ਪਾਰਟੀ ਦਾ ਵਿਰੋਧ ਮਹਿੰਗਾ ਪਿਆ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਅੰਮ੍ਰਿਤਸਰ ਦੱਖਣ ਹਲਕੇ ਤੋਂ ਵਿਧਾਇਕ ਤੇ ਮਾਝਾ ਯੂਥ ਅਕਾਲੀ ਦਲ ਦੇ ਪ੍ਰਧਾਨ ਇੰਦਰਬੀਰ ਸਿੰਘ ਬੁਲਾਰੀਆ ਨੂੰ ਪਾਰਟੀ ਦੀ ਖਿਲਾਫਤ ਕਰਨਾ ਮਹਿੰਗਾ ਪਿਆ ਹੈ। ਉਨ੍ਹਾਂ ਤੋਂ ਮਾਝਾ ਯੂਥ ਅਕਾਲੀ ਦਲ ਦੀ ਪ੍ਰਧਾਨਗੀ ਦਾ ਅਹੁਦਾ ਖੋਹ ਲਿਆ ਗਿਆ ਹੈ। ਪਾਰਟੀ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਸਪਸ਼ਟ ਕੀਤਾ ਕਿ ਸ੍ਰੀ ਬੁਲਾਰੀਆ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਰਵੀਕਰਨ ਸਿੰਘ ਕਾਹਲੋਂ ਨੂੰ ਮਾਝਾ ਯੂਥ ਅਕਾਲੀ ਦਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਨਿਯੁਕਤੀ ਪਾਰਟੀ ਦਾ ਅੰਦਰੂਨੀ ਮਾਮਲਾ ਹੈ। ਸ੍ਰੀ ਕਾਹਲੋਂ ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਸਪੁੱਤਰ ਹਨ।

ਉਧਰ, ਸ੍ਰੀ ਬੁਲਾਰੀਆ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਦੋਸ਼ ਲਾਇਆ ਕਿ ਪਾਰਟੀ ਵਿਚੋਂ ਜਮਹੂਰੀਅਤ ਖਤਮ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਭਗਤਾਂ ਵਾਲਾ ਡੰਪ ਮਾਮਲੇ ਵਿਚ ਸ੍ਰੀ ਬੁਲਾਰੀਆ ਨੇ ਆਪਣੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਸੀ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਉਨ੍ਹਾਂ ਦੀ ਸਖਤ ਨਾਰਾਜ਼ਗੀ ਚੱਲ ਰਹੀ ਸੀ।

# ਬਾਦਲਾਂ ਦੇ ਗੜ੍ਹ ਵਿਚ ਗੱਜਣਗੇ ਕੈਪਟਨ

**ਚੰਡੀਗੜ੍ਹ:** ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦੀ ਚੁਣੌਤੀ ਕਬੂਲ ਲਈ ਹੈ ਤੇ ਉਹ ਹੁਣ ਬਾਦਲਾਂ ਦੇ ਗੜ੍ਹ ਬਠਿੰਡੇ ਵਿਚ ਹੀ ਆਪਣੀ ਤਾਜਪੋਸ਼ੀ ਕਰਵਾਉਣਗੇ। ਕੈਪਟਨ ਪਹਿਲੀ ਰੈਲੀ ਬਠਿੰਡਾ ਵਿਚ ਕਰਨ ਜਾ ਰਹੇ ਹਨ। ਕੈਪਟਨ ਨੇ ਕਿਹਾ ਹੈ ਕਿ ਬਾਦਲਾਂ ਨੇ ਉਨ੍ਹਾਂ ਨੂੰ ਬਠਿੰਡਾ ਵਿਚ ਆਉਣ ਲਈ ਵੰਗਾਰਿਆ ਹੈ। ਇਸ ਲਈ ਉਨ੍ਹਾਂ ਪੰਜਾਬ ਪ੍ਰਦੇਸ਼ ਕਾਂਗਰਸ ਦੀ ਵਾਗਡੋਰ ਬਠਿੰਡਾ ਵਿਚ ਰੈਲੀ ਕਰ ਕੇ ਸਾਂਭਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ 2014 ਦੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਮਿਲੀ ਹਮਾਇਤ ਹੁਣ ਘਟ ਗਈ ਹੈ। ਅਗਸਤ 2014 ਵਿਚ ਪਟਿਆਲਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਦੀ ਜਿੱਤ ਨਾਲ ਇਸ ਨੁਕਤੇ ਦੀ ਪੁਸ਼ਟੀ ਹੁੰਦੀ ਹੈ।

### ਪਹਿਲੀ ਚੁਣੌਤੀ ਖਡੂਰ ਸਾਹਿਬ ਜ਼ਿਮਨੀ ਚੋਣ

**ਪਟਿਆਲਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਲਈ ਖਡੂਰ ਸਾਹਿਬ ਦੀ ਜ਼ਿਮਨੀ ਚੋਣ ਪਹਿਲੀ ਚੁਣੌਤੀ ਹੋਵੇਗੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਇਹ ਸੀਟ 17 ਨਵੰਬਰ ਨੂੰ ਖਾਲੀ ਕਰਾਰ ਦੇ ਦਿੱਤੀ ਗਈ ਸੀ ਤੇ ਇਸ ਚੋਣ ਦਾ ਐਲਾਨ ਹਾਲੇ ਰਸਮੀ ਤੌਰ 'ਤੇ ਹੋਣਾ ਹੈ। ਚੋਣ ਕਮਿਸ਼ਨ ਨੂੰ ਸੰਵਿਧਾਨਕ ਵਿਵਸਥਾ ਮੁਤਾਬਕ ਇਹ ਚੋਣ 17 ਮਈ ਤੋਂ ਪਹਿਲਾਂ-ਪਹਿਲਾਂ ਹਰ ਹਾਲ ਕਰਵਾਉਣੀ ਪਵੇਗੀ। ਕਾਂਗਰਸ ਵੱਲੋਂ ਮੁੜ ਰਮਨਜੀਤ ਸਿੰਘ ਸਿੱਕੀ ਹੀ ਉਮੀਦਵਾਰ ਹੋ ਸਕਦੇ ਹਨ।

# ਫਿਲਮ 'ਅਮੰਗ ਦਿ ਬਿਲੀਵਰਜ਼' ਲਈ ਮਿਲੀਆਂ ਸਨ ਧਮਕੀਆਂ: ਹੇਮਲ

**ਪਣਜੀ:** ਮੌਲਾਨਾ ਅਬਦੁਲ ਅਜ਼ੀਜ਼ ਗਾਜ਼ੀ ਤੇ ਉਸ ਦੀਆਂ ਪਾਕਿਸਤਾਨ ਦੀ ਲਾਲ ਮਸਜਿਦ ਵਿਚ ਗਤੀਵਿਧੀਆਂ ਉਤੇ ਦਸਤਾਵੇਜ਼ੀ ਫਿਲਮ 'ਅਮੰਗ ਦਿ ਬਿਲੀਵਰਜ਼' ਬਣਾਉਣ ਵਾਲੀ ਨਿਰਦੇਸ਼ਕ ਹੇਮਲ ਤ੍ਰਿਵੇਦੀ ਨੇ ਦੱਸਿਆ ਕਿ ਇਸ ਫਿਲਮ ਦੇ ਰਿਲੀਜ਼ ਹੋਣ ਬਾਅਦ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ। ਇਸ ਦਸਤਾਵੇਜ਼ੀ ਫਿਲਮ ਦੇ ਸਹਾਇਕ ਨਿਰਦੇਸ਼ਕ ਮੁਹੰਮਦ ਨਕਵੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਹੇਮਲ ਤ੍ਰਿਵੇਦੀ ਨੇ ਦੱਸਿਆ ਕਿ ਵੱਖ ਵੱਖ ਫਿਲਮ ਮੇਲਿਆਂ ਵਿਚ ਪ੍ਰੀਮੀਅਰ ਬਾਅਦ ਇਸ ਦਸਤਾਵੇਜ਼ੀ ਫਿਲਮ ਦੇ ਵਿਸ਼ੇ ਨੇ ਲੋਕਾਂ ਦਾ ਧਿਆਨ ਖਿੱਚਿਆ। ਇਸ ਬਾਅਦ ਸਾਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਤੇ ਅਸੀਂ ਚਾਰ ਪੰਜ ਮਹੀਨੇ ਫਿਲਮ ਨੂੰ ਰੋਕੀ ਰੱਖਿਆ। ਇਸ ਫਿਲਮ ਨੂੰ ਵਿਸ਼ਵ ਭਰ ਦੇ ਨੌਂ ਫਿਲਮ ਮੇਲਿਆਂ ਵਿਚ ਦਿਖਾਇਆ ਗਿਆ ਹੈ।

ਇਸ ਦਸਤਾਵੇਜ਼ੀ ਫਿਲਮ ਵਿਚ ਇਕ 12 ਸਾਲਾ ਕੁੜੀ ਡਾਕਟਰ ਬਣਨ ਦਾ ਆਪਣਾ ਸੁਪਨਾ ਸਾਕਾਰ ਕਰਨ ਲਈ ਮਦਰੱਸੇ ਵਿਚੋਂ ਭੱਜ ਕੇ ਸਕੂਲ ਵਿਚ ਦਾਖਲਾ ਲੈਂਦੀ ਹੈ। ਇਸ ਵਿਚ ਇਕ 12



ਸਾਲਾ ਮੁੰਡਾ ਦਿਖਾਇਆ ਗਿਆ ਹੈ, ਜੋ ਮਦਰੱਸੇ ਵਿਚੋਂ ਤਾਲੀਮ ਹਾਸਲ ਕਰਦਾ ਹੈ।

ਫਿਲਮ ਵਿਚ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਸਿੱਖਿਆ ਇਨ੍ਹਾਂ ਦੋਹਾਂ ਦਾ ਦੁਨੀਆਂ ਨੂੰ ਦੇਖਣ ਦਾ ਨਜ਼ਰੀਆ ਬਦਲ ਦਿੰਦੀ ਹੈ। ਹੇਮਲ ਨੇ ਮੰਨਿਆ ਕਿ ਉਸ ਦੀ ਫਿਲਮ ਵਿਵਾਦਤ ਵਿਸ਼ੇ 'ਤੇ ਹੈ ਪਰ ਇਸ ਵਿਚ ਇਸਲਾਮ ਉਤੇ ਕੋਈ ਟਿੱਪਣੀ ਨਹੀਂ ਕੀਤੀ ਗਈ।

# ਰਾਜੀਵ ਸਰਕਾਰ ਵੱਲੋਂ ਰਸ਼ਦੀ ਦੀ ਕਿਤਾਬ ਉਤੇ ਪਾਬੰਦੀ ਗਲਤ ਸੀ: ਚਿਦੰਬਰਮ

**ਨਵੀਂ ਦਿੱਲੀ:** ਸਲਮਾਨ ਰਸ਼ਦੀ ਦੇ ਨਾਵਲ 'ਦਾ ਸੈਟੇਨਿਕ ਵਰਸਿਸ' ਉਤੇ ਰਾਜੀਵ ਗਾਂਧੀ ਸਰਕਾਰ ਵੱਲੋਂ ਪਾਬੰਦੀ ਲਾਉਣ ਦੇ 27 ਸਾਲਾ ਬਾਅਦ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੇ ਇਸ ਨੂੰ ਗਲਤੀ ਦੱਸਿਆ ਹੈ। 1986 ਤੋਂ 1989 ਤੱਕ ਰਾਜੀਵ ਗਾਂਧੀ ਦੀ ਸਰਕਾਰ ਵਿਚ ਗ੍ਰਿਹ ਰਾਜ ਮੰਤਰੀ ਰਹੇ ਚਿਦੰਬਰਮ ਨੇ ਇਹ ਵੀ ਕਿਹਾ ਕਿ ਇੰਦਰਾ ਗਾਂਧੀ ਨੇ 1980 ਵਿਚ ਸਵੀਕਾਰ ਕੀਤਾ ਸੀ ਕਿ ਐਮਰਜੈਂਸੀ ਲਗਾਉਣਾ ਇਕ ਭੁੱਲ ਸੀ।

ਚਿਦੰਬਰਮ ਨੇ ਇਥੇ ਟਾਈਮਸ ਲਿਟਫੈਸਟ ਵਿਚ ਕਿਹਾ ਕਿ, 'ਮੈਨੂੰ ਇਹ ਕਹਿੰਦਿਆਂ ਹੋਇਆ ਕੋਈ ਸੰਕੋਚ ਨਹੀਂ ਹੈ ਕਿ ਸਲਮਾਨ ਰਸ਼ਦੀ ਦੀ ਕਿਤਾਬ 'ਤੇ ਅਕਤੂਬਰ 1988 ਵਿਚ ਲਗਾਈ ਪਾਬੰਦੀ ਗਲਤ ਸੀ।' ਜਦੋਂ ਚਿਦੰਬਰਮ ਤੋਂ ਪੁੱਛਿਆ ਗਿਆ ਕਿ ਉਹ ਇੰਨੇ ਸਾਲ ਬਾਅਦ ਇਹ ਗੱਲ ਕਿਉਂ ਕਹਿ ਰਹੇ ਹਨ ਤਾਂ ਉਨ੍ਹਾਂ ਕਿਹਾ ਕਿ ਜੇਕਰ ਮੈਨੂੰ 20 ਸਾਲ ਪਹਿਲਾਂ ਪੁੱਛਿਆ ਜਾਂਦਾ, ਤਾਂ ਵੀ ਮੈਂ ਇਹ ਹੀ ਕਹਿੰਦਾ।

ਜਦੋਂ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਬਾਰੇ ਸਵਾਲ ਪੁੱਛਿਆ ਗਿਆ ਤਾਂ ਸੀਨੀਅਰ ਕਾਂਗਰਸੀ ਨੇਤਾ ਨੇ ਕਿਹਾ ਕਿ ਇੰਦਰਾ ਗਾਂਧੀ ਨੇ ਖੁਦ 1980 ਵਿਚ ਮੰਨਿਆ ਸੀ ਕਿ ਐਮਰਜੈਂਸੀ ਲਗਾਉਣਾ ਗਲਤ ਸੀ ਤੇ ਜੇਕਰ ਸੱਤਾ ਵਿਚ ਆਈ ਤਾਂ ਫਿਰ ਕਦੇ ਐਮਰਜੈਂਸੀ ਨਹੀਂ ਲਗਾਵਾਂਗੀ। ਲੋਕਾਂ ਨੇ ਉਨ੍ਹਾਂ ਦੀ ਗੱਲ 'ਤੇ ਭਰੋਸਾ ਕੀਤਾ ਤੇ ਫਿਰ ਤੋਂ ਉਨ੍ਹਾਂ ਨੂੰ ਸੱਤਾ ਵਿਚ ਪਹੁੰਚਾਇਆ।



### ਗਲਤੀ ਸੁਧਾਰਨ ਵਿਚ ਹੋਰ ਕਿੰਨੇ ਵਰ੍ਹੇ ਲੱਗਣਗੇ: ਰਸ਼ਦੀ

**ਨਵੀਂ ਦਿੱਲੀ:** ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਵੱਲੋਂ ਸਲਮਾਨ ਰਸ਼ਦੀ ਦੇ ਲੇਖ 'ਸੈਟੇਨਿਕ ਵਰਸਿਸ' ਉਤੇ ਰਾਜੀਵ ਗਾਂਧੀ ਸਰਕਾਰ ਵੱਲੋਂ ਲਗਾਈ ਗਈ ਰੋਕ ਨੂੰ ਗਲਤ ਦੱਸਣ ਤੋਂ ਬਾਅਦ ਰਸ਼ਦੀ ਨੇ ਕਿਹਾ ਕਿ ਇਸ ਗਲਤੀ ਨੂੰ ਸੁਧਾਰਨ ਵਿਚ ਕਿੰਨੇ ਹੋਰ ਸਾਲ ਲੱਗਣਗੇ। ਰਸ਼ਦੀ ਨੇ ਟਵਿਟਰ 'ਤੇ ਪ੍ਰਕਿਰਿਆ ਦਿੱਤੀ ਕਿ ਇਸ ਕਬੂਲਨਾਮੇ ਵਿਚ 27 ਸਾਲ ਲੱਗੇ ਹਨ ਤੇ ਗਲਤੀ ਸੁਧਾਰਨ ਲਈ ਕਿੰਨਾ ਹੋਰ ਸਮਾਂ ਲੱਗੇਗਾ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਵਿਚ ਮਿਸ਼ਨ-2017 ਲਈ ਬੱਝਿਆ ਸਿਆਸੀ ਪਿੜ

**ਬਠਿੰਡਾ:** ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੀਆਂ ਸਦਭਾਵਨਾ ਰੈਲੀਆਂ ਤੇ ਕੈਪਟਨ ਅਮਰਿੰਦਰ ਸਿੰਘ ਹੱਥ ਪੰਜਾਬ ਕਾਂਗਰਸ ਦੀ ਕਮਾਨ ਆਉਣ ਪਿਛੋਂ ਸੂਬੇ ਵਿਚ ਸਿਆਸੀ ਮਾਹੌਲ ਭਖਿਆ ਹੋਇਆ ਹੈ। ਕੈਪਟਨ ਅਮਰਿੰਦਰ ਦੀ 13 ਦਸੰਬਰ ਨੂੰ ਬਾਦਲਾਂ ਦੇ ਗੜ੍ਹ ਬਠਿੰਡਾ ਵਿਚ ਤਾਜਪੋਸ਼ੀ ਦੇ ਐਲਾਨ ਨੂੰ ਵੀ ਅਕਾਲੀ ਦਲ ਲਈ ਚੁਣੌਤੀ ਸਮਝਿਆ ਜਾ ਰਿਹਾ ਹੈ। ਉਧਰ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਦਾਅਵਾ ਕਰ ਦਿੱਤਾ ਹੈ ਕਿ ਜਿਸ ਦਿਨ ਕੈਪਟਨ ਬਠਿੰਡੇ ਵਿਚ ਰੈਲੀ ਕਰਨਗੇ, ਉਸੇ ਦਿਨ ਉਹ ਪਟਿਆਲੇ ਵਿਚ ਰੈਲੀ ਕਰ ਕੇ ਇਸ ਦਾ ਜਵਾਬ ਦੇਣਗੇ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਬਠਿੰਡਾ ਵਿਚ ਕੈਪਟਨ ਦੀ ਰੈਲੀ 2017 ਦੀਆਂ ਵਿਧਾਨ ਸਭਾ ਚੋਣਾਂ ਬਾਰੇ ਤਸਵੀਰ ਕੁਝ ਹੱਦ ਤੱਕ ਸਾਫ ਕਰ ਦੇਵੇਗੀ।

ਦੋਵਾਂ ਧਿਰਾਂ ਦੀਆਂ ਸਰਗਰਮੀਆਂ ਪਿਛੋਂ ਕੁਝ ਪੰਥਕ ਜਥੇਬੰਦੀਆਂ ਨੇ ਕਮਰ ਕੱਸ ਲਈ ਹੈ। ਅਕਾਲੀ ਦਲ 1920 ਦੇ ਆਗੂ ਰਵੀਇੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਪ੍ਰਧਾਨ



ਸੁਰਜੀਤ ਕੌਰ ਬਰਨਾਲਾ, ਬਲਦੇਵ ਸਿੰਘ ਮਾਨ ਤੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਸਮੇਤ ਤਕਰੀਬਨ ਦੋ ਦਰਜਨ ਆਗੂਆਂ ਨੇ ਚੰਡੀਗੜ੍ਹ ਵਿਚ ਮੀਟਿੰਗ ਕਰ ਕੇ ਅਗਲੀ ਰਣਨੀਤੀ ਬਾਰੇ ਵਿਚਾਰ ਕੀਤਾ ਗਿਆ। ਬਰਨਾਲਾ ਪਰਿਵਾਰ ਤੇ ਰਵੀਇੰਦਰ ਸਿੰਘ ਦੀ ਕੈਪਟਨ ਅਮਰਿੰਦਰ ਸਿੰਘ ਨਾਲ ਦੋਸਤੀ ਲੁਕੀ ਨਹੀਂ ਹੈ। ਅਕਾਲੀ ਦਲ 1920 ਦੇ ਕਈ ਆਗੂ ਤਾਂ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਵਾਲੀ ਜੱਟ ਮਹਾਂਸਭਾ ਦੇ ਵੀ ਅਹੁਦੇਦਾਰ ਹਨ। ਇਨ੍ਹਾਂ ਧਿਰਾਂ ਵੱਲੋਂ ਅਕਾਲੀ-ਭਾਜਪਾ ਨੂੰ ਹਰਾਉਣ ਲਈ ਕਾਂਗਰਸ ਦੀ ਅਗਵਾਈ ਵਿਚ ਇਕ ਵੱਡੇ ਗੱਠਜੋੜ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਗੌਰਤਲਬ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਆਫ ਪੰਜਾਬ, ਅਕਾਲੀ ਦਲ (ਲੌਂਗੋਵਾਲ) ਅਤੇ ਸੀ.ਪੀ.ਆਈ.-ਸੀ.ਪੀ.ਐਮ. ਵਿਚ ਗੱਠਜੋੜ ਹੋਇਆ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਆਗੂਆਂ ਦਾ ਸੋਚਣਾ ਹੈ ਕਿ ਸਿਆਸੀ ਖੇਤਰ ਵਿਚ ਅਮਰਿੰਦਰ ਸਿੰਘ ਤੋਂ ਵੱਧ ਪੰਥਕ ਚਿਹਰੇ ਵਾਲਾ ਅਜੇ ਕੋਈ ਆਗੂ ਦਿਖਾਈ ਨਹੀਂ ਦੇ ਰਿਹਾ। 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਸੀਨੀਅਰ ਆਗੂ ਅਰੁਣ ਜੇਤਲੀ ਨੂੰ ਇਕ ਲੱਖ ਵੋਟਾਂ ਨਾਲ ਹਰਾ ਕੇ ਕੈਪਟਨ ਆਪਣਾ ਲੋਹਾ ਮਨਵਾ ਚੁਕੇ ਹਨ।

ਪੰਜਾਬ ਵਿਚ ਨਵੇਂ ਉਭਰ ਰਹੇ ਰਾਜਸੀ ਸਮੀਕਰਨ ਇਸ ਗੱਲ ਦਾ ਸਪਸ਼ਟ ਸੰਕੇਤ ਦੇ ਰਹੇ ਹਨ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਤਿੰਨ ਧਿਰੀ ਟੱਕਰ ਹੋਣ ਜਾ ਰਹੀ ਹੈ। ਪਿਛਲੇ ਤਕਰੀਬਨ ਤਿੰਨ ਮਹੀਨੇ ਤੋਂ ਡੂੰਘੇ ਰਾਜਸੀ-ਧਾਰਮਿਕ ਸੰਕਟ ਵਿਚ ਘਿਰੀ ਅਕਾਲੀ ਲੀਡਰਸ਼ਿਪ ਸਦਭਾਵਨਾ ਰੈਲੀਆਂ ਦੇ ਸਹਾਰੇ ਲੋਕਾਂ ਵਿਚ ਖੜ੍ਹਨ ਲਈ ਜ਼ੋਰ ਅਜ਼ਮਾਈ ਕਰ ਰਹੀ ਹੈ।

ਪੰਜਾਬ ਦੀਆਂ ਰਵਾਇਤੀ ਸਿਆਸੀ ਧਿਰਾਂ ਨੂੰ ਇਸ ਵਾਰ ਆਮ ਆਦਮੀ ਪਾਰਟੀ (ਆਪ) ਦਾ ਹਊਆ ਵੀ ਨਜ਼ਰ ਆ ਰਿਹਾ ਹੈ। 'ਆਪ' ਨੇ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਪੈਂਦੀ ਸੱਟੇ ਹੀ ਪੰਜਾਬ ਦੀਆਂ ਚਾਰ ਲੋਕ ਸਭਾ ਸੀਟਾਂ ਉਤੇ ਜਿੱਤ ਤੇ ਸੂਬੇ ਦੇ 43 ਵਿਧਾਨ ਸਭਾ ਹਲਕਿਆਂ ਵਿਚ ਲੀਡ ਹਾਸਲ ਕਰ ਕੇ ਸਾਬਤ ਕਰ ਦਿੱਤਾ ਸੀ ਕਿ ਪੰਜਾਬ ਅੰਦਰ ਪਾਰਟੀ ਪੂਰੀ ਸਾਬਤ ਕਦਮੀ ਨਾਲ ਚੱਲਣ ਦੇ ਯੋਗ ਹੋ ਗਈ ਹੈ। ਬਾਅਦ ਵਿਚ ਪਾਰਟੀ ਅੰਦਰ ਲੀਡਰਸ਼ਿਪ ਦੇ ਖਿੰਡਾਅ, ਨਵੀਂ ਲੀਡਰਸ਼ਿਪ ਨਾ ਉਭਰਨ ਤੇ ਪੰਜਾਬ ਪੱਧਰ 'ਤੇ ਕਿਸੇ ਆਕਰਸ਼ਿਤ ਆਗੂ ਦੀ ਅਣਹੋਂਦ ਨੇ ਭਾਵੇਂ ਪਾਰਟੀ ਬਾਰੇ ਬੜੇ ਸੁਆਲੀਆ ਚਿੰਨ੍ਹ ਲਗਾਏ ਹਨ, ਪਰ 'ਆਪ' ਵੱਲੋਂ ਮੁੜ ਪੈਰਾਂ ਸਿਰ ਹੋਣ ਲਈ ਸਰਗਰਮੀ ਵਿੱਢ ਦਿੱਤੀ ਗਈ ਹੈ। ਇਸ ਵਾਰ ਕੇਂਦਰੀ ਲੀਡਰਸ਼ਿਪ ਵੀ ਸੂਬੇ ਦੀ ਸਿਆਸਤ ਵਿਚ ਦਿਲਚਸਪੀ ਵਿਖਾ ਰਹੀ ਹੈ।

## ਸੋਸ਼ਲ ਮੀਡੀਆ 'ਤੇ ਬਾਦਲਾਂ ਨੂੰ ਭਾਜੜ

*(ਸਫਾ ਇਕ ਦੀ ਬਾਕੀ)*

ਉਸ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸ. ਭਰੋਵਾਲ ਦਾ ਕੈਨੇਡਾ ਰਹਿੰਦਾ ਲੜਕਾ ਰਘਵੀਰ ਸਿੰਘ ਭਰੋਵਾਲ ਸੋਸ਼ਲ ਮੀਡੀਆ 'ਤੇ ਪੰਜਾਬ ਸਰਕਾਰ ਖਿਲਾਫ ਪ੍ਰਚਾਰ ਕਰ ਰਿਹਾ ਸੀ। ਰਘਵੀਰ ਸਿੰਘ ਨੇ ਬਠਿੰਡਾ ਦੀ ਸਦਭਾਵਨਾ ਰੈਲੀ ਰੱਦ ਹੋਣ ਬਾਰੇ ਅਫਵਾਹ ਫੇਸਬੁੱਕ ਉਤੇ ਪਾ ਦਿੱਤੀ ਸੀ। ਉਸੇ ਦਿਨ ਤੋਂ ਹੀ ਪੁਲਿਸ ਵੱਲੋਂ ਉਸ ਦੇ ਪਿਤਾ ਨੂੰ ਤੰਗ ਕੀਤਾ ਜਾ ਰਿਹਾ ਸੀ ਤੇ ਬਾਅਦ ਵਿਚ ਜਥੇਦਾਰ ਭਰੋਵਾਲ ਤੇ ਰਘਵੀਰ ਭਰੋਵਾਲ ਦੇ ਸਾਲੇ ਜਗਦੀਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਹੁਣ ਕੈਨੇਡੀਅਨ ਪੱਤਰਕਾਰ ਬਲਤੇਜ ਸਿੰਘ ਪੰਨੂ ਦੀ ਬਲਾਤਕਾਰ ਦੇ ਦੋਸ਼ ਵਿਚ ਗ੍ਰਿਫਤਾਰੀ ਨੂੰ ਵੀ ਇਸੇ ਕਾਰਵਾਈ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਦੋ ਦਹਾਕੇ ਤੋਂ ਬਰੈਂਪਟਨ ਵਿਚ ਰਹਿੰਦੇ ਰਹੇ ਪੰਨੂ ਨੇ 'ਨਗਾਰਾ' ਅਖਬਾਰ ਤੇ ਰੇਡੀਓ ਵੀ ਚਲਾਇਆ। ਕੁਝ ਸਾਲਾਂ ਤੋਂ ਪੰਜਾਬ ਰਹਿੰਦਿਆਂ ਉਹ ਵਿਦੇਸ਼ੀ ਰੇਡੀਓ ਸ਼ੋਆਂ 'ਤੇ ਬੋਲਦਾ ਰਿਹਾ ਤੇ ਸੋਸ਼ਲ ਮੀਡੀਆ ਰਾਹੀਂ ਪੰਜਾਬ ਦੇ ਹਾਲਾਤ ਅਤੇ ਡਰੱਗਜ਼ ਬਾਰੇ ਟਿੱਪਣੀਆਂ ਕਾਰਨ ਚਰਚਾ ਵਿਚ ਰਿਹਾ। ਮੰਨਿਆ ਜਾ ਰਿਹਾ ਹੈ ਕਿ ਫੇਸਬੁੱਕ ਉਤੇ ਪੰਨੂ ਦੀਆਂ ਖਰੀਆਂ ਟਿੱਪਣੀਆਂ ਤੋਂ ਹਕੂਮਤ ਔਖੀ ਸੀ।

## ਨਿਆਂਇਕ ਕਮਿਸ਼ਨ ਵਲੋਂ ਬਰਗਾੜੀ ਕਾਂਡ ਦੀ ਜਾਂਚ ਸ਼ੁਰੂ

**ਚੰਡੀਗੜ੍ਹ:** ਪਿੰਡ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਖ਼ਿਲਾਫ਼ ਪਿੰਡ ਬਹਿਬਲ ਕਲਾਂ ਵਿਚ ਰੋਸ ਪ੍ਰਗਟਾ ਰਹੇ ਲੋਕਾਂ ਉਤੇ ਪੁਲਿਸ ਗੋਲੀਬਾਰੀ ਵਿਚ ਹੋਈ ਦੋ ਨੌਜਵਾਨਾਂ ਦੀ ਮੌਤ ਦੀ ਜਾਂਚ ਲਈ ਗਠਿਤ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜਸਟਿਸ ਜ਼ੋਰਾ ਸਿੰਘ ਦੀ ਅਗਵਾਈ ਵਾਲੇ ਨਿਆਂਇਕ ਕਮਿਸ਼ਨ ਨੇ ਕੰਮ ਸ਼ੁਰੂ ਕਰ ਦਿੱਤਾ ਹੈ। ਕਮਿਸ਼ਨ ਨੇ ਬੀੜਾਂ ਦੀ ਬੇਅਦਬੀ ਦੀ ਜਾਂਚ ਕਰ ਰਹੀ ਸੀ.ਬੀ.ਆਈ. ਤੋਂ ਵੀ ਰਿਪੋਰਟ ਲੈਣ ਦਾ ਫ਼ੈਸਲਾ ਕੀਤਾ ਹੈ।

ਪੁਲਿਸ ਵਿਭਾਗ ਤੋਂ ਘਟਨਾ ਵਾਲੇ ਦਿਨ ਤਾਇਨਾਤ ਪੁਲਿਸ ਕਰਮਚਾਰੀਆਂ ਦੀਆਂ ਸੂਚੀਆਂ ਮੰਗੀਆਂ ਗਈਆਂ ਹਨ ਅਤੇ ਲੋਕਾਂ ਨੂੰ ਸਬੂਤਾਂ ਸਮੇਤ ਅੱਗੇ ਆਉਣ ਦੀ ਅਪੀਲ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਗੋਲੀ ਕਾਂਡ ਦੌਰਾਨ ਦੋ ਸਿੱਖ ਨੌਜਵਾਨਾਂ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਬਾਅਦ ਪੈਦਾ ਰੋਸ ਨੂੰ ਸ਼ਾਂਤ ਕਰਨ ਲਈ 14 ਅਕਤੂਬਰ ਨੂੰ ਨਿਆਂਇਕ ਕਮਿਸ਼ਨ ਬਣਾ ਕੇ ਦੋ ਮਹੀਨੇ ਦੇ ਅੰਦਰ ਰਿਪੋਰਟ ਮੰਗੀ ਸੀ।

ਯਾਦ ਰਹੇ ਕਿ ਪੰਜਾਬ ਪੁਲਿਸ ਉਤੇ ਲੋਕਾਂ ਵੱਲੋਂ ਪ੍ਰਗਟਾਈ ਬੇਭਰੋਸਗੀ ਅਤੇ ਪਿੰਡ ਪੰਜਗਰਾਈਂ ਦੇ ਦੋ ਸਿੱਖ ਨੌਜਵਾਨਾਂ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਪੰਥ ਪ੍ਰਚਾਰਕਾਂ ਵੱਲੋਂ ਚੰਡੀਗੜ੍ਹ ਵਿਖੇ ਦੇਰ ਰਾਤ ਤਕ ਦਿੱਤੇ ਧਰਨੇ ਬਾਅਦ ਸਰਕਾਰ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀਆਂ ਘਟਨਾਵਾਂ ਸਬੰਧੀ ਦਾਇਰ ਤਿੰਨ ਐਫ.ਆਈ. ਆਰਜ਼ ਨਾਲ ਸਬੰਧਿਤ ਜਾਂਚ ਸੀ.ਬੀ.ਆਈ. ਹਵਾਲੇ ਕਰ ਦਿੱਤੀ ਸੀ। ਜਸਟਿਸ ਜ਼ੋਰਾ ਸਿੰਘ ਕਮਿਸ਼ਨ ਵੱਲੋਂ ਫਰੀਦਕੋਟ ਜ਼ਿਲ੍ਹੇ ਅੰਦਰ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਬੇਅਦਬੀ ਅਤੇ ਬਹਿਬਲ ਕਾਂਡ ਦੀ ਜਾਂਚ ਕਰ ਰਿਹਾ ਹੈ।

ਗੌਰਤਲਬ ਹੈ ਕਿ ਏ.ਡੀ.ਜੀ.ਪੀ. ਦੀ ਅਗਵਾਈ ਵਾਲੀ ਜਾਂਚ ਟੀਮ ਨੇ ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਕਰ ਕੇ ਦਾਅਵਾ ਕੀਤਾ ਸੀ ਕਿ ਗ੍ਰਿਫ਼ਤਾਰ ਕੀਤੇ ਗਏ ਦੋ ਸਿੱਖ ਭਰਾਵਾਂ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਦੀਆਂ ਫੋਨ ਕਾਲਾਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਤਾਰ ਵਿਦੇਸ਼ੀ ਤਾਕਤਾਂ ਨਾਲ ਜੁੜੇ ਹੋਣ ਦਾ ਸਬੂਤ ਮਿਲ ਗਿਆ ਹੈ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੀ ਇਸ ਗੱਲ ਨੂੰ ਲਗਾਤਾਰ ਪ੍ਰਚਾਰ ਰਹੇ ਹਨ ਪਰ ਕੁਝ ਹੀ ਦਿਨਾਂ ਬਾਅਦ ਦੋਵੇਂ ਸਿੱਖ ਨੌਜਵਾਨਾਂ ਦੀ ਲੋੜ ਨਾ ਹੋਣ ਦੇ ਪੁਲਿਸ ਦੇ ਬਿਆਨ ਕਾਰਨ ਅਦਾਲਤ ਨੇ ਇਨ੍ਹਾਂ ਨੂੰ ਰਿਹਾ ਕਰ ਦਿੱਤਾ ਸੀ।

## ਤੋਤਾ ਸਿੰਘ ਦੇ ਕੇਸ 'ਚ ਬਾਦਲ ਘਿਰੇ

*(ਸਫਾ ਇਕ ਦੀ ਬਾਕੀ)*

ਇਸ ਫੈਸਲੇ ਖਿਲਾਫ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਅਪੀਲ ਪਾਈ ਸੀ। ਹਾਈਕੋਰਟ ਵੱਲੋਂ ਸੁਣਵਾਈ ਤੱਕ ਸਜ਼ਾ 'ਤੇ ਰੋਕ ਲਾਉਣ ਦੇ ਫੈਸਲੇ ਪਿਛੋਂ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਮੁੜ ਕੈਬਨਿਟ ਵਿਚ ਸ਼ਾਮਲ ਕਰਦਿਆਂ ਖੇਤੀਬਾੜੀ ਮੰਤਰੀ ਲਗਾ ਦਿੱਤਾ। ਤੋਤਾ ਸਿੰਘ ਹੁਣ ਨਕਲੀ ਕੀਟਨਾਸ਼ਕ ਦਵਾਈਆਂ ਦੇ ਮਾਮਲੇ ਵਿਚ ਘਿਰੇ ਹੋਏ ਹਨ। ਇਸ ਮੰਤਰੀ ਲਈ ਇਹ ਵਿਵਾਦ ਕੋਈ ਨਵਾਂ ਨਹੀਂ ਹੈ। ਅਕਾਲੀ ਦਲ ਦੇ 1997 ਤੋਂ 2002 ਤੱਕ ਦੇ ਕਾਰਜਕਾਲ ਦੌਰਾਨ ਤੋਤਾ ਸਿੰਘ ਸਿੱਖਿਆ ਮੰਤਰੀ ਸਨ, ਉਸ ਸਮੇਂ ਉਨ੍ਹਾਂ 'ਤੇ ਕਲਰਕਾਂ ਦੇ ਭਰਤੀ ਘੁਟਾਲੇ ਤੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਵਰਗੇ ਸੰਗੀਨ ਦੋਸ਼ ਲੱਗੇ ਸਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੌਰਾਨ ਵੀ ਵਿਜੀਲੈਂਸ ਨੇ ਉਨ੍ਹਾਂ ਖਿਲਾਫ ਤਿੰਨ ਮਾਮਲੇ ਦਰਜ ਕੀਤੇ ਸਨ। ਮੁਹਾਲੀ ਦੀ ਅਦਾਲਤ ਨੇ ਉਨ੍ਹਾਂ ਨੂੰ ਦੋ ਕੇਸਾਂ ਵਿਚੋਂ ਬਰੀ ਕੀਤਾ ਸੀ। ਇਕ ਮਾਮਲੇ ਵਿਚ ਦੋਸ਼ੀ ਕਰਾਰ ਦਿੰਦਿਆਂ ਇਕ ਸਾਲ ਦੀ ਸਜ਼ਾ ਸੁਣਾਈ ਗਈ ਸੀ।

# ਮਾਓਵਾਦੀ ਆਗੂ ਨੇ ਵਧੀਕੀਆਂ ਦਾ ਮਾਮਲਾ ਉਠਾਇਆ

**ਨਵੀਂ ਦਿੱਲੀ:** ਇਥੋਂ ਦੀ ਤਿਹਾੜ ਜੇਲ੍ਹ ਦੇ ਹਾਈ ਰਿਸਕ ਵਾਰਡ ਵਿਚ ਬੰਦ ਚੋਟੀ ਦੇ ਮਾਓਵਾਦੀ ਆਗੂ ਕੋਬਾਦ ਗਾਂਧੀ ਨੇ ਉਸ ਨੂੰ ਸਾਜ਼ਿਸ਼ ਤਹਿਤ ਵੱਖ-ਵੱਖ ਕੇਸਾਂ ਵਿਚ ਫਸਾਉਣ ਦੀਆਂ ਚਾਲਾਂ ਦਾ ਪਰਦਾਫਾਸ਼ ਕੀਤਾ ਹੈ। ਅੰਗਰੇਜ਼ੀ ਹਫਤਾਵਾਰੀ 'ਮੇਨਸਟ੍ਰੀਮ' ਨੂੰ ਭੇਜੇ ਖਤ ਵਿਚ ਕੋਬਾਦ ਗਾਂਧੀ ਨੇ ਖੁਲਾਸਾ ਕੀਤਾ ਹੈ ਕਿ ਉਸ ਦੀ ਜ਼ਮਾਨਤ ਅੰਤ੍ਰਿਮ ਮਨਜ਼ੂਰ ਹੋ ਚੁੱਕੀ ਹੈ, ਪਰ ਉਸ ਨੂੰ ਅੰਦਰ ਡੱਕੀ ਰੱਖਣ ਲਈ ਵੱਖ-ਵੱਖ ਕੇਸਾਂ ਨਾਲ ਉਸ ਦਾ ਸਬੰਧ ਜੋੜਿਆ ਜਾ ਰਿਹਾ ਹੈ। ਕੋਬਾਦ ਨੂੰ 2009 ਵਿਚ ਦਿੱਲੀ ਤੋਂ ਗ੍ਰਿਫਤਾਰ ਕੀਤਾ ਗਿਆ ਸੀ।

ਦਿਲ, ਗੁਰਦੇ ਅਤੇ ਗਠੀਏ ਦੀਆਂ ਗੰਭੀਰ ਬਿਮਾਰੀਆਂ ਦਾ ਸਾਹਮਣਾ ਕਰ ਰਹੇ ਮਾਓਵਾਦੀ ਆਗੂ ਕੋਬਾਦ ਗਾਂਧੀ ਨੇ ਆਪਣੇ ਖਤ ਵਿਚ ਲਿਖਿਆ ਹੈ ਕਿ ਝਾਰਖੰਡ ਪੁਲਿਸ ਨੇ ਹੁਣ ਉਸ ਦਾ ਸਬੰਧ



2007 ਦੇ ਇਕ ਕੇਸ ਨਾਲ ਜੋੜ ਦਿੱਤਾ ਹੈ ਜਿਸ ਬਾਰੇ ਕਿਹਾ ਜਾ ਰਿਹਾ ਹੈ ਕਿ 500 ਦੇ ਕਰੀਬ ਅਣਪਛਾਤੇ ਬੰਦਿਆਂ ਨੇ 2007 'ਚ ਬੋਕਾਰੋ ਵਿਚ ਪੁਲਿਸ ਕੈਂਪ ਉਪਰ ਹਮਲਾ ਕੀਤਾ ਸੀ। ਕੋਬਾਦ ਮੁਤਾਬਕ, ਕੱਲ੍ਹ ਤੱਕ ਤਾਂ ਐਫ.ਆਈ.ਆਰ. ਵਿਚ ਉਸ ਦਾ ਕਿਤੇ ਨਾਂ ਨਹੀਂ ਸੀ, ਪਰ ਹੁਣ ਸ਼ਾਮਲ ਕਰ ਲਿਆ ਹੈ। ਇਹੀ ਨਹੀਂ, ਆਂਧਰਾ ਪ੍ਰਦੇਸ਼ ਪੁਲਿਸ ਨੇ ਵੀ ਝੂਠੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਉਸ ਦਾ ਨਾਂ 1990ਵਿਆਂ ਤੋਂ ਲੈ ਕੇ 2005 ਤਕ 15 ਕੇਸਾਂ ਨਾਲ ਜੋੜ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਇਕਬਾਲੀਆ ਬਿਆਨ ਤੈਲਗੂ ਵਿਚ ਹੈ ਅਤੇ ਉਸ ਨੂੰ ਤੈਲਗੂ ਆਉਂਦੀ ਹੀ ਨਹੀਂ ਹੈ। ਇਸੇ ਤਰ੍ਹਾਂ ਪੱਛਮੀ ਬੰਗਾਲ, ਪਟਿਆਲਾ (ਪੰਜਾਬ) ਤੇ ਸੂਰਤ ਦੇ ਮਾਮਲੇ ਹਨ। ਪਟਿਆਲਾ ਵਾਲੇ ਕੇਸ ਵਿਚ ਕਿਹਾ ਗਿਆ ਹੈ ਕਿ ਦੋ ਬੰਦਿਆਂ ਨੇ ਦੱਸਿਆ ਹੈ ਕਿ ਜਦੋਂ ਉਹ ਸਵੇਰੇ-ਸਵੇਰੇ ਪੰਜਾਬੀ ਯੂਨਵਰਸਿਟੀ ਦੇ ਮੈਦਾਨ ਵਿਚ ਸੈਰ ਕਰ ਰਹੇ ਸਨ, ਤਾਂ ਉਨ੍ਹਾਂ ਨੇ ਇਕ ਬੇਪਛਾਣ ਬੰਦੇ ਨੂੰ 'ਭੜਕਾਊ' ਤਕਰੀਰ ਕਰਦਿਆਂ ਸੁਣਿਆ ਸੀ। ਉਦੋਂ ਕਿਸੇ 'ਬੇਪਛਾਣ' ਬੰਦੇ ਖ਼ਿਲਾਫ਼ ਐਫ.ਆਈ.ਆਰ. ਦਰਜ ਨਹੀਂ ਕੀਤੀ ਗਈ, ਪਰ ਪੰਜ ਮਹੀਨੇ ਤਿਹਾੜ ਜੇਲ੍ਹ ਵਿਚ ਬੰਦ ਰਹਿਣ ਤੋਂ ਬਾਅਦ ਫਰਵਰੀ 2010 'ਚ ਉਸ ਖ਼ਿਲਾਫ਼ ਐਫ.ਆਈ.ਆਰ. ਲਿਖ ਲਈ ਗਈ।


ਖਤ ਵਿਚ ਉਨ੍ਹਾਂ ਲਿਖਿਆ ਹੈ ਕਿ ਹੁਣ ਉਸ ਦਾ ਦਿੱਲੀ ਵਾਲਾ ਕੇਸ ਖਤਮ ਹੋਣ ਵਾਲਾ ਹੈ ਅਤੇ ਜੱਜ ਨੇ ਸਤੰਬਰ 2015 ਵਿਚ ਗੰਭੀਰ ਹਾਲਤ ਨੂੰ ਦੇਖਦਿਆਂ ਤਿੰਨ ਮਹੀਨੇ ਦੀ ਅੰਤ੍ਰਿਮ ਜ਼ਮਾਨਤ ਵੀ ਦਿੱਤੀ ਹੈ, ਪਰ ਹੁਣ ਇਸੇ ਵਕਤ ਉਸ ਨੂੰ ਹੋਰ ਕੇਸ ਵਿਚ ਉਲਝਾਇਆ ਜਾ ਰਿਹਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਚਲਾ ਗਿਆ ਫਰਾਲੇ ਦਾ ਹੀਰੋ ਕੇਵਲ ਕ੍ਰਿਸ਼ਨ ਸਿੰਘ ਅਟਵਾਲ

**ਸੈਨ ਹੋਜ਼ੇ (ਚਰਨਜੀਤ ਸਿੰਘ ਪੰਨੂ):** ਅਧਿਆਪਕ, ਬਿਜਨਸਮੈਨ ਤੇ ਸਮਾਜ ਸੇਵੀ ਕੇਵਲ ਕ੍ਰਿਸ਼ਨ ਸਿੰਘ ਅਟਵਾਲ ਲੰਘੀ 26



ਨਵੰਬਰ ਨੂੰ ਦਿਮਾਗ ਵਿਚ ਖੂਨ ਦੇ ਰਸਾਓ ਕਾਰਨ ਜ਼ਿੰਦਗੀ ਨੂੰ ਅਲਵਿਦਾ ਕਹਿ ਗਏ। ਉਹ ਆਪਣੇ ਪਿਛੇ ਪੰਜਾਹ ਤੋਂ ਵੱਧ ਪਰਿਵਾਰਕ ਮੈਂਬਰ ਛੱਡ ਗਏ ਹਨ ਜਿਨ੍ਹਾਂ ਵਿਚ ਤਿੰਨ ਪੁੱਤਰ, ਦੋ ਬੇਟੀਆਂ, ਦਸ ਪੋਤਰੇ/ਦੋਹਤਰੇ ਤੇ 13 ਪੜਪੋਤਰੇ ਸ਼ਾਮਲ ਹਨ।

ਸ. ਅਟਵਾਲ ਦਾ ਅੰਤਿਮ ਸਸਕਾਰ ਹੇਵਰਡ ਦੇ ਮਿਸ਼ਨ ਬੁਲੇਵਾਰਡ ਸ਼ਮਸ਼ਾਨਘਾਟ ਵਿਚ 5 ਦਸੰਬਰ, ਸਨਿਚਰਵਾਰ ਨੂੰ ਸਵੇਰੇ 10 ਵਜੇ ਤੋਂ 12 ਵਜੇ ਤੱਕ ਹੋਵੇਗਾ ਅਤੇ ਅੰਤਿਮ ਅਰਦਾਸ ਗੁਰਦੁਆਰਾ ਸੈਨ ਹੋਜ਼ੇ ਵਿਖੇ ਬਾਅਦ ਦੁਪਹਿਰ 3 ਵਜੇ ਹੋਵੇਗੀ।

ਸ. ਅਟਵਾਲ ਦਾ ਜਨਮ ਪਿੰਡ ਫਰਾਲਾ ਜਿਲ੍ਹਾ ਨਵਾਂ ਸ਼ਹਿਰ ਵਿਚ ਪਹਿਲੀ ਸਤੰਬਰ 1924 ਨੂੰ ਹੋਇਆ ਸੀ। ਦੋਆਬਾ ਕਾਲਜ ਜਲੰਧਰ ਤੋਂ ਐਮ. ਐਸ. ਸੀ./ਬੀ. ਟੀ. ਕਰਨ ਪਿਛੋਂ ਸ਼ੰਕਰ, ਸਰਹਾਲ ਕਾਜ਼ੀਆਂ, ਫਗਵਾੜਾ, ਬੜਾ ਪਿੰਡ ਅਤੇ ਹੋਰ ਕਈ ਸਕੂਲਾਂ ਵਿਚ ਪੜ੍ਹਾਉਂਦੇ ਰਹੇ ਅਤੇ 1982 ਵਿਚ ਪਿੰਡ ਵਿਰਕਾਂ ਤੋਂ ਪ੍ਰਿੰਸੀਪਲ ਦੇ ਅਹੁਦੇ ਤੋਂ ਰਿਟਾਇਰ ਹੋਏ। ਉਨ੍ਹਾਂ 1966 ਵਿਚ ਅਟਵਾਲ ਇੰਡਸਟਰੀ ਫਗਵਾੜਾ ਸ਼ੁਰੂ ਕੀਤੀ। ਜਨਤਾ ਐਕਸਪ੍ਰੈਸ ਬੱਸ ਸਰਵਿਸ ਅਤੇ ਅਟਵਾਲ ਕੋਚ ਨਾਮੀਂ ਬੱਸ ਸਰਵਿਸ ਬੜੀ ਕਾਮਯਾਬੀ ਨਾਲ ਚਲਾਈ। 1983 ਵਿਚ ਅਮਰੀਕਾ ਆ ਗਏ। ਉਨ੍ਹਾਂ ਸੈਨ ਹੋਜ਼ੇ ਸਿਟੀ ਕਾਲਜ, ਸਿਟੀ ਸਕੂਲ ਤੇ ਖ਼ਾਲਸਾ ਸਕੂਲ ਵਿਚ ਅਲਜਬਰਾ, ਹਿਸਾਬ ਅਤੇ ਅੰਗਰੇਜ਼ੀ ਟਿਊਟਰ ਦੀ ਵਲੰਟੀਅਰ ਸੇਵਾ ਕੀਤੀ। ਉਨ੍ਹਾਂ ਮਾਊਂਟੇਨਵਿਊ ਕੈਲੀਫੋਰਨੀਆ ਵਿਖੇ ਮੁਮਤਾਜ਼ ਇੰਡੀਅਨ ਕੁਜ਼ੀਨ ਨਾਂ ਦਾ ਰੈਸਟੋਰੈਂਟ ਵੀ ਚਲਾਇਆ। ਉਹ ਅਖੀਰ ਤੱਕ ਬਿਲਾਨਾਗਾ ਪੰਜ ਮੀਲ ਰੋਜ਼ਾਨਾ ਸੈਰ ਕਰਦੇ।

# ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਲਈ ਵੋਟਰ ਰਜਿਸਟਰੇਸ਼ਨ 6 ਤੋਂ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ 2016 ਵਿਚ ਹੋਣ ਵਾਲੀਆਂ ਚੋਣਾਂ ਲਈ ਵੋਟਰ ਰਜਿਸਟਰੇਸ਼ਨ 6 ਦਸੰਬਰ ਤੋਂ ਅਰੰਭ ਹੋ ਰਹੀ ਹੈ, ਜੋ 27 ਦਸੰਬਰ ਤਕ ਚਲੇਗੀ।

ਇਸ ਸਬੰਧੀ ਐਲਾਨ ਸੁਪਰੀਮ ਕੌਂਸਲ ਮੈਂਬਰ ਭਾਈ ਹਰਜੀਤ ਸਿੰਘ ਨੇ ਐਤਵਾਰੀ ਦੀਵਾਨ 'ਚ ਕਰਦਿਆਂ ਦਸਿਆ ਕਿ ਰਜਿਸਟਰੇਸ਼ਨ ਲਈ ਅਰਜੀਆਂ ਹਰ ਐਤਵਾਰ ਨੂੰ ਗੁਰਦੁਆਰਾ ਸਾਹਿਬ ਦੀ ਲਾਬੀ ਵਿਚ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤਕ ਲਈਆਂ ਜਾਣਗੀਆਂ। ਅਰਜੀ ਫਾਰਮ ਗੁਰਦੁਆਰਾ ਸਾਹਿਬ ਦੀ ਲਾਇਬ੍ਰੇਰੀ ਵਿਚ ਉਪਲਬਧ ਹੋਣਗੇ। ਉਨ੍ਹਾਂ ਦਸਿਆ ਕਿ ਅਰਜੀ ਦੇ ਨਾਲ ਪ੍ਰਮਾਣਿਕ ਫੋਟੋ ਆਈ ਡੀ, ਰਿਹਾਇਸ਼ ਅਤੇ ਅਮਰੀਕਾ ਵਿਚ ਲੀਗਲ ਸਟੇਟਸ ਸਬੰਧੀ ਸਬੂਤ ਲਿਆਉਣਾ ਜਰੂਰੀ ਹੈ।

# ਗੁਰਦੁਆਰਾ ਸੱਚ ਖੰਡ ਈਸ਼ਰ ਦਰਬਾਰ 'ਚ ਗੁਰਪੁਰਬ ਮੌਕੇ ਸਮਾਗਮ

**ਸੈਕਰਾਮੈਂਟੋ (ਬਿਊਰੋ):** "ਗੁਰੂ ਨਾਨਕ ਸਾਹਿਬ ਦੇ ਹਰ ਬੋਲ ਤੇ ਹਰ ਵਿਹਾਰ ਵਿਚ ਸਾਰੀ ਮਨੁੱਖਤਾ ਦੇ ਕਲਿਆਣ ਲਈ ਸਰਬ ਸਾਂਝਾ ਸੰਦੇਸ਼ ਸਮੋਇਆ ਹੋਇਆ ਹੈ। ਉਨ੍ਹਾਂ ਦੇ ਜੀਵਨ ਦੀ ਹਰ ਘਟਨਾ ਉਨ੍ਹਾਂ ਦੀ ਵਿਆਪਕ ਤੇ ਵਿਸ਼ਾਲ ਦ੍ਰਿਸ਼ਟੀ ਦਾ ਪ੍ਰਮਾਣ ਹੈ। ਸਮਾਜ ਵਿਚ ਪਈਆਂ ਵੰਡੀਆਂ, ਵਿਤਕਰਿਆਂ ਨੂੰ ਗੁਰੂ ਸਾਹਿਬ ਨੇ ਪੂਰੀ ਤਰ੍ਹਾਂ ਨਕਾਰ ਦਿੱਤਾ ਸੀ। ਸਮਾਜ ਵਿਚ ਮੌਜੂਦ ਸਾਂਝੇ ਤੱਥ ਨੂੰ ਪਛਾਨਣ ਦਾ ਸੰਕਲਪ ਦਿਤਾ ਸੀ। ਇਹੋ ਸੰਕਲਪ ਉਨ੍ਹਾਂ ਦੀ ਸਮੁੱਚੀ ਵਿਚਾਰਧਾਰਾ ਦਾ ਮੁੱਖ ਧੁਰਾ ਬਣ ਗਿਆ ਸੀ ਜੋ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਿਕ ਹੈ।"

ਇਹ ਵਿਚਾਰ ਇਥੇ ਗੁਰਦੁਆਰਾ ਸੱਚ ਖੰਡ ਈਸ਼ਰ ਦਰਬਾਰ ਵਿਖੇ 29 ਨਵੰਬਰ ਨੂੰ ਮਨਾਏ ਗਏ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵੱਖ ਵੱਖ ਬੁਲਾਰਿਆਂ ਨੇ ਪ੍ਰਗਟਾਏ। ਪ੍ਰੋ. ਹਰਪਾਲ ਸਿੰਘ ਗਿੱਲ, ਡਾ. ਪਰਗਟ ਸਿੰਘ ਹੁੰਦਲ ਅਤੇ ਚਰਨ ਸਿੰਘ ਜੱਜ ਨੇ ਗੁਰੂ ਸਾਹਿਬ ਦੀ ਬਾਣੀ, ਉਦੇਸ਼ ਅਤੇ ਇਸ ਦੇ ਸੰਕਲਪ ਬਾਰੇ ਸੰਜੀਦਗੀ ਨਾਲ ਚਾਨਣਾ ਪਾਇਆ। ਇਹ ਸਮਾਗਮ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ ਦੇ ਪ੍ਰਧਾਨ ਗੁਲਿੰਦਰ ਗਿੱਲ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਦਿਲਬੀਰ ਸਿੰਘ ਨਿੱਜਰ ਅਤੇ ਗੁਰਦੁਆਰਾ ਸੱਚ ਖੰਡ ਈਸ਼ਰ ਦਰਬਾਰ ਦੀ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਕਰੀਬ ਢਾਈ ਘੰਟੇ ਚੱਲੇ ਸਮਾਗਮ 'ਚ ਦਿਲ ਨਿੱਜਰ, ਪਰਮਿੰਦਰ ਸਿੰਘ ਰਾਏ, ਅਨਮੋਲਪ੍ਰੀਤ ਕੌਰ ਮੱਲ੍ਹੀ, ਮਨਜੀਤ ਕੌਰ ਸੇਖੋਂ, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ, ਸੁਲੱਖਣ ਸਿੰਘ ਸੰਧੂ, ਕੁਲਵੰਤ ਕੌਰ, ਅਜੀਤ ਰਾਮ ਬੰਗੜ, ਹਰਭਜਨ ਸਿੰਘ, ਰਮੇਸ਼ ਬੰਗੜ, ਕਮਲ ਬੰਗੜ, ਲਾਲ ਸਿੰਘ ਭੱਟੀ, ਅਜੈਬ ਸਿੰਘ ਚੀਮਾ, ਸੁਖਦੇਵ ਸਿੰਘ ਗਿੱਲ, ਗੁਰਚਰਨ ਸਿੰਘ ਗਿੱਲ, ਮਦਨ ਲਾਲ ਸ਼ਰਮਾ, ਜਨਾਬ ਇਮਤਿਆਜ਼ ਸਮੇਤ ਹੋਰਨਾਂ ਨੇ ਆਪੋ ਆਪਣੀਆਂ ਕਵਿਤਾਵਾਂ ਪੜ੍ਹੀਆਂ। ਜੋਤੀ ਕੌਰ ਨੇ ਸਟੇਜ ਸੰਭਾਲੀ। ਬੀਬੀ ਕੰਵਲਜੀਤ ਕੌਰ, ਬੀਬੀ ਗੁਰਮੇਲ ਕੌਰ ਅਤੇ ਬੀਬੀ ਵਿਮਲਾ ਦੇਵੀ ਸਮੇਤ ਹੋਰ ਬੀਬੀਆਂ ਲੰਗਰ ਦੀ ਸੇਵਾ ਵਿਚ ਜੁਟੀਆਂ ਰਹੀਆਂ। ਸਮਾਗਮ ਦੀ ਸਮਾਪਤੀ 'ਤੇ ਬਾਬਾ ਕਸ਼ਮੀਰਾ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ। ਨਿਊ ਯਾਰਕ ਤੋਂ ਗੁਰਦੀਪ ਸਿੰਘ ਤੇ ਉਨ੍ਹਾਂ ਦੇ ਦੋ ਸਾਥੀ ਸਮਾਗਮ ਵਿਚ ਉਚੇਚਾ ਪਹੁੰਚੇ।

# ਗੋਆਰ ਬੰਜਾਰਾ ਕਾਨਫਰੰਸ 4-5 ਦਸੰਬਰ ਨੂੰ

**ਪੋਰੀਆਗੜ (ਪੋਹਰਾਦੇਵੀ):** ਗੋਰ ਸਿਕਵਾੜੀ ਸਮਾਜਿਕ ਲਹਿਰ ਅਤੇ ਗੋਰ ਸੈਨਾ ਵੱਲੋਂ ਗੋਆਰ ਬੰਜਾਰਾ ਕਾਨਫਰੰਸ ਇਤਿਹਾਸਿਕ ਪਿੰਡ ਪੋਰੀਆਗੜ (ਪੋਹਰਾਦੇਵੀ), ਜ਼ਿਲਾ ਵਾਸ਼ਿਮ (ਮਹਾਰਾਸ਼ਟਰ) ਵਿਚ 4-5 ਦਸੰਬਰ ਨੂੰ ਹੋ ਰਹੀ ਹੈ। ਕਾਨਫਰੰਸ ਵਿਚ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਵੱਸਦੇ ਬੰਜਾਰਾ, ਬਾਜ਼ੀਗਰ, ਗੋਆਰ, ਗੁਆਰੀਆ, ਲੰਬਾੜੀ, ਸੁਗਾਲੀ, ਚਾਰਨ ਬੰਜਾਰਾ, ਬਾਲਦੀਆ, ਲਦੇਣੀਆ, ਭਾਟ ਬੰਜਾਰਾ, ਬਾਮਣੀਆ ਬੰਜਾਰਾ ਆਦਿ ਵੱਡੀ ਗਿਣਤੀ ਵਿਚ ਪਹੁੰਚਣਗੇ।

ਗੋਰ ਸਿਕਵਾੜੀ ਸਮਾਜਿਕ ਲਹਿਰ ਦੇ ਪ੍ਰਚਾਰਕ ਅਰੁਣ ਚਵਾਨ ਅਨੁਸਾਰ ਕਾਸ਼ੀਨਾਥ, ਨਾਇਕ, ਗੋਰ ਸਿਕਵਾੜੀ ਅਤੇ ਸੰਦੇਸ਼ ਚਵਾਨ, ਪ੍ਰਧਾਨ, ਗੋਰ ਸੈਨਾ ਦੀ ਅਗਵਾਈ ਵਿਚ ਕਰਵਾਈ ਜਾ ਰਹੀ ਇਸ ਕਾਨਫਰੰਸ ਵਿਚ ਗੋਆਰ ਬੰਜਾਰਾ ਸਮਾਜ ਦੀਆਂ ਮੁਖ ਮੰਗਾਂ ਅਨੁਸੂਚਿਤ ਕਬੀਲਿਆਂ ਦੀ ਸੂਚੀ ਵਿਚ ਸ਼ਾਮਿਲ ਕਰਵਾਉਣਾ, ਗੋਆਰ ਬੰਜਾਰਾ ਭਾਸ਼ਾ ਨੂੰ ਸੰਵਿਧਾਨਕ ਮਾਨਤਾ ਦਿਵਾਉਣਾ, ਗੋਆਰ ਬੰਜਾਰਾ ਬਸਤੀਆਂ ਨੂੰ ਬੁਨਿਆਦੀ ਸਹੂਲਤਾਂ ਦਿਵਾਉਣਾ, ਸਮਾਜਿਕ ਬਰਾਬਰੀ, ਆਰਥਿਕ-ਵਿਦਿਅਕ ਤਰੱਕੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਆਦਿ ਸ਼ਾਮਲ ਹਨ।

ਪੰਜਾਬ ਤੋਂ ਇਸ ਕਾਨਫਰੰਸ ਵਿਚ ਹਿੱਸਾ ਲੈ ਰਹੇ ਬਾਜ਼ੀਗਰ ਭਾਈਚਾਰੇ ਦੇ ਜਥੇ ਦੀ ਅਗਵਾਈ ਜੰਗੀਰ ਚੰਦ ਵਰਤੀਆ ਕਰਨਗੇ। ਗੋਆਰ ਬੰਜਾਰਾ ਭਾਸ਼ਾ ਦੇ ਗਾਇਕ ਬੰਟੀ ਧਰਮਸੋਤ ਅਤੇ ਇੰਜੀਨੀਅਰ ਰਵੀ ਧਰਮਸੋਤ ਵੀ ਪਹੁੰਚਣਗੇ। ਅਮਰੀਕਾ ਤੋਂ ਪ੍ਰਤੀਨਿਧੀ ਮੰਡਲ ਦੀ ਅਗਵਾਈ ਇੰਜੀਨੀਅਰ ਸੰਦੀਪ ਰਾਠੌੜ ਸ਼ਿਕਾਗੋ ਕਰ ਰਹੇ ਹਨ, ਜੋ ਗੋਰ ਸਿਕਵਾੜੀ ਅਮਰੀਕਾ ਦੇ ਕਰਤਾ ਧਰਤਾ ਵੀ ਹਨ।

# ਪ੍ਰਿਆ ਪਰਮਾਰ ਦਾ ਨਾਵਲ ਅਹਿਮ ਕਿਤਾਬਾਂ 'ਚ ਸ਼ਾਮਲ

**ਵਾਸ਼ਿੰਗਟਨ:** ਭਾਰਤੀ ਮੂਲ ਦੀ ਲੇਖਿਕਾ ਪ੍ਰਿਆ ਪਰਮਾਰ ਦੇ ਇਤਿਹਾਸਕ ਨਾਵਲ 'ਵੈਨੇਸਾ ਐਂਡ ਹਰ ਸਿਸਟਰ' ਨੂੰ ਨਿਊਯਾਰਕ ਟਾਈਮਜ਼ ਨੇ ਸਾਲ 2015 ਦੀਆਂ 100 ਮਹੱਤਵਪੂਰਨ ਕਿਤਾਬਾਂ ਵਿਚ ਸ਼ਾਮਲ ਕੀਤਾ ਹੈ। ਪਰਮਾਰ ਨੇ ਇਸ ਨਾਵਲ ਵਿਚ ਅੰਗਰੇਜ਼ੀ ਦੀ ਉੱਘੀ ਲੇਖਿਕਾ ਵਰਜੀਨੀਆ ਵੂਲਫ ਤੇ ਉਸ ਦੀ ਵੱਡੀ ਭੈਣ ਵੈਨੇਸਾ ਬਾਰੇ ਲਿਖਿਆ ਹੈ, ਜਿਸ ਵਿਚ ਉਸ ਨੇ ਵੈਨੇਸਾ ਦੀ ਸ਼ਖਸੀਅਤ ਨੂੰ ਉਭਾਰ ਕੇ ਦਿਖਾਇਆ ਹੈ ਕਿਉਂਕਿ ਦੁਨੀਆਂ ਵਰਜੀਨੀਆ ਨੂੰ ਹੀ ਜਾਣਦੀ ਹੈ। ਲੇਖਿਕਾ ਨੇ ਦੋਹਾਂ ਭੈਣਾਂ ਦੇ ਰਿਸ਼ਤੇ ਨੂੰ ਪਰਿਵਾਰਕ ਧਰਾਤਲ 'ਤੇ ਰੱਖ ਕੇ ਦਿਖਾਇਆ ਹੈ। ਨਿਊਯਾਰਕ ਟਾਈਮਜ਼ ਨੇ ਇਸ ਨਾਵਲ ਦੀ ਕਹਾਣੀ ਨੂੰ ਬਹੁਪਰਤੀ ਤੇ ਸੂਖਮ ਕਰਾਰ ਦਿੱਤਾ ਹੈ।

# ਭ੍ਰਿਸ਼ਟਾਚਾਰ ਦੇ ਕੇਸ ਵਿਚ ਖਾਲਿਦਾ ਜ਼ਿਆ ਨੂੰ ਜ਼ਮਾਨਤ

**ਢਾਕਾ:** ਬੰਗਲਾਦੇਸ਼ ਦੀ ਸਾਬਕਾ ਪ੍ਰੀਮੀਅਰ ਤੇ ਮੁੱਖ ਵਿਰੋਧੀ ਪਾਰਟੀ ਬੀ.ਐਨ.ਪੀ ਪ੍ਰਮੁੱਖ ਖਾਲਿਦਾ ਜ਼ਿਆ ਨੂੰ ਅਦਾਲਤ ਵਿਚ ਆਤਮ ਸਮਰਪਣ ਕਰਨ ਤੋਂ ਬਾਅਦ ਤਕਰੀਬਨ ਦੋ ਅਰਬ ਅਮਰੀਕੀ ਡਾਲਰਾਂ ਦੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚੋਂ ਜ਼ਮਾਨਤ ਮਿਲ ਗਈ ਹੈ।

Golden State Realty

9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

*Please Contact For*
Commercial
or
Residential
Needs

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
Ph: 916-612-5773
email: samchahal@hotmail.com
Serving all over California

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਬਾਦਲ ਦੇ 'ਦਰਸ਼ਨਾਂ' ਲਈ ਮੱਠਾ ਰਿਹਾ ਸੰਗਤ ਦਾ ਉਤਸ਼ਾਹ



**ਚੰਡੀਗੜ੍ਹ:** ਖਡੂਰ ਸਾਹਿਬ ਹਲਕੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਰਸ਼ਨ ਦੇਣ ਲਈ ਸੰਗਤ ਦਾ ਉਤਸ਼ਾਹ ਕਾਫੀ ਮੱਠਾ ਹੈ। ਕਈ-ਕਈ ਪਿੰਡਾਂ ਦੇ ਇਕੱਠੇ ਸੰਗਤ ਦਰਸ਼ਨ ਕਰਵਾਏ ਜਾ ਰਹੇ ਹਨ, ਪਰ ਆਸ ਮੁਤਾਬਕ ਲੋਕ ਨਹੀਂ ਪਹੁੰਚ ਰਹੇ। ਇਹ ਗੱਲ ਮੁੱਖ ਮੰਤਰੀ ਨੂੰ ਪਰੇਸ਼ਾਨ ਵੀ ਕਰ ਰਹੀ ਹੈ। ਸੂਤਰਾਂ ਮੁਤਾਬਕ ਪਿਛਲੇ ਦਿਨੀਂ ਕਰਵਾਏ ਸੰਗਤ ਦਰਸ਼ਨਾਂ ਦੌਰਾਨ ਕਾਫੀ ਕੁਰਸੀਆਂ ਖਾਲੀ ਰਹੀਆਂ। ਪ੍ਰਸ਼ਾਸਨ ਨੇ ਸੰਗਤ ਦਰਸ਼ਨ ਕਾਮਯਾਬ ਕਰਨ ਲਈ ਪੂਰੀ ਵਾਹ ਲਾਈ, ਪਰ ਲੋਕਾਂ ਨੇ ਕੋਈ ਖਾਸ ਉਤਸ਼ਾਹ ਨਹੀਂ ਵਿਖਾਇਆ।

ਸਖਤ ਸੁਰੱਖਿਆ ਪ੍ਰਬੰਧਾਂ ਤੇ ਵਾਰ-ਵਾਰ ਤਲਾਸ਼ੀ ਲੈਣ ਕਰਕੇ ਲੋਕ ਇਨ੍ਹਾਂ ਪ੍ਰੋਗਰਾਮਾਂ ਵਿਚ ਜਾਣ ਤੋਂ ਹੀ ਗੁਰੇਜ਼ ਕਰ ਰਹੇ ਹਨ। ਦੂਜੇ ਪਾਸੇ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਲੋਕਾਂ ਵਿਚ ਸਰਕਾਰ ਪ੍ਰਤੀ ਸਖਤ ਨਾਰਾਜ਼ਗੀ ਹੈ। ਉਹ ਮੁੱਖ ਮੰਤਰੀ ਦੇ ਸੰਗਤ ਦਰਸ਼ਨਾਂ ਨੂੰ ਚੋਣ ਸਟੰਟ ਵਜੋਂ ਵੇਖਦੇ ਹਨ। ਇਸ ਲਈ ਲੋਕਾਂ ਨੇ ਬਾਦਲ ਦੇ ਪ੍ਰੋਗਰਾਮਾਂ ਤੋਂ ਦੂਰੀ ਬਣਾਈ ਹੈ। ਉਂਜ, ਇਹ ਵੀ ਦਿਲਚਸਪ ਗੱਲ ਹੈ ਕਿ ਮੁੱਖ ਮੰਤਰੀ ਲੋਕਾਂ ਦੀਆਂ ਸਮੱਸਿਆਵਾਂ ਦੇ ਤੁਰਤ ਹੱਲ ਲਈ ਸੰਗਤ ਦਰਸ਼ਨ ਕਰ ਰਹੇ ਹਨ, ਪਰ ਕੁਝ ਦੂਰੀ 'ਤੇ ਹੀ ਪ੍ਰਦਰਸ਼ਨਕਾਰੀ ਆਪਣੀਆਂ ਮੰਗਾਂ ਤੇ ਸਮੱਸਿਆਵਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕਰ ਰਹੇ ਹੁੰਦੇ ਹਨ। ਕਾਂਗਰਸ ਤੇ ਆਮ ਆਦਮੀ ਪਾਰਟੀ ਇਲਜ਼ਾਮ ਲਾ ਰਹੀ ਹੈ ਕਿ ਮੁੱਖ ਮੰਤਰੀ ਅਕਸਰ ਆਪਣੇ ਹਲਕੇ ਵਿਚ ਸੰਗਤ ਦਰਸ਼ਨ ਕਰਦੇ ਹਨ, ਪਰ ਜਦੋਂ ਕਿਸੇ ਹਲਕੇ ਵਿਚ ਜ਼ਿਮਨੀ ਚੋਣ ਹੋਣੀ ਹੁੰਦੀ ਹੈ ਤਾਂ ਬਾਦਲ ਉਥੇ ਡੇਰੇ ਲਾ ਲੈਂਦੇ ਹਨ। ਉਨ੍ਹਾਂ ਸਵਾਲ ਉਠਾਇਆ ਹੈ ਕਿ ਪਿਛਲੇ ਚਾਰ ਸਾਲ ਬਾਦਲ ਨੂੰ ਖਡੂਰ ਸਾਹਿਬ ਹਲਕਾ ਕਿਉਂ ਨਹੀਂ ਯਾਦ ਆਇਆ।


ਦੱਸਣਯੋਗ ਹੈ ਕਿ ਤਰਨਤਾਰਨ ਜ਼ਿਲ੍ਹੇ ਵਿਚ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸੀ ਵਿਧਾਇਕ ਰਮਨਜੀਤ ਸਿੰਘ ਸਿੱਕੀ ਵੱਲੋਂ ਦਿੱਤੇ ਅਸਤੀਫੇ ਤੋਂ ਬਾਅਦ ਜ਼ਿਮਨੀ ਚੋਣ ਨੂੰ ਦੇਖਦਿਆਂ ਮੁੱਖ ਮੰਤਰੀ ਸੰਗਤ ਦਰਸ਼ਨ ਪ੍ਰੋਗਰਾਮਾਂ ਰੱਖੇ ਸਨ। ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਭਾਵੇਂ ਕਰੋੜਾਂ ਦੇ ਚੈੱਕ ਦਿੱਤੇ ਗਏ ਹਨ, ਪਰ ਸਮਾਗਮਾਂ ਵਿਚ ਚੈੱਕ ਲੈਣ ਵਾਲੀਆਂ ਪੰਚਾਇਤਾਂ ਤੋਂ ਇਲਾਵਾ ਪਿੰਡਾਂ ਦੇ ਲੋਕਾਂ ਦੀ ਹਾਜ਼ਰੀ ਨਾਮਾਤਰ ਹੀ ਨਜ਼ਰ ਆਈ। ਹਲਕੇ ਦੇ ਕਈ ਪਿੰਡਾਂ ਵਿਚ ਕਿਸਾਨਾਂ ਵੱਲੋਂ ਕਾਲੀਆਂ ਝੰਡੀਆਂ ਨਾਲ ਮੁੱਖ ਮੰਤਰੀ ਦਾ ਵਿਰੋਧ ਕੀਤਾ ਗਿਆ, ਜਿਸ ਕਾਰਨ ਪੁਲਿਸ ਨੂੰ ਵੀ ਹਫੜਾ-ਦਫੜੀ ਮੱਚੀ ਰਹੀ। ਪੁਲਿਸ ਵੱਲੋਂ ਮੁੱਖ ਮੰਤਰੀ ਦੇ ਪ੍ਰੋਗਰਾਮਾਂ ਵਿਚ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਸਨ। ਹਲਕੇ ਦੇ ਕਿਸੇ ਵੀ ਅਕਾਲੀ ਆਗੂ ਨੂੰ ਮੁੱਖ ਮੰਤਰੀ ਦੇ ਨੇੜੇ ਬੈਠਣ ਨਹੀਂ ਦਿੱਤਾ ਗਿਆ। ਮੁੱਖ ਮੰਤਰੀ ਨੂੰ ਮਿਲਣ ਲਈ ਪਹਿਲਾਂ ਤੋਂ ਹੀ ਪੰਚਾਇਤਾਂ ਦੀ ਚੋਣ ਕੀਤੀ ਗਈ ਸੀ। ਪ੍ਰਸ਼ਾਸਨ ਵੱਲੋਂ ਪੱਤਰਕਾਰਾਂ ਨੂੰ ਵੀ ਮੁੱਖ ਮੰਤਰੀ ਤੋਂ ਦੂਰ ਹੀ ਰੱਖਿਆ ਗਿਆ।

## ਪੰਥਕ ਧਿਰਾਂ ਵੱਲੋਂ ਬਾਦਲ ਸਰਕਾਰ ਭੰਗ ਕਰਨ ਦੀ ਮੰਗ

**ਚੰਡੀਗੜ੍ਹ:** ਸਰਬੱਤ ਖਾਲਸਾ ਨਾਲ ਜੁੜੀਆਂ ਧਿਰਾਂ ਦੇ ਵਫਦ ਨੇ ਪੰਜਾਬ ਦੇ ਰਾਜਪਾਲ ਕਪਤਾਨ ਸਿੰਘ ਸੋਲੰਕੀ ਨੂੰ ਮਿਲ ਕੇ ਬਾਦਲ ਸਰਕਾਰ ਨੂੰ ਭੰਗ ਕਰ ਕੇ ਚੋਣਾਂ ਕਰਵਾਉਣ ਦੀ ਮੰਗ ਕੀਤੀ ਹੈ। ਵਫਦ ਨੇ ਰਾਜਪਾਲ ਨੂੰ ਮੈਮੋਰੰਡਮ ਦੇ ਕੇ ਦੋਸ਼ ਲਾਇਆ ਕਿ ਬਾਦਲਾਂ ਵੱਲੋਂ ਸਿੱਖਾਂ ਦੀ ਸਰਬਉੱਚ ਸੰਸਥਾ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਬਜ਼ਾ ਕਰ ਕੇ ਰਾਜਨੀਤੀ ਕੀਤੀ ਜਾ ਰਹੀ ਹੈ। ਵਫਦ ਨੇ ਕਿਹਾ ਕਿ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਸਾਜ਼ਿਸ਼ ਨੂੰ ਬੇਨਕਾਬ ਕਰਨ ਵਿਚ ਬਾਦਲ ਸਰਕਾਰ ਫੇਲ੍ਹ ਰਹੀ ਹੈ। ਸ਼੍ਰੋਮਣੀ ਕਮੇਟੀ ਕਾਨੂੰਨੀ ਅੜਿੱਕੇ ਕਾਰਨ ਪਿਛਲੇ ਚਾਰ ਸਾਲ ਤੋਂ ਕੰਮ ਕਰਨ ਦੇ ਸਮਰੱਥ ਨਹੀਂ ਹੈ ਤੇ ਪੁਰਾਣੀ ਕਮੇਟੀ ਮੁੱਖ ਮੰਤਰੀ ਸ੍ਰੀ ਬਾਦਲ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ।

# ਭੂਸ਼ਨ ਨੇ ਲੋਕਪਾਲ ਬਿੱਲ 'ਤੇ ਘੇਰੀ ਕੇਜਰੀਵਾਲ ਸਰਕਾਰ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ 2015 ਜਨ ਲੋਕਪਾਲ ਬਿੱਲ ਨੂੰ 'ਮਹਾਜੋਕਪਾਲ' ਕਹਿਣ ਪਿੱਛੋਂ ਪਾਰਟੀ ਦੇ ਸਾਬਕਾ ਨੇਤਾ ਪ੍ਰਸ਼ਾਂਤ ਭੂਸ਼ਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇਸ ਬਿੱਲ ਉਤੇ ਜਨਤਕ ਬਹਿਸ ਦੀ ਚੁਣੌਤੀ ਦਿੱਤੀ ਹੈ।



ਸੱਤਾਧਾਰੀ ਪਾਰਟੀ ਨੇ ਸੁਪਰੀਮ ਕੋਰਟ ਦੇ ਵਕੀਲ ਦੇ ਦੋਸ਼ਾਂ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਹੈ ਕਿ ਉਹ ਬਿੱਲ ਖਿਲਾਫ ਭਾਜਪਾ ਦੀ ਸ਼ਹਿ 'ਤੇ ਬੋਲ ਰਹੇ ਹਨ। ਕੇਜਰੀਵਾਲ ਦੇ ਲੋਕਪਾਲ ਨੂੰ 'ਮਹਾਜੋਕਪਾਲ' ਕਰਾਰ ਦੇਣ ਵਾਲੇ ਪ੍ਰਸ਼ਾਂਤ ਭੂਸ਼ਨ ਨੇ ਕਿਹਾ ਕਿ ਮੌਜੂਦਾ ਬਿੱਲ ਉਹ ਨਹੀਂ ਹੈ, ਜਿਸ ਲਈ ਫਰਵਰੀ 2014 ਵਿਚ ਕੇਜਰੀਵਾਲ ਨੇ ਸਰਕਾਰ ਛੱਡ ਦਿੱਤੀ ਸੀ। ਸੁਪਰੀਮ ਕੋਰਟ ਦੇ ਵਕੀਲ ਨੇ ਦਾਅਵਾ ਕੀਤਾ ਕਿ 2015 ਦੇ ਬਿੱਲ ਰਾਹੀਂ ਲੋਕਪਾਲ ਦੀ ਨਿਯੁਕਤੀ ਤੇ ਹਟਾਉਣ ਵਿਚ ਸਰਕਾਰ ਦਾ ਦਖਲ ਵਧ ਜਾਵੇਗਾ।

ਦੂਜੇ ਪਾਸੇ, ਪ੍ਰਸ਼ਾਂਤ ਭੂਸ਼ਨ ਤੇ ਉਨ੍ਹਾਂ ਦੇ ਪਿਤਾ ਸ਼ਾਂਤੀ ਭੂਸ਼ਨ 'ਤੇ ਪਲਟਵਾਰ ਕਰਦਿਆਂ 'ਆਪ' ਦੇ ਬੁਲਾਰੇ ਰਾਘਵ ਚੱਢਾ ਨੇ ਕਿਹਾ ਕਿ ਇਹ ਉਹ ਹੀ ਬਿੱਲ ਹੈ, ਜਿਸ ਨੂੰ ਪਹਿਲੀ ਸਰਕਾਰ ਨੇ ਫਰਵਰੀ 2014 ਵਿਚ ਸੱਤਾ ਛੱਡਣ ਤੋਂ ਪਹਿਲਾਂ ਪੇਸ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਉਸ ਵੇਲੇ ਪ੍ਰਸ਼ਾਂਤ ਭੂਸ਼ਨ ਨੂੰ ਕੋਈ ਦਿੱਕਤ ਨਹੀਂ ਸੀ ਤੇ ਹੁਣ ਕਿਉਂ ਮੁਖਾਲਫਤ ਕਰ ਰਹੇ ਹਨ। ਸ੍ਰੀ ਚੱਢਾ ਨੇ ਪ੍ਰਸ਼ਾਂਤ ਭੂਸ਼ਨ ਨੂੰ ਮਸ਼ਵਰਾ ਦਿੰਦਿਆਂ ਕਿਹਾ ਕਿ ਉਹ ਭਾਜਪਾ ਵਿਚ ਸ਼ਾਮਲ ਹੋ ਜਾਣ ਤਾਂ ਜੋ ਭਾਜਪਾ ਨੇਤਾ ਅਰੁਣ ਜੇਤਲੀ ਅਤੇ ਭੂਸ਼ਨ ਆਪਸੀ ਸੰਪਰਕ ਵਧਾ ਸਕਣ। ਦੱਸਣਯੋਗ ਹੈ ਕਿ ਪ੍ਰਸ਼ਾਂਤ ਭੂਸ਼ਨ ਤੇ ਯੋਗੇਂਦਰ ਯਾਦਵ ਦੋਵੇਂ 'ਆਪ' ਦੇ ਸੰਸਥਾਪਕ ਮੈਂਬਰਾਂ ਵਿਚ ਸ਼ਾਮਲ ਸਨ, ਜਿਨ੍ਹਾਂ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਕਾਰਨ ਪਾਰਟੀ ਤੋਂ ਬਰਖਾਸਤ ਕਰ ਦਿੱਤਾ ਗਿਆ। ਹੁਣ ਦੋਵੇਂ ਸਾਬਕਾ ਨੇਤਾ ਸਵਰਾਜ ਅਭਿਆਨ ਨਾਲ ਜੁੜੇ ਹੋਏ ਹਨ।

## ਸਮਲਿੰਗੀ ਹੁੰਦੇ ਨੇ ਆਰ.ਐਸ.ਐਸ. ਦੇ ਲੋਕ: ਆਜ਼ਮ ਖਾਨ

**ਰਾਮਪੁਰ (ਉਤਰ ਪ੍ਰਦੇਸ਼):** ਉਤਰ ਪ੍ਰਦੇਸ਼ ਦੇ ਕੈਬਨਿਟ ਮੰਤਰੀ ਤੇ ਸਮਾਜਵਾਦੀ ਪਾਰਟੀ ਦੇ ਆਗੂ ਆਜ਼ਮ ਖਾਨ ਨੇ ਆਪਣੇ ਬਿਆਨ ਵਿਚ ਆਰ.ਐਸ.ਐਸ. ਨੂੰ ਸਮਲਿੰਗੀ ਕਹਿ ਕੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ। ਉਨ੍ਹਾਂ ਸਮਲਿੰਗੀ ਦੇ ਸਵਾਲ ਦੇ ਜਵਾਬ 'ਚ ਕਿਹਾ ਕਿ ਆਰ.ਐਸ.ਐਸ. ਵਾਲੇ ਇਸ ਕਰਕੇ ਹੀ ਵਿਆਹ ਨਹੀਂ ਕਰਵਾਉਂਦੇ।

ਜ਼ਿਕਰਯੋਗ ਹੈ ਕਿ ਵਿੱਤ ਮੰਤਰੀ ਅਰੁਣ ਜੇਤਲੀ ਨੇ ਸਮਲਿੰਗੀ ਸਬੰਧਾਂ ਦੇ ਸਮਰਥਨ ਵਿਚ ਇਕ ਬਿਆਨ ਦਿੱਤਾ ਹੈ। ਰਾਮਪੁਰ ਵਿਚ ਪਹੁੰਚੇ ਆਜ਼ਮ ਨੇ ਕਿਹਾ ਕਿ ਸਮਲਿੰਗਤਾ 'ਤੇ ਸੰਸਦ ਨੂੰ ਆਪਣੀ ਸਖਤ ਰਾਇ ਬਣਾਉਣੀ ਚਾਹੀਦੀ ਹੈ।

# ਬੈਂਸ ਭਰਾਵਾਂ ਵੱਲੋਂ ਬਾਦਲ ਸਰਕਾਰ ਦੀਆਂ ਨੀਤੀਆਂ ਦੀ ਨੁਕਤਾਚੀਨੀ

**ਚੰਡੀਗੜ੍ਹ:** ਟੀਮ ਇਨਸਾਫ ਦੇ ਮੁਖੀ ਅਤੇ ਆਜ਼ਾਦ ਵਿਧਾਇਕ ਬੈਂਸ ਭਰਾਵਾਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ। ਬੈਂਸ ਭਰਾਵਾਂ ਨੇ ਦੋਸ਼ ਲਾਇਆ ਹੈ ਕਿ ਕਿਸਾਨਾਂ ਦੀ ਫਸਲ ਦੀ ਅਦਾਇਗੀ ਤਿੰਨ ਦਿਨਾਂ ਵਿਚ ਕਰਨ ਦਾ ਐਲਾਨ ਗਲਤ ਸਾਬਤ ਹੋਇਆ ਹੈ ਕਿਉਂਕਿ ਸਰਕਾਰ ਨੇ ਤਿੰਨ ਨਵੰਬਰ ਤੋਂ ਬਾਅਦ ਇਸ ਸੀਜ਼ਨ ਦੀ ਝੋਨੇ ਦੀ ਫਸਲ ਦੀ ਅਦਾਇਗੀ ਨਹੀਂ ਕੀਤੀ।

ਸਰਕਾਰ ਵੱਲੋਂ ਇਕ ਪਾਸੇ ਇਕ ਲੱਖ ਤੋਂ ਵੱਧ ਨੌਕਰੀਆਂ ਦੇਣ ਦਾ ਐਲਾਨ ਕੀਤਾ ਜਾ ਰਿਹਾ ਹੈ ਤੇ ਦੂਜੇ ਪਾਸੇ ਇਸ ਸੀਜ਼ਨ ਵਿਚ ਮਜ਼ਦੂਰਾਂ ਦੀ ਮਜ਼ਦੂਰੀ ਤੇ ਆੜ੍ਹਤੀਆਂ ਦੀ ਆੜ੍ਹਤ ਦਾ ਇਕ ਪੈਸਾ ਵੀ ਅਦਾ ਨਹੀਂ ਕੀਤਾ। ਇਸ ਤੋਂ ਸਾਫ ਹੁੰਦਾ ਹੈ ਕਿ ਜਿਹੜੀ ਸਰਕਾਰ ਮਜ਼ਦੂਰੀ ਦੇਣ ਦੇ ਯੋਗ ਨਹੀਂ, ਉਹ ਨੌਕਰੀਆਂ ਵਾਸਤੇ ਅਰਬਾਂ ਰੁਪਏ ਕਿਥੋਂ ਪੈਦਾ ਕਰੇਗੀ।

ਉਨ੍ਹਾਂ ਇਹ ਇਲਜ਼ਾਮ ਵੀ ਲਾਇਆ ਕਿ ਸਰਕਾਰ ਦੇ ਖੇਤੀਬਾੜੀ ਵਿਭਾਗ ਤੇ ਨੈਸ਼ਨਲ ਸੀਡ ਕਾਰਪੋਰੇਸ਼ਨ ਨੇ ਕਿਸਾਨਾਂ ਨੂੰ ਮਟਰਾਂ ਦੇ ਮਿਲਾਵਟੀ ਬੀਜ ਦੀ ਸਪਲਾਈ ਕਰ ਕੇ ਕਿਸਾਨਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ। ਮਿਲਾਵਟੀ ਬੀਜ ਕਰ ਕੇ ਮਾਲਵਾ ਤੇ ਦੋਆਬਾ ਖੇਤਰ ਵਿਚ ਕਿਸਾਨਾਂ ਨੂੰ ਕਾਫੀ ਨੁਕਸਾਨ ਹੋਇਆ ਹੈ।

## ਬਾਦਲ ਖਾਲਿਸਤਾਨ ਦੇ ਪਿਤਾਮਾ: ਮਾਨ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਹੀ ਖਾਲਿਸਤਾਨ ਦੇ ਪਿਤਾਮਾ ਹਨ ਤੇ ਹੁਣ ਉਨ੍ਹਾਂ ਨੂੰ ਆਪਣੀਆਂ ਗੱਲਾਂ ਉਤੇ ਪਹਿਰਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਨੰਦਪੁਰ ਸਾਹਿਬ ਦੇ ਮਤੇ ਉਤੇ ਹਸਤਾਖਰ ਕਰਨ ਵਾਲੇ ਉਹ ਪਹਿਲੇ ਵਿਅਕਤੀ ਹਨ ਤੇ ਭਾਰਤ ਦੇ ਸੰਵਿਧਾਨ ਦੀਆਂ ਕਾਪੀਆਂ ਪਾੜਨ ਵਾਲੇ ਵੀ ਪਹਿਲੇ ਵਿਅਕਤੀ ਹਨ।



# ਮਲੂਕਾ ਦੇ ਥੱਪੜ ਮਾਰਨ ਵਾਲੇ 'ਜਰਨੈਲ' ਨਾਲ ਧੱਕੇਸ਼ਾਹੀ

**ਫਰੀਦਕੋਟ:** ਬਠਿੰਡਾ ਦੇ ਪਿੰਡ ਹਮੀਰਗੜ੍ਹ ਵਿਚ ਪੰਜਾਬ ਦੇ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਥੱਪੜ ਮਾਰਨ ਵਾਲੇ ਜਰਨੈਲ ਸਿੰਘ ਨੂੰ ਭਗਤਾ ਪੁਲਿਸ ਨੇ ਮੈਡੀਕਲ ਕਾਲਜ ਫਰੀਦਕੋਟ ਤੋਂ ਗ੍ਰਿਫਤਾਰ ਕਰ ਲਿਆ ਅਤੇ ਬਾਅਦ ਵਿਚ ਰਿਹਾ ਕਰ ਦਿਤਾ ਹੈ। ਉਨ੍ਹਾਂ ਉਤੇ ਧਾਰਾ 353 ਤੇ 186 ਲਗਾਈ ਗਈ ਹੈ। ਜਰਨੈਲ ਸਿੰਘ ਦੀ ਉਮਰ 65 ਸਾਲ ਦੇ ਕਰੀਬ ਹੈ। ਇਸ ਮੌਕੇ ਜਰਨੈਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਿਹਤ ਅਜੇ ਪੂਰੀ ਤਰ੍ਹਾਂ ਠੀਕ ਨਹੀਂ ਹੈ ਤੇ ਪੁਲਿਸ ਉਨ੍ਹਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ। ਜਰਨੈਲ ਸਿੰਘ ਨੇ ਸਿਕੰਦਰ ਸਿੰਘ ਮਲੂਕਾ ਦੇ ਥੱਪੜ ਮਾਰਿਆ ਸੀ ਤੇ ਮਲੂਕਾ ਸਮਰਥਕਾਂ ਨੇ ਜਰਨੈਲ ਸਿੰਘ ਨਾਲ ਕਾਫੀ ਕੁੱਟਮਾਰ ਕੀਤੀ ਗਈ ਜਿਸ ਕਾਰਨ ਉਹ ਗੰਭੀਰ ਜਖਮੀ ਹੋ ਗਿਆ ਸੀ। ਉਸ ਤੋਂ ਬਾਅਦ ਹੀ ਉਨ੍ਹਾਂ ਨੂੰ ਫਰੀਦਕੋਟ ਦਾਖਲ ਕਰਵਾਇਆ ਗਿਆ ਸੀ।



## ਮਲੂਕਾ ਵਿਰੁਧ ਕੇਸ ਦਰਜ ਕਰਨ ਲਈ ਪਟੀਸ਼ਨ ਦਾਇਰ

**ਚੰਡੀਗੜ੍ਹ:** ਵਕੀਲ ਦਿਨੇਸ਼ ਚੱਢਾ ਨੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਟੀਸ਼ਨ ਦਾਇਰ ਕਰ ਕੇ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਇਸ ਵਿਚ ਕੈਬਨਿਟ ਮੰਤਰੀ ਤੇ ਉਨ੍ਹਾਂ ਦੀ ਬ੍ਰਿਗੇਡ ਉਤੇ ਬਜ਼ੁਰਗ ਜਰਨੈਲ ਸਿੰਘ ਦੀ ਕੁੱਟਮਾਰ ਕਰਨ ਦਾ ਦੋਸ਼ ਲਾਇਆ ਗਿਆ ਹੈ ਤੇ ਮੰਗ ਕੀਤੀ ਗਈ ਹੈ ਕਿ ਪੰਜਾਬ ਪੁਲਿਸ ਦੇ ਮੁਖੀ ਨੂੰ ਮੰਤਰੀ ਖਿਲਾਫ ਐਫ.ਆਈ.ਆਰ. ਦਰਜ ਕਰਨ ਦੇ ਆਦੇਸ਼ ਦਿੱਤੇ ਜਾਣ। ਕਮਿਸ਼ਨ ਨੇ ਪਟੀਸ਼ਨ 'ਤੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਕੁੱਟਮਾਰ ਦੀ ਘਟਨਾ 17 ਨਵੰਬਰ ਨੂੰ ਵਾਪਰੀ ਸੀ।

# ਭਾਜਪਾ ਲਈ ਮਹਿਲਾ ਬ੍ਰਿਗੇਡ ਬਣੀ ਚੁਣੌਤੀ

**ਅੰਮ੍ਰਿਤਸਰ:** ਭਾਜਪਾ ਦੀ ਪੰਜਾਬ ਇਕਾਈ ਦੀਆਂ ਦੋ ਸੀਨੀਅਰ ਮਹਿਲਾ ਆਗੂ ਪਾਰਟੀ ਲਈ ਨਿੱਤ ਨਵੀਆਂ ਮੁਸੀਬਤਾਂ ਖੜੀਆਂ ਕਰ ਰਹੀਆਂ ਹਨ। ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਵੱਲੋਂ ਜਿਥੇ 2017 ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਵੱਲੋਂ ਨਾ ਲੜਨ ਦਾ ਐਲਾਨ ਕਰ ਕੇ ਪਾਰਟੀ ਉਤੇ ਤਿੱਖੇ ਹਮਲੇ ਕੀਤੇ ਜਾ ਰਹੇ ਹਨ, ਉਥੇ ਭਾਜਪਾ ਦੀ ਸੀਨੀਅਰ ਲੀਡਰ ਲਕਸ਼ਮੀ ਕਾਂਤਾ ਚਾਵਲਾ ਵੀ ਇਸ ਕੰਮ ਵਿਚ ਪਿੱਛੇ ਨਹੀਂ ਹਨ। ਬੀਬੀ ਚਾਵਲਾ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਸੂਬੇ ਵਿਚ ਸ਼ਰਾਬ ਉਤੇ ਪਾਬੰਦੀ ਲਾਉਣ ਦੇ ਫੈਸਲੇ ਦੀ ਤਾਰੀਫ ਕਰਦਿਆਂ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਸ਼ਰਾਬ ਨਾਲ ਹੋਣ ਵਾਲੀ ਕਮਾਈ ਜ਼ਰੂਰੀ ਹੈ ਜਾਂ ਲੋਕਾਂ ਦੀ ਸਿਹਤ।





ਬੀਬੀ ਸਿੱਧੂ ਨੇ ਵਿਕਾਸ ਦੇ ਮੁੱਦੇ 'ਤੇ ਸਰਕਾਰ ਨੂੰ ਪਹਿਲਾਂ ਹੀ ਘੇਰਿਆ ਹੋਇਆ ਹੈ। ਨਗਰ ਨਿਗਮ ਨੂੰ ਨਿਸ਼ਾਨੇ 'ਤੇ ਲੈਂਦਿਆਂ ਉਨ੍ਹਾਂ ਦੋਸ਼ ਲਾਇਆ ਕਿ ਉਸ ਦੇ ਹਲਕੇ ਸਮੇਤ ਸ਼ਹਿਰ ਦੇ ਵਿਕਾਸ ਲਈ ਨਿਗਮ ਵੱਲੋਂ ਕੁਝ ਵੀ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਅਲਟੀਮੇਟਮ ਦਿੱਤਾ ਹੈ ਕਿ ਜੇ 15 ਦਿਨਾਂ ਵਿਚ ਯੋਜਨਾਵਾਂ ਬਾਰੇ ਸਥਿਤੀ ਸਪਸ਼ਟ ਨਾ ਕੀਤੀ ਗਈ ਤਾਂ ਮਜਬੂਰਨ ਉਨ੍ਹਾਂ ਨੂੰ ਸੜਕ 'ਤੇ ਆਉਣਾ ਪਵੇਗਾ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਅੰਮ੍ਰਿਤਸਰ ਵਿਚ ਹੋਣ ਵਾਲੀ ਸਦਭਾਵਨਾ ਰੈਲੀ ਸਮੇਂ ਵੀ ਰੋਸ ਪ੍ਰਦਰਸ਼ਨ ਕਰ ਸਕਦੇ ਹਨ। ਡਾ. ਸਿੱਧੂ ਨੇ ਦੋਸ਼ ਲਾਇਆ ਕਿ ਨਗਰ ਨਿਗਮ ਦੇ ਮੇਅਰ ਤੇ ਕਮਿਸ਼ਨਰ ਵੱਲੋਂ ਉਨ੍ਹਾਂ ਦੇ ਹਲਕੇ ਦੀਆਂ ਯੋਜਨਾਵਾਂ ਮੁਕੰਮਲ ਕਰਨ ਬਾਰੇ ਕੁਝ ਨਹੀਂ ਕੀਤਾ ਜਾ ਰਿਹਾ, ਜਦੋਂ ਕਿ ਉਹ ਇਸ ਬਾਰੇ ਕਈ ਵਾਰ ਮਿਲ ਚੁੱਕੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸ਼ਹਿਰ ਨੂੰ ਸਮਾਰਟ ਸਿਟੀ ਯੋਜਨਾ ਵਿਚ ਸ਼ਾਮਲ ਕਰਾਉਣ ਲਈ ਯਤਨ ਚੱਲ ਰਹੇ ਹਨ ਪਰ ਇਸ ਬਾਰੇ ਸ਼ਹਿਰ ਦੀ ਆਬਾਦੀ ਦੇ ਵੇਰਵੇ ਹੀ ਗਲਤ ਦਿੱਤੇ ਗਏ ਹਨ, ਜਿਸ ਦੇ ਆਧਾਰ 'ਤੇ ਅੰਮ੍ਰਿਤਸਰ ਨੂੰ ਗਰਾਂਟ ਦਾ ਘੱਟ ਹਿੱਸਾ ਪ੍ਰਾਪਤ ਹੋਵੇਗਾ। ਉਧਰ, ਬੀਬੀ ਸਿੱਧੂ ਨੇ ਭਗਵੰਤ ਮਾਨ ਵੱਲੋਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਹੋਰ ਲੀਡਰਾਂ ਦਾ ਖੁਦ ਸਮੇਤ ਡੋਪ ਟੈਸਟ ਕਰਵਾਉਣ ਦੇ ਦਿੱਤੇ ਚੈਲੰਜ ਦਾ ਵੀ ਸਮਰਥਨ ਕੀਤਾ ਹੈ। ਸਿੱਧੂ ਦਾ ਕਹਿਣਾ ਹੈ ਕਿ ਸਿਰਫ ਪੰਜਾਬ ਦੇ ਲੀਡਰਾਂ ਦਾ ਹੀ ਨਹੀਂ ਸਗੋਂ ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਵੀ ਡੋਪ ਟੈਸਟ ਹੋਣਾ ਚਾਹੀਦਾ ਹੈ।

# ਮਾਹੌਲ ਖ਼ਰਾਬ ਕਰਨ ਦੀ ਰਚੀ ਜਾ ਰਹੀ ਹੈ ਸਾਜ਼ਿਸ਼: ਬਾਦਲ

**ਗੁਰਦਾਸਪੁਰ:** ਪੰਜਾਬ ਤੇ ਪੰਥ ਵਿਰੋਧੀ ਤਾਕਤਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਕੇ ਸੂਬੇ ਦੀ ਅਮਨ ਸ਼ਾਂਤੀ, ਫਿਰਕੂ ਸਦਭਾਵਨਾ ਅਤੇ ਭਾਈਚਾਰਕ ਸਾਂਝ ਵਿਚ ਜ਼ਹਿਰ ਘੋਲਣ ਲਈ ਯਤਨਸ਼ੀਲ ਹਨ ਪਰ ਅਜਿਹੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰ ਦਿੱਤਾ ਜਾਵੇਗਾ। ਇਹ ਐਲਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਪੁੱਡਾ ਮੈਦਾਨ ਵਿਚ ਸਦਭਾਵਨਾ ਰੈਲੀ ਵਿਚ ਕੀਤਾ। ਉਨ੍ਹਾਂ ਕਿਹਾ ਕਿ ਰੈਲੀਆਂ ਦਾ ਉਦੇਸ਼ ਸੂਬੇ ਵਿਚ ਅਮਨ-ਅਮਾਨ ਤੇ ਫਿਰਕੂ ਸਦਭਾਵਨਾ ਬਣਾਉਣ ਤੋਂ ਇਲਾਵਾ ਪੰਜਾਬ ਦੇ ਲੋਕਾਂ, ਖਾਸ ਕਰ ਕੇ ਹਿੰਦੂ ਭਰਾਵਾਂ ਵਿਚ ਭਰੋਸੇ ਦੀ ਬਹਾਲੀ ਕਾਇਮ ਕਰਨਾ ਹੈ। ਉਨ੍ਹਾਂ ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਕਾਂਗਰਸ ਦੀ ਲੀਡਰਸ਼ਿਪ ਸਿਆਸੀ ਲਾਹਾ ਖੱਟਣ ਲਈ ਸ਼ਾਂਤੀ ਵਾਲੇ ਮਾਹੌਲ ਨੂੰ ਲਾਂਬੂ ਲਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।

ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਸਮੇਤ ਜਿਹੜੀਆਂ ਵੀ ਤਾਕਤਾਂ ਜਾਂ ਸਿਆਸੀ ਆਗੂ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਨਗੇ, ਉਨ੍ਹਾਂ ਨੂੰ ਬਖਸ਼ਿਆਂ ਨਹੀਂ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਜਿਸ ਦਿਨ ਕੈਪਟਨ ਅਮਰਿੰਦਰ ਸਿੰਘ ਬਠਿੰਡਾ ਵਿਖੇ ਰੈਲੀ ਕਰਨਗੇ, ਉਸੇ ਦਿਨ ਪਟਿਆਲਾ ਵਿਚ ਉਨ੍ਹਾਂ ਦੇ ਮਹਿਲ ਅੱਗੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਵੱਲੋਂ ਇਕੱਠ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਅੰਦਰ ਬੇਅਦਬੀ



ਦੀਆਂ ਘਟਨਾਵਾਂ ਲਈ ਕਾਂਗਰਸ ਅਤੇ ਗਰਮਖਿਆਲੀ ਵਿਚਾਰਧਾਰਾ ਵਾਲਿਆਂ ਨੂੰ ਜ਼ਿੰਮੇਵਾਰ ਠਹਿਰਾਇਆ। ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪੰਜਾਬ ਦੇ ਸ਼ਾਂਤੀ ਪਸੰਦ ਲੋਕਾਂ ਵਿਚਕਾਰ ਪਾੜਾ ਪਾਉਣ ਦਾ ਘਿਨਾਉਣਾ ਯਤਨ ਕੀਤਾ ਜਾ ਰਿਹਾ ਹੈ।

ਭਾਜਪਾ ਦੇ ਕੌਮੀ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਇਸ ਵੇਲੇ ਬੁਰੀ ਤਰ੍ਹਾਂ ਫੁੱਟ ਦਾ ਸ਼ਿਕਾਰ ਹੋਈ ਕਾਂਗਰਸ ਨੇ ਕੈਪਟਨ ਨੂੰ ਪੰਜਾਬ ਦਾ ਪ੍ਰਧਾਨ ਬਣਾ ਕੇ ਵੱਡੀ ਭੁੱਲ ਕੀਤੀ ਹੈ। ਇਸ ਮੌਕੇ ਸੁੱਚਾ ਸਿੰਘ ਲੰਗਾਹ, ਮੁੱਖ ਸੰਸਦੀ ਸਕੱਤਰ ਗੁਰਬਚਨ ਸਿੰਘ ਬੱਬੇਹਾਲੀ, ਨਿਰਮਲ ਸਿੰਘ ਕਾਹਲੋਂ, ਮਾਸਟਰ ਮੋਹਨ ਲਾਲ, ਦੇਸ ਰਾਜ ਧੁੱਗਾ, ਜਗੀਰ ਕੌਰ, ਸੇਵਾ ਸਿੰਘ ਸੇਖਵਾਂ, ਵਿਧਾਇਕ ਅਸ਼ਵਨੀ ਕੁਮਾਰ ਸ਼ਰਮਾ ਹਾਜ਼ਰ ਸਨ।

# ਪੰਜਾਬ 'ਚ ਸੈਲਾਨੀਆਂ ਦੀ ਆਮਦ ਵਧੀ

**ਨਵੀਂ ਦਿੱਲੀ:** ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਕੌਮਾਂਤਰੀ ਸੈਲਾਨੀਆਂ ਦੀ ਘਟ ਰਹੀ ਆਮਦ ਭਾਵੇਂ ਸਮੁੱਚੇ ਦੇਸ਼ ਲਈ ਚਿੰਤਾ ਦਾ ਸਬੱਬ ਹੈ ਪਰ ਇਸ ਮਾਹੌਲ 'ਚ ਪੰਜਾਬ ਲਈ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਦਾ ਨਾਂ ਉਨ੍ਹਾਂ ਕੁਝ ਰਾਜਾਂ 'ਚ ਸ਼ਾਮਿਲ ਹੈ ਜਿਥੇ ਕੀਮਾਂਤਰੀ ਸੈਲਾਨੀਆਂ ਦੀ ਤਦਾਦ ਵਧੀ ਹੈ। ਸੈਰ-ਸਪਾਟੇ ਬਾਰੇ ਰਾਜ ਮੰਤਰੀ ਡਾ. ਮਹੇਸ਼ ਸ਼ਰਮਾ ਵੱਲੋਂ ਸੰਸਦ ਵਿਚ ਦਿੱਤੀ ਜਾਣਕਾਰੀ ਮੁਤਾਬਿਕ ਪਿਛਲੇ 3 ਸਾਲਾਂ ਦੌਰਾਨ ਪੰਜਾਬ 'ਚ ਕੌਮਾਂਤਰੀ ਸੈਲਾਨੀਆਂ ਦੀ ਤਦਾਦ ਵਧੀ ਹੈ। ਸਾਲ 2012 ਵਿਚ ਜਿਥੇ 1,43,805 ਵਿਦੇਸ਼ੀ ਸੈਲਾਨੀਆਂ ਨੇ ਪੰਜਾਬ ਦਾ ਦੌਰਾ ਕੀਤਾ ਸੀ, ਉਥੇ ਇਹ ਤਦਾਦ 2013 ਵਿਚ ਵਧ ਕੇ ਤਕਰੀਬਨ 2 ਲੱਖ ਅਤੇ 2014 ਵਿਚ ਵਧ ਕੇ ਤਕਰੀਬਨ ਢਾਈ ਲੱਖ ਤੱਕ ਪਹੁੰਚ ਗਈ; ਹਾਲਾਂਕਿ ਅੰਕੜੇ ਇਹ ਵੀ ਦਰਸਾਉਂਦੇ ਹਨ ਕਿ ਇਹ ਤਦਾਦ ਸਮੁੱਚੇ ਭਾਰਤ ਦੇ ਲਿਹਾਜ ਨਾਲ ਕਾਫ਼ੀ ਘੱਟ ਹੈ।

ਸਾਲ 2012 'ਚ ਭਾਰਤ ਦੇ ਸਿਰਫ਼ 0.79 ਫੀਸਦੀ ਸੈਲਾਨੀਆਂ ਨੇ ਪੰਜਾਬ ਦਾ ਦੌਰਾ ਕੀਤਾ। ਉਹ ਇਹ ਤਦਾਦ 2013 'ਚ ਵਧ ਕੇ 1.02 ਫੀਸਦੀ ਅਤੇ 2014 'ਚ ਵਧ ਕੇ 1.13 ਫੀਸਦੀ ਹੋ ਗਈ। ਅੰਕੜਿਆਂ ਮੁਤਾਬਿਕ ਵਿਦੇਸ਼ੀ ਸੈਲਾਨੀਆਂ ਦੀ ਪਹਿਲੀ ਪਸੰਦ ਤਾਮਿਲਨਾਡੂ ਰਿਹਾ ਹੈ, ਜਿਸ ਤੋਂ ਬਾਅਦ ਮਹਾਰਾਸ਼ਟਰ, ਉਤਰ ਪ੍ਰਦੇਸ਼ ਅਤੇ ਦਿੱਲੀ ਆਉਂਦੇ ਹਨ। ਸਮੁੱਚੇ ਵਿਸ਼ਵ ਨਾਲ ਮੁਕਾਬਲਾ ਕਰੀਏ ਤਾਂ ਕੁੱਲ ਕੌਮਾਂਤਰੀ ਸੈਲਾਨੀਆਂ ਦੇ 1 ਫੀਸਦੀ 'ਚੋਂ ਵੀ ਘੱਟ (0.68 ਫੀਸਦੀ) ਸੈਲਾਨੀ ਹੀ ਭਾਰਤ ਆਉਂਦੇ ਹਨ।

# ਮਨਾਹੀ ਦੇ ਬਾਵਜੂਦ ਵਿਕ ਰਹੀਆਂ ਨੇ ਗੁਰੂਆਂ ਦੀਆਂ ਮੂਰਤੀਆਂ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਸਿੱਖ ਗੁਰੂਆਂ ਦੀਆਂ ਮੂਰਤੀਆਂ ਨਾ ਬਣਾਈਆਂ ਜਾਣ ਅਤੇ ਨਾ ਹੀ ਸਨਮਾਨ ਸਮਾਰੋਹਾਂ ਵਿਚ ਭੇਟ ਕੀਤੀਆਂ ਜਾਣ।

ਯਾਦ ਰਹੇ ਕਿ ਹਾਲ ਹੀ ਵਿਚ ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਇਕ ਗੁਰਦੁਆਰੇ ਵਿਚ ਹਰਿਆਣਾ ਦੇ ਮੁਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਸਿੱਖ ਭਾਈਚਾਰੇ ਦੇ ਆਗੂਆਂ ਵੱਲੋਂ ਸਿਰੋਪਾਓ ਅਤੇ ਗੁਰੂ ਨਾਨਕ ਦੀ ਮੂਰਤੀ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਇਸ ਘਟਨਾ ਦਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਤੋਂ ਇਲਾਵਾ ਸੋਸ਼ਲ ਸਾਈਟਾਂ 'ਤੇ ਵੀ ਸਖ਼ਤ ਵਿਰੋਧ ਹੋਇਆ ਹੈ। ਇਸ ਦੇ ਆਧਾਰ 'ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਵੀ ਸ਼ਿਕਾਇਤ ਪੁੱਜੀ ਹੈ।

ਚੇਤੇ ਰਹੇ ਕਿ ਇਸ ਵੇਲੇ ਬਾਜ਼ਾਰ ਵਿਚ ਗੁਰੂ ਨਾਨਕ ਦੀਆਂ ਮੂਰਤੀਆਂ ਵਧੇਰੇ ਵਿਕ ਰਹੀਆਂ ਹਨ। ਇਹ ਮੂਰਤੀਆਂ ਅਤੇ ਤਸਵੀਰਾਂ ਇਥੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਬਣੀ ਮਾਰਕੀਟ ਅਤੇ ਹੋਰ ਦੁਕਾਨਾਂ ਵਿਚ ਸੌ ਰੁਪਏ ਤੋਂ ਲੈ ਕੇ 1500 ਰੁਪਏ ਤਕ ਮੁੱਲ ਦੀਆਂ ਹਨ ਜੋ ਇਥੇ ਆਉਣ ਵਾਲੇ ਯਾਤਰੂ ਯਾਦਗਾਰ ਵਜੋਂ ਖਰੀਦ ਕੇ ਲੈ ਜਾਂਦੇ ਹਨ। ਦੁਕਾਨਦਾਰਾਂ ਮੁਤਾਬਕ 5-7 ਸਾਲ ਪਹਿਲਾਂ ਅਜਿਹੀਆਂ ਮੂਰਤੀਆਂ ਚੀਨ ਤੋਂ ਬਣ ਕੇ ਆਉਣੀਆਂ ਸ਼ੁਰੂ ਹੋਈਆਂ ਸਨ ਅਤੇ ਹੁਣ ਇਹ ਭਾਰਤ ਵਿਚ ਵੀ ਵੱਖ-ਵੱਖ ਥਾਂਵਾਂ 'ਤੇ ਬਣਾਈਆਂ ਜਾ ਰਹੀਆਂ ਹਨ। ਸਿੱਖ ਜਰਨੈਲ ਬਾਬਾ ਦੀਪ ਸਿੰਘ ਅਤੇ ਨਿਹੰਗ ਸਿੰਘਾਂ ਦੀਆਂ ਮੂਰਤੀਆਂ ਵੀ ਬਹੁਤ ਵਿਕ ਰਹੀਆਂ ਹਨ।

# ਦੀਨਾਨਗਰ ਮਾਮਲੇ ਵਿਚ ਪੰਜਾਬ ਪੁਲਿਸ ਤੇ ਬੀ.ਐਸ.ਐਫ. ਆਹਮੋ-ਸਾਹਮਣੇ

**ਜਲੰਧਰ:** ਗੁਰਦਾਸਪੁਰ ਜ਼ਿਲ੍ਹੇ ਦੇ ਦੀਨਾਨਗਰ ਵਿਚ 27 ਜੁਲਾਈ, 2015 ਨੂੰ ਹੋਏ ਅਤਿਵਾਦੀ ਹਮਲੇ ਦੇ ਦੋਸ਼ੀ ਪੰਜਾਬ ਦੀ ਸਰਹੱਦ ਤੋਂ ਦਾਖ਼ਲ ਨਹੀਂ ਹੋਏ ਸਨ। ਇਹ ਦਾਅਵਾ ਬੀ.ਐਸ.ਐਫ. ਪੰਜਾਬ ਫਰੰਟੀਅਰ ਦੇ ਆਈ.ਜੀ. ਅਨਿਲ ਪਾਲੀਵਾਲ ਨੇ ਉਸ ਸਮੇਂ ਕੀਤਾ ਜਦੋਂ ਉਹ ਬੀ.ਐਸ.ਐਫ. ਦੀ ਸਥਾਪਨਾ ਦੇ 50 ਸਾਲ ਪੂਰੇ ਹੋਣ ਮੌਕੇ ਰੱਖੇ ਗੋਲਡਨ ਜੁਬਲੀ ਸਮਾਗਮਾਂ ਦੀ ਜਾਣਕਾਰੀ ਦੇ ਰਹੇ ਸਨ। ਦੱਸਣਯੋਗ ਹੈ ਕਿ ਪੰਜਾਬ ਪੁਲਿਸ ਮੁਖੀ ਨੇ ਦਾਅਵਾ ਕੀਤਾ ਸੀ ਕਿ ਅੱਤਵਾਦੀ ਭਾਰਤ-ਪਾਕਿ ਸਰਹੱਦ ਨੂੰ ਪੰਜਾਬ 'ਚੋਂ ਪਾਰ ਕਰਕੇ ਆਏ ਸਨ

ਆਈ.ਜੀ. ਪਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਦੇ ਵਿਭਾਗ ਵੱਲੋਂ ਇਸ ਸਬੰਧੀ ਬਹੁਤ ਬਰੀਕੀ ਨਾਲ ਜਾਂਚ ਕੀਤੀ ਗਈ ਹੈ, ਜਿਸ ਤੋਂ ਇਹ ਪਤਾ ਲੱਗਾ ਹੈ ਕਿ ਪਾਕਿਸਤਾਨੀ ਅਤਿਵਾਦੀ ਪੰਜਾਬ ਦੀ ਸਰਹੱਦ ਰਾਹੀਂ ਦੀਨਾਨਗਰ ਵਿਚ ਦਾਖ਼ਲ ਨਹੀਂ ਸਨ ਹੋਏ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਅਤਿਵਾਦੀਆਂ ਦੇ ਦਾਖ਼ਲ ਹੋਣ ਦਾ ਹੋਰ ਕਿਹੜਾ ਰਸਤਾ ਹੋ ਸਕਦਾ ਹੈ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਜਾਂਚ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਜਾਂਚ ਰਿਪੋਰਟ ਤੋਂ ਬਾਅਦ ਹੀ ਦੱਸਿਆ ਜਾ ਸਕਦਾ ਹੈ। ਵਰਨਣਯੋਗ ਹੈ ਕਿ ਹਮਲਾਵਰਾਂ ਦਾ ਮੁਕਾਬਲਾ ਕਰਦੇ ਹੋਏ ਐਸ.ਪੀ. ਬਲਜੀਤ ਸਿੰਘ ਅਤੇ ਪੁਲਿਸ ਦੇ 2 ਹੋਰ ਜਵਾਨ ਮਾਰੇ ਗਏ ਸਨ, ਜਦ ਕਿ ਅਤਿਵਾਦੀਆਂ ਨੇ 3 ਨਾਗਰਿਕਾਂ ਦੀ ਹੱਤਿਆ ਕਰਨ ਤੋਂ ਬਾਅਦ ਦੀਨਾਨਗਰ ਥਾਣੇ 'ਤੇ ਕਬਜ਼ਾ ਕਰ ਲਿਆ ਸੀ।

# ਸੱਜਣ ਕੁਮਾਰ ਵਾਲਾ ਕੇਸ ਹੋਰ ਅਦਾਲਤ ਵਿਚ ਤਬਦੀਲ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦਾ ਇਕ ਕੇਸ ਜਿਸ ਵਿਚ ਕਾਂਗਰਸ ਆਗੂ ਸੱਜਣ ਕੁਮਾਰ ਸ਼ਾਮਿਲ ਹੈ, ਮੌਜੂਦਾ ਅਦਾਲਤ ਵਿਚੋਂ ਇਕ ਹੋਰ ਅਦਾਲਤ ਵਿਚ ਤਬਦੀਲ ਕਰਨ ਦਾ ਆਦੇਸ਼ ਦਿੱਤਾ ਹੈ। ਸਬੂਤਾਂ ਨੂੰ ਉਚਿਤ ਤਰੀਕੇ ਨਾਲ ਦਰਜ ਨਾ ਕਰਨ ਕਾਰਨ ਪੈਦਾ ਹੋਏ ਵਿਵਾਦ ਦੇ ਮੱਦੇਨਜ਼ਰ ਅਦਾਲਤ ਨੇ ਇਹ ਹੁਕਮ ਦਿੱਤਾ ਹੈ।

ਕੜਕੜਡੂਮਾ ਅਦਾਲਤ ਤੋਂ ਪਟਿਆਲਾ ਹਾਊਸ ਅਦਾਲਤ ਵਿਚ ਕੇਸ ਤਬਦੀਲ ਕਰਦਿਆਂ ਜਸਟਿਸ ਸਿਧਾਰਥ ਮ੍ਰਿਦੁਲ ਨੇ ਸਪਸ਼ਟ ਕੀਤਾ ਕਿ ਨਿਆਂਪ੍ਰਣਾਲੀ ਦਾ ਸਨਮਾਨ ਕਾਇਮ ਰੱਖਣ ਅਤੇ ਸ਼ਹਿਰੀਆਂ ਦੇ ਅਦਾਲਤਾਂ ਵਿਚ ਵਿਸ਼ਵਾਸ ਕਾਇਮ ਰੱਖਣ ਲਈ ਅਜਿਹਾ ਕਰਨਾ ਜ਼ਰੂਰੀ ਹੈ। ਹਾਈ ਕੋਰਟ ਨੇ ਜ਼ਿਲ੍ਹਾ ਸੈਸ਼ਨ ਜੱਜ ਪਟਿਆਲਾ ਹਾਊਸ ਅਦਾਲਤ ਨੂੰ ਇਹ ਵੀ ਕਿਹਾ ਹੈ ਕਿ ਸੁਣਵਾਈ ਦੀ ਵੀਡੀਓ ਰਿਕਾਰਡਿੰਗ, ਕੇਸ ਵਿਚ ਸ਼ਾਮਿਲ ਧਿਰਾਂ ਪਟੀਸ਼ਨਰ ਤੇ ਸੀ.ਬੀ.ਆਈ. ਦੀ ਲਾਗਤ ਉਪਰ ਕੀਤੀ ਜਾਵੇ। ਜੱਜ ਨੇ ਕਿਹਾ ਕਿ ਕੇਸ ਦੀਆਂ ਧਿਰਾਂ ਜੋਗਿੰਦਰ ਸਿੰਘ ਤੇ ਸੀ.ਬੀ.ਆਈ. ਦੀ ਸਹਿਮਤੀ ਨਾਲ ਇਹ ਆਦੇਸ਼ ਦਿੱਤਾ ਗਿਆ ਹੈ। ਜੱਜ ਨੇ ਕੇਸ ਦੀਆਂ ਧਿਰਾਂ ਤੇ ਉਨ੍ਹਾਂ ਦੇ ਵਕੀਲਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਅਗਲੀ ਸੁਣਵਾਈ 'ਤੇ 8 ਦਸੰਬਰ ਨੂੰ ਪਟਿਆਲਾ ਹਾਊਸ ਅਦਾਲਤ ਵਿਚ ਹਾਜ਼ਰ ਹੋਣ।

## ਹਰ ਦਿਨ 34 ਕਿਸਾਨ ਕਰ ਰਹੇ ਨੇ ਖ਼ੁਦਕੁਸ਼ੀ

**ਨਵੀਂ ਦਿੱਲੀ:** ਸੰਸਦ ਵਿਚ ਮੁਹੱਈਆ ਕਰਵਾਈ ਸੂਚਨਾ ਅਨੁਸਾਰ 2014 ਵਿਚ ਔਸਤਨ ਹਰ ਰੋਜ਼ 34 ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀ ਕਰ ਰਹੇ ਹਨ। 2014 ਵਿਚ ਕੁੱਲ 12360 ਖ਼ੁਦਕੁਸ਼ੀਆਂ ਰਿਪੋਰਟ ਹੋਈਆਂ ਹਨ। ਖੇਤੀ ਰਾਜ ਮੰਤਰੀ ਮੋਹਨ ਭਾਈ ਕੁੰਦਰੀਆ ਅਨੁਸਾਰ ਇਹ ਅੰਕੜੇ ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਦੀ ਰਿਪੋਰਟ ਮੁਤਾਬਕ ਹਨ।


ਕਮਾਲ ਬਈ ਕਮਾਲ !

ਐਚ ਡੀ ਅਤੇ ਆਈ ਪੀ
ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ
ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.
Installation Available



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
*ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ*

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***

# ਤਖਤਾਂ ਦੇ ਜਥੇਦਾਰਾਂ ਨੂੰ ਹਟਾਉਣ ਦਾ ਮਾਮਲਾ ਠੰਢੇ ਬਸਤੇ ਵਿਚ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਨੇ ਤਖਤਾਂ ਦੇ ਜਥੇਦਾਰਾਂ ਨੂੰ ਹਟਾਉਣ ਦਾ ਮਾਮਲਾ ਠੰਢੇ ਬਸਤੇ ਵਿਚ ਪਾ ਦਿੱਤਾ ਹੈ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਇਸ ਬਾਰੇ ਕੋਈ ਚਰਚਾ ਨਹੀਂ ਹੋਈ। ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕਰਨ ਬਾਰੇ ਫੈਸਲਾ ਨਾ ਕੀਤੇ ਜਾਣ 'ਤੇ ਪੰਜ ਪਿਆਰਿਆਂ ਨੇ ਅਫਸੋਸ ਜ਼ਾਹਰ ਕਰਦਿਆਂ ਆਖਿਆ ਕਿ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਉਹ ਆਪਣਾ ਫੈਸਲਾ ਦੇ ਚੁੱਕੇ ਹਨ ਤੇ ਹੁਣ ਮਾਮਲਾ ਸੰਗਤ ਦੀ ਕਚਹਿਰੀ ਵਿਚ ਹੈ।

ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਤੋਂ ਪੰਜ ਪਿਆਰਿਆਂ ਨੇ ਬੀਤੀ 24 ਅਕਤੂਬਰ ਨੂੰ ਗੁਰਮਤਾ ਜਾਰੀ ਕਰ ਕੇ ਅੰਤ੍ਰਿੰਗ ਕਮੇਟੀ ਨੂੰ ਆਦੇਸ਼ ਦਿੱਤਾ ਸੀ ਕਿ ਤਖਤਾਂ ਦੇ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣ। ਅੰਤ੍ਰਿੰਗ ਕਮੇਟੀ ਦੀ ਚੰਡੀਗੜ੍ਹ ਸਥਿਤ ਦਫਤਰ ਵਿਖੇ ਹੋਈ।ਮੀਟਿੰਗ ਵਿਚ ਜਥੇਦਾਰਾਂ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਆ, ਜਿਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਨੇ ਪੰਜ ਪਿਆਰਿਆਂ ਵੱਲੋਂ ਜਾਰੀ ਗੁਰਮਤੇ ਨੂੰ ਅਣਡਿੱਠ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਪਿਆਰਿਆਂ



ਦੇ ਇਕ ਹੋਰ ਗੁਰਮਤੇ ਨੂੰ ਅਣਦੇਖਿਆ ਕੀਤਾ ਜਾ ਚੁੱਕਾ ਹੈ, ਜਿਸ ਰਾਹੀਂ ਉਨ੍ਹਾਂ ਅੰਤ੍ਰਿੰਗ ਕਮੇਟੀ ਨੂੰ ਹਦਾਇਤ ਕੀਤੀ ਸੀ ਕਿ ਬੰਦੀ ਛੋੜ ਦਿਵਸ ਮੌਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਤੋਂ ਰੋਕਿਆ ਜਾਵੇ ਤੇ ਉਨ੍ਹਾਂ ਦੀ ਥਾਂ ਇਹ ਸੇਵਾ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਨੂੰ ਸੌਂਪੀ ਜਾਵੇ। ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਸਤਨਾਮ ਸਿੰਘ ਖੰਡਾ ਨੇ ਆਖਿਆ ਕਿ ਪੰਜ ਪਿਆਰਿਆਂ ਵੱਲੋਂ ਇਹ ਫੈਸਲਾ ਕੌਮ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਸੀ।

ਹੁਣ ਇਹ ਮਾਮਲਾ ਸੰਗਤ ਦੀ ਕਚਹਿਰੀ ਵਿਚ ਹੈ।ਤੇ ਫੈਸਲਾ ਸੰਗਤ ਨੇ ਲੈਣਾ ਹੈ। ਉਨ੍ਹਾਂ ਦੁਹਰਾਇਆ ਕਿ ਉਹ ਨਵੇਂ ਤਬਾਦਲੇ ਵਾਲੀ ਥਾਂ 'ਤੇ ਨਹੀਂ ਜਾਣਗੇ। ਇਹ ਮਾਮਲਾ ਵੀ ਸੰਗਤ ਦੇ ਸਾਹਮਣੇ ਰੱਖ ਦਿੱਤਾ ਹੈ।

## ਮੁੱਖ ਸਕੱਤਰ ਦਾ ਬੋਝ ਨਹੀਂ ਸਹੇਗੀ ਗੁਰੂ ਕੀ ਗੋਲਕ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵ-ਨਿਯੁਕਤ ਮੁੱਖ ਸਕੱਤਰ ਹਰਚਰਨ ਸਿੰਘ ਦੀ ਰਿਹਾਇਸ਼ ਦਾ ਵਿੱਤੀ ਬੋਝ ਗੁਰੂ ਦੀ ਗੋਲਕ ਉਤੇ ਨਹੀਂ ਪਵੇਗਾ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੇ ਏਜੰਡੇ ਵਿਚਲੀ ਇਸ ਮੱਦ ਉਤੇ ਮੈਂਬਰਾਂ ਵਿਚ ਤਿੱਖੀ ਬਹਿਸ ਹੋਣ ਕਾਰਨ ਪ੍ਰਵਾਨਗੀ ਨਹੀਂ ਦਿੱਤੀ ਜਾ ਸਕੀ। ਸੂਤਰਾਂ ਦਾ ਦੱਸਣਾ ਹੈ ਕਿ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਤੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਕਿਰਾਏ ਦੀ ਰਿਹਾਇਸ਼ ਦੇਣ ਦਾ ਵਿਰੋਧ ਕਰਦਿਆਂ ਕਿਹਾ ਕਿ ਮੁੱਖ ਸਕੱਤਰ ਦੇ ਨੌਕਰੀ ਕੰਟਰੈਕਟ ਵਿਚ ਇਸ ਤਰ੍ਹਾਂ ਦੀ ਸ਼ਰਤ ਨਾ ਹੋਣ ਕਾਰਨ ਗੋਲਕ ਦੇ ਪੈਸੇ ਨਾਲ ਕਿਰਾਏ ਦੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਤਰਕ ਦਿੱਤਾ ਗਿਆ ਕਿ ਉਨ੍ਹਾਂ ਨੂੰ ਕਮੇਟੀ ਦੀ ਅਧਿਕਾਰਤ ਰਿਹਾਇਸ਼ ਹੀ ਦਿੱਤੀ ਜਾ ਸਕਦੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਦੀ ਪ੍ਰਧਾਨਗੀ ਵਿਚ ਹੋਈ ਮੀਟਿੰਗ ਦੌਰਾਨ ਮੁੱਖ ਸਕੱਤਰ ਨੂੰ ਇਕ ਹੋਰ ਵੱਡਾ ਝਟਕਾ ਦਿੰਦਿਆਂ ਹਰਚਰਨ ਸਿੰਘ ਵੱਲੋਂ ਲਏ ਗਏ ਵਿੱਤੀ ਫੈਸਲੇ ਵੀ ਰੱਦ ਕਰ ਦਿੱਤੇ ਗਏ।

## ਜਥੇਦਾਰਾਂ ਬਾਰੇ ਇਸ਼ਤਿਹਾਰ 'ਤੇ ਵਿਵਾਦ

**ਅੰਮ੍ਰਿਤਸਰ:** ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ 91 ਲੱਖ ਰੁਪਏ ਦੇ ਇਸ਼ਤਿਹਾਰਾਂ ਦੀ ਅਦਾਇਗੀ ਦੇ ਮੁੱਦੇ ਉਤੇ ਵੀ ਗਰਮਾ ਗਰਮ ਬਹਿਸ ਹੋਈ। ਇਹ ਇਸ਼ਤਿਹਾਰ ਸ਼੍ਰੋਮਣੀ ਕਮੇਟੀ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਤਖਤਾਂ ਦੇ ਜਥੇਦਾਰਾਂ ਵੱਲੋਂ ਦਿੱਤੀ ਮੁਆਫੀ ਨੂੰ ਜਾਇਜ਼ ਠਹਿਰਾਉਣ ਲਈ ਅਖਬਾਰਾਂ ਵਿਚ ਦਿੱਤੇ ਗਏ ਸਨ। ਸੂਤਰਾਂ ਮੁਤਾਬਕ ਮੀਟਿੰਗ ਵਿਚ ਧਿਆਨ ਸਿੰਘ ਮੰਡ ਦੇ ਭਤੀਜੇ ਦੇ ਤਬਾਦਲੇ ਨੂੰ ਗਲਤ ਕਰਾਰ ਦਿੰਦਿਆਂ ਸ. ਭੌਰ ਨੇ ਕਿਹਾ ਕਿ ਕਿਸੇ ਮੁਲਾਜ਼ਮ ਨੂੰ ਮਹਿਜ਼ ਕਿਸੇ ਖਾਸ ਵਿਅਕਤੀ ਵਿਸ਼ੇਸ਼ ਦਾ ਰਿਸ਼ਤੇਦਾਰ ਹੋਣ ਕਾਰਨ ਬਦਲਾਖੋਰੀ ਦਾ ਸ਼ਿਕਾਰ ਨਹੀਂ ਬਣਾਉਣਾ ਚਾਹੀਦਾ।

# ਹਰਿਆਣਾ ਗੁਰਦੁਆਰਾ ਕਮੇਟੀ ਬਾਰੇ ਸੁਣਵਾਈ ਅੱਗੇ ਪਈ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਸੁਣਵਾਈ ਅੱਠ ਦਸੰਬਰ 'ਤੇ ਪੈ ਗਈ ਹੈ। ਹਰਿਆਣਾ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਪਿਛਲੇ ਸਾਲ 23 ਜੁਲਾਈ ਨੂੰ ਉਸ ਸਮੇਂ ਦੀ ਹੁੱਡਾ ਸਰਕਾਰ ਨੇ 41 ਮੈਂਬਰਾਂ ਤੇ ਆਧਾਰਿਤ ਜੋ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਮਜ਼ਦ ਕੀਤੀ ਸੀ, ਉਸ ਦੇ ਗਠਨ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ। ਇਹ ਚੁਣੌਤੀ ਕੁਰੂਕਸ਼ੇਤਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਹਰਭਜਨ ਸਿੰਘ ਨੇ ਦਿੱਤੀ ਸੀ। ਉਕਤ ਕਮੇਟੀ ਦੇ ਜਨਰਲ ਸਕੱਤਰ ਜੋਗਾ ਸਿੰਘ ਜਮਨਾ ਨਗਰ ਨੇ ਦੱਸਿਆ ਕਿ ਪਹਿਲਾਂ ਸੁਣਵਾਈ ਦੀ ਤਰੀਕ ਪਹਿਲੀ ਦਸੰਬਰ ਸੀ, ਜੋ ਹੁਣ ਵਧਾ ਕੇ ਅੱਠ ਦਸੰਬਰ ਕਰ ਦਿੱਤੀ ਗਈ ਹੈ।



ਉਨ੍ਹਾਂ ਕਿਹਾ ਕਿ ਹੁਣ ਇਸ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਦੇ ਨਵੇਂ ਚੀਫ ਜਸਟਿਸ ਟੀ.ਐਸ. ਠਾਕੁਰ ਕਰਨਗੇ ਕਿਉਂਕਿ ਮੌਜੂਦਾ ਚੀਫ ਜਸਟਿਸ ਐਚ.ਐਲ ਦੱਤੂ ਦੋ ਦਸੰਬਰ ਨੂੰ ਸੇਵਾ ਮੁਕਤ ਹੋ ਗਏ ਹਨ।

## ਕਾਲੇ ਧਨ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਕੈਦ

**ਜਨੇਵਾ:** ਐਚ.ਐਸ.ਬੀ.ਸੀ. ਦੇ ਸਾਬਕਾ ਕਰਮਚਾਰੀ ਹਰਵ ਫੈਲਸਿਆਨੀ, ਜਿਸ ਨੇ 2008 ਵਿਚ ਸਵਿਸ ਬੈਂਕ ਵਿਚ ਕਾਲੇ ਧਨ ਨਾਲ ਸਬੰਧਤ ਖਾਤਿਆਂ ਬਾਰੇ ਜਾਣਕਾਰੀ ਨੂੰ ਜਨਤਕ ਕੀਤਾ ਸੀ, ਨੂੰ ਸਵਿਸ ਅਦਾਲਤ ਨੇ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਉਸ ਨੇ ਸਵਿਟਜ਼ਰਲੈਂਡ ਦੀਆਂ ਨਿੱਜੀ ਬੈਂਕਾਂ ਵਿਚ ਜਮ੍ਹਾਂ 1,20,000 ਖਾਤਾਧਾਰਕਾਂ ਦੀ ਤਕਰੀਬਨ 205.4 ਬਿਲੀਅਨ ਅਮਰੀਕੀ ਡਾਲਰ ਰਕਮ ਦਾ ਖੁਲਾਸਾ ਕੀਤਾ ਸੀ ਜੋ ਕਿ ਟੈਕਸ ਦਿੱਤੇ ਬਿਨਾਂ ਨਾਜਾਇਜ਼ ਢੰਗ ਨਾਲ ਉਥੇ ਜਮ੍ਹਾਂ ਕਰਵਾਈ ਗਈ ਸੀ। ਇਨ੍ਹਾਂ ਵਿਚ ਕੁਝ ਭਾਰਤੀਆਂ ਦੇ ਵੀ ਖਾਤੇ ਸ਼ਾਮਲ ਸਨ। ਅਦਾਲਤ ਨੇ ਉਸ 'ਤੇ ਡਾਟਾ ਚੋਰੀ ਕਰਨ, ਜਾਸੂਸੀ ਤੇ ਬੈਂਕ ਦੇ ਭੇਤ ਜ਼ਾਹਿਰ ਕਰਨ ਦੇ ਦੋਸ਼ ਲਗਾਏ ਹਨ।

## ਫਰਾਂਸੀਸੀ ਮਹਿਲਾ ਨੂੰ ਨਾ ਮਿਲੀ ਰਾਹਤ

**ਨਵੀਂ ਦਿੱਲੀ:** ਦੇਸ਼ ਦੀ ਸਰਵਉੱਚ ਅਦਾਲਤ ਨੇ ਅਤਿਵਾਦ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਫਰਾਂਸੀਸੀ ਮਹਿਲਾ ਨੂੰ ਅੰਤ੍ਰਿਮ ਜ਼ਮਾਨਤ ਦੇਣ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਜਦੋਂ ਸਾਰੀ ਦੁਨੀਆਂ ਅਤਿਵਾਦੀ ਘਟਨਾਵਾਂ ਦਾ ਸਾਹਮਣਾ ਕਰ ਰਹੀ ਹੈ ਤਾਂ ਅਜਿਹੇ ਵਿਚ ਇਸ ਮਹਿਲਾ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ।

ਬੈਂਚ ਨੇ ਕਿਹਾ ਕਿ ਇਹ ਮਹਿਲਾ ਵਿਦੇਸ਼ੀ ਨਾਗਰਿਕ ਹੈ ਅਤੇ ਜ਼ਮਾਨਤ ਮਿਲਣ ਮਗਰੋਂ ਆਪਣੇ ਮੁਲਕ ਚਲੀ ਜਾਵੇਗੀ। ਅਦਾਲਤ ਸੀ.ਬੀ.ਆਈ. ਵੱਲੋਂ ਇਸ ਸਾਲ 17 ਫਰਵਰੀ ਨੂੰ ਗ੍ਰਿਫਤਾਰ ਕੀਤੀ ਗਈ ਫਰਾਂਸੀਸੀ ਮਹਿਲਾ ਵਰਹੋਵਨ ਮੈਰੀ ਇਮਾਨੂਏਲ ਦੀ ਅਪੀਲ 'ਤੇ ਸੁਣਵਾਈ ਕਰ ਰਹੀ ਸੀ। ਇਸ ਮਹਿਲਾ 'ਤੇ ਅਤਿਵਾਦੀਆਂ ਨਾਲ ਸਬੰਧ ਹੋਣ ਤੇ 1991 ਵਿਚ ਚਿਲੀ ਦੇ ਸਿਨੇਟਰ ਜੈਮ ਗੁਜਮੈਨ ਇਰੈਜੁਰਿਜ ਦੇ ਕਤਲ ਵਿਚ ਸ਼ਾਮਲ ਹੋਣ ਦੇ ਦੋਸ਼ ਹਨ।

# *ਬਿਜਲੀ ਦੀ ਸਾਲਾਨਾ ਸਬਸਿਡੀ ਦਾ ਖਰਚ 5400 ਕਰੋੜ ਤੋਂ ਪਾਰ*

**ਚੰਡੀਗੜ੍ਹ:** ਪੰਜਾਬ ਦੇ ਤਕਰੀਬਨ 15 ਲੱਖ ਟਿਊਬਵੈੱਲ ਖਪਤਕਾਰਾਂ ਨੂੰ ਮੁਫਤ ਬਿਜਲੀ ਦੀ ਸਾਲਾਨਾ ਸਬਸਿਡੀ 5400 ਕਰੋੜ ਰੁਪਏ ਦੇ ਅੰਕੜੇ ਨੂੰ ਛੂਹ ਚੁੱਕੀ ਹੈ। 1997 'ਚ ਸ਼ੁਰੂ ਕੀਤੀ ਗਈ ਸਕੀਮ ਦਾ ਪੰਜਾਬ ਦੇ ਖਜ਼ਾਨੇ ਉੱਤੇ 45 ਹਜ਼ਾਰ ਕਰੋੜ ਰੁਪਏ ਦਾ ਬੋਝ ਪੈ ਚੁੱਕਾ ਹੈ। ਇਹ ਨਾ ਸਿਰਫ ਸੂਬੇ ਦੇ ਵਿੱਤੀ ਹਾਲਾਤ ਨੂੰ ਤਹਿਸ ਨਹਿਸ ਕਰ ਰਹੀ ਹੈ ਸਗੋਂ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਤੇ ਵਾਤਾਵਰਨ ਲਈ ਵੀ ਹਾਨੀਕਾਰਕ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲਿਖੇ ਪੱਤਰ ਦੀਆਂ ਕਾਪੀਆਂ ਦਿਖਾਉਂਦੇ ਹੋਏ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਉਨ੍ਹਾਂ ਦੀ ਸੋਚ ਹੈ ਕਿ ਫਸਲਾਂ ਦੇ ਯੋਗ ਮੁੱਲ ਨਾ ਮਿਲਣ ਕਾਰਨ ਸੂਬੇ ਦੇ ਕਿਸਾਨਾਂ ਨੂੰ ਉਸ ਸਮੇਂ ਤੱਕ ਬਿਜਲੀ ਸਬਸਿਡੀ ਦਿੱਤੇ ਜਾਣ ਦੀ ਲੋੜ ਹੈ ਜਦੋਂ ਤੱਕ ਕਿ ਉਨ੍ਹਾਂ ਲਈ ਕੋਈ ਹੋਰ ਢੁੱਕਵਾਂ ਆਰਥਿਕ ਹੱਲ ਨਾ ਲੱਭਿਆ ਜਾਵੇ। ਇਸ ਭਾਰੀ ਕਰਜ਼ੇ ਦੇ ਬੋਝ ਕਾਰਨ ਵੱਡੀ ਗਿਣਤੀ ਵਿਚ ਕਿਸਾਨ ਤੇ ਖੇਤੀ ਮਜ਼ਦੂਰ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ।

# ਭਾਰਤੀ ਮੂਲ ਦੇ ਦੱਖਣ ਅਫਰੀਕੀ ਆਜ਼ਾਦੀ ਘੁਲਾਟੀਏ ਦਾ ਸਨਮਾਨ

**ਜੋਹੈਨਸਬਰਗ:** ਭਾਰਤੀ ਮੂਲ ਦੇ ਦੱਖਣ ਅਫਰੀਕੀ ਆਜ਼ਾਦੀ ਘੁਲਾਟੀਏ ਅਹਿਮਦ ਕਥਰਾਡਾ ਨੂੰ ਕੇਪਟਾਊਨ ਦੇ 'ਫਰੀਡਮ ਆਫ ਦਿ ਸਿਟੀ' ਸਨਮਾਨ ਨਾਲ ਨਿਵਾਜਿਆ ਗਿਆ ਹੈ। ਸ੍ਰੀ ਕਥਰਾਡਾ ਇਸ ਦੇਸ਼ ਦੇ ਸਭ ਤੋਂ ਪ੍ਰਾਚੀਨ ਸ਼ਹਿਰ ਵਿਚ ਇਹ ਸਨਮਾਨ ਹਾਸਲ ਕਰਨ ਵਾਲੇ ਛੇਵੇਂ ਵਿਅਕਤੀ ਹਨ। ਉਹ ਦੱਖਣੀ ਅਫਰੀਕਾ ਦੇ ਪਹਿਲੇ ਸਿਆਹਫਾਮ ਰਾਸ਼ਟਰਪਤੀ ਨੈਲਸਨ ਮੰਡੇਲਾ ਦੇ ਨੇੜਲਿਆਂ ਵਿਚੋਂ ਇਕ ਹਨ। 86 ਸਾਲ ਸ੍ਰੀ ਕਥਰਾਡਾ ਨੇ



ਹਲਕੇ ਫੁਲਕੇ ਅੰਦਾਜ਼ ਵਿਚ ਕਿਹਾ ਕਿ ਉਨ੍ਹਾਂ ਨੂੰ ਇਕ ਸਨਮਾਨਤ ਨਾਗਰਿਕ ਵੱਜੋਂ ਪੁਰਸਕਾਰ ਦਿੱਤਾ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੇ ਮੰਡੇਲਾ ਤੇ ਹੋਰਨਾਂ ਨਾਲ ਇਕ ਸਿਆਸੀ ਕੈਦੀ ਵਜੋਂ 26 ਸਾਲ ਰੋਬੇਨ ਦੀਪ ਵਿਚ ਗੁਜ਼ਾਰੇ ਹਨ ਤੇ ਕੋਈ ਟੈਕਸ ਨਹੀਂ ਭਰਿਆ। ਰੋਬੇਨ ਦੀਪ ਇਸ ਸ਼ਹਿਰ ਦੇ ਅਧਿਕਾਰ ਹੇਠ ਹੈ। ਇਹ ਪੁਰਸਕਾਰ ਇਸ ਤੋਂ ਪਹਿਲਾਂ ਨੈਲਸਨ ਮੰਡੇਲਾ, ਆਰਚਬਿਸ਼ਪ ਡੈਸਮੰਡ ਟੂਟੂ, ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ ਨੂੰ ਮਿਲ ਚੁੱਕਿਆ ਹੈ। ਸ੍ਰੀ ਕਥਰਾਡਾ ਨੇ ਕਿਹਾ ਕਿ ਉਨ੍ਹਾਂ ਨੇ ਇਹ ਪੁਰਸਕਾਰ ਉਨ੍ਹਾਂ ਲੋਕਾਂ ਲਈ ਹਾਸਲ ਕੀਤਾ ਹੈ ਜਿਨ੍ਹਾਂ ਨੇ ਨਸਲਪ੍ਰਸਤੀ ਖਿਲਾਫ ਤੇ ਜਮਹੂਰੀਅਤ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ।

# ਦਿੱਲੀ ਕਮੇਟੀ ਵੱਲੋਂ ਕੇਜਰੀਵਾਲ ਸਰਕਾਰ ਖਿਲਾਫ ਮੋਰਚਾ

**ਨਵੀਂ ਦਿੱਲੀ:** ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਦਖਲ ਅੰਦਾਜ਼ੀ ਦਾ ਦੋਸ਼ ਲਾਉਂਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਖਿਲਾਫ ਰੋਸ ਮੁਜ਼ਾਹਰਾ ਕੀਤਾ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕੇਜਰੀਵਾਲ ਸਰਕਾਰ 'ਤੇ ਟਕਰਾਓ ਦੇ ਰਸਤੇ ਚੱਲਣ ਦਾ ਇਲਜ਼ਾਮ ਲਾਉਂਦੇ ਹੋਏ ਕਿਹਾ ਕਿ ਉਹ ਕੇਂਦਰ ਸਰਕਾਰ, ਨਗਰ ਨਿਗਮ ਤੇ ਵਕਫ ਬੋਰਡ ਤੋਂ ਬਾਅਦ ਹੁਣ ਦਿੱਲੀ ਕਮੇਟੀ ਨਾਲ ਟਕਰਾ ਰਹੀ ਹੈ।

ਸ. ਜੀ.ਕੇ. ਨੇ ਚਿਤਾਵਨੀ ਭਰੇ ਅੰਦਾਜ਼ ਵਿਚ ਕਿਹਾ ਕਿ ਕੇਜਰੀਵਾਲ ਸਰਕਾਰ ਨੇ ਅਕਾਲ ਤਖਤ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਦੀ 16 ਦਸੰਬਰ ਦੀ ਨਿਰਧਾਰਤ ਤਰੀਕ ਨੂੰ ਪ੍ਰਵਾਨ ਨਾ ਕਰਕੇ ਟਕਰਾਅ ਦੀ ਨੀਤੀ ਅਪਣਾਈ ਹੈ, ਉਸ ਦੇ ਨਤੀਜੇ ਚੰਗੇ ਨਹੀਂ ਨਿਕਲਣਗੇ। ਮਨਜੀਤ ਸਿੰਘ ਜੀ.ਕੇ. ਦੀ ਅਗਵਾਈ ਵਿਚ ਪ੍ਰਦਰਸ਼ਨਕਾਰੀਆਂ ਨੇ ਮੁੱਖ ਮੰਤਰੀ ਨਿਵਾਸ ਦਾ ਘਿਰਾਉ ਕਰਨ ਲਈ ਚਾਂਦਗੀ ਰਾਮ ਅਖਾੜੇ ਤੋਂ ਕੂਚ ਕੀਤਾ।

ਹੱਥਾਂ ਵਿਚ ਤਖਤੀਆਂ ਫੜੇ ਸਿੱਖ ਪ੍ਰਦਰਸ਼ਨਕਾਰੀ ਕੇਜਰੀਵਾਲ ਖਿਲਾਫ ਨਾਅਰੇ ਲਗਾਉਂਦੇ ਹੋਏ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਦਖਲ ਅੰਦਾਜ਼ੀ ਨਾ ਕਰਨ ਦੀ ਚਿਤਾਵਨੀ ਦੇ ਰਹੇ ਸਨ। ਗੁੱਸੇ ਵਿਚ ਭਰੇ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਦੇ ਦੋਵੇਂ ਅੜਿੱਕਿਆਂ ਨੂੰ ਤੋੜਦੇ ਹੋਏ

## ਸਿੱਖਾਂ ਦੇ ਮਾਮਲਿਆਂ ਵਿਚ ਦਖਲ ਦੇਣ ਦਾ ਦੋਸ਼




ਮਹਾਤਮਾ ਗਾਂਧੀ ਮਾਰਗ ਵੱਲ ਵਧ ਕੇ ਜਦੋਂ ਰਿਸ਼ਗ ਰੋਡ ਨੂੰ ਜਾਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਵੱਲੋਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਮੌਰਿਸ ਨਗਰ ਥਾਣੇ ਲਿਜਾਇਆ ਗਿਆ।

ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਸ. ਜੀ.ਕੇ. ਨੇ ਕਿਹਾ ਕਿ ਦਿੱਲੀ ਸਰਕਾਰ ਨੇ ਜਾਣਬੁਝ ਕੇ ਨਾ ਸਿਰਫ ਸ੍ਰੀ ਅਕਾਲ ਤਖਤ ਸਾਹਿਬ ਨਾਲ ਟਕਰਾਓ ਲੈ ਕੇ ਸਿੱਖ ਸਿਧਾਂਤ ਨੂੰ ਨੀਵਾਂ ਵਿਖਾਉਣ, ਗੁਰੂ ਸਾਹਿਬ ਦੀ ਸ਼ਹੀਦੀ ਮਹੱਤਤਾ ਨੂੰ ਘਟਾਉਣ ਦੀ ਕੋਸ਼ਿਸ਼ ਕਰਕੇ ਸਿੱਖ ਭਾਵਨਾਵਾਂ ਨੂੰ ਢਾਹ ਲਾਈ ਹੈ, ਸਗੋਂ ਸੰਸਦ ਵੱਲੋਂ 1971 ਗੁਰਦੁਆਰਾ ਐਕਟ ਅਨੁਸਾਰ ਬਣੀ ਸੰਵਿਧਾਨਕ ਚੁਣੀ ਹੋਈ ਸੰਸਥਾ ਦਿੱਲੀ ਕਮੇਟੀ ਨੂੰ ਨਜ਼ਰ ਅੰਦਾਜ਼ ਕੀਤਾ ਹੈ।

ਦੱਸਣਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਵੱਲੋਂ ਕੌਮੀ ਮੀਡੀਆ ਵਿਚ ਛੇ ਨਵੰਬਰ ਨੂੰ ਪ੍ਰਕਾਸ਼ਿਤ ਪਬਲਿਕ ਨੋਟਿਸਾਂ ਵਿਚ ਸ਼ਹੀਦੀ ਦਿਹਾੜਾ 24 ਨਵੰਬਰ ਦੱਸਣ ਦੇ ਖਿਲਾਫ ਦਿੱਲੀ ਕਮੇਟੀ ਵੱਲੋਂ ਮੁੱਖ ਮੰਤਰੀ ਨੂੰ 19 ਨਵੰਬਰ ਨੂੰ ਪੱਤਰ ਭੇਜ ਕੇ ਇਤਰਾਜ਼ ਦਰਜ ਕਰਵਾਇਆ ਸੀ, ਪਰ ਕਮੇਟੀ ਦਾ ਮੰਨਣਾ ਹੈ ਕਿ ਸਿੱਖਾਂ ਦੀਆਂ ਭਾਵਨਾਵਾਂ ਨੂੰ ਅਣਗੌਲਿਆ ਕਰਦੇ ਹੋਏ ਦਿੱਲੀ ਸਰਕਾਰ ਵੱਲੋਂ 24 ਨਵੰਬਰ ਨੂੰ ਸ਼ਹੀਦੀ ਦਿਹਾੜੇ ਦੀ ਆੜ ਵਿਚ ਸ਼ਰਾਬ ਦੇ ਠੇਕਿਆਂ ਨੂੰ ਡਰਾਈ ਡੇ ਦੇ ਨਾਮ ਉਤੇ ਬੰਦ ਕਰਕੇ ਅਕਾਲ ਤਖਤ ਸਾਹਿਬ ਦੇ ਆਦੇਸ਼ ਨੂੰ ਛੋਟਾ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ।


## ਸਿੱਖਾਂ ਨਾਲ ਕੀਤੇ ਗਏ ਵਾਅਦੇ ਪੂਰੇ ਹੋਣ: ਚੰਦੂਮਾਜਰਾ

**ਨਵੀਂ ਦਿੱਲੀ:** ਦੇਸ਼ ਦੇ ਸੰਵਿਧਾਨ ਤੇ ਇਸ ਦੇ ਨਿਰਮਾਤਾ ਡਾ. ਬੀ.ਆਰ. ਅੰਬੇਦਕਰ ਦੀ ਵਿਰਾਸਤ ਉਤੇ ਲੋਕ ਸਭਾ ਵਿਚ ਹੋਈ ਵਿਚਾਰ ਚਰਚਾ ਵਿਚ ਹਿੱਸਾ ਲੈਂਦਿਆਂ ਸ੍ਰੀ ਆਨੰਦਪੁਰ ਸਾਹਿਬ ਤੋਂ ਅਕਾਲੀ ਦਲ ਦੇ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਮੰਗ ਕੀਤੀ ਕਿ ਮੁਲਕ ਦੇ ਆਜ਼ਾਦੀ ਸੰਗਰਾਮ ਦੌਰਾਨ ਕੌਮੀ ਨੇਤਾਵਾਂ ਵੱਲੋਂ ਸਿੱਖਾਂ ਨਾਲ ਕੀਤੇ ਗਏ ਵਾਅਦੇ ਪੂਰੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਉੱਤਰੀ ਭਾਰਤ ਵਿਚ ਸਿੱਖਾਂ ਦੀ ਮਨਮਰਜ਼ੀ ਦਾ ਖਿੱਤਾ ਬਣਾਉਣ ਦੇ ਵਾਅਦੇ ਦੀ ਪੂਰਤੀ ਲਈ ਸੰਵਿਧਾਨ ਵਿਚ ਕੋਈ ਵਿਵਸਥਾ ਨਾ ਕੀਤੇ ਜਾਣ ਕਾਰਨ ਹੀ ਸਿੱਖ ਨੁਮਾਇੰਦਿਆਂ ਨੇ ਇਸ ਦੇ ਖਰੜੇ ਉਤੇ ਦਸਤਖਤ ਨਹੀਂ ਕੀਤੇ ਸਨ। ਉਨ੍ਹਾਂ ਅਫਸੋਸ ਪ੍ਰਗਟ ਕੀਤਾ ਕਿ ਕਿਸੇ ਵੀ ਹਕੂਮਤ ਨੇ ਸਿੱਖਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਸਗੋਂ ਉਨ੍ਹਾਂ ਨਾਲ ਹੋਰ ਵਿਤਕਰੇ ਕਰਨੇ ਸ਼ੁਰੂ ਕਰ ਦਿੱਤੇ।

# ਪੱਤਰਕਾਰ ਪੰਨੂ ਬਲਾਤਕਾਰ ਦੇ ਦੋਸ਼ ਚ ਗ੍ਰਿਫਤਾਰ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਦੀ ਇਕ ਮਹਿਲਾ ਮੁਲਾਜ਼ਮ ਵੱਲੋਂ ਲਾਏ ਗਏ ਬਲਾਤਕਾਰ ਦੇ ਦੋਸ਼ਾਂ ਤਹਿਤ ਸਥਾਨਕ ਪੁਲਿਸ ਨੇ ਇਕ ਕੈਨੇਡੀਅਨ ਰੇਡੀਓ ਦੇ ਪੱਤਰਕਾਰ ਬਲਤੇਜ ਪੰਨੂ ਨੂੰ ਗ੍ਰਿਫਤਾਰ ਕਰ ਲਿਆ ਹੈ।

ਸ਼ਿਕਾਇਤਕਰਤਾ ਨੇ ਪੰਨੂ ਖਿਲਾਫ ਵਿਆਹ ਦਾ ਝਾਂਸਾ ਦੇ ਕੇ ਜਬਰ ਜਨਾਹ ਕਰਨ ਦੇ ਦੋਸ਼ ਲਾਏ ਹਨ। ਸੂਤਰਾਂ ਅਨੁਸਾਰ ਇਸ ਮਹਿਲਾ ਨੇ ਦੋਸ਼ ਲਾਏ ਹਨ ਕਿ ਉਸ ਦਾ ਤਲਾਕ ਹੋ ਗਿਆ ਸੀ, ਜਿਸ ਬਾਅਦ ਬਲਤੇਜ ਪੰਨੂ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਜਬਰ ਜਨਾਹ ਕਰਦਾ ਰਿਹਾ। ਰਣਜੀਤਾ ਕੌਰ ਪਨੂੰ ਨੇ ਆਪਣੇ ਪਤੀ ਖਿਲਾਫ ਦਰਜ ਕੀਤੇ ਗਏ ਕੇਸ ਨੂੰ ਝੂਠਾ ਕਰਾਰ ਦਿੰਦਿਆਂ ਕਿਹਾ ਕਿ ਅਸਲ ਵਿਚ ਉਨ੍ਹਾਂ ਨੂੰ ਸੱਚ ਬੋਲਣ ਦੀ ਸਜ਼ਾ ਦਿੱਤੀ ਗਈ ਹੈ ਕਿਉਂਕਿ ਉਹ ਅਕਸਰ ਸੋਸ਼ਲ ਮੀਡੀਆ ਤੇ ਆਪਣੀ ਡਿਊਟੀ ਦੌਰਾਨ ਸਰਕਾਰ ਦੇ ਕਾਰਨਾਮਿਆਂ ਤੇ ਹੋਰ ਲੋਕ ਵਿਰੋਧੀ ਕਾਰਵਾਈਆਂ ਨੂੰ ਉਭਾਰਦੇ ਰਹਿੰਦੇ ਹਨ। ਇਸ ਕਰਕੇ ਪੁਲਿਸ ਵੱਲੋਂ ਉਨ੍ਹਾਂ ਨੂੰ ਇਸ ਕੇਸ ਵਿਚ ਫਸਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕੁਝ ਦਿਨਾਂ ਤੋਂ ਪੰਜਾਬ ਦੇ ਇਕ ਮੰਤਰੀ ਦੇ ਗੰਨਮੈਨ ਵੱਲੋਂ ਵੀ



ਧਮਕੀਆਂ ਦਿੱਤੀਆਂ ਜਾ ਰਹੀਆਂ ਸਨ ਕਿ ਉਹ ਜਲਦੀ ਪੁਲੀਸ ਦੇ ਸ਼ਿਕੰਜੇ ਵਿਚ ਹੋਵੇਗਾ, ਜਿਸ ਦਾ ਬਲਤੇਜ ਪਨੂੰ ਨੇ ਆਪਣੇ ਫੇਸਬੁੱਕ ਪੇਜ 'ਤੇ ਜ਼ਿਕਰ ਵੀ ਕੀਤਾ ਸੀ। ਉਨ੍ਹਾਂ ਨੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਮੰਗੀ ਹੈ।

## ਪੰਨੂ ਦੇ ਹੱਕ ਵਿਚ ਨਿੱਤਰੀ ਆਮ ਆਦਮੀ ਪਾਰਟੀ

**ਚੰਡੀਗੜ੍ਹ:** ਕੈਨੇਡੀਅਨ ਪੱਤਰਕਾਰ ਬਲਤੇਜ ਪੰਨੂ ਦੇ ਪੱਖ ਵਿਚ ਆਈ ਆਮ ਆਦਮੀ ਪਾਰਟੀ ਨੇ ਪਟਿਆਲਾ ਵਿਚ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਹੈ। ਉਨ੍ਹਾਂ ਬਲਤੇਜ ਪੰਨੂ ਖਿਲਾਫ ਬਲਾਤਕਾਰ ਦਾ ਕੇਸ ਬਿਨਾਂ ਪੜਤਾਲ ਤੋਂ ਦਰਜ ਕੀਤੇ ਜਾਣ ਦੀ ਨਿਖੇਧੀ ਕੀਤੀ। ਪੰਨੂ ਦੇ ਹੱਕ ਵਿਚ ਸੰਘਰਸ਼ ਦੀ ਅਗਵਾਈ ਪਟਿਆਲਾ ਜੋਨ ਦੇ ਇੰਚਾਰਜ ਡਾ. ਬਲਬੀਰ ਸਿੰਘ ਕਰ ਰਹੇ ਸਨ।

ਇਸ ਮੌਕੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪ੍ਰੈੱਸ ਦੀ ਆਜ਼ਾਦੀ 'ਤੇ ਡਾਕਾ ਨਾ ਮਾਰੇ। ਉਨ੍ਹਾਂ ਵੱਲੋਂ ਇਲਜ਼ਾਮ ਲਗਾਇਆ ਗਿਆ ਕਿ ਪੰਜਾਬ ਸਰਕਾਰ ਨੇ ਪੁਲਿਸ 'ਤੇ ਦਬਾਅ ਪਾ ਕੇ ਪੱਤਰਕਾਰ ਪੰਨੂ ਖਿਲਾਫ ਬਲਾਤਕਾਰ ਦਾ ਕੇਸ ਦਰਜ ਕਰਾਇਆ ਹੈ ਤੇ ਪੰਜਾਬ ਸਰਕਾਰ ਦੀ ਕੋਈ ਵੀ ਚਾਲ ਕਾਮਯਾਬ ਨਹੀਂ ਹੋਣ ਦਿੱਤੀ ਜਾਵੇਗੀ।

# ਇਕਸਾਰ ਵੈਟ ਫਾਰਮੂਲੇ ਦਾ ਫਾਇਦਾ ਲੈ ਗਏ ਪੰਜਾਬ ਦੇ ਗੁਆਂਢੀ

**ਜਲੰਧਰ:** ਤੇਲ ਉਤੇ ਵੈਟ ਦੀ ਦਰ ਇਕ ਕਰਨ ਦੀ ਮੁਹਿੰਮ ਭਾਵੇਂ ਪੰਜਾਬ ਸਰਕਾਰ ਨੇ ਸ਼ੁਰੂ ਕੀਤੀ ਸੀ, ਪਰ ਇਸ ਦਾ ਫਾਇਦਾ ਉਲਟਾ ਪੰਜਾਬ ਦੇ ਗੁਆਂਢੀ ਰਾਜਾਂ ਨੂੰ ਹੀ ਮਿਲਣਾ ਸ਼ੁਰੂ ਹੋ



ਗਿਆ ਹੈ। ਪੈਟਰੋਲ 'ਤੇ ਵੈਟ ਬਾਰੇ ਕੋਈ ਫੈਸਲਾ ਨਾ ਹੋਣ ਕਰਕੇ ਗੁਆਂਢੀ ਰਾਜਾਂ ਦੇ ਪੰਪਾਂ ਮਾਲਕਾਂ ਨੂੰ ਪਹਿਲਾਂ ਦੀ ਵਾਂਗੂ ਹੀ ਪੈਟਰੋਲ ਦੀ ਜ਼ਿਆਦਾ ਵਿਕਰੀ ਮਿਲ ਰਹੀ ਹੈ। ਪੰਜਾਬ ਦੇ ਪੰਪ ਮਾਲਕਾਂ ਨੂੰ ਆਸ ਸੀ ਕਿ ਡੀਜ਼ਲ 'ਤੇ ਵੈਟ ਦੀ ਦਰ ਇਕ ਹੋਣ ਤੋਂ ਬਾਅਦ ਪੰਜਾਬ ਦੇ ਸਰਹੱਦੀ ਪੰਪਾਂ ਉਤੇ ਰੌਣਕਾਂ ਵਧ ਜਾਣਗੀਆਂ, ਪਰ ਇਸ ਦਾ ਕੋਈ ਜ਼ਿਆਦਾ ਫਾਇਦਾ ਨਹੀਂ ਹੋਇਆ ਹੈ।

ਪੰਪ ਮਾਲਕਾਂ ਮੁਤਾਬਕ ਅਜੇ ਵੀ ਪੰਜਾਬ ਦੀ ਸਰਹੱਦ ਉਤੇ ਲੱਗੇ ਪੰਪਾਂ 'ਤੇ ਡੀਜ਼ਲ ਗੁਆਂਢੀ ਰਾਜਾਂ ਨਾਲੋਂ 50 ਪੈਸੇ ਤੋਂ ਲੈ ਕੇ 1.50 ਰੁਪਏ ਸਸਤਾ ਹੈ ਜਿਸ ਕਰਕੇ ਗੱਡੀਆਂ ਗੁਆਂਢੀ ਰਾਜਾਂ ਵਿਚੋਂ ਹੀ ਡੀਜ਼ਲ ਭਰਵਾ ਰਹੀਆਂ ਹਨ। ਇਸ ਵੇਲੇ ਪੰਜਾਬ ਵਿਚ 36 ਫੀਸਦੀ ਵੈਟ ਜ਼ਿਆਦਾ ਹੋਣ ਕਰਕੇ ਪੰਜਾਬ ਦੇ ਮੁਕਾਬਲੇ ਹਰਿਆਣਾ ਵਿਚ ਪੈਟਰੋਲ 5.24 ਰੁਪਏ, ਦਿੱਲੀ ਵਿਚ 6.40 ਰੁਪਏ, ਹਿਮਾਚਲ ਵਿਚ 4.28 ਰੁਪਏ ਤੇ ਚੰਡੀਗੜ੍ਹ ਵਿਚ 7.37 ਰੁਪਏ ਪ੍ਰਤੀ ਲੀਟਰ ਸਸਤਾ ਹੈ। ਪੈਟਰੋਲ ਪੰਪ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਦੋਆਬਾ ਨੇ ਦੱਸਿਆ ਕਿ ਪੈਟਰੋਲ 'ਤੇ ਵੈਟ ਦੀ ਦਰ ਨਾ ਘਟਾਉਣ ਦੇ ਮਾਮਲੇ ਵਿਚ ਛੇ ਨੂੰ ਪੰਪ ਮਾਲਕਾਂ ਦੀ ਮੀਟਿੰਗ ਸੱਦੀ ਹੈ ਤੇ ਇਸ ਮਾਮਲੇ 'ਤੇ ਵਿਚਾਰ ਕਰਕੇ ਸਰਕਾਰ ਨਾਲ ਗੱਲਬਾਤ ਦਾ ਫੈਸਲਾ ਕੀਤਾ ਜਾ ਸਕਦਾ ਹੈ।

**Matrimonial**

ਕੰਨਿਆ ਦੀ ਲੋੜ ਹੈ

Suitable match for handsome Nai boy, 27 years, 5'-9'', BBA (convent), Industrialist, family now in USA, marriage possible in USA/Canada. Contact: 646-318-1589

49-

# ਸਰਹੱਦੀ ਪਿੰਡਾਂ ਦੇ ਵਿਕਾਸ ਲਈ ਆਈ ਗ੍ਰਾਂਟ ਡਕਾਰ ਗਈ ਅਫਸਰਸ਼ਾਹੀ

**ਮੁਹਾਲੀ:** ਪੰਜਾਬ ਦੇ ਸਰਹੱਦੀ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਆਈ ਇਕ ਅਰਬ ਦੀ ਗਰਾਂਟ ਸਬੰਧੀ ਘਪਲੇਬਾਜ਼ੀ ਦਾ ਖੁਲਾਸਾ ਹੋਇਆ ਹੈ। ਇਸ ਮਾਮਲੇ ਵਿਚ ਪੰਚਾਇਤ ਯੂਨੀਅਨ ਨੇ ਅਕਾਲੀ-ਭਾਜਪਾ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਇਸ ਕਾਰਨ ਪਹਿਲਾਂ ਹੀ ਸੰਕਟ ਵਿਚ ਫਸੇ ਹਾਕਮਾਂ ਦੀਆਂ ਪਰੇਸ਼ਾਨੀਆਂ ਵਧ ਗਈਆਂ ਹਨ। ਪੰਚਾਇਤ ਯੂਨੀਅਨ ਪੰਜਾਬ ਦੀ ਸ਼ਿਕਾਇਤ ਸਬੰਧੀ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸਰਕਾਰ ਦੀ ਜਵਾਬ ਤਲਬੀ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਵਿਜੀਲੈਂਸ ਬਿਊਰੋ ਅਤੇ ਸੀ.ਬੀ.ਆਈ. ਨੂੰ ਵੀ ਨੋਟਿਸ ਜਾਰੀ ਕਰ ਕੇ 29 ਜਨਵਰੀ 2016 ਤੱਕ ਜਾਂਚ ਰਿਪੋਰਟ ਦੇਣ ਲਈ ਕਿਹਾ ਹੈ। ਯੂਨੀਅਨ ਨੇ ਕੁਝ ਸਮਾਂ ਪਹਿਲਾਂ ਸੀ.ਬੀ.ਆਈ. ਨੂੰ ਵੀ ਸ਼ਿਕਾਇਤ ਦਿੱਤੀ ਸੀ।

ਪੰਚਾਇਤ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਹਰਮਿੰਦਰ ਸਿੰਘ ਮਾਵੀ ਤੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਕੁੰਭੜਾ ਨੇ ਪੰਚਾਇਤ ਵਿਭਾਗ ਦੇ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਪੁਲਿਸ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਪੰਜਾਬ ਦੇ ਸਰਹੱਦੀ ਇਲਾਕਿਆਂ ਅੰਮ੍ਰਿਤਸਰ, ਫਿਰੋਜ਼ਪੁਰ ਤੇ ਗੁਰਦਾਸਪੁਰ ਵਿਚ ਮਗਨਰੇਗਾ ਸਕੀਮ ਤਹਿਤ ਮਿਲੇ ਤਕਰੀਬਨ 60 ਕਰੋੜ ਰੁਪਏ ਦੇ ਫੰਡਾਂ ਵਿਚ ਵੱਡੇ ਪੱਧਰ ਉਤੇ ਘਪਲਾ ਕਰਨ ਦਾ ਦੋਸ਼ ਲਾਇਆ ਹੈ। ਆਗੂਆਂ ਨੇ ਕਿਹਾ ਕਿ 18 ਨਵੰਬਰ 2010 ਨੂੰ ਮੁਹਾਲੀ ਦੀ ਜੂਹ ਵਿਚ ਪੈਂਦੇ ਪਿੰਡ ਬਲੌਂਗੀ, ਸੋਹਾਣਾ, ਕੰਬਾਲਾ, ਕੰਬਾਲੀ, ਚਾਚੂ ਮਾਜਰਾ, ਬਾਕਰਪੁਰ, ਮਾਣਕ ਮਾਜਰਾ, ਬੱਲੋਮਾਜਰਾ ਤੇ ਬਹਿਲੋਲਪੁਰ ਸਮੇਤ ਤਕਰੀਬਨ ਡੇਢ ਦਰਜਨ ਪਿੰਡਾਂ ਦੇ ਵਿਕਾਸ ਲਈ ਪੰਚਾਇਤੀ ਰਾਜ ਵਿਭਾਗ ਨੂੰ 30 ਕਰੋੜ ਰੁਪਏ ਦੀ ਗਰਾਂਟ ਰਿਲੀਜ਼ ਹੋਈ ਸੀ। ਇਥੋਂ ਦੇ ਫੇਜ਼-8 ਵਿਚ ਵਿਕਾਸ ਭਵਨ ਦੀ ਇਮਾਰਤ ਦੀ ਉਸਾਰੀ ਲਈ ਪੰਚਾਇਤਾਂ ਦੇ ਫੰਡਾਂ ਵਿਚੋਂ 10 ਕਰੋੜ ਰੁਪਏ ਖਰਚੇ ਗਏ ਹਨ।

ਉਨ੍ਹਾਂ ਦੋਸ਼ ਲਾਇਆ ਕਿ ਉਕਤ ਕੰਮ ਨਿਯਮਾਂ ਮੁਤਾਬਕ ਨਹੀਂ ਕੀਤੇ ਗਏ ਹਨ ਅਤੇ ਇਨ੍ਹਾਂ ਸਾਰੇ ਪ੍ਰੋਜੈਕਟਾਂ ਦੇ ਨਿਰਮਾਣ ਲਈ ਘਟੀਆ ਸਮੱਗਰੀ ਵਰਤੀ ਗਈ ਹੈ। ਆਗੂਆਂ ਨੇ ਦੱਸਿਆ ਕਿ 13 ਮਈ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਪੰਚਾਇਤੀ ਰਾਜ ਵਿਭਾਗ ਦੇ ਅਧਿਕਾਰੀ ਵੱਲੋਂ ਫੰਡਾਂ ਵਿਚ ਕੀਤੀ ਹੇਰਾਫੇਰੀ ਬਾਰੇ ਸ਼ਿਕਾਇਤ ਦਿੱਤੀ ਗਈ ਸੀ।

ਹਾਈਕੋਰਟ ਦੇ ਜਸਟਿਸ ਫਤਹਿ ਦੀਪ ਸਿੰਘ ਨੇ 22 ਜੁਲਾਈ ਨੂੰ ਵਿਜੀਲੈਂਸ ਬਿਊਰੋ ਦੇ ਡੀ.ਜੀ.ਪੀ. ਨੂੰ ਉੱਚ ਪੱਧਰੀ ਜਾਂਚ ਦੇ ਹੁਕਮ ਜਾਰੀ ਕਰਦਿਆਂ 15 ਦਿਨਾਂ ਵਿਚ ਪੜਤਾਲੀਆਂ ਰਿਪੋਰਟ ਦੇਣ ਲਈ ਕਿਹਾ ਸੀ ਅਤੇ ਡੀ.ਜੀ.ਪੀ. ਨੇ ਅੱਗੇ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਦੇ ਐਸ.ਪੀ. ਰੈਂਕ ਦੇ ਅਧਿਕਾਰੀ ਨੂੰ ਸੌਂਪੀ ਗਈ ਸੀ।

## ਓਬਾਮਾ ਨੇ ਖਰੀਦੀ ਰਸ਼ਦੀ ਦੀ ਕਿਤਾਬ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਆਪਣੀਆਂ ਧੀਆਂ ਸਾਸ਼ਾ ਅਤੇ ਮਾਲੀਆ ਦੇ ਨਾਲ ਕਿਤਾਬਾਂ ਖਰੀਦਣ ਲਈ ਵਾਸ਼ਿੰਗਟਨ ਦੇ ਬੁੱਕ ਸਟੋਰ ਉਤੇ ਗਏ। ਇਸ ਬੁੱਕ ਸਟੋਰ ਵਿਚ ਅਮਰੀਕੀ ਰਾਸ਼ਟਰਪਤੀ ਨੇ ਭਾਰਤੀ ਮੂਲ ਦੇ ਪ੍ਰਸਿੱਧ ਲੇਖਕ ਸਲਮਾਨ ਰਸ਼ਦੀ ਦੀ ਇਕ ਕਿਤਾਬ ਖਰੀਦੀ। ਇਸ ਮੌਕੇ ਰਾਸ਼ਟਰਪਤੀ ਨੇ ਪੱਤਰਕਾਰਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਅਤੇ ਕੁਝ ਸਮਾਂ ਉਥੇ ਰੁਕਣ ਤੋਂ ਬਾਅਦ ਉਹ ਉਥੋਂ ਚਲੇ ਗਏ।



ਵ੍ਹਾਈਟ ਹਾਊਸ ਵਿਚ ਪਹੁੰਚ ਕੇ ਓਬਾਮਾ ਨੇ ਟਵੀਟ ਵੀ ਕੀਤਾ, ਜਿਸ ਵਿਚ ਲਿਖਿਆ ਕਿ ਕਿਤਾਬਾਂ ਦੀ ਦੁਕਾਨ ਉਤੇ ਖਰੀਦਦਾਰੀ ਕਰ ਕੇ ਉਨ੍ਹਾਂ ਨੂੰ ਬਹੁਤ ਅਨੰਦ ਆਇਆ। ਵ੍ਹਾਈਟ ਹਾਊਸ ਤੋਂ ਬਾਹਰ ਆ ਕੇ ਓਬਾਮਾ ਨੇ ਕਾਫੀ ਸਮੇਂ ਤੋਂ ਬਾਅਦ ਖਰੀਦਦਾਰੀ ਕੀਤੀ ਹੈ।

**Prince's Barber Shop**

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat-Sunday-9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਪੰਜਾਬ ਟਾਈਮਜ਼

ਸਨਿਚਰਵਾਰ, 5 ਦਸੰਬਰ 2015

## ਕਲਮ ਤੋਂ ਕਟਾਰ ਤੱਕ

ਭਾਰਤ ਵਿਚ ਹੌਲੀ-ਹੌਲੀ ਠੰਢ ਉਤਰ ਰਹੀ ਹੈ, ਪਰ ਸਿਆਸਤ ਦਾ ਪਿੜ ਤੇਜ਼ੀ ਨਾਲ ਠੰਢ ਉਤਾਰ ਰਿਹਾ ਹੈ। ਸੰਸਦ ਦੇ ਸਰਦ ਰੁੱਤ ਦੇ ਸੈਸ਼ਨ ਵਿਚ ਅਸਹਿਣਸ਼ੀਲਤਾ ਦੇ ਮੁੱਦੇ ਉਤੇ ਜਿਸ ਤਰ੍ਹਾਂ ਮੋਦੀ ਸਰਕਾਰ ਨੂੰ ਖੂੰਜੇ ਵੱਲ ਧੱਕਿਆ ਗਿਆ ਹੈ, ਉਸ ਤੋਂ ਸਾਫ ਜ਼ਾਹਿਰ ਹੋ ਗਿਆ ਹੈ ਕਿ ਇਹ ਸਾਰੀ ਘਾਲ-ਕਮਾਈ ਕਲਮਾਂ ਵਾਲਿਆਂ ਦੀ ਹੈ। ਮੋਦੀ ਸਰਕਾਰ ਦੀਆਂ ਇਨ੍ਹਾਂ ਵਧੀਕੀਆਂ ਖਿਲਾਫ ਪ੍ਰਚੰਡ ਆਵਾਜ਼ ਸਭ ਤੋਂ ਪਹਿਲਾਂ ਕਲਮਾਂ ਵਾਲਿਆਂ ਨੇ ਹੀ ਬੁਲੰਦ ਕੀਤੀ ਸੀ ਅਤੇ ਅੱਜ ਇਹ ਕਲਮ, ਕਟਾਰ ਬਣ ਕੇ ਦੋਖੀ ਸਿਆਸਤਦਾਨਾਂ ਦੇ ਪੜਛੇ ਲਾਹ ਰਹੀ ਹੈ। ਇਸ ਤੋਂ ਇਕ ਵਾਰ ਫਿਰ ਇਹ ਵੀ ਸਾਬਤ ਹੋ ਗਿਆ ਹੈ ਕਿ ਕਲਮ ਦਾ ਵਾਰ, ਤਲਵਾਰ ਦੇ ਵਾਰ ਨਾਲੋਂ ਕਿਤੇ ਵੱਧ ਤਿੱਖਾ ਅਤੇ ਕਾਰਗਰ ਹੁੰਦਾ ਹੈ। ਸਿਆਸੀ ਪਿੜ ਦੇ ਕਈ ਆਗੂ ਭਾਵੇਂ ਕਲਮ ਦੇ ਇਸ ਤੇਜ਼ ਨੂੰ ਅਕਸਰ ਘਟਾ ਕੇ ਦੇਖਦੇ ਰਹੇ ਹਨ ਅਤੇ ਕਈ ਵਾਰ ਤਾਂ ਕਲਮ ਦੀ ਥਾਂ ਤਲਵਾਰ ਵਾਹੁਣ ਉਤੇ ਹੀ ਜ਼ੋਰ ਦਿੱਤਾ ਜਾਂਦਾ ਰਿਹਾ ਹੈ, ਪਰ ਹਾਲ ਹੀ ਦੀਆਂ ਘਟਨਾਵਾਂ ਤੋਂ ਬਾਅਦ ਜੋ ਰੋਲ ਕਲਮਾਂ ਦੇ ਕਾਫਲੇ ਨੇ ਨਿਭਾਇਆ ਹੈ, ਉਸ ਨੇ ਇਹ ਸਭ ਭੁਲੇਖੇ ਦੂਰ ਕਰ ਦਿੱਤੇ ਹਨ। ਇਹ ਗੱਲ ਤਾਂ ਭਾਵੇਂ ਠੀਕ ਹੈ ਕਿ ਮੋਦੀ ਸਰਕਾਰ ਅਤੇ ਇਸ ਦੇ ਕਾਰਿੰਦੇ, ਭਾਰਤੀ ਸਮਾਜ ਅੰਦਰ ਵੰਡੀਆਂ ਪਾਉਣ ਵਾਲੇ ਪਾਸੇ ਕੁਝ-ਕੁਝ ਕਾਮਯਾਬ ਜ਼ਰੂਰ ਹੋ ਗਏ ਹਨ, ਪਰ ਇਕ ਗੱਲ ਚਿੱਟੇ ਦਿਨ ਵਾਂਗ ਸਾਫ ਹੋ ਗਈ ਹੈ ਕਿ ਉਹ ਸੱਤਾ ਦੇ ਜ਼ੋਰ ਚੰਮ ਦੀਆਂ ਵੀ ਨਹੀਂ ਚਲਾ ਸਕਦੇ ਅਤੇ ਉਨ੍ਹਾਂ ਨੂੰ ਪੈਰ-ਪੈਰ 'ਤੇ ਜਵਾਬ ਦੇਣਾ ਪਵੇਗਾ।

ਸਰਦ ਰੁੱਤ ਦੇ ਸੈਸ਼ਨ ਤੋਂ ਪਹਿਲਾਂ ਸਰਕਾਰ ਨੇ ਸੰਵਿਧਾਨ ਵਿਚ ਸੋਧ ਦਾ ਮਾਮਲਾ ਵਾਰਵਾ ਭਖਾਇਆ ਹੋਇਆ ਸੀ। ਪੂਰਨ ਬਹੁਮਤ ਹੋਣ ਕਾਰਨ ਸਰਕਾਰ ਚਲਾਉਣ ਵਾਲਿਆਂ ਨੇ ਸੋਚਿਆ ਵੀ ਇਹੀ ਹੋਵੇਗਾ ਕਿ ਮਾੜੀ-ਮੋਟੀ ਦਿੱਕਤ ਤੋਂ ਬਾਅਦ ਉਹ ਸੰਵਿਧਾਨ ਵਿਚ ਲੋੜੀਂਦੀ ਸੋਧ ਕਰਵਾ ਹੀ ਲੈਣਗੇ, ਪਰ ਅਸਹਿਣਸ਼ੀਲਤਾ ਦਾ ਮੁੱਦਾ ਜਿਸ ਢੰਗ ਨਾਲ ਸਿਆਸੀ ਗਲਿਆਰਿਆਂ ਦਾ ਹਿੱਸਾ ਬਣਿਆ ਹੈ, ਸਰਕਾਰ ਨੂੰ ਹਾਲ ਦੀ ਘੜੀ ਪਿਛੇ ਹਟਣਾ ਪੈ ਗਿਆ ਹੈ। ਵੱਖ-ਵੱਖ ਮੰਚਾਂ ਉਤੇ ਕਲਮਾਂ ਵਾਲਿਆਂ ਨੇ ਜੋ ਪੈੜਾਂ ਪਾਈਆਂ ਹਨ, ਅਦਾਕਾਰ ਆਮਿਰ ਖਾਨ ਵਰਗਿਆਂ ਨੇ ਆਪਣੀਆਂ ਟਿੱਪਣੀਆਂ ਰਾਹੀਂ ਉਸ ਨੂੰ ਹੀ ਅਗਾਂਹ ਵਧਾਇਆ ਹੈ। ਆਮਿਰ ਖਾਨ ਦੀ ਟਿੱਪਣੀ ਤੋਂ ਵਧੇ ਵਿਵਾਦ ਦਾ ਜਵਾਬ ਦਿੰਦਿਆਂ ਸਰਕਾਰ ਦੇ ਮੰਤਰੀ ਖੁਦ ਹੀ ਫਸ ਗਏ ਪ੍ਰਤੀਤ ਹੋ ਰਹੇ ਸਨ। ਸੰਵਿਧਾਨ ਦੇ ਹਵਾਲੇ ਨਾਲ ਮੰਤਰੀ ਨੇ ਕਹਿ ਸੁਣਾਇਆ ਕਿ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਨੇ ਲੱਖ ਮੁਸੀਬਤਾਂ ਝੱਲਣ ਦੇ ਬਾਵਜੂਦ ਕਦੀ ਮੁਲਕ ਛੱਡਣ ਬਾਰੇ ਨਹੀਂ ਸੀ ਸੋਚਿਆ, ਜਿਸ ਤਰ੍ਹਾਂ ਆਮਿਰ ਖਾਨ ਦਾ ਪਰਿਵਾਰ ਸੋਚਣ ਲੱਗ ਪਿਆ ਸੀ। ਇਸ 'ਤੇ ਮੀਡੀਆ ਅੰਦਰ ਇਕਦਮ ਇਹ ਬਹਿਸ ਭਖ ਪਈ ਕਿ ਡਾਕਟਰ ਅੰਬੇਦਕਰ ਨੇ ਮੁਲਕ ਭਾਵੇਂ ਨਹੀਂ ਸੀ ਛੱਡਿਆ, ਪਰ ਉਨ੍ਹਾਂ ਉਹ ਧਰਮ ਜ਼ਰੂਰ ਛੱਡ ਦਿੱਤਾ ਸੀ ਜੋ ਸਦੀਆਂ ਤੋਂ ਉਸ ਵਰਗੇ ਹੋਰ ਲੱਖਾਂ ਜਿਉੜਿਆਂ ਨਾਲ ਵਿਤਕਰਾ ਕਰਦਾ ਆ ਰਿਹਾ ਸੀ। ਦੱਸਣਾ ਜ਼ਰੂਰੀ ਹੈ ਕਿ ਡਾਕਟਰ ਅੰਬੇਦਕਰ ਨੇ ਆਪਣੇ ਅਨੁਯਾਈਆਂ ਸਮੇਤ ਹਿੰਦੂ ਧਰਮ ਨੂੰ ਅਲਵਿਦਾ ਆਖ ਕੇ ਬੁੱਧ ਧਰਮ ਅਪਨਾ ਲਿਆ ਸੀ। ਇਹ ਅਸਲ ਵਿਚ ਉਨ੍ਹਾਂ ਦਾ ਜਾਤ ਆਧਾਰਿਤ ਵਿਤਕਰੇ ਖਿਲਾਫ ਪ੍ਰਚੰਡ ਰੋਹ ਹੀ ਸੀ। ਜੇ ਰਤਾ ਕੁ ਕੜੀਆਂ ਜੋੜੀਆਂ ਜਾਣ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਕਲਮਾਂ ਵਾਲਿਆਂ ਦੇ ਕਾਫਲੇ ਨੇ ਵੀ ਇਉਂ ਜ਼ਿਆਦਤੀਆਂ ਖਿਲਾਫ ਪ੍ਰਚੰਡ ਰੋਹ ਅਤੇ ਰੋਸ ਦਾ ਪ੍ਰਗਟਾਵਾ ਹੀ ਕੀਤਾ ਹੈ।

ਇਕ ਗੱਲ ਤਾਂ ਸਪਸ਼ਟ ਹੈ ਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਮਾਂ ਜਥੇਬੰਦੀ, ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦਾ ਮੁੱਖ ਏਜੰਡਾ ਭਾਰਤ ਨੂੰ ਹਿੰਦੂ ਰਾਸ਼ਟਰ ਵੱਲ ਲੈ ਕੇ ਜਾਣਾ ਹੀ ਹੈ। ਇਨ੍ਹਾਂ ਦੋਹਾਂ ਅਤੇ ਇਨ੍ਹਾਂ ਦੀਆਂ ਜੋਟੀਦਾਰ ਜਥੇਬੰਦੀਆਂ ਦੀਆਂ ਸਭ ਸਰਗਰਮੀਆਂ ਇਸ ਪਾਸੇ ਹੀ ਸੇਧਤ ਹਨ। ਕੇਂਦਰ ਵਿਚ ਸੱਤਾ ਸੰਭਾਲਣ ਤੋਂ ਬਾਅਦ ਇਨ੍ਹਾਂ ਸਰਗਰਮੀਆਂ ਵਿਚ ਪਿਛਲੇ ਇਕ-ਡੇਢ ਸਾਲ ਤੋਂ ਚੋਖਾ ਵਾਧਾ ਵੀ ਰਿਕਾਰਡ ਹੋਇਆ ਹੈ। ਸਰਕਾਰੀ ਅਤੇ ਅਰਧ-ਸਰਕਾਰੀ ਸੰਸਥਾਵਾਂ ਅੰਦਰ ਅਜਿਹੀ ਸੋਚ ਵਾਲੇ ਅਫਸਰਾਂ ਅਤੇ ਬੁੱਧੀਜੀਵੀਆਂ ਦੀ ਨਿਯੁਕਤੀ ਕੀਤੀ ਜਾ ਰਹੀ ਹੈ, ਜਿਹੜੇ ਇਸ ਦੀ ਇਸ ਵਿਸ਼ੇਸ਼ ਸੋਚ ਨੂੰ ਪ੍ਰਨਾਏ ਹੋਏ ਹਨ। ਇਹੀ ਨਹੀਂ, ਵੱਖ-ਵੱਖ ਢੰਗ-ਤਰੀਕਿਆਂ ਰਾਹੀਂ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ ਜੋ ਇਨ੍ਹਾਂ ਦਾ ਮਕਸਦ ਪੂਰਾ ਕਰਨ ਵਿਚ ਸਹਾਈ ਹੋ ਰਿਹਾ ਹੈ, ਪਰ ਇਨ੍ਹਾਂ ਸੰਸਥਾਵਾਂ ਦਾ ਜਿੰਨਾ ਤਿੱਖਾ ਵਿਰੋਧ ਸੰਸਦ ਅਤੇ ਸੰਸਦ ਤੋਂ ਬਾਹਰ ਹੋਇਆ ਹੈ, ਉਸ ਨੇ ਦਰਸਾ ਦਿੱਤਾ ਹੈ ਕਿ ਇਹ ਜਥੇਬੰਦੀਆਂ ਆਪਣੀ ਮਰਜ਼ੀ ਨਹੀਂ ਚਲਾ ਸਕਦੀਆਂ। ਇਨ੍ਹਾਂ ਸੰਸਥਾਵਾਂ ਖਿਲਾਫ ਉਠਿਆ ਰੋਹ ਹਾਲ ਹੀ ਵਿਚ ਬਿਹਾਰ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵੀ ਜ਼ਾਹਿਰ ਹੋਇਆ ਹੈ। ਇਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਅਤੇ ਇਸ ਨਾਲ ਸਬੰਧਤ ਲਾਣੇ ਨੂੰ ਮੂੰਹ ਦੀ ਖਾਣੀ ਪਈ ਹੈ। ਇਹ ਠੀਕ ਹੈ ਕਿ ਬਿਹਾਰ ਵਿਚ ਜਿਨ੍ਹਾਂ ਲੋਕਾਂ ਕੋਲ ਸੱਤਾ ਆਈ ਹੈ, ਉਨ੍ਹਾਂ ਦਾ ਭ੍ਰਿਸ਼ਟਾਚਾਰ ਅਤੇ ਕੁਝ ਹੋਰ ਮਾਮਲਿਆਂ ਬਾਰੇ ਰਿਕਾਰਡ ਸਾਫ-ਸੁਥਰਾ ਨਹੀਂ, ਪਰ ਹਿੰਦੁਤਵੀ ਮੁਹਿੰਮ ਨੂੰ ਡੱਕਣ ਦਾ ਜੋ ਜੇਰਾ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੇ ਦਿਖਾਇਆ ਹੈ, ਉਸ ਨੇ ਆਸ ਦੀ ਕਿਰਨ ਜ਼ਰੂਰ ਜਗਾਈ ਹੈ ਅਤੇ ਮੁਲਕ ਦੀਆਂ ਸੰਜੀਦਾ ਧਿਰਾਂ ਨੂੰ ਸੁਨੇਹਾ ਦਿੱਤਾ ਹੈ ਕਿ ਹਿੰਦੁਤਵ ਦੀ ਕਾਂਗ ਨੂੰ ਇਉਂ ਵੀ ਡੱਕਿਆ ਜਾ ਸਕਦਾ ਹੈ। ਹੁਣ ਆਉਣ ਵਾਲੇ ਸਮੇਂ ਦੌਰਾਨ ਪੰਜਾਬ ਸਮੇਤ ਕੁਝ ਹੋਰ ਸੂਬਿਆਂ ਅੰਦਰ ਵੀ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਸੇ ਲਈ ਹੁਣ ਸਭ ਦੀਆਂ ਨਜ਼ਰਾਂ ਇਸੇ ਪਾਸੇ ਹੀ ਲੱਗੀਆਂ ਹੋਈਆਂ ਹਨ ਕਿ ਇਨ੍ਹਾਂ ਚੋਣਾਂ ਦੌਰਾਨ ਸਿਆਸੀ ਪਿੜਾਂ ਅੰਦਰ ਕਿਸ-ਕਿਸ ਤਰ੍ਹਾਂ ਦੀਆਂ ਸਫਬੰਦੀਆਂ ਬਣਦੀਆਂ ਹਨ। ਇਹ ਸੰਭਵ ਹੈ ਕਿ ਇਹ ਨਵੀਂਆਂ ਸਫਬੰਦੀਆਂ ਭਾਰਤ ਦੀ ਸਿਆਸਤ ਵਿਚ ਕੋਈ ਨਿਵੇਕਲਾ ਅਤੇ ਨਿਆਰਾ ਰਾਹ ਨਾ ਲੱਭ ਸਕਣ, ਪਰ ਇਕ ਗੱਲ ਤਾਂ ਤੈਅ ਹੈ ਕਿ ਇਹ ਸਫਬੰਦੀਆਂ ਇਸ ਰਾਹ ਵੱਲ ਕੁਝ ਨਾ ਕੁਝ ਇਸ਼ਾਰਾ ਜ਼ਰੂਰ ਕਰ ਦੇਣਗੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪ੍ਰੀਖਿਆ ਪੰਜਾਬੀਆਂ ਦੀ!

ਅੱਗੋਂ ਹੀ ਮੈਦਾਨ ਭਖ ਪਿਆ ਹੈ ਸਤਾਰਾਂ ਵਾਲਾ,
ਪਤਾ ਨਹੀਂ ਹਾਲਾਤ ਹਾਲੇ ਕੈਸੇ ਕੈਸੇ ਆਉਣਗੇ।
ਸ਼ਾਤਰ ਦਿਮਾਗ ਵਾਲੇ ਮੀਸਣੇ ਬੇ-ਰਹਿਮ ਨੇਤਾ,
ਰੱਬ ਜਾਣੇ ਕਿਹਨੂੰ ਕਿਹਦੇ ਨਾਲ ਉਹ ਲੜਾਉਣਗੇ।
ਕਾਗਜ਼ੀ ਵਿਕਾਸ ਵਾਲੀ ਰਾਗਣੀ ਨੂੰ ਗਾਉਣ ਵਾਲੇ,
ਲਾਰੇ-ਗੱਪਾਂ ਵਾਲੇ ਮੈਨੀਫੈਸਟੋ ਲਿਖਾਉਣਗੇ।
'ਪਾਣੀਆਂ ਦਾ ਰਾਖਾ' ਹੋਣ ਨਾਤੇ ਕੋਈ ਵੋਟਾਂ ਮੰਗੂ,
ਦਿੱਲੀ ਵਾਲੀ ਫਤਿਹ ਕੋਈ ਇਥੇ ਤੋਂ ਵੀ ਚਾਹੁਣਗੇ।
ਜ਼ੁਲਮੋ-ਸਿਤਮ ਸਹਿ ਸਹਿ ਗੁੱਸੇ 'ਚ ਪੰਜਾਬ ਵਾਸੀ,
ਇਹ ਤਾਂ ਗੱਲ ਪੱਕੀ ਐ ਕਿ ਤੱਕੜੀ ਭਜਾਉਣਗੇ।
ਹੋਵੇਗੀ ਪ੍ਰੀਖਿਆ ਪੰਜਾਬੀਆਂ ਦੀ ਬੜੀ ਔਖੀ,
ਝਾੜੂ-ਪੰਜੇ ਵਿਚੋਂ ਕਿਹਨੂੰ ਆਪਣਾ ਬਣਾਉਣਗੇ?

# ਅਮਰਿੰਦਰ ਸਿੰਘ ਅਤੇ ਘਰਾਣਾ ਸਿਆਸਤ ਦਾ ਨਾਦੀ ਕੁਨਬਾ

*ਪੰਜਾਬ ਕਾਂਗਰਸ ਦੀ ਜਥੇਬੰਦਕ ਤਬਦੀਲੀ ਤੋਂ ਬਾਅਦ ਪੰਜਾਬ ਦੀ ਸਿਆਸਤ ਵਿਚ ਇਕ ਵਾਰ ਫਿਰ ਹਲਚਲ ਹੋਈ ਹੈ। ਇਸ ਹਲਚਲ ਦਾ ਸਮੁੱਚਾ ਤਾਣਾ 2017 ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਨਾਲ ਸਿੱਧਾ ਜੁੜਿਆ ਹੋਇਆ ਹੈ। ਕਾਂਗਰਸ ਦੀ ਲੀਡਰਸ਼ਿਪ ਨੇ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਸੌਂਪ ਕੇ ਸੱਤਾ ਉਤੇ ਦਾਅਵੇਦਾਰੀ ਦਾ ਐਲਾਨ ਕੀਤਾ ਹੈ। ਇਸ ਸਮੁੱਚੇ ਸਿਆਸੀ ਸੀਨ ਬਾਰੇ ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਮੂਲੋਂ ਹੀ ਵੱਖਰਾ ਵਿਚਾਰ ਸਾਹਮਣੇ ਰੱਖਿਆ ਹੈ। ਉਨ੍ਹਾਂ ਕਿਸੇ ਪਾਰਟੀ ਜਾਂ ਆਗੂ ਦੀ ਥਾਂ, ਪੰਜਾਬ ਦੇ ਹਿਤਾਂ ਨਾਲ ਜੋੜ ਕੇ ਕੁਝ ਗੱਲਾਂ ਜੋੜੀਆਂ ਹਨ। -ਸੰਪਾਦਕ*

ਪੰਜਾਬ ਕਾਂਗਰਸ ਦੀ ਪ੍ਰਧਾਨਗੀ ਮੁੜ ਪਟਿਆਲਾ ਰਿਆਸਤ ਦੇ ਫਰਜ਼ੰਦ ਅਤੇ ਫ਼ੌਜ ਦੇ ਸਾਬਕਾ ਅਫਸਰ ਕੈਪਟਨ ਅਮਰਿੰਦਰ ਸਿੰਘ ਨੂੰ ਮਿਲ ਗਈ ਹੈ। ਅਮਰਿੰਦਰ ਸਿੰਘ ਨੇ ਪੰਜਾਬ ਕਾਂਗਰਸ ਵਿਚ ਆਈ ਖ਼ੁਸ਼ੀ ਦੀ ਲਹਿਰ ਦੇ ਅੰਕੜੇ 'ਇੰਡੀਅਨ ਐਕਸਪ੍ਰੈਸ' ਨਾਲ ਮੁਲਾਕਾਤ ਵਿਚ ਦਿੱਤੇ ਹਨ। ਕਾਂਗਰਸ ਦਾ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਉਨ੍ਹਾਂ ਨੂੰ ਦੋ ਹਜ਼ਾਰ ਟੈਲੀਫ਼ੋਨ, ਛੇ ਹਜ਼ਾਰ ਵਟਸਐਪ ਸੁਨੇਹੇ ਅਤੇ ਸੱਤ ਸੌ ਐਸ.ਐਮ.ਐਸ. ਆਏ ਹਨ। ਫੇਸਬੁੱਕ ਪੰਨੇ ਉਤੇ ਵਧਾਈਆਂ ਦੇ ਸਾਢੇ ਤਿੰਨ ਲੱਖ ਸੁਨੇਹੇ ਆਏ ਹਨ ਅਤੇ ਬਾਰਾਂ ਹਜ਼ਾਰ ਨੇ ਆਪਣੀ ਖ਼ੁਸ਼ੀ ਜ਼ਾਹਿਰ ਕੀਤੀ ਹੈ। ਇਨ੍ਹਾਂ ਅੰਕੜਿਆਂ ਬਾਬਤ ਇਹ ਸੁਆਲ ਮਾਅਨੇ ਨਹੀਂ ਰੱਖਦਾ ਕਿ ਜੇ ਹਰ ਟੈਲੀਫ਼ੋਨ ਸਿਰਫ਼ ਇੱਕ ਮਿੰਟ ਦਾ ਹੋਵੇ ਤਾਂ ਦੋ ਦਿਨਾਂ ਵਿਚ ਤੇਤੀ ਘੰਟਿਆਂ ਦਾ ਸਮਾਂ ਫ਼ੋਨ ਉਤੇ ਕਿਵੇਂ ਲੰਘਿਆ? ਦਰਅਸਲ ਇਹ ਅੰਕੜਾ ਮੌਜੂਦਾ ਦੌਰ



**ਦਲਜੀਤ ਅਮੀ**

ਫੋਨ: +91-97811-21873

ਦੀ ਸਿਆਸਤ ਦਾ ਮੁਹਾਵਰਾ ਹੈ। ਸੂਬਾ ਕਾਂਗਰਸ ਅੰਦਰਲੇ ਕਲੇਸ਼ ਤੋਂ ਇਲਾਵਾ ਹੁਕਮਰਾਨ ਗੱਠਜੋੜ ਤੋਂ ਅਵਾਜ਼ਾਰ ਲੋਕਾਂ ਨੇ ਅਮਰਿੰਦਰ ਦੀ ਪ੍ਰਧਾਨਗੀ ਦਾ ਸੁਆਗਤ ਕੀਤਾ ਹੈ। ਅਕਸ ਮੁਤਾਬਕ ਉਨ੍ਹਾਂ ਤੋਂ ਧੜੱਲੇਦਾਰ ਅਗਵਾਈ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਡੱਕਣ ਦੀ ਤਵੱਕੋ ਕੀਤੀ ਜਾ ਰਹੀ ਹੈ। ਉਨ੍ਹਾਂ ਆਪ ਦਾਅਵਾ ਕੀਤਾ ਹੈ ਕਿ 47 ਸਾਲ ਦਾ ਸਿਆਸੀ ਤਜਰਬਾ ਅਤੇ ਪੰਜ ਸਾਲਾਂ ਦਾ ਮੁੱਖ ਮੰਤਰੀ ਵਜੋਂ ਤਜਰਬਾ ਕੰਮ ਆਏਗਾ।

ਅਮਰਿੰਦਰ ਸਿੰਘ ਦੇ ਤੀਜੀ ਵਾਰ ਪੰਜਾਬ ਕਾਂਗਰਸ ਦਾ ਮੁਖੀ ਬਣਨ ਦੇ ਆਪਣੇ ਮਾਅਨੇ ਹਨ। ਇਨ੍ਹਾਂ ਮਾਅਨਿਆਂ ਨਾਲ ਹੀ ਉਨ੍ਹਾਂ ਤੋਂ ਕੀਤੀ ਜਾ ਰਹੀ ਤਵੱਕੋ ਦੀ ਪੜਚੋਲ ਕੀਤੀ ਜਾ ਸਕਦੀ ਹੈ। ਪੜਚੋਲ ਤੋਂ ਪਹਿਲਾਂ ਉਨ੍ਹਾਂ ਦੀ ਜ਼ਿੰਦਗੀ ਦੀ ਕੁਝ ਤਫ਼ਸੀਲ ਜਾਣ ਲੈਣੀ ਬਣਦੀ ਹੈ। ਉਹ ਸਕੂਲ ਵਿਚ ਰਾਜੀਵ ਗਾਂਧੀ ਨਾਲ ਪੜ੍ਹਿਆ। ਫ਼ੌਜ ਵਿਚ ਦੋ ਵਾਰ ਨੌਕਰੀ ਕੀਤੀ। ਪਹਿਲਾਂ 1963 ਵਿਚ ਭਰਤੀ ਹੋ ਕੇ ਦੋ ਸਾਲ ਦੇ ਅੰਦਰ ਅਸਤੀਫ਼ਾ ਦੇ ਦਿੱਤਾ, ਫਿਰ 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਦੁਬਾਰਾ ਭਰਤੀ ਹੋ ਗਏ। ਉਨ੍ਹਾਂ ਨੂੰ ਉਨ੍ਹਾਂ ਦਾ ਦੋਸਤ ਰਾਜੀਵ ਗਾਂਧੀ ਕਾਂਗਰਸ ਵਿਚ ਲਿਆਇਆ ਅਤੇ 1980 ਵਿਚ ਲੋਕ ਸਭਾ ਚੋਣ ਜਿੱਤੀ। ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਅਮਰਿੰਦਰ ਨੇ ਲੋਕ ਸਭਾ ਤੇ ਕਾਂਗਰਸ ਵਿਚੋਂ ਅਸਤੀਫ਼ਾ ਦੇ ਦਿੱਤਾ ਅਤੇ ਅਕਾਲੀ ਸਿਆਸਤ ਵਿਚ ਹੱਥ ਅਜ਼ਮਾਈ ਕੀਤੀ। ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਵਿਚ ਮੰਤਰੀ ਰਹੇ ਅਤੇ 1992 ਵਿਚ ਆਪਣਾ ਸ਼੍ਰੋਮਣੀ ਅਕਾਲੀ ਦਲ (ਪੰਥਕ) ਬਣਾਇਆ। ਚੋਣਾਂ ਵਿਚ ਹਾਰ ਤੋਂ ਬਾਅਦ ਉਨ੍ਹਾਂ ਦੀ ਪਾਰਟੀ ਕਾਂਗਰਸ ਵਿਚ ਸ਼ਾਮਿਲ ਹੋ ਗਈ। ਉਸ ਵੇਲੇ ਸੋਨੀਆ ਗਾਂਧੀ ਕਾਂਗਰਸ ਦੀ ਅਗਵਾਈ ਸੰਭਾਲ ਚੁੱਕੀ ਸੀ। ਪੁਰਾਣੀ ਪਰਿਵਾਰਕ ਸਾਂਝ ਦੇ ਨਤੀਜੇ ਵਜੋਂ ਅਮਰਿੰਦਰ 1999 ਵਿਚ ਸੂਬਾ ਕਾਂਗਰਸ ਦੇ ਪ੍ਰਧਾਨ ਅਤੇ 2002 ਵਿਚ ਪੰਜਾਬ ਦੇ ਮੁੱਖ ਮੰਤਰੀ ਬਣੇ। ਕਾਂਗਰਸ ਪਹਿਲਾਂ 2007 ਅਤੇ ਉਸ ਤੋਂ ਬਾਅਦ 2012 ਵਿਚ ਵਿਧਾਨ ਸਭਾ ਚੋਣਾਂ ਹਾਰੀ। ਅਮਰਿੰਦਰ ਦੂਜੀ ਵਾਰ 2010 ਵਿਚ ਸੂਬਾ ਕਾਂਗਰਸ ਦੇ ਮੁਖੀ ਬਣੇ ਅਤੇ ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਮੋਗਾ ਜ਼ਿਮਨੀ ਚੋਣ ਵਿਚ ਹਾਰ ਤੋਂ ਬਾਅਦ ਉਨ੍ਹਾਂ ਨੂੰ ਪ੍ਰਧਾਨਗੀ ਛੱਡਣੀ ਪਈ।

ਅਮਰਿੰਦਰ ਸਿੰਘ ਨੇ ਪ੍ਰਤਾਪ ਸਿੰਘ ਬਾਜਵਾ ਦਾ ਸੂਬਾ ਕਾਂਗਰਸ ਦੇ ਪ੍ਰਧਾਨ ਵਜੋਂ ਲਗਾਤਾਰ ਵਿਰੋਧ ਕੀਤਾ। ਇਸੇ ਦੌਰਾਨ ਉਨ੍ਹਾਂ ਨੇ 2014 ਦੀ ਲੋਕ ਸਭਾ ਚੋਣ ਅੰਮ੍ਰਿਤਸਰ ਤੋਂ ਲੜੀ ਅਤੇ ਭਾਜਪਾ ਦੇ ਕੱਦਾਵਰ ਆਗੂ ਅਰੁਣ ਜੇਤਲੀ ਨੂੰ ਕਰਾਰੀ ਹਾਰ ਦਿੱਤੀ। ਉਹ ਇਸ ਵੇਲੇ ਲੋਕ ਸਭਾ ਵਿਚ ਕਾਂਗਰਸ ਦਲ ਦੇ ਉਪ ਮੁਖੀ ਹਨ। ਉਹ ਲੋਕ ਸਭਾ ਵਿਚੋਂ ਤਕਰੀਬਨ ਗ਼ੈਰ-ਹਾਜ਼ਰ ਰਹੇ ਹਨ। ਲੋਕ ਸਭਾ ਲਈ ਚੁਣੇ ਜਾਣ ਤੋਂ ਪਹਿਲਾਂ ਉਹ 2007 ਤੋਂ ਬਾਅਦ ਵਿਧਾਨ ਸਭਾ ਵਿਚੋਂ ਵੀ ਤਕਰੀਬਨ ਗ਼ੈਰ-ਹਾਜ਼ਰ ਹੀ ਰਹੇ ਸਨ।

ਪੰਜਾਬ ਕਾਂਗਰਸ ਵਿਚ ਬੇਅੰਤ ਸਿੰਘ ਤੋਂ ਬਾਅਦ ਪ੍ਰਧਾਨਗੀ ਦਾ ਸੰਕਟ ਲਗਾਤਾਰ ਕਾਇਮ ਰਿਹਾ ਹੈ। ਵੱਖ-ਵੱਖ ਆਗੂਆਂ ਦੀਆਂ ਦਾਅਵੇਦਾਰੀਆਂ ਅਤੇ ਵਫ਼ਾਦਾਰੀਆਂ ਆਪਸ ਵਿਚ ਟਕਰਾਉਂਦੀਆਂ ਰਹੀਆਂ ਹਨ। ਨਤੀਜੇ ਵਜੋਂ ਸੂਬਾ ਕਾਂਗਰਸ ਕਦੇ ਇੱਕਮੁੱਠ ਨਜ਼ਰ ਨਹੀਂ ਆਈ। ਹੁਣ ਵੀ ਅਹਿਮ ਧੜਿਆਂ ਤੋਂ ਬਿਨਾਂ ਕਈ ਆਗੂਆਂ ਨੂੰ ਹਾਲਾਤ ਵਿਚੋਂ ਦਾਅ ਲੱਗ ਜਾਣ ਦੀ ਆਸ ਸੀ। ਇਹ ਸਾਰੇ ਆਗੂ ਕਿਸੇ ਨਾ ਕਿਸੇ ਤਰ੍ਹਾਂ 10 ਜਨਪਥ ਦੇ ਚੱਕਰ ਲਗਾ ਰਹੇ ਸਨ। ਇਸ ਸਮੇਂ ਦੌਰਾਨ ਸੂਬਾ ਪ੍ਰਧਾਨ ਦੇ ਫ਼ੈਸਲੇ ਦੇ ਮਾਮਲੇ ਵਿਚ ਕਦੇ ਵੀ 24 ਅਕਬਰ ਰੋਡ (ਕਾਂਗਰਸ ਦਾ ਦਫ਼ਤਰ) ਦੀ ਅਹਿਮੀਅਤ ਨਹੀਂ ਰਹੀ। ਅਮਰਿੰਦਰ ਸਿੰਘ ਦਾ ਕਾਂਗਰਸ ਵਿਚ ਦੋਵੇਂ ਵਾਰ ਦਾਖ਼ਲਾ ਗਾਂਧੀ ਪਰਿਵਾਰ ਦੀ ਨੇੜਤਾ ਕਾਰਨ ਹੋਇਆ ਹੈ। ਇਸੇ ਯੋਗਤਾ ਨਾਲ ਉਨ੍ਹਾਂ ਨੂੰ ਸੂਬੇ ਦੀ ਪ੍ਰਧਾਨਗੀ ਅਤੇ ਮੁੱਖ ਮੰਤਰੀ ਦਾ ਅਹੁਦਾ ਮਿਲਿਆ। ਪਹਿਲੀ ਵਾਰ ਹੈ ਕਿ ਉਨ੍ਹਾਂ ਦੇ ਮਾਮਲੇ ਵਿਚ ਗਾਂਧੀ ਪਰਿਵਾਰ ਵਿਚ ਸਹਿਮਤੀ ਬਣਨ ਨੂੰ ਸਮਾਂ ਲੱਗਿਆ। ਅਖ਼ਬਾਰਾਂ ਦੀ ਖ਼ਬਰਾਂ ਮੁਤਾਬਕ ਸੋਨੀਆ ਗਾਂਧੀ ਤਾਂ ਅਮਰਿੰਦਰ ਸਿੰਘ ਦੇ ਪੱਖ ਵਿਚ ਸੀ, ਪਰ ਰਾਹੁਲ ਗਾਂਧੀ ਨਾਖ਼ੁਸ਼ ਸਨ। ਗਾਂਧੀ ਪਰਿਵਾਰ ਦੇ ਫਰਜ਼ੰਦ ਦੀ ਨਾਰਾਜ਼ਗੀ ਸਹੇੜਨ ਦੇ ਬਾਵਜੂਦ ਪਟਿਆਲਾ ਰਿਆਸਤ ਦਾ ਫਰਜ਼ੰਦ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਿਆ ਹੈ। ਉਨ੍ਹਾਂ ਦੀ ਪ੍ਰਧਾਨਗੀ ਦਾ ਜਮਹੂਰੀਅਤ ਤੋਂ ਬਿਨਾਂ ਕਿਸੇ ਵੀ ਤਰ੍ਹਾਂ ਦੀ ਸਿਆਸਤ ਨਾਲ ਰਾਬਤਾ ਹੋ ਸਕਦਾ ਹੈ। ਉਹ ਭਾਵੇਂ ਪ੍ਰਤਾਪ ਸਿੰਘ ਬਾਜਵਾ ਦੇ ਮੁਕਾਬਲੇ ਜ਼ਿਆਦਾ ਪ੍ਰਵਾਨਤ ਆਗੂ ਹੋਣ, ਪਰ ਉਨ੍ਹਾਂ ਨੇ ਪਿਛਲੇ ਸਾਲਾਂ ਦੌਰਾਨ ਚੋਣਾਂ ਅਤੇ ਸਿਆਸੀ ਨੁਮਾਇਸ਼ ਵਾਲੀਆਂ ਰੈਲੀਆਂ ਤੋਂ ਬਿਨਾਂ ਸਿਰਫ਼ ਆਪਣੇ ਧੜੇ ਦੇ ਕਾਂਗਰਸੀਆਂ ਨੂੰ ਰਿਆਸਤੀ ਲੰਗਰ ਛਕਾਉਣ ਤੋਂ ਬਿਨਾਂ ਕੁਝ ਨਹੀਂ ਕੀਤਾ।

ਇਸ ਦੌਰਾਨ ਕਾਂਗਰਸ ਵਿਚ ਕਦੇ ਵੀ ਸੂਬੇ ਦੀ ਪ੍ਰਧਾਨਗੀ ਦਾ ਜਮਹੂਰੀਅਤ ਨਾਲ ਫ਼ੈਸਲਾ ਕਰਨ ਦਾ ਵਿਚਾਰ ਤੱਕ ਪੇਸ਼ ਨਹੀਂ ਹੋਇਆ। ਅਮਰਿੰਦਰ ਖ਼ਿਲਾਫ਼ ਇਹੋ ਦਲੀਲ ਪੇਸ਼ ਹੁੰਦੀ ਰਹੀ ਹੈ ਕਿ ਪੰਜਾਬ ਵਿਚ ਕਾਂਗਰਸ ਲਗਾਤਾਰ ਦੋ ਵਾਰ ਵਿਧਾਨ ਸਭਾ ਚੋਣਾਂ ਹਾਰ ਚੁੱਕੀ ਹੈ। ਇਹ ਦਲੀਲ ਉਸ ਪਰਿਵਾਰ ਕੋਲ ਪੇਸ਼ ਕੀਤੀ ਜਾਂਦੀ ਰਹੀ ਹੈ ਜਿਸ ਦੀ ਅਗਵਾਈ ਵਿਚ ਕਾਂਗਰਸ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਬਣਨ ਲਈ ਲੋੜੀਂਦੀ ਗਿਣਤੀ ਨਹੀਂ ਜੁਟਾ ਸਕੀ। ਕਾਂਗਰਸ ਰਾਹੁਲ ਗਾਂਧੀ ਦੀ ਅਗਵਾਈ ਵਿਚ ਤਕਰੀਬਨ ਹਰ ਸੂਬੇ ਵਿਚ ਪਿਛੇ ਗਈ ਹੈ, ਪਰ ਉਸ ਦੀ ਯੋਗਤਾ ਉਤੇ ਕੋਈ ਸੁਆਲ ਨਹੀਂ ਹੈ। ਜੋ ਦਲੀਲਾਂ ਰਾਹੁਲ-ਸੋਨੀਆ ਗਾਂਧੀ ਦੇ ਨੁਮਾਇੰਦੇ ਦੇ ਰਹੇ ਹਨ, ਉਹ ਦਲੀਲਾਂ ਗਾਂਧੀ ਪਰਿਵਾਰ ਉਤੇ ਕਦੇ ਲਾਗੂ ਨਹੀਂ ਹੁੰਦੀਆਂ। ਕਾਂਗਰਸ ਵਿਚ ਗਾਂਧੀ ਪਰਿਵਾਰ ਤੋਂ ਬਾਅਦ ਇਸ ਤਰ੍ਹਾਂ ਦੀ ਦਲੀਲ ਰਿਆਸਤੀ ਆਗੂਆਂ ਉਤੇ ਵੀ ਲਾਗੂ ਨਹੀਂ ਹੁੰਦੀ। ਹਿਮਾਚਲ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀਰਭੱਦਰ ਸਿੰਘ ਦੀ ਹਾਲਤ ਤਕਰੀਬਨ ਅਮਰਿੰਦਰ ਸਿੰਘ ਵਾਲੀ ਸੀ। ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਅਤੇ ਸੂਬਾ ਕਾਂਗਰਸ ਵਿਚ ਵਿਰੋਧ ਦੇ ਬਾਵਜੂਦ ਵੀਰਭੱਦਰ ਸਿੰਘ ਆਗੂ ਵੀ ਬਣਿਆ ਅਤੇ ਹੁਣ ਮੁੱਖ ਮੰਤਰੀ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖ਼ਿਲਾਫ਼ ਕੁਨਬਾਪ੍ਰਸਤੀ ਦਾ ਇਲਜ਼ਾਮ ਲਗਾਉਣ ਵਾਲੀ ਕਾਂਗਰਸ ਨੇ ਅਮਰਿੰਦਰ ਸਿੰਘ ਨੂੰ ਸੂਬੇ ਦਾ ਆਗੂ ਬਣਾਇਆ ਹੈ। ਹਾਲ ਇਹ ਹੈ ਕਿ ਦੋਹਾਂ ਪਰਿਵਾਰਾਂ ਵਿਚੋਂ ਤਿੰਨ-ਤਿੰਨ ਜੀਅ ਹੀ ਚੋਣ ਲੜਦੇ ਹਨ। ਇਹ ਕੁਨਬਾਪ੍ਰਸਤੀ ਦੀ ਬਾਂਦੀ ਵਿਆਖਿਆ ਹੈ। ਕੁਨਬਾਪ੍ਰਸਤੀ ਦੀ ਨਾਦੀ ਵਿਆਖਿਆ ਨਾਲ ਇਸ ਰੁਝਾਨ ਦੀ ਅਹਿਮ ਕੜੀ ਉਜਾਗਰ ਹੁੰਦੀ ਹੈ। ਰਿਆਇਤਾਂ, ਵਫ਼ਾਦਾਰੀਆਂ, ਦੋਸਤੀਆਂ ਅਤੇ ਰਿਸ਼ਤੇਦਾਰੀਆਂ ਨਾਦੀ ਕੁਨਬਾਪ੍ਰਸਤੀ ਦੇ ਘੇਰੇ ਵਿਚ ਆਉਂਦੀਆਂ ਹਨ। ਇਸੇ ਰੁਝਾਨ ਦੀ ਕੜੀ ਵਜੋਂ ਪੁਰਾਣੀ ਅਫ਼ਸਰਸ਼ਾਹੀ ਸਿਆਸਤਦਾਨਾਂ ਨਾਲ ਵਫ਼ਾਦਾਰੀਆਂ ਪਾਲ ਕੇ ਵਿਧਾਨ ਸਭਾ ਤੇ ਲੋਕ ਸਭਾ ਅੰਦਰ ਪੁੱਜਦੀ ਹੈ ਅਤੇ ਇਸ ਤੋਂ ਇਲਾਵਾ ਮੰਤਰੀਆਂ, ਗਵਰਨਰਾਂ, ਕਮਿਸ਼ਨਰਾਂ ਅਤੇ ਹੋਰ ਅਹੁਦਿਆਂ ਉਤੇ ਕਾਬਜ਼ ਹੁੰਦੀ ਹੈ। ਇਸ ਤਰ੍ਹਾਂ ਸਿਆਸੀ ਘਰਾਣਿਆਂ ਦੁਆਲੇ ਵਫ਼ਾਦਾਰੀਆਂ, ਦੋਸਤੀਆਂ ਅਤੇ ਰਿਸ਼ਤੇਦਾਰੀਆਂ ਦਾ ਪੇਚੀਦਾ ਤਾਣਾ-ਬਾਣਾ ਉਸਰਿਆ ਹੋਇਆ ਹੈ ਜਿਸ ਦਾ ਆਪਸ ਵਿਚ ਮੁਕਾਬਲਾ ਚੱਲਦਾ ਰਹਿੰਦਾ ਹੈ। ਜਦੋਂ ਘਰਾਣਿਆਂ ਨਾਲ ਜੁੜੇ ਸਿਆਸਤਦਾਨ ਆਪਣੀਆਂ ਧਿਰਾਂ ਨਾਲ ਨਾਰਾਜ਼ ਹੁੰਦੇ ਹਨ, ਜਾਂ ਉਨ੍ਹਾਂ ਦਾ ਟਕਰਾਅ ਕਿਸੇ ਸਹਿਮਤੀ ਵਿਚ ਬੰਨ੍ਹੇ ਜਾਣ ਤੋਂ ਇਨਕਾਰੀ ਹੁੰਦਾ ਹੈ, ਤਾਂ ਦੂਜੀਆਂ ਸਿਆਸੀ ਧਿਰਾਂ ਉਨ੍ਹਾਂ ਨੂੰ ਦੋ ਕਦਮ ਅੱਗੇ ਹੋ ਕੇ ਕਲਾਵੇ ਵਿਚ ਲੈਂਦੀਆਂ ਹਨ। ਇਹ ਰੁਝਾਨ ਸਿੰਧੀਆ, ਗਾਂਧੀ ਅਤੇ ਬਾਦਲ ਪਰਿਵਾਰ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਮਨਪ੍ਰੀਤ ਬਾਦਲ ਕੁਨਬਾਪ੍ਰਸਤੀ ਰਾਹੀਂ ਰੁਤਬਾ ਹਾਸਲ ਕਰਦਾ ਹੈ ਅਤੇ ਉਸੇ ਰੁਤਬੇ ਲਈ ਕੁਨਬਾਪ੍ਰਸਤੀ ਖ਼ਿਲਾਫ਼ ਖੱਬੀਆਂ-ਸੱਜੀਆਂ ਸਿਆਸੀ ਧਿਰਾਂ ਦੇ ਨਾਲ ਜਸਵੰਤ ਸਿੰਘ ਕੰਵਲ ਵਰਗੇ ਲੇਖਕਾਂ ਦਾ ਨਾਇਕ ਹੋ ਜਾਂਦਾ ਹੈ। ਪੰਜਾਬ ਭੁੱਲ ਜਾਂਦਾ ਹੈ ਕਿ ਕੁਨਬਾਪ੍ਰਸਤੀ ਦਾ ਦੂਜਾ ਨਾਮ ਭਾਈ-ਭਤੀਜਾਵਾਦ ਹੈ। ਪੁੱਤ ਦੇ ਖ਼ਿਲਾਫ਼ ਅਤੇ ਭਤੀਜੇ ਦੇ ਪੱਖ ਵਿਚ ਦਲੀਲ ਉਸਾਰ ਕੇ ਪੰਜਾਬ ਨੂੰ ਕੁਨਬਾਪ੍ਰਸਤੀ ਤੋਂ ਨਿਜਾਤ ਦਵਾਉਣ ਦਾ ਵਾਅਦਾ ਕੀਤਾ ਜਾਂਦਾ ਹੈ। ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਵਿਚ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਸੁਖਦੇਵ ਦੇ ਭਤੀਜੇ ਆ ਜੁੜਦੇ ਹਨ।

ਅਮਰਿੰਦਰ ਕੁਨਬਾਪ੍ਰਸਤੀ ਦੇ ਰੁਝਾਨ ਦੀ ਨਾਦੀ ਕੜੀ ਹੈ। ਭਾਰਤ ਦੇ ਸਿਆਸੀ ਘਰਾਣੇ ਆਪਣੇ ਵਜੂਦ ਲਈ ਲੜ ਰਹੇ ਹਨ ਅਤੇ ਇੱਕ-ਦੂਜੇ ਨੂੰ ਰਿਆਇਤਾਂ ਦੇ ਰਹੇ ਹਨ। ਉਹ ਆਪਸ ਵਿਚ ਲੜਦੇ ਹੋਏ ਵੀ ਆਪਣੇ ਰੁਤਬਿਆਂ ਦਾ ਧਿਆਨ ਰੱਖਦੇ ਹਨ। ਗਾਂਧੀਆਂ ਨੇ ਪਟਿਆਲੇ ਦੀ ਰਿਆਸਤ ਨਾਲ ਸਾਕ ਨਿਭਾਇਆ ਹੈ। ਉਨ੍ਹਾਂ ਨੇ ਪੰਜਾਬ ਵਿਚ ਗਾਂਧੀਆਂ ਦੀ ਵਫ਼ਾਦਾਰੀ ਨੂੰ ਮਜ਼ਬੂਤ ਕੀਤਾ ਹੈ। ਹੁਣ ਅਮਰਿੰਦਰ ਦੀ ਨੁਮਾਇਸ਼ੀ ਪ੍ਰਧਾਨਗੀ ਦਾ ਹਰ ਫ਼ੈਸਲਾ ਗਾਂਧੀਆਂ ਨੇ ਕਰਨਾ ਹੈ। ਪੰਜਾਬ ਕਾਂਗਰਸ ਦਾ ਹਰ ਧੜਾ ਆਪਣੇ ਵਜੂਦ ਲਈ ਗਾਂਧੀਆਂ ਦਾ ਝਾੜੂ-ਬਰਦਾਰ ਬਣਿਆ ਹੈ ਅਤੇ ਘਰਾਣਾ ਹਾਰਦਾ ਹੋਇਆ ਵੀ ਵਫ਼ਾਦਾਰੀਆਂ ਦਾ ਧਿਆਨ ਰੱਖਦਾ ਹੈ। ਪੰਜਾਬ ਕਾਂਗਰਸ ਦੀ ਮੌਜੂਦਾ ਹਾਲਾਤ ਦੀ ਇੱਕ ਤੰਦ ਸ਼੍ਰੋਮਣੀ ਅਕਾਲੀ ਦਲ ਨਾਲ ਵੀ ਸਾਂਝੀ ਹੈ। ਜਿਵੇਂ ਗਾਂਧੀਆਂ ਨੇ ਸੂਬਾ ਕਾਂਗਰਸ ਦੇ ਹਰ ਧੜੇ ਨੂੰ ਆਪਣਾ ਵਫ਼ਾਦਾਰ ਬਣਾਇਆ ਹੈ, ਉਸੇ ਤਰ੍ਹਾਂ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਕੀਤਾ ਹੈ। ਭਾਜਪਾ ਸਿਰਫ਼ ਸ਼੍ਰੋਮਣੀ ਅਕਾਲੀ ਦਲ ਨਾਲ ਆਪਣੀ ਸਾਂਝ ਵਿਚ ਬਾਂਦੀ ਕੁਨਬਾਪ੍ਰਸਤੀ ਦੀ ਸਰਪ੍ਰਸਤੀ ਹੀ ਨਹੀਂ ਕਰਦੀ, ਸਗੋਂ ਨਾਦੀ ਕੁਨਬਾਪ੍ਰਸਤੀ ਨੂੰ ਮਜ਼ਬੂਤ ਕਰਦੀ ਹੈ। ਹੁਣ ਸ਼੍ਰੋਮਣੀ ਅਕਾਲੀ ਦਲ ਵਿਚ ਬਾਦਲ ਪਰਿਵਾਰ ਤੋਂ ਬਿਨਾਂ, ਬਾਕੀ ਆਗੂਆਂ ਦਾ ਰੁਤਬਾ ਭਾਜਪਾ ਨਾਲ ਨੇੜਤਾ ਦੇ ਹਿਸਾਬ ਨਾਲ ਤੈਅ ਹੁੰਦਾ ਹੈ। ਇਨ੍ਹਾਂ ਹਾਲਾਤ ਵਿਚ ਅਮਰਿੰਦਰ ਸਿੰਘ ਪੰਜਾਬ ਦੀ ਦਵਾਈ ਦੀ ਨਹੀਂ, ਸਗੋਂ ਮਰਜ਼ ਦੀ ਨੁਮਾਇੰਦਗੀ ਕਰਦੇ ਹਨ। ਜੇ ਇਸ ਮਰਜ਼ ਦਾ ਇੱਕ ਪਾਸਾ ਪ੍ਰਕਾਸ਼ ਸਿੰਘ ਬਾਦਲ ਹੈ ਤਾਂ ਦੂਜਾ ਪਾਸਾ ਅਮਰਿੰਦਰ ਸਿੰਘ ਹਨ। ਉਹ ਪ੍ਰਕਾਸ਼ ਸਿੰਘ ਬਾਦਲ ਖ਼ਿਲਾਫ਼ ਬਿਨਾਂ ਸ਼ੱਕ ਧੜੱਲੇਦਾਰ ਆਗੂ ਵਜੋਂ ਪੇਸ਼ ਹੋ ਸਕਦੇ ਹਨ, ਪਰ ਪੰਜਾਬ ਉਨ੍ਹਾਂ ਤੋਂ ਕੀ ਆਸ ਕਰ ਸਕਦਾ ਹੈ?

# ਕੌਣ ਪਾੜ ਰਿਹਾ ਹੈ ਪਵਿੱਤਰ ਬਾਣੀ ਦੇ ਪੱਤਰੇ?

***ਪਾਵਨ ਬੀੜਾਂ ਦੀ ਬੇਅਦਬੀ ਦੀਆਂ ਲਗਾਤਾਰ ਵਾਪਰੀਆਂ ਘਟਨਾਵਾਂ ਨੇ ਹਰ ਦਰਦੀ ਦਿਲ ਨੂੰ ਵਲੂੰਧਰ ਕੇ ਰੱਖ ਦਿੱਤਾ ਹੈ। ਸੂਬੇ ਦੇ ਲੋਕ ਅਤੇ ਕੁਝ ਹੋਰ ਜਮਾਤਾਂ ਦੋਸ਼ੀਆਂ ਦੀ ਨਿਸ਼ਾਨਦੇਹੀ ਲਈ ਅਹੁਲ ਰਹੀਆਂ ਜਾਪਦੀਆਂ ਹਨ, ਪਰ ਸਾਡੇ ਕਾਲਮਨਵੀਸ ਅਤੇ ਪੰਜਾਬੀ ਦੇ ਚੋਟੀ ਦੇ ਲੇਖਕ ਗੁਰਬਚਨ ਸਿੰਘ ਭੁੱਲਰ ਨੇ ਉਸ ਮਾਹੌਲ ਅਤੇ ਢਾਂਚੇ ਵੱਲ ਉਂਗਲ ਕੀਤੀ ਹੈ ਜਿਸ ਕਾਰਨ ਅਜਿਹੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਸਨ ਲੈ ਰਹੀਆਂ। -ਸੰਪਾਦਕ***

ਪੰਜਾਬ ਵਿਚ ਪਵਿੱਤਰ ਗੁਰਬਾਣੀ ਦੇ ਪੱਤਰੇ ਕਈ ਹਫ਼ਤਿਆਂ ਤੋਂ ਜਿਸ ਨਿੱਤਨੇਮ ਨਾਲ ਪਾੜੇ ਜਾਂਦੇ ਰਹੇ ਹਨ, ਉਹ ਸਾਧਾਰਨ ਆਦਮੀ ਨੂੰ ਹੈਰਾਨ ਵੀ ਕਰਦਾ ਹੈ ਤੇ ਪ੍ਰੇਸ਼ਾਨ ਵੀ। ਇਉਂ ਲੱਗਦਾ ਹੈ ਜਿਵੇਂ ਕਿਸੇ ਨੇ ਵਾਰੀ ਬੰਨ੍ਹੀ ਹੋਈ ਹੋਵੇ ਕਿ ਅੱਜ ਇਸ ਪਿੰਡ-ਨਗਰ ਵਿਚ ਇਹ ਕਰਤੂਤ ਕਰਨੀ ਹੈ ਤੇ ਭਲਕੇ ਉਸ ਵਿਚ। ਜੇ ਕਿਸੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਕ ਪਹੁੰਚ ਨਹੀਂ ਸੀ ਹੁੰਦੀ ਤਾਂ ਗੁਟਕੇ ਨਾਲ ਹਾਜ਼ਰੀ ਲੁਆ ਦਿੱਤੀ ਜਾਂਦੀ ਸੀ।

ਕੁਝ ਦਹਾਕੇ ਪਹਿਲਾਂ ਦੇ ਪੰਜਾਬ ਨਾਲ ਅੱਜ ਦੇ ਪੰਜਾਬ ਨੂੰ ਮੇਲ ਕੇ ਦੇਖੀਏ। ਬਾਬੇ ਨਾਨਕ ਦੇ ਬਚਨਾਂ ਦੀ ਦਿਨ-ਰਾਤ ਚੜ੍ਹੀ ਰਹਿਣ ਵਾਲੀ ਖ਼ੁਮਾਰੀ

**ਗੁਰਬਚਨ ਸਿੰਘ ਭੁੱਲਰ**
ਫੋਨ: +91-011-42502364

ਦੀ ਥਾਂ ਮਨੁੱਖ ਤੋਂ ਡੰਗਰ ਬਣਾ ਦੇਣ ਵਾਲੇ ਜਾਨਲੇਵਾ ਨਸ਼ਿਆਂ ਦੀ ਦਲਦਲ ਨੇ ਲੈ ਲਈ ਹੈ। ਕੇਸ ਲੁਹਾਉਣ ਨਾਲੋਂ ਖੋਪੜੀ ਲੁਹਾਉਣ ਨੂੰ ਤਰਜੀਹ ਦੇਣ ਵਾਲੇ ਪੁਰਖਿਆਂ ਤੋਂ ਸਿਦਕ-ਸਿਰੜ ਦਾ ਪਾਠ ਪੜ੍ਹਨ ਦੀ ਥਾਂ ਨੌਜਵਾਨ ਪਤਿਤ ਹੋਏ ਫਿਰਦੇ ਹਨ। ਸਾਡੀ ਪੀੜ੍ਹੀ ਦੀ ਚੜ੍ਹਦੀ ਉਮਰ ਵੇਲੇ ਕੋਈ ਹੀ ਅਜਿਹਾ ਪੰਜਾਬੀ ਹੋਵੇਗਾ ਜਿਸ ਨੇ ਗਲੀ ਵਿਚੋਂ ਲੰਘਦਿਆਂ ਕਿਸੇ ਨੂੰ ਪੰਜਾਬੀ ਅਖ਼ਬਾਰ-ਰਸਾਲੇ ਦਾ ਪਾਟਿਆ-ਪੁਰਾਣਾ ਟੁਕੜਾ ਭੁੰਜਿਉਂ ਚੁੱਕ ਕੇ ਮੱਥੇ ਨੂੰ ਲਾਉਂਦਾ ਨਾ ਦੇਖਿਆ ਹੋਵੇ। ਸ਼ਬਦ ਦੇ ਸਤਿਕਾਰ ਦੀ ਇਹ ਭਾਵਨਾ ਸਿਰਫ਼ ਸ਼ਬਦ ਦੇ ਗਿਆਤਿਆਂ ਤਕ ਹੀ ਸੀਮਤ ਨਹੀਂ ਸੀ ਸਗੋਂ ਅੱਖਰ ਉਲਾਠਣ ਤੋਂ ਅਨਜਾਣ ਲੋਕ ਵੀ ਇਸੇ ਸ਼ਰਧਾ ਦੇ ਰੰਗ ਵਿਚ ਰੰਗੇ ਹੋਏ ਹੁੰਦੇ ਸਨ।

ਇਤਿਹਾਸ-ਸਿਰਜਕ ਪੁਰਖਿਆਂ ਵਜੋਂ ਗੁਰੂ ਸਾਹਿਬਾਨ ਦੇ ਅਤੇ ਜੀਵਨ-ਜਾਚ ਤੇ ਜੀਵਨ-ਸੇਧ ਦੇ ਅਦੁੱਤੀ ਸਾਹਿਤਕ-ਦਾਰਸ਼ਨਿਕ ਮਾਰਗ-ਦਰਸ਼ਕ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਦਰਦਾਨ ਤਾਂ ਸਿੱਖੀ ਦੇ ਧਰਮ-ਕਲਾਵੇ ਤੋਂ ਬਾਹਰਲੇ ਪੰਜਾਬੀ ਵੀ ਕੋਈ ਘੱਟ ਨਹੀਂ ਸਨ ਹੁੰਦੇ। ਇਹੋ ਕਦਰਦਾਨੀ ਸੀ ਜੋ ਖੱਬੀ ਵਿਚਾਰਧਾਰਾ ਦੀ ਚੜ੍ਹਤ ਦੇ ਉਨ੍ਹਾਂ ਸਮਿਆਂ ਵਿਚ ਸਾਨੂੰ, ਉਸ ਦੇ ਪ੍ਰਭਾਵ ਹੇਠ ਆਏ ਹੋਏ ਨੌਜਵਾਨਾਂ ਨੂੰ ਸਮਕਾਲੀ ਮਾਰਕਸਵਾਦੀ ਸ਼ਬਦਾਵਲੀ ਦੇ ਚਾਨਣ ਵਿਚ ਮਲਿਕ ਭਾਗੋ ਨੂੰ ਬੁਰਜ਼ੂਆ ਤੇ ਭਾਈ ਲਾਲੋ ਨੂੰ ਪ੍ਰੋਲੇਤਾਰੀ, ਮਨਮੁੱਖ ਨੂੰ ਸਰਮਾਏਦਾਰ ਲੁਟੇਰੇ ਤੇ ਗੁਰਮੁਖ ਨੂੰ ਮਜ਼ਦੂਰ-ਕਿਸਾਨ ਦੇ ਅਰਥਾਂ ਵਿਚ ਦੇਖਣਾ ਸਿਖਾਉਂਦੀ ਸੀ। ਸਮਕਾਲੀ ਸਮੇਂ ਦੀ ਵੱਡੀ ਲੋੜ, ਹਿੰਦੂ-ਮੁਸਲਮਾਨ ਏਕਤਾ ਦੀ, ਸਗੋਂ ਇਕਤਾ ਦੀ ਸਭ ਤੋਂ ਉਜਾਗਰ ਮਿਸਾਲ ਵਜੋਂ ਬਾਬੇ ਦੇ ਸੱਜਾ-ਖੱਬਾ ਅੰਗ ਭਾਈ ਮਰਦਾਨਾ ਤੇ ਭਾਈ ਬਾਲਾ ਹੀ ਸਾਡੇ ਮਨ-ਮਸਤਕ ਵਿਚ ਵਸੇ ਹੋਏ ਸਨ। ਗੁਰਬਾਣੀ ਦਾ ਜਲੌਅ ਪੰਜਾਬੀਆਂ ਵਾਸਤੇ ਪੁਰਖੇ ਦੀ ਬੁੱਕਲ ਵਾਂਗ ਸੀ ਜਿਸ ਤੋਂ ਜੀਵਨ ਦੇ ਹਰ ਮੋੜ ਉਤੇ, ਹਰ ਦੁੱਖ-ਸੁੱਖ ਵਿਚ, ਹਰ ਔਖ-ਸੌਖ ਵੇਲੇ ਓਟ-ਆਸਰਾ ਲਿਆ ਜਾ ਸਕਦਾ ਸੀ।

ਗੁਰਮੁਖੀ ਅੱਖਰਾਂ ਵਾਲੇ ਸਾਧਾਰਨ ਕਾਗ਼ਜ਼ੀ ਪੁਰਜ਼ੇ ਨੂੰ ਭੁੰਜਿਉਂ ਚੁੱਕ ਕੇ ਮੱਥੇ ਨੂੰ ਲਾਉਣ ਵਾਲੇ ਦੌਰ ਤੋਂ ਅੱਜ ਦੇ ਦੌਰ ਤਕ, ਜਦੋਂ ਗੁਰਬਾਣੀ ਦੇ ਪੱਤਰੇ ਗਲੀਆਂ ਵਿਚ ਖਿੰਡਾਏ ਮਿਲਦੇ ਹਨ, ਥੋੜ੍ਹੇ ਜਿਹੇ ਸਮੇਂ ਵਿਚ ਪੰਜਾਬ ਤੇ ਪੰਜਾਬੀਆਂ ਨੇ ਰਸਾਤਲ ਵੱਲ ਤਿਲ੍ਹਕਦਿਆਂ ਕਿੰਨਾ ਲੰਮਾ ਪੰਧ ਪਾਰ ਕਰ ਲਿਆ ਹੈ! ਜਦੋਂ ਪ੍ਰੰਪਰਾ ਇਸ਼ਨਾਨ ਸੋਧੇ ਬਿਨਾਂ ਅਤੇ ਮਨ ਵਿਚ ਨਿਰਮਲਤਾ ਤੇ ਸੁੱਚਮ ਜਗਾਏ ਬਿਨਾਂ ਬੀੜ ਨੂੰ ਤਾਂ ਕੀ, ਪੀੜ੍ਹਾ ਸਾਹਿਬ ਨੂੰ ਵੀ ਛੂਹਣ ਦਾ ਜੇਰਾ ਨਹੀਂ ਦਿੰਦੀ, ਹਰ ਕੋਈ ਪੁੱਛਦਾ ਹੈ, ਉਹ ਕਿਸ ਦੇ ਗੰਦੇ-ਗ਼ਲੀਜ਼ ਹੱਥ ਹਨ ਜੋ ਬੀੜ ਦੇ ਅੰਗ ਪਾੜਦੇ ਤੇ ਗਲੀਆਂ ਵਿਚ ਖਿਲਾਰਦੇ ਹਨ?

ਕੌਮੀ-ਕੌਮਾਂਤਰੀ ਪੱਧਰ ਉਤੇ ਅਤਿਵਾਦ ਦੇ ਸਹਿਮ ਹੇਠ ਜਿਉ ਰਹੇ ਸੰਸਾਰ ਵਿਚ ਜਿਨ੍ਹਾਂ ਸੂਹੀਆ ਏਜੰਸੀਆਂ ਤੇ ਪੁਲਿਸ ਤੋਂ ਅਸੀਂ ਅਦਿੱਖ ਅਤਿਵਾਦੀਆਂ ਨੂੰ ਪਛਾਣਨ-ਲੱਭਣ ਦੀ ਵਡੇਰੀ ਆਸ ਕਰਦੇ ਹਾਂ, ਉਹ ਪੱਤਰੇ ਪਾੜ ਕਰਤੂਤੀਆਂ ਦੀ ਸ਼ਨਾਖ਼ਤ ਕਰਨ ਵਿਚ ਹੀ ਪੂਰੀ ਤਰ੍ਹਾਂ ਨਾਲਾਇਕ ਸਿੱਧ ਹੋ ਰਹੀਆਂ ਹਨ। ਅਸਲ ਵਿਚ ਭਾਰਤ ਵਿਚ ਅਤੇ ਇਸ ਦੇ ਸੂਬਿਆਂ ਵਿਚ ਸਮੇਂ ਦੇ ਗੇੜ ਨਾਲ ਆਈ ਹਰ ਸਰਕਾਰ ਨੇ ਅਜਿਹੇ ਹਾਲਾਤ ਬਣਾਏ-ਵਧਾਏ ਕਿ ਇਨ੍ਹਾਂ ਵਿਭਾਗਾਂ ਦੇ ਅਧਿਕਾਰੀਆਂ ਲਈ ਫ਼ਰਜ਼ ਦੀ ਪੂਰਤੀ ਦੇ ਔਖੇ ਕਾਰਜ ਨਾਲੋਂ ਸਿਆਸਤਦਾਨਾਂ ਦੀ ਚਾਕਰੀ ਦਾ ਸੌਖਾ ਰਾਹ ਅਪਨਾਉਣਾ ਵਧੇਰੇ ਫ਼ਾਇਦੇਮੰਦ ਹੋ ਗਿਆ। ਪਿਛਲੇ ਦਹਾਕੇ ਦੇ ਪੰਜਾਬ ਵਿਚ ਇਹ ਰੁਝਾਨ ਬਹੁਤ ਪ੍ਰਤੱਖ ਰਿਹਾ ਹੈ।

ਸਿਆਸੀ ਪਾਰਟੀਆਂ ਦੀ ਆਪਣੀ ਹਾਲਤ ਵੀ ਕੋਈ ਵੱਖਰੀ ਨਹੀਂ ਰਹੀ। ਹਰ ਪਾਰਟੀ ਦੀਆਂ ਹੇਠਲੀਆਂ ਪਰਤਾਂ ਦਾ ਇੱਕੋ-ਇੱਕ ਕੰਮ, ਆਪਣੇ ਲੋਕਾਂ ਦੇ ਨੇਤਰ ਤੇ ਕੰਨ ਬਣਨ ਦੀ ਥਾਂ, ਕੁਰਸੀਧਾਰੀ ਆਗੂਆਂ ਦੀ ਪਰਕਰਮਾ ਕਰਨਾ ਤੇ ਵਫ਼ਾਦਾਰੀ ਦਾ ਦਿਖਾਵਾ ਕਰਨਾ ਰਹਿ ਗਿਆ। ਇਹੋ ਕਾਰਨ ਹੈ ਕਿ ਦਾਅਵਿਆਂ ਦਾ ਸਭ ਤੋਂ ਵੱਡਾ ਗੁਰਜਧਾਰੀ ਨੇਤਾ, ਪੰਜਾਬ ਦਾ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ, ਸੁਖਬੀਰ ਸਿੰਘ ਬਾਦਲ ਦਾਅਵਾ ਤਾਂ ਇਹ ਕਰਦਾ ਹੈ ਕਿ ਪੰਜਾਬ ਵਿਚ ਕਿਤੇ ਇੱਕ ਪੱਤਾ ਵੀ ਹਿੱਲੇ, ਉਸ ਨੂੰ ਪਤਾ ਲੱਗ ਜਾਂਦਾ ਹੈ, ਪਰ ਕੌੜਾ ਸੱਚ ਇਹ ਹੈ ਕਿ ਗੁਰਬਾਣੀ ਦੇ ਪੱਤਰੇ ਪਾੜਨ ਵਾਲੇ ਕਾਲੇ ਹੱਥਾਂ ਦੀ ਪਛਾਣ ਦੇ ਪੱਖੋਂ ਉਹ, ਸਾਰੇ ਹੀਲੇ-ਵਸੀਲਿਆਂ ਦਾ ਪ੍ਰਭੂ ਹੋਣ ਦੇ ਬਾਵਜੂਦ, ਮੁਕੰਮਲ ਹਨੇਰੇ ਵਿਚ ਪ੍ਰੇਸ਼ਾਨ ਭਟਕਦਾ ਹੋਇਆ ਅੱਕੀਂ-ਪਲਾਹੀਂ ਹੱਥ ਮਾਰਦਾ ਫਿਰਦਾ ਹੈ।

ਪੰਜਾਬ ਦੇ ਹੀ ਨਹੀਂ, ਦੇਸ਼-ਵਿਦੇਸ਼ ਦੇ ਲੋਕ




ਵੀ ਪੁੱਛਦੇ ਹਨ, ਆਖ਼ਰ ਕੌਣ ਲੋਕ ਹਨ ਜਿਨ੍ਹਾਂ ਲਈ ਪ੍ਰੰਪਰਾ ਦਾ ਕੋਈ ਅਰਥ ਨਹੀਂ ਰਿਹਾ ਤੇ ਸ਼ਰਧਾ ਦਾ ਕੋਈ ਮਹੱਤਵ ਨਹੀਂ ਰਿਹਾ! ਇਸ ਸਵਾਲ ਦਾ ਜਵਾਬ ਦੇਣ ਲਈ ਤੇ ਇਸ ਸਾਰੇ ਵਰਤਾਰੇ ਨੂੰ ਸਮਝਣ ਲਈ ਪਿਛਲੇ ਕੁਝ ਦਹਾਕਿਆਂ ਉਤੇ ਝਾਤ ਪਾਉਣੀ ਜ਼ਰੂਰੀ ਹੋ ਜਾਂਦੀ ਹੈ। 1920 ਦਾ ਸਾਲ ਸਿੱਖ ਇਤਿਹਾਸ ਦਾ ਵੱਡਾ ਮੋੜ ਸੀ। ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਜਿਸ ਦਾ ਕਾਰਜ ਗੁਰਦੁਆਰਿਆਂ ਨੂੰ ਜੱਦੀ-ਪੁਸ਼ਤੀ ਮਹੰਤਾਂ ਤੋਂ ਆਜ਼ਾਦ ਕਰਵਾ ਕੇ ਸਮੁੱਚੇ ਸਿੱਖ ਪੰਥ ਦੀ ਪ੍ਰਤੀਨਿਧ ਵਜੋਂ ਉਨ੍ਹਾਂ ਦਾ ਸੁਚੱਜਾ ਪ੍ਰਬੰਧ ਕਰਨਾ ਤੇ ਇਸੇ ਕਾਰਜ ਦੇ ਪੂਰਕ ਵਜੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਨੂੰ ਸੇਧ ਦੇਣਾ ਹੋ ਨਿੱਬੜਿਆ। ਕਮੇਟੀ ਦੇ ਲਗਪਗ ਨਾਲ ਹੀ ਸਿੱਖਾਂ ਦੇ ਸਮਾਜਕ-ਰਾਜਨੀਤਕ ਰਾਹ-ਦਿਖਾਵੇ ਵਜੋਂ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ। ਤੇ ਇਨ੍ਹਾਂ ਦੋਵਾਂ ਸੰਸਥਾਵਾਂ ਦੇ ਨਿਗਰਾਨਾਂ ਤੇ ਨਿਰਣੇਕਾਰਾਂ ਵਜੋਂ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੇ ਰੂਪ ਵਿਚ ਸਰਬ-ਪਰਵਾਨ ਹੋਏ। ਇਸ ਇਤਿਹਾਸ ਦੇ ਬਹੁਤੇ ਪੱਖਾਂ ਉਤੇ ਝਾਤ ਪਾਉਣੀ ਤਾਂ ਇੱਥੇ ਸੰਭਵ ਨਹੀਂ, ਪਰ ਇਹ ਦ੍ਰਿੜ੍ਹ ਕਰਵਾਉਣਾ ਜ਼ਰੂਰੀ ਹੈ ਕਿ ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਇੱਕੋ-ਇੱਕ ਜਥੇਬੰਦਕ ਆਧਾਰ 1699 ਵਿਚ ਆਨੰਦਪੁਰ ਸਾਹਿਬ ਵਿਖੇ ਦਸਮੇਸ਼ ਪਿਤਾ ਦੀ ਲਿਸ਼ਕਦੀ-ਚਮਕਦੀ ਭਗੌਤੀ ਦੀ ਧਾਰ ਵਿਚੋਂ ਨਿਕਲੀ ਜਮਹੂਰੀਅਤ ਸੀ ਜਿਸ ਅਧੀਨ ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਆਪਣੇ ਨਾਲੋਂ ਵੀ ਮੁੱਖ ਐਲਾਨ ਕੇ ਭਵਿੱਖੀ ਮਾਰਗ ਪੱਕਾ ਕਰ ਦਿੱਤਾ ਸੀ।

ਇਸ ਮਾਰਗ ਉੱਤੇ ਤੁਰਦਿਆਂ ਜਿੰਨਾ ਚਿਰ ਹਰ ਸੰਸਥਾ ਆਪਣੇ ਫ਼ਰਜ਼ ਪ੍ਰਤੀ ਅਡੋਲ ਰਹੀ ਤੇ ਉਸ ਦੀ ਅਗਵਾਈ ਸਿੱਖੀ ਸਿਧਾਂਤ ਦੇ ਸਭ ਤੋਂ ਪਰਪੱਕ ਗੁਣੀ-ਗਿਆਨੀ ਮਹਾਂਪੁਰਖਾਂ ਦੇ ਹੱਥ ਰਹੀ, ਜਿਨ੍ਹਾਂ ਦੀ ਨਿਰਸੁਆਰਥ ਕੁਰਬਾਨੀ 'ਮੈਂ ਮਰਾਂ, ਪੰਥ ਜੀਵੇ' ਦਾ ਨਾਅਰਾ ਬਣ ਕੇ ਗੂੰਜਦੀ ਸੀ, ਸ਼ਰਧਾ-ਸਤਿਕਾਰ ਦਾ ਨਿਰਮਲ ਮਾਹੌਲ ਬਣਿਆ ਰਿਹਾ। ਹੌਲੀ ਹੌਲੀ ਧਰਮ ਦੀ ਤਾਬ ਮੱਠੀ ਪੈਂਦੇ ਜਾਣ ਤੇ ਸਿਆਸਤ ਦੀ ਚਕਾਚੌਂਧ ਤਿੱਖੀ ਹੁੰਦੇ ਜਾਣ ਕਾਰਨ ਇਸ ਮਾਹੌਲ ਵਿਚ ਸੁਆਰਥ ਦੀ ਮੈਲ ਘੁਲਣੀ ਸ਼ੁਰੂ ਹੋ ਗਈ ਅਤੇ ਨਾਅਰਾ ਵੀ 'ਮੈਂ ਜੀਵਾਂ, ਪੰਥ ਮਰੇ' ਹੋ ਗਿਆ। ਇਸ ਅਮਲ ਦੀ ਸਿਖਰ ਉਦੋਂ ਆਈ ਜਦੋਂ ਕਮੇਟੀ ਦਾ ਪ੍ਰਧਾਨ ਚੁਣਨ ਸਮੇਂ ਆਨੰਦਪੁਰੀ ਜਮਹੂਰੀਅਤ ਦੀ ਥਾਂ ਲਿਫ਼ਾਫ਼ੇਬਾਜ਼ ਜਮਹੂਰੀਅਤ ਦਾ ਉਦੈ ਹੋਇਆ। ਬਾਬੇ ਨੇ ਕਰਤਾਰ ਦਾ ਗੁਣਗਾਨ 'ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ' ਉਚਰ ਕੇ ਕੀਤਾ ਸੀ, ਭਾਵ 'ਤੇਰੀ ਸਾਰੀ ਜੀਵ ਰਚਨਾ ਆਂਡੇ, ਕੁੱਖ, ਧਰਤੀ ਤੇ ਮੁੜ੍ਹਕੇ ਵਿਚੋਂ ਜਨਮੇ ਜੰਤਾਂ ਦੇ ਰੂਪ ਵਿਚ ਹੈ।' ਸਿਆਸਤ ਨੇ ਇਸ ਵਿਚ ਪੰਜਵਾਂ ਰੂਪ 'ਲਫ਼ਾਫਜ' ਜੋੜ ਦਿੱਤਾ। ਜਮਹੂਰੀ ਚੋਣ ਵਾਲੇ ਦਿਨ ਮੈਂਬਰਾਂ ਦੀ ਸਰਬਸੰਮਤ ਜਾਂ ਘੱਟੋ-ਘੱਟ ਬਹੁਸੰਮਤ ਇੱਛਾ ਵਿਚੋਂ ਸਾਕਾਰ ਹੋਣ ਦੀ ਥਾਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਜੈਕਾਰਿਆਂ ਦੀ ਗੂੰਜ ਵਿਚ ਖੋਲ੍ਹੇ ਗਏ ਸਿਆਸੀ ਪ੍ਰਮੁੱਖ ਦੇ ਭੇਜੇ ਬੰਦ ਲਿਫ਼ਾਫ਼ੇ ਵਿਚੋਂ ਪੈਦਾ ਹੋਣ ਲੱਗਿਆ। ਆਖ਼ਰ ਦੋਵਾਂ ਦੇ ਸਮਾਨੰਤਰ ਸਫ਼ਰ ਦੀ ਥਾਂ ਸਿਆਸਤ ਨੇ ਧਰਮ ਨੂੰ ਪੂਰੀ ਤਰ੍ਹਾਂ ਆਪਣੇ ਹੇਠ ਲਾਉਣਾ ਸ਼ੁਰੂ ਕਰ ਦਿੱਤਾ।

ਸਿਆਸਤ ਨੂੰ ਪੰਥ, ਪੰਜਾਬ ਤੇ ਦੇਸ਼ ਦੇ ਭਲੇ ਦਾ ਵਸੀਲਾ ਸਮਝਣ ਵਾਲੇ ਉੱਚ-ਦੁਮਾਲੜੇ ਆਗੂਆਂ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਵੀ ਅਜਿਹੇ ਸਿਆਸਤਦਾਨਾਂ ਦੇ ਹੱਥ ਆਉਣ ਲੱਗੀ ਜਿਨ੍ਹਾਂ ਦੀ ਸਿੱਖੀ ਦੀ ਰਹਿਤ-ਮਰਯਾਦਾ ਸਬੰਧੀ ਉਠਦੇ ਸ਼ੰਕਿਆਂ ਦੇ ਜਵਾਬ ਵਿਚ ਸ਼੍ਰੋਮਣੀ ਕਮੇਟੀ ਦੇ ਲਫ਼ਾਫਜ ਪ੍ਰਧਾਨ ਨੂੰ ਨਵਾਂ-ਨਵੇਲਾ ਸਿਧਾਂਤ ਘੜ ਕੇ ਇਹ ਕਹਿਣ ਤਕ ਤਿਲ੍ਹਕਣਾ ਪੈ ਗਿਆ ਕਿ ਅਕਾਲੀ ਦਲ ਦਾ ਅਨ-ਅੰਮ੍ਰਿਤਧਾਰੀ ਪ੍ਰਧਾਨ ਅੰਦਰੋਂ ਅੰਮ੍ਰਿਤਧਾਰੀ ਹੈ। ਅੰਮ੍ਰਿਤ ਛਕੇ ਬਿਨਾਂ ਕਿਸੇ ਦੇ 'ਅੰਦਰੋਂ ਅੰਮ੍ਰਿਤਧਾਰੀ' ਹੋਣ ਦਾ ਸਿਧਾਂਤ ਘੜਨ ਵਾਲੇ ਇਸ ਸੱਜਣ ਨੂੰ ਸ਼ਾਇਦ ਏਨੀ ਸੋਝੀ ਵੀ ਨਹੀਂ ਸੀ ਕਿ ਇਸ ਪ੍ਰਵਚਨ ਨਾਲ ਉਹ ਪੰਜ ਕਕਾਰਾਂ ਦੇ ਲਾਜ਼ਮੀ ਮਹੱਤਵ ਉਤੇ ਕਾਟਾ ਫੇਰ ਰਿਹਾ ਹੈ। ਸਾਫ਼ ਸੁਨੇਹਾ ਇਹ ਬਣਦਾ ਸੀ ਕਿ 'ਅੰਦਰੋਂ ਅੰਮ੍ਰਿਤਧਾਰੀ' ਨੂੰ ਅੰਮ੍ਰਿਤ ਛਕ ਕੇ ਕੇਸ, ਕੰਘਾ, ਕੱਛ, ਕੜਾ ਤੇ ਕਿਰਪਾਨ ਧਾਰਨ ਕਰਨ ਦੀ ਕੋਈ ਲੋੜ ਨਹੀਂ!

ਸਮੇਂ ਦਾ ਸਿਤਮ ਇੱਥੋਂ ਤਕ ਹੋ ਗਿਆ ਕਿ ਕਮੇਟੀ ਦੇ ਲਫ਼ਾਫਜ ਪ੍ਰਧਾਨ ਰਾਹੀਂ ਸਿੰਘ ਸਾਹਿਬ ਨੂੰ ਕਿਸੇ ਵੀ ਹੋਰ ਸਾਧਾਰਨ ਕਰਮਚਾਰੀ ਵਾਂਗ ਥਾਪਣ-ਹਟਾਉਣ ਦੀ ਸ਼ਕਤੀ ਵੀ ਸਿਆਸਤ ਦੇ ਹੱਥ ਪਹੁੰਚ ਗਈ। ਕਿਸੇ ਸਮੇਂ ਇਹ ਪਦਵੀ ਸਿੱਖੀ ਦੇ ਮਾਰਗ ਤੋਂ ਥਿੜਕਣ ਦੀ ਸੂਰਤ ਵਿਚ ਮਹਾਰਾਜੇ ਤਕ ਨੂੰ ਕੋਰੜਿਆਂ ਦੀ ਸਜ਼ਾ ਸੁਣਾਉਣ ਦੇ ਸਮਰੱਥ ਸੀ। ਹੁਣ ਉਹ ਸਿਆਸੀ ਰਹਿਮੋ-ਕਰਮ ਉਤੇ ਨਿਰਭਰ ਹੋ ਕੇ ਘੋਰ ਅਪਰਾਧਾਂ ਨਾਲ ਜੋੜੇ ਜਾਂਦੇ ਨਾਂਵਾਂ ਨੂੰ ਕਮੇਟੀ ਤੇ ਦਲ ਦੀਆਂ ਉੱਚੀਆਂ ਪਦਵੀਆਂ ਉੱਤੇ ਸੁਸ਼ੋਭਿਤ ਕੀਤੇ ਜਾਂਦੇ ਦੇਖ ਕੇ ਵੀ ਅਣਡਿੱਠ ਕਰਨ ਲਈ ਮਜਬੂਰ ਹੋਣ ਲੱਗੀ। ਜਦੋਂ ਕਤਲ ਜਿਹੇ ਅਪਰਾਧ ਨਾਲ ਜੁੜੀ ਹੋਈ ਕੋਈ ਹਸਤੀ ਸਿੱਖੀ ਵੇਸ ਵਾਲੀ ਭੀੜ ਆਪਣੇ ਨਾਲ ਲੈ ਕੇ ਤਾਰੀਖ਼ ਭੁਗਤਣ ਅਦਾਲਤ ਵੱਲ ਉਸ ਸ਼ਾਨ-ਸ਼ੌਕਤ ਨਾਲ ਜਾਂਦੀ ਹੈ ਜਿਵੇਂ ਕਿਸੇ ਸਮੇਂ ਅਕਾਲੀ ਮੋਰਚਿਆਂ ਦੇ ਜਥੇ ਜਾਇਆ ਕਰਦੇ ਸਨ, ਸਿੰਘ ਸਾਹਿਬ ਨੂੰ ਕੋਈ ਪਰੇਸ਼ਾਨੀ ਨਹੀਂ ਹੁੰਦੀ। ਦੋਸ਼ੀ-ਬੇਦੋਸ਼ੇ ਦਾ ਨਿਰਣਾ ਕਰਵਾਉਣ ਲਈ ਪੇਸ਼ ਕੀਤੇ ਜਾਂਦੇ ਸੱਤਾਧਾਰੀ ਸ਼ਕੀਆਂ ਨੂੰ ਸਿੰਘ ਸਾਹਿਬ ਸਨਿਮਰ ਸਿੱਖ ਹੋਣ ਦੀ ਸਨਦ ਜਾਰੀ ਕਰ ਦਿੰਦੇ ਹਨ।

ਸ਼ਰਧਾਮੁਖ ਆਨੰਦਪੁਰੀ ਧਾਰਮਿਕ ਉਜਾਲੇ ਤੋਂ ਨਿਸ਼ਰਧਕ ਚੰਡੀਗੜ੍ਹੀ ਸਿਆਸੀ ਅੰਧਕਾਰ ਵੱਲ ਦੀ ਇਸ ਤਿਲ੍ਹਕਣ ਵਿਚ ਅੰਮ੍ਰਿਤਸਰ ਕਿਤੇ ਪਾਸੇ ਹੀ ਰਹਿ ਗਿਆ ਅਤੇ ਬਹੁਤ ਲੋਕਾਂ ਦੀ ਸ਼ਰਧਾ ਕੱਕੀ ਰੇਤ ਵਾਂਗ ਮਨ ਦੀ ਮੁੱਠੀ ਵਿਚੋਂ ਕਿਰਦੀ ਗਈ। ਇਸ ਨਿਸ਼ਰਧਕ ਅੰਧਕਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਪੰਨੇ ਕੁਝ ਲੋਕਾਂ ਵਾਸਤੇ ਆਪਣੀ ਸਵਾਰਥ-ਪੂਰਤੀ ਲਈ ਕਿਸੇ ਸਾਧਾਰਨ ਪੁਸਤਕ ਦੇ ਪੰਨਿਆਂ ਤੋਂ ਵੱਖਰੇ ਨਾ ਰਹਿ ਗਏ। ਪਾਕ-ਪਵਿੱਤਰ ਪੱਤਰੇ ਪਾੜਨ ਦਾ ਪਾਪ ਕਮਾਉਣ ਵਾਲੇ ਨਾਪਾਕ ਹੱਥ ਕੋਈ ਵੀ ਹੋਣ, ਅਸਲ ਦੋਸ਼ੀ ਉਨ੍ਹਾਂ ਹੱਥਾਂ ਨੂੰ ਜੇਰਾ, ਜੁਰੱਅਤ ਤੇ ਸੇਧ ਦੇਣ ਵਾਲੇ ਨਿਸ਼ਰਧਕ ਅੰਧਕਾਰੀ ਮਾਹੌਲ ਦੇ ਸਿਰਜਕ ਹੀ ਹਨ।

# ਸ਼੍ਰੋਮਣੀ ਅਕਾਲੀ ਦਲ ਦੇ ਰੰਗ-ਢੰਗ

ਪਿੰਡ ਝੱਬਰ ਦਾ ਗੱਭਰੂ ਕਰਤਾਰ ਸਿੰਘ ਚੋਰੀਆਂ-ਡਕੈਤੀਆਂ ਕਾਰਨ ਮਸ਼ਹੂਰ ਹੋ ਗਿਆ ਸੀ ਜਿਸ ਦੇ ਗਰੋਹ ਵਿਚ ਅੱਧੀ ਦਰਜਨ ਜੁਆਨ ਸਨ। ਹਨੇਰੀ ਰਾਤ ਗਈ ਘੋੜੀਆਂ, ਮੱਝਾਂ, ਬਲਦ ਚੋਰੀ ਕਰਦੇ, ਕਿਤੇ ਦੂਰ-ਦੁਰਾਡੇ ਵੇਚ ਆਉਂਦੇ। ਗਰੋਹ ਘਰੋਂ ਨਿਕਲਿਆ, ਅਜੇ ਚੰਦ ਛੁਪਿਆ ਨਹੀਂ ਸੀ। ਪਿੰਡ ਕੋਈ ਸਿੰਘ ਸਭੀਆ ਬਾਬਾ ਸ਼ਾਮ ਦੇ ਦੀਵਾਨ ਵਿਚ ਗੁਰੂ ਜਸ ਸੁਣਾ ਰਿਹਾ ਸੀ। ਕਰਤਾਰ ਸਿੰਘ ਝੱਬਰ ਨੇ ਸਾਥੀਆਂ ਨੂੰ

**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਕਿਹਾ, ਚੰਨ ਡੁੱਬਣ ਤੱਕ ਕਥਾ ਸੁਣਦੇ ਹਾਂ, ਫਿਰ ਮਿਸ਼ਨ 'ਤੇ ਨਿਕਲਾਂਗੇ। ਮੱਥਾ ਟੇਕ ਕੇ ਦੀਵਾਨ ਵਿਚ ਬੈਠ ਗਏ।

ਘੰਟੇ ਬਾਅਦ ਚੰਦ ਛਿਪ ਗਿਆ। ਸਾਥੀਆਂ ਨੇ ਉਠਾਇਆ, ਕਿਹਾ, ਚੱਲੀਏ? ਉਸ ਨੇ ਕਿਹਾ, ਆਪਾਂ ਨੂੰ ਇਹ ਕੰਮ ਸੋਭਦਾ ਨ੍ਹੀਂ। ਆਪਣਾ ਗੁਰੂ ਬਾਬਾ ਇਸ ਨੂੰ ਪਸੰਦ ਨ੍ਹੀਂ ਕਰਦਾ। ਸਾਥੀ ਮਖੌਲ ਕਰਨ ਲੱਗੇ ਤਾਂ ਕਿਹਾ, ਤੁਸੀਂ ਜੋ ਕਰਨੈ ਕਰੋ ਭਾਈਓ, ਮੈਂ ਨ੍ਹੀਂ ਜਾਣਾ ਤੁਹਾਡੇ ਨਾਲ। ਬਾਕੀ ਚਲੇ ਗਏ ਤਾਂ ਦੀਵਾਨ ਦੀ ਸਮਾਪਤੀ 'ਤੇ ਉਹ ਬਾਬਾ ਜੀ ਨੂੰ ਮਿਲਿਆ ਤੇ ਅੰਮ੍ਰਿਤ ਛਕਣ ਦੀ ਬੇਨਤੀ ਕੀਤੀ। ਬਾਬਿਆਂ ਪੁਛਿਆ, ਪਾਠ ਕਰ ਲੈਨੈਂ? ਕਰਤਾਰ ਨੇ ਕਿਹਾ, ਨਾ ਜੀ ਮੈ ਤਾਂ ਕੋਰਾ ਅਨਪੜ੍ਹ ਆਂ। ਬਾਬਾ ਜੀ ਨੇ ਕਿਹਾ, ਪਹਿਲਾਂ ਗੁਰਮੁਖੀ ਸਿੱਖ, ਫਿਰ ਅੰਮ੍ਰਿਤ ਦਾ ਹੱਕਦਾਰ ਹੋਏਂਗਾ। ਅਸੀਂ ਗੁਰਮੁਖੀ ਵੀ ਸਿਖਾ ਰਹੇ ਹਾਂ। ਮਹੀਨੇ ਵਿਚ ਕਰਤਾਰ ਗੁਰਮੁਖੀ ਪੜ੍ਹਨੀ-ਲਿਖਣੀ ਸਿੱਖ ਗਿਆ ਤਾਂ ਅੰਮ੍ਰਿਤ ਛਕਿਆ।

ਅਖਬਾਰ ਪੜ੍ਹਨ ਲੱਗ ਪਿਆ ਤਾਂ ਜਾਣਿਆ ਕਿ ਮਹੰਤ ਇਤਿਹਾਸਕ ਗੁਰੂ ਘਰਾਂ ਦੀ ਬੇਅਦਬੀ ਕਰ ਰਹੇ ਹਨ। ਆਪ ਜਾ ਕੇ ਅੱਖੀਂ ਦੇਖਿਆ ਕਿ ਤਰਨ ਤਾਰਨ ਸਾਹਿਬ ਲੰਗਰ ਅਤੇ ਕੜਾਹ-ਪ੍ਰਸ਼ਾਦਿ ਕਰਨ ਦਾ ਠੇਕਾ ਜਿਸ ਹਲਵਾਈ ਨੂੰ ਦਿੱਤਾ ਹੋਇਆ ਹੈ, ਇਕ ਹੱਥ ਨਾਲ ਕੜਾਹੇ ਵਿਚ ਖੁਰਚਣਾ ਫੇਰ ਰਿਹੈ, ਦੂਜੇ ਹੱਥ ਬੀੜੀ ਫੜੀ ਸੂਟੇ ਲਾ ਰਿਹੈ।

ਗੁਰੂ ਚਰਨਾਂ ਦਾ ਧਿਆਨ ਧਰਕੇ ਅਖਬਾਰ ਵਿਚ ਇਸ਼ਤਿਹਾਰ ਦੇ ਦਿੱਤਾ ਕਿ ਆਉਂਦੀ ਸੰਗਰਾਂਦ ਅਕਾਲ ਤਖਤ ਸਾਹਿਬ ਵਿਖੇ ਉਹ ਸੱਜਣ ਪੁਜਣ ਜਿਹੜੇ ਬੇਅਦਬੀ ਰੋਕਣ ਦੇ ਇਛੁਕ ਹਨ।

ਇਹ ਘਟਨਾ ਇਕ ਸਦੀ ਪਹਿਲਾਂ ਦੀ ਹੈ। ਸੋਚਦਾ ਰਿਹਾ, ਕੋਈ ਆ ਜਾਏਗਾ? ਪੱਚੀ ਸਿੱਖ ਵੀ ਆ ਜਾਣ, ਕੰਮ ਚਲ ਸਕਦੈ। ਪੜ੍ਹੇ-ਲਿਖੇ ਆਉਣਗੇ ਨ੍ਹੀਂ, ਅਨਪੜ੍ਹਾਂ ਨੇ ਇਸ਼ਤਿਹਾਰ ਨਹੀਂ ਪੜ੍ਹ ਸਕਣਾ।

ਗਜ਼ਬ ਹੋ ਗਿਆ, ਮਿਥੇ ਦਿਨ 200 ਤੋਂ ਵੱਧ ਸਿੱਖ ਪੁੱਜ ਗਏ ਜਿਨ੍ਹਾਂ ਵਿਚ ਸ. ਤੇਜਾ ਸਿੰਘ ਸਮੁੰਦਰੀ ਅਤੇ ਪ੍ਰਿੰ. ਤੇਜਾ ਸਿੰਘ ਵੀ ਸਨ। ਸਭ ਦੇ ਸਭ ਹਮ-ਖਿਆਲ। ਕਰਤਾਰ ਸਿੰਘ ਝੱਬਰ ਨੇ ਕਿਹਾ, ਸਿਰਲੱਥ ਯੋਧਿਆਂ ਦਾ ਆਪਣਾ ਇਕ ਜਥਾ ਹੋਵੇਗਾ, ਬੇ-ਝਿਜਕ, ਬੇਖੌਫ। ਉਸ ਦਾ ਨਾਂ ਕੀ ਰੱਖੀਏ? ਕਿਸੇ ਨੇ ਕਿਹਾ, ਖਾਲਸਾ ਸੇਵਕ ਜਥਾ। ਝੱਬਰ ਨੇ ਕਿਹਾ, ਇਹ ਕੁਝ ਨਰਮ ਜਿਹਾ ਨਾਮ ਹੈ। ਜਲ ਛਕਾਉਣ, ਜੋੜਿਆਂ ਦੀ ਸੇਵਾ ਕਰਨੀ ਹੋਵੇ, ਇਹ ਨਾਮ ਠੀਕ ਹੈ। ਨਾਮ ਹੋਵੇ ਜੋ ਮੁਰਦਿਆਂ ਵਿਚ ਜਾਨ ਪਾ ਦਏ। ਸੰਗਤ ਨੇ ਕਿਹਾ, ਸਿੰਘ ਸਾਹਿਬ ਤੁਸੀਂ ਦਸੋ ਕੋਈ ਨਾਂ? ਝੱਬਰ ਨੇ ਕਿਹਾ, ਅਕਾਲੀ ਦਲ ਠੀਕ ਰਹੇਗਾ? ਸਭ ਮੰਨ ਗਏ, ਬਸ ਏਨਾ ਹੋਇਆ ਕਿ ਇਸ ਦੇ ਅੱਗੇ ਸ਼੍ਰੋਮਣੀ ਲਫਜ਼ ਹੋਰ ਜੋੜ ਦਿਤਾ। ਪ੍ਰਵਾਨਗੀ ਦਾ ਜੈਕਾਰਾ। ਸ਼੍ਰੋਮਣੀ ਅਕਾਲੀ ਦਲ ਜ਼ਿੰਦਾਬਾਦ।

ਇਥੋਂ ਅਕਾਲੀ ਮੋਰਚਿਆਂ ਦਾ ਸ਼ਾਨਦਾਰ ਇਤਿਹਾਸ ਸ਼ੁਰੂ ਹੁੰਦਾ ਹੈ। ਪਹਿਲੋਂ ਅਕਾਲੀ ਨੀਲੀਆਂ ਦਸਤਾਰਾਂ ਸਜਾਇਆ ਕਰਦੇ, ਸਮੁੰਦਰ ਅਤੇ ਅਸਮਾਨ ਦਾ ਚਿੰਨ੍ਹ। ਨੀਲੇ ਦੇ ਸਵਾਰ ਗੁਰੂ ਗੋਬਿੰਦ ਸਿੰਘ ਦੇ ਬਾਣੇ ਦਾ ਰੰਗ। ਫਿਰ ਜੈਤੋ ਅਤੇ ਨਨਕਾਣਾ ਵਿਚ ਸ਼ਹਾਦਤਾਂ ਵਧੀਕ ਹੋ ਗਈਆਂ ਤਾਂ ਰੋਸ ਵਜੋਂ ਕਾਲੇ ਰੰਗ ਦੀਆਂ ਦਸਤਾਰਾਂ ਅਤੇ ਕਾਲੇ ਰੰਗ ਦੇ ਦੁਪੱਟੇ ਸਜਾਏ।

ਹੁਣ ਅਕਾਲੀ ਦਲ ਕਿਤੇ ਕਾਨਫਰੰਸ ਕਰਦਾ ਹੈ ਤਾਂ ਕਾਲੇ ਰੰਗ ਦੀ ਦਸਤਾਰ ਤਾਂ ਦਰਕਿਨਾਰ, ਤਲਾਸ਼ੀ ਲਈ ਜਾਂਦੀ ਹੈ ਕਿਤੇ ਕਿਸੇ ਦੀ ਜੇਬ ਵਿਚ ਕਾਲੇ ਰੰਗ ਦਾ ਰੁਮਾਲ ਤਾਂ ਨਹੀਂ, ਕਾਲੇ ਰੰਗ ਦੀਆਂ ਜੁਰਾਬਾਂ ਤਾਂ ਨਹੀਂ ਪਾਈਆਂ ਹੋਈਆਂ? ਕਿਤੇ ਕੋਈ ਪਾਗਲ ਕਾਲੀ ਲੀਰ ਹਿਲਾ ਕੇ ਵਿਘਨ ਨਾ ਪਾ ਦਏ!

ਮੈਨੂੰ ਨੀਲਾ ਰੰਗ ਚੰਗਾ ਲਗਦੈ, ਸਮਝੋ ਸਾਲ ਵਿਚ ਅੱਧੇ ਦਿਨ ਨੀਲੀ ਪੱਗ ਬੰਨ੍ਹਦਾ ਹਾਂ। ਹੁਣ ਮੇਰੀ ਬੀਵੀ ਨੇ ਨੀਲੀ ਪੱਗ ਲੁਕਾ ਦਿੱਤੀ ਹੈ, ਬੰਨ੍ਹਣ ਨਹੀਂ ਦਿੰਦੀ, ਕਹਿੰਦੀ ਹੈ ਅਕਾਲੀ ਸਮਝ ਕੇ ਲੋਕ ਕੁਟ ਦੇਣਗੇ, ਤੁਹਾਡੇ ਕੋਲ ਕਿਹੜਾ ਗਾਰਦ ਐ। ਬੰਨ੍ਹੀ ਜਾਇਉ ਸਿਰ 'ਤੇ ਪੱਟੀਆਂ!


ਅਕਾਲੀ ਦਲ ਦਾ ਐਲਾਨ ਹੋਇਆ ਕਰਦਾ ਸੀ ਕਿ ਫੌਜ ਤਾਂ ਕੀ ਪੁਲਿਸ ਵੀ ਗੁਰੂ ਘਰਾਂ ਵਿਚ ਨਹੀਂ ਵੜਨੀ ਚਾਹੀਦੀ। ਧਿਆਨ ਸਿੰਘ ਮੰਡ ਪੰਥ ਦੇ ਨਾਂ ਸੰਦੇਸ਼ ਪੜ੍ਹ ਗਿਆ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦਾ ਬਿਆਨ ਛਪਿਆ, ਪੁਲਿਸ ਨੇ ਦਰਬਾਰ ਸਾਹਿਬ ਵਿਚ ਇੰਤਜ਼ਾਮ ਠੀਕ ਕੀਤੇ ਹੀ ਨਹੀਂ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਲਈ ਸੰਗਤ ਨੇ ਥਾਂ ਥਾਂ ਸ਼ਾਂਤਮਈ ਧਰਨੇ ਦਿਤੇ। ਧਰਨਿਆਂ ਵਿਚ ਲੋਕ ਜੋੜੇ ਉਤਾਰ ਕੇ ਨਹੀਂ ਬੈਠਿਆ ਕਰਦੇ। ਨੰਗੇ ਪੈਰੀਂ ਬੈਠ ਕੇ ਸੰਗਤ ਸਤਿਨਾਮ ਦਾ ਜਾਪ ਕਰਦੀ ਰਹੀ। ਗੁਰਦੁਆਰਿਆਂ ਵਿਚੋਂ ਜਿਹੜਾ ਲੰਗਰ ਆਉਂਦਾ, ਸੰਗਤ ਤੇ ਪੁਲਿਸ ਮੁਲਾਜ਼ਮ ਰਲ ਕੇ ਛਕਦੇ। ਲੰਗਰ ਵਰਤਾਉਂਦੇ ਦੋ ਜੁਆਨ ਪੁਲਿਸ ਨੇ ਗੋਲੀਆਂ ਨਾਲ ਫੁੰਡ ਦਿਤੇ। ਕਸੂਰਵਾਰ ਕੌਣ?

ਮੈਂ ਨਾਗਸੈਨ ਨੂੰ ਪੁਛਿਆ, ਖਾਲਸਾ ਪੰਥ ਦਾ ਇਸ ਵੇਲੇ ਕੋਈ ਲੀਡਰ ਨਹੀਂ, ਤਾਂ ਵੀ ਪਿੰਡ ਚੱਬੇ (ਅੰਮ੍ਰਿਤਸਰ) ਦੋ ਲੱਖ ਤੋਂ ਵੱਧ ਸੰਗਤ ਕਿਵੇਂ ਪੁੱਜ ਗਈ?

ਉਸ ਨੇ ਉਤਰ ਦਿੱਤਾ, ਲੀਡਰ ਸੱਦਾ ਦਿੰਦੇ, ਕਿਸੇ ਨੇ ਨਹੀਂ ਜਾਣਾ ਸੀ। ਗੁਰੂ ਪੰਥ ਇਸ ਲਈ ਪੁੱਜਾ ਕਿਉਂਕਿ ਗੁਰੂ ਗ੍ਰੰਥ ਦੀ ਬੇਅਦਬੀ ਹੋਈ ਸੀ। ਰੂਹ ਦੀ ਰੱਖਿਆ ਵਾਸਤੇ ਜਿਸਮ ਉਧਰ ਨੂੰ ਤੁਰ ਪਏ। ਪੰਥ ਅੱਗੇ ਅੱਗੇ ਤੁਰ ਪਿਆ, ਲੀਡਰਾਂ ਨੂੰ ਉਸ ਪਿਛੇ ਤੁਰਨ ਦਾ ਸਲੀਕਾ ਨਹੀਂ ਅਜੇ ਆਇਆ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

# ਅਮਰੀਕਾ, ਐਤਵਾਰ ਤੇ ਆਚਾਰੀਆ ਦਾ ਪ੍ਰਵਚਨ

ਗ੍ਰਹਿਸਥੀ ਬਣਨ ਤੋਂ ਬਾਅਦ ਮੈਂ ਆਚਾਰੀਆ ਰਜਨੀਸ਼ ਦੀਆਂ ਲਿਖੀਆਂ ਕਿਤਾਬਾਂ ਅਤੇ ਆਡੀਓ ਟੇਪਾਂ ਬਹੁਤ ਸ਼ੌਕ ਨਾਲ ਪੜ੍ਹਦਾ/ਸੁਣਦਾ ਰਿਹਾ ਹਾਂ। ਪੂੰਜੀਵਾਦ ਅਤੇ ਪਦਾਰਥਵਾਦੀ ਸੋਚ ਦੇ ਨਿਖੇਧ ਵਜੋਂ ਉਹ ਅਕਸਰ ਆਪਣੇ ਪ੍ਰਵਚਨਾਂ ਵਿਚ ਕਿਹਾ ਕਰਦੇ ਸਨ ਕਿ ਸੰਸਾਰ ਭਰ ਵਿਚ ਸਭ ਤੋਂ ਵੱਧ ਅਮੀਰ ਮੁਲਕ ਅਮਰੀਕਾ ਦਾ ਹਰ ਦਸਵਾਂ ਬੰਦਾ ਅਰਧ-ਪਾਗਲ ਹੈ ਜਾਂ ਮਨੋਰੋਗ ਨਾਲ ਪੀੜਤ ਹੈ। ਉਦੋਂ ਜਦ ਹਾਲੇ ਅਸੀਂ ਅਮਰੀਕਾ ਵਿਚ ਵੱਸਣ ਦਾ ਖਾਬ ਵੀ ਨਹੀਂ ਸੀ ਲਿਆ, ਸਾਨੂੰ ਅਮਰੀਕਨਾਂ ਬਾਰੇ ਉਸ ਦਾ ਇਹ ਕਹਿਣਾ ਬੜਾ ਅਟਪਟਾ ਜਿਹਾ ਲਗਦਾ ਹੁੰਦਾ ਸੀ।

ਯਕੀਨ ਨਾ ਆਉਂਦਾ ਕਿ ਇੰਨੇ ਅਮੀਰ ਦੇਸ਼ ਵਿਚ ਜ਼ਿੰਦਗੀ ਦੀਆਂ ਆਧੁਨਿਕ ਸੁੱਖ-ਸਹੂਲਤਾਂ ਮਾਣਨ ਵਾਲੇ ਲੋਕ ਇੰਨੀ ਵੱਡੀ ਗਿਣਤੀ ਵਿਚ ਮਾਨਸਿਕ ਰੋਗੀ ਵੀ ਹੋ ਸਕਦੇ ਹਨ? ਅਸੀਂ ਆਚਾਰੀਆਂ ਦੇ ਇਸ ਕਥਨ ਨੂੰ ਨਿਰੀ ਅਤਿਕਥਨੀ ਹੀ ਸਮਝਦੇ ਸਾਂ। ਸੋਚਦੇ ਸਾਂ ਕਿ ਉਨ੍ਹਾਂ ਨੇ ਆਪਣੇ ਕਥਾ ਵਿਖਿਆਨ ਨੂੰ ਦਿਲਚਸਪ ਬਣਾਉਣ ਲਈ ਇਹ ਅੰਕੜਾ ਕੋਲੋਂ ਹੀ ਘੜ ਲਿਆ ਹੋਣਾ ਹੈ!


ਅਮਰੀਕਾ ਆਉਣ ਤੋਂ ਸਾਲ-ਛੇ ਮਹੀਨੇ ਬਾਅਦ ਮੈਂ ਇਹੀ ਗੱਲ ਚਿਰਾਂ ਤੋਂ ਇੱਥੇ ਵੱਸਦੇ ਇਕ ਦੋਸਤ ਨਾਲ ਸਾਂਝੀ ਕੀਤੀ ਤਾਂ ਉਸ ਨੇ ਤਸਦੀਕ ਵਜੋਂ ਆਪਣੀ ਇਕ 'ਬੇਵਕੂਫ਼ੀ' ਸੁਣਾਈ। ਕਹਿੰਦਾ, "ਇਕ ਵਾਰ ਮੈਂ ਜੌਬ 'ਤੇ ਜਾਣ ਲਈ ਘਰੋਂ ਨਿਕਲਿਆ। ਘਰਦਿਆਂ ਨੇ ਮੇਰੇ ਹੱਥ ਭਰਿਆ ਲਿਫਾਫਾ ਫੜਾ ਦਿੱਤਾ। ਅਖੇ, ਜਾਂਦੇ ਹੋਏ 'ਗਾਰਬੇਜ' ਵਿਚ ਸੁੱਟ ਦਿਓ। ਮੇਰੇ ਇਕ ਹੱਥ ਵਿਚ ਲੰਚ ਬਾਕਸ ਦੀ ਬੱਧਰੀ ਤੇ ਚਾਬੀਆਂ, ਦੂਜੇ ਹੱਥ ਵਿਚ ਕੂੜੇ ਦਾ ਲਿਫਾਫਾ। ਬਦ-ਹਵਾਸੀ ਵਿਚ ਤੁਰੇ ਜਾਂਦੇ ਨੇ ਗਾਰਬੇਜ ਵਿਚ ਲੰਚ ਬਾਕਸ ਵਗਾਹ ਮਾਰਿਆ। ਮੁੜਨ ਲੱਗਿਆਂ ਹੱਥ ਵਿਚ ਕੂੜੇ ਦਾ ਲਫਾਫਾ ਦੇਖ ਕੇ ਮੇਰੀ ਹੋਸ਼ ਟਿਕਾਣੇ ਆਈ!

ਦੋਸਤ ਦੀ ਇਹ ਗੱਲ ਭਾਵੇਂ ਸੱਚੀ ਹੀ ਹੋਵੇ, ਪਰ ਉਦੋਂ ਮੈਂ ਇਸ ਨੂੰ ਗੱਪ ਹੀ ਮੰਨਿਆ। ਆਚਾਰੀਆ ਰਜਨੀਸ਼ ਦੇ ਪ੍ਰਵਚਨ ਵਾਂਗ ਮੈਂ ਇਸ 'ਤੇ ਯਕੀਨ ਨਾ ਕਰ ਸਕਿਆ। ਬਾਅਦ ਵਿਚ ਸਾਡੇ ਘਰ ਦੇ ਜੀਅ ਵੀ ਲੁਕਣ-ਮੀਚੀ ਦੀ ਖੇਡ ਵਾਂਗ ਕੋਈ ਰਾਤ ਨੂੰ, ਕੋਈ ਦਿਨੇ ਕੰਮ 'ਤੇ ਜਾਣ ਲੱਗੇ। ਅਸੀਂ ਵੀ ਛੇ ਦਿਨ ਜੇਬ੍ਹਾਂ ਵਿਚ ਛਣਕਦੇ ਚਾਬੀਆਂ ਦੇ ਗੁੱਛੇ ਲੈ ਕੇ ਵਾਹੋ-ਦਾਹੀ ਕੰਮਾਂ 'ਤੇ ਜਾਣ ਲੱਗੇ ਅਤੇ ਐਤਵਾਰ ਨੂੰ ਇਉਂ ਉਡੀਕਣ ਲੱਗ ਪਏ, ਜਿਵੇਂ ਬਚਪਨ ਵਿਚ ਦੀਵਾਲੀ ਵਾਲਾ ਦਿਨ ਉਡੀਕਦੇ ਹੁੰਦੇ ਸਾਂ। ਕੋਈ ਵੱਡੇ ਤੜਕੇ ਦਾ, ਕੋਈ ਦੁਪਹਿਰ, ਤੇ ਕੋਈ ਰਾਤ ਦਾ ਅਲਾਰਮ ਲਾ ਕੇ ਸੌਂਦਾ। ਇਕ-ਦੂਜੇ ਲਈ ਸਲਿੱਪਾਂ 'ਤੇ ਲਿਖ-ਲਿਖ ਸੁਨੇਹੇ ਛੱਡੇ ਜਾਣ ਲੱਗੇ। ਸਵੇਰੇ-ਦੁਪਹਿਰੇ-ਸ਼ਾਮ 'ਆਇਆ ਰਾਮ, ਗਿਆ ਰਾਮ' ਹੋਣ ਲੱਗ ਪਈ। ਤਦ ਜਾ ਕੇ ਮੈਨੂੰ ਆਚਾਰੀਆ ਜੀ ਦਾ ਪ੍ਰਵਚਨ ਸੱਚਾ ਪ੍ਰਤੀਤ ਹੋਣ ਲੱਗਾ ਅਤੇ ਲੰਚ ਬਾਕਸ, ਗਾਰਬੇਜ ਡਰੰਮ ਵਿਚ ਸੁੱਟਣ ਵਾਲੇ ਵਾਕਿਆ 'ਤੇ ਵੀ ਵਿਸ਼ਵਾਸ ਜਿਹਾ ਆਉਣ ਲੱਗ ਪਿਆ।

ਦੂਜੇ ਲਫਜ਼ਾਂ ਵਿਚ, ਅਸੀਂ ਵੀ ਬਦ-ਹਵਾਸੀ ਦੀ ਗ੍ਰਿਫਤ ਵਿਚ ਆ ਗਏ! ਸੁੱਤ-ਉਨੀਂਦੀਆਂ ਜਿਹੀਆਂ ਗੱਲਾਂ ਕਰਨ ਦਾ ਸਾਡਾ ਵੀ ਸੁਭਾਅ ਬਣ ਗਿਆ। ਦਸ-ਬਾਰਾਂ ਸਾਲ ਦੇ ਅਮਰੀਕਨ ਪਰਵਾਸ ਨੇ ਸਾਨੂੰ ਵੀ ਆਪਣਾ ਰੰਗ ਚਾੜ੍ਹ ਦਿੱਤਾ, ਸ਼ਾਇਦ ਡਾਲਰਾਂ ਦੀ ਦੌੜ ਹੀ ਇਸ ਤਰ੍ਹਾਂ ਦੀ ਹੈ। ਹਫਤੇ ਭਰ ਦੀ 'ਚੱਲ ਸੋ ਚੱਲ' ਦਾ ਮਧੋਲਿਆ ਹੋਇਆ ਸਾਡਾ ਪਰਿਵਾਰ ਇਕ ਐਤਵਾਰ ਇਕੱਠਾ ਹੋਇਆ। ਇਕ-ਦੂਜੇ ਵੱਲ ਦੇਖ ਕੇ ਚਿਹਰਿਆਂ 'ਤੇ ਛਾਈ ਹੋਈ ਪਿਲੱਤਣ, ਕੁਝ-ਕੁੱਝ ਗੁਲਾਬੀ ਜਿਹੀ ਭਾਅ ਮਾਰਨ ਲੱਗ ਪਈ; ਕਿਉਂਕਿ ਆਪਣੀ ਮਰਜ਼ੀ ਨਾਲ ਸੁੱਤੇ ਅਤੇ ਆਪਣੀ ਮਰਜ਼ੀ ਨਾਲ ਉਠੇ ਸਾਂ। ਇਕੱਠਿਆਂ ਨੇ ਘਰ ਦੀ ਸਾਫ ਸਫਾਈ ਕਰ ਕੇ ਗਰਮਾ-ਗਰਮ ਪਰਾਉਂਠੇ ਛਕੇ, ਮਸਤੀਆਂ ਮਾਰੀਆਂ।

ਦੁਪਹਿਰੇ ਲੰਚ ਤੋਂ ਬਾਅਦ ਮੇਰੀ ਪਤਨੀ ਨੇ ਮੈਨੂੰ ਸਾਡੇ ਅਪਾਰਟਮੈਂਟਾਂ ਦੇ ਦਫਤਰ ਭੇਜ ਦਿੱਤਾ ਕਿ ਕੋਈ 'ਕਲੋਜ਼ਿਟ' ਖਰਾਬ ਹੋਇਆ ਪਿਆ, ਉਸ ਦੀ 'ਕੰਪਲੇਂਟ' ਲਿਖਾ ਕੇ ਆਉ। ਐਤਵਾਰ ਦੀ ਛੁੱਟੀ ਵਾਲੀ ਮਸਤਾਨੀ ਚਾਲੇ ਮੈਂ ਦਫਤਰ ਜਾ ਪਹੁੰਚਿਆ। ਦਫਤਰ ਦੇ ਬੰਦ ਦਰਵਾਜ਼ੇ ਦੇ ਬਾਹਰ ਲਾਲ ਅੱਖਰਾਂ ਵਾਲੀ ਲਟਕਦੀ ਤਖ਼ਤੀ ਵੱਲ ਦੇਖ ਕੇ ਮੈਨੂੰ ਹਾਸਾ ਵੀ ਆ ਗਿਆ ਤੇ ਮੈਂ ਛਿੱਥਾ ਜਿਹਾ ਵੀ ਪੈ ਗਿਆ। 'ਐਤਵਾਰ ਦੀ ਛੁੱਟੀ ਦਾ ਅਨੰਦ ਮਾਣਦਿਆਂ' ਮੈਨੂੰ ਉਸ ਤਖ਼ਤੀ 'ਤੇ ਲਿਖੇ ਅੱਖਰਾਂ ਨੇ ਚੇਤੇ ਕਰਵਾ ਦਿੱਤਾ ਕਿ 'ਅੱਜ ਐਤਵਾਰ ਹੈ'। ਉਥੇ ਲਿਖਿਆ ਹੋਇਆ ਸੀ, 'ਸੌਰੀ, ਸੰਡੇ ਕਲੋਜ਼ਡ'।

ਯਕੀਨ ਜਾਣਿਉਂ, ਇਸੇ ਐਤਵਾਰ ਸ਼ਾਮ ਨੂੰ ਬੀਤ ਗਈ ਛੁੱਟੀ ਦਾ ਵਿਗੋਚਾ ਅਤੇ ਕੋਹਲੂ ਦੇ ਬਲਦ ਵਾਂਗ ਮੁੜ ਕੇ ਉਸੇ 'ਕੰਮ ਚੱਕਰ' ਵਿਚ ਪਾਉਣ ਵਾਲੇ ਆ ਰਹੇ ਸੋਮਵਾਰ ਦੀ ਉਦਾਸੀ ਤੋਂ ਮੁਕਤੀ ਪਾਉਣ ਲਈ ਮੈਂ ਰਹਿਰਾਸ ਦਾ ਪਾਠ ਕਰਨ ਲੱਗ ਪਿਆ। ਜ਼ੁਬਾਨ ਵਿਚੋਂ ਬਾਣੀ ਦੀਆਂ ਤੁਕਾਂ ਨਿਕਲ ਰਹੀਆਂ ਸਨ, ਪਰ ਸੁਰਤੀ ਪਤਾ ਨਹੀਂ ਕਿੱਧਰ ਉਡਾਰੀਆਂ ਮਾਰੀ ਗਈ। ਪਾਠ ਦੀ ਸਮਾਪਤੀ ਹੁੰਦਿਆਂ ਹੀ ਜਿਹੜਾ ਫੁਰਨਾ ਮੇਰੇ ਦਿਮਾਗ ਵਿਚ ਜ਼ਿਆਦਾ ਭੜਥੂ ਪਾਉਂਦਾ ਰਿਹਾ ਸੀ, ਉਸ ਨੂੰ ਅਮਲੀ ਰੂਪ ਦੇਣ ਲਈ ਮੈਂ ਸੋਫੇ ਤੋਂ ਉਠਿਆ। ਦਰਵਾਜ਼ੇ ਨਾਲ ਟੰਗੀਆਂ ਚਾਬੀਆਂ ਵਿਚੋਂ ਇਕ ਚਾਬੀ ਚੁੱਕਦੇ ਨੂੰ ਮੈਨੂੰ ਦੇਖ ਕੇ ਘਰ ਵਾਲੀ ਕਹਿਣ ਲੱਗੀ, "ਹੁਣ ਕਿੱਥੇ ਚੱਲੇ ਹੋ?"



*ਆਚਾਰੀਆ ਰਜਨੀਸ਼*

"ਮੈਂ-ਖਿਆ ਡਾਕ ਈ ਕੱਢ ਲਿਆਵਾਂ 'ਮੇਲ ਬਾਕਸ' ਵਿਚੋਂ।"

"ਓ ਆਹੋ ਸੱਚ!" ਮੈਨੂੰ ਵਿਚੋਂ ਹੀ ਟੋਕਦਿਆਂ ਉਹ ਕਹਿਣ ਲੱਗੀ, "ਮੇਰਾ ਚੈੱਕ ਵੀ ਆਇਆ ਹੋਣੈਂ, ਲਿਆਉ ਲਿਆਉ ਜਾ ਕੇ... ਕੱਲ੍ਹ ਨੂੰ ਬਿੱਲ ਵੀ ਦੇਣੇ ਐਂ।"

ਇਹ ਚੈੱਕ ਅਤੇ ਅਦਾ ਕਰਨ ਵਾਲੇ ਬਿੱਲ ਹੀ ਮੇਰੇ ਰਹਿਰਾਸ ਪੜ੍ਹਦੇ ਦੀ ਬਿਰਤੀ ਉਖਾੜੀ ਜਾਂਦੇ ਸਨ। ਮਨ ਹੀ ਮਨ ਇਹ ਗੱਲ ਸੋਚਦਿਆਂ ਮੈਂ ਮੇਲ ਬਾਕਸ ਦੀ ਚਾਬੀ ਚੁੱਕ ਕੇ ਤੁਰ ਪਿਆ ਸਾਂ। ਬੜੇ ਹੰਮੇ ਨਾਲ ਮੇਲ ਬਾਕਸ ਖੋਲ੍ਹਿਆ, ਪਰ ਉਹ ਤਾਂ ਖਾਲੀ ਭਾਂਡੇ ਵਾਂਗ ਖੜਕ ਰਿਹਾ ਸੀ। ਬਾਕਸ ਵਿਚ ਹੱਥ ਫੇਰਦੇ ਨੂੰ ਮੈਨੂੰ ਦੁਪਹਿਰ ਵੇਲੇ ਅਪਾਰਟਮੈਂਟ ਦਫਤਰ ਵਾਲੀ ਤਖ਼ਤੀ ਦਾ ਚੇਤਾ ਆਇਆ ਤਾਂ ਮੇਰਾ ਆਪ ਮੁਹਾਰੇ ਹਾਸਾ ਨਿਕਲ ਗਿਆ। ਸਿਤਮ ਦੀ ਗੱਲ ਇਹ ਕਿ ਮੈਨੂੰ ਖਾਲੀ ਹੱਥ ਘਰੇ ਆਏ ਨੂੰ ਮੁਸ਼ਕੜੀਏ ਹੱਸਦਾ ਦੇਖ ਕੇ ਵੀ ਮੇਰੀ ਘਰ ਵਾਲੀ ਨੂੰ ਯਾਦ ਨਹੀਂ ਆਇਆ ਕਿ ਅੱਜ ਐਤਵਾਰ ਦੀ ਛੁੱਟੀ ਸੀ, ਡਾਕ ਕਿੱਥੋਂ ਆਉਣੀ ਸੀ ਅੱਜ!

ਉਹਦੇ ਵੱਲੋਂ 'ਆਇਆ ਨੀਂ ਚੈੱਕ?' ਪੁੱਛੇ ਜਾਣ 'ਤੇ ਜਦ ਮੈਂ ਉੱਚੀ-ਉੱਚੀ ਹੱਸਦਿਆਂ ਕਿਹਾ ਕਿ ਕਮਲਿਆ ਟੱਬਰਾ! ਅੱਜ ਸੰਡੇ ਆ! ਤਾਂ ਉਹ ਮੱਥੇ 'ਤੇ ਹੱਥ ਮਾਰ ਕੇ ਆਪਣੀ ਬਦ-ਹਵਾਸੀ ਤਸਲੀਮ ਕਰਦਿਆਂ ਬੋਲੀ, "ਸਾਡੀ ਤਾਂ ਮੱਤ ਹੀ ਮਾਰ ਹੋ ਗਈ ਐ।"

ਕਿਸੇ ਬੱਚੇ ਦੀ ਬਰਥ-ਡੇ ਪਾਰਟੀ ਵਿਚ ਜਾਣ ਮੌਕੇ 'ਪੈਕ' ਕੀਤਾ ਹੋਇਆ 'ਗਿਫਟ' ਘਰੇ ਭੁੱਲ ਜਾਣਾ, ਸਟੋਰ ਤੋਂ ਸੌਦਾ-ਪੱਤਾ ਲਿਆਉਣ ਦੀ ਬਣਾਈ ਲਿਸਟ ਘਰੇ ਛੱਡ ਕੇ ਸਟੋਰ 'ਤੇ ਜਾ ਕੇ 'ਉਹ ਲੈ' ਆਖਣਾ, ਬੈਂਕ ਜਾ ਪਹੁੰਚਣਾ ਪਰ ਜਮ੍ਹਾਂ ਕਰਵਾਉਣ ਵਾਲੇ ਚੈੱਕ ਘਰੇ ਛੱਡ ਜਾਣਾ ਅਤੇ ਕਾਰ ਵਿਚ ਹੀ ਚਾਬੀਆਂ ਭੁੱਲ ਕੇ ਕਾਰ 'ਲੌਕ' ਕਰ ਦੇਣ ਵਰਗੀਆਂ ਗੱਲਾਂ ਅਚਾਰੀਆ ਰਜਨੀਸ਼ ਦੇ ਪ੍ਰਵਚਨ ਨੂੰ ਸਹੀ ਹੀ ਠਹਿਰਾਉਂਦੀਆਂ ਹਨ! ਸਾਡੇ ਪੰਜਾਬੀਆਂ 'ਚ ਇਹ ਝੱਲ ਸ਼ਾਇਦ ਕੁਝ ਜ਼ਿਆਦਾ ਹੀ ਹੈ, ਡਾਲਰਾਂ ਦੇ ਝੱਲ ਕਰਕੇ!

---

# ਦੁਖੀ ਡਰਾਈਵਰ ਦਾ ਇਕਬਾਲੀਆ ਬਿਆਨ



ਟੈਕਸੀਨਾਮਾ

12

ਹਰਪ੍ਰੀਤ ਸਿੰਘ ਸੇਖਾ
ਫੋਨ: 778-231-1189
hsekha@hotmail.com

***'ਦੁਖੀ ਡਰਾਈਵਰ ਦਾ ਇਕਬਾਲੀਆ ਬਿਆਨ' ਵਿਚ ਪਰਵਾਸੀਆਂ ਦੇ ਅਜਿਹੇ ਅਹਿਸਾਸ ਪਰੋਏ ਮਿਲਦੇ ਹਨ ਜਿਹੜੇ ਆਮ ਕਰ ਕੇ ਘੱਟ ਹੀ ਸਾਹਮਣੇ ਆਉਂਦੇ ਹਨ। ਇਹ ਉਹ ਅਹਿਸਾਸ ਹਨ ਜਿਹੜੇ ਕੋਈ ਬੰਦਾ ਸਿਰਫ ਆਪਣੇ ਨਾਲ ਸਾਂਝਾ ਕਰਦਾ ਹੈ। ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ ਇਹ ਅਹਿਸਾਸ ਗਹਿਰਾਈ ਵਿਚ ਜਾ ਕੇ ਕਲਮ ਦੀ ਨੋਕ ਵਿਚੋਂ ਕੱਢੇ ਹਨ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ***

ਉਮਰ ਮੇਰੀ ਸੱਠ ਸਾਲ ਤੋਂ ਉਪਰ ਹੈ। ਮੈਂ 1976 ਵਿਚ ਡਾਊਨ-ਟਾਊਨ ਦੀ ਕੰਪਨੀ ਨਾਲ ਟੈਕਸੀ ਚਲਾਉਣ ਲੱਗਾ ਸੀ। ਉਦੋਂ ਮੈਂ ਪਾਰਟ ਟਾਈਮ ਟੈਕਸੀ ਚਲਾਉਂਦਾ ਸੀ। ਪੱਕਾ ਕੰਮ ਮੇਰਾ ਬੇਕਰੀ ਵਿਚ ਸੀ। ਉਦੋਂ ਉਸ ਟੈਕਸੀ ਕੰਪਨੀ ਵਿਚ ਆਪਣੇ ਬੰਦੇ ਬਹੁਤ ਘੱਟ ਹੁੰਦੇ ਸੀ। ਜਦੋਂ ਮੈਂ ਪਹਿਲੇ ਦਿਨ ਟੈਕਸੀ ਦਾ ਕੰਮ ਮੰਗਣ ਗਿਆ ਤਾਂ ਮੇਰੇ ਕੱਪੜੇ-ਲੱਤੇ ਦੇਖ ਕੇ ਕੰਪਨੀ ਦਾ ਮੈਨੇਜਰ ਕਹਿੰਦਾ, ਇਹ ਕੰਮ ਤੇਰੇ ਕਰਨ ਵਾਲਾ ਨ੍ਹੀਂ। ਉਦੋਂ ਟੈਕਸੀ ਚਲਾਉਣ ਦਾ ਕੰਮ ਬਹੁਤ ਡਰਾਵਣਾ ਹੁੰਦਾ ਸੀ। ਡਰਾਈਵਰ ਰਫ਼-ਟਫ਼ ਕਿਸਮ ਦੇ ਬੰਦੇ ਹੁੰਦੇ ਸੀ, ਜਿਹੜੇ ਕਿਸੇ ਦੇ ਦੋ ਘਸੁੰਨ ਲਾਉਣ ਜੋਗੇ ਵੀ ਹੁੰਦੇ ਜਾਂ ਕਿਸੇ ਤੋਂ ਚਾਰ ਘਸੁੰਨ ਖਾ ਵੀ ਸਕਦੇ ਹੁੰਦੇ। ਮੇਰੀ ਕਾਠੀ ਛੋਟੀ ਐ। ਮੇਰੇ ਕੱਪੜੇ ਵੀ ਹੁਣ ਵਾਂਗ ਸਾਫ਼-ਸੁਥਰੇ ਸੀ (ਉਸ ਦੇ ਡਰੈੱਸ ਪੈਂਟ ਅਤੇ ਸ਼ਰਟ ਪਾਈ ਹੋਈ ਸੀ)। ਉਸ ਕੰਪਨੀ ਵਿਚ ਮੈਂ ਪਾਰਟ ਟਾਈਮ ਤਿੰਨ ਸਾਲ ਨੌਕਰੀ ਕੀਤੀ।

ਦੋ-ਦੋ ਨੌਕਰੀਆਂ ਕਰ ਕੇ ਡਾਲਰ ਜੋੜੇ। ਫਿਰ ਮੇਰਾ ਵਿਆਹ ਹੋ ਗਿਆ। ਕਦੇ-ਕਦਾਈਂ ਫਿਰ ਵੀ ਮੈਂ ਟੈਕਸੀ ਚਲਾ ਆਉਂਦਾ। ਫਿਰ ਮੈਂ 1986 ਤੋਂ 1991 ਤੱਕ ਕਿਸੇ ਹੋਰ ਕੰਪਨੀ ਦੀ ਟੈਕਸੀ ਚਲਾਈ। ਉਥੇ ਵੀ ਮੈਂ ਪਾਰਟ-ਟਾਈਮ ਹੀ ਟੈਕਸੀ ਚਲਾਈ। ਫਿਰ ਹਾਲਾਤ ਇੰਦਾਂ ਦੇ ਬਣੇ ਕਿ ਮੇਰੀ ਬੇਕਰੀ ਵਾਲੀ ਨੌਕਰੀ ਵੀ ਜਾਂਦੀ ਲੱਗੀ ਤੇ ਟੈਕਸੀ ਵਾਲੀ ਵੀ। ਟੈਕਸੀ 'ਚ ਮੇਰੀ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਸੀ। ਮੈਨੇਜਰ ਨੇ ਮੈਨੂੰ ਕੱਢ ਦਿੱਤਾ; ਕਹਿੰਦਾ, ਤੂੰ ਕਿਸੇ ਸਵਾਰੀ ਨਾਲ ਮਿਸ-ਬੀਹੇਵ ਕੀਤਾ ਸੀ। ਫਿਰ ਮੈਂ ਇਕ ਹੋਰ ਟੈਕਸੀ ਕੰਪਨੀ ਵਿਚ ਚਲਿਆ ਗਿਆ। ਉਥੇ 2008 ਤੱਕ ਰਿਹਾ। ਉਸ ਟੈਕਸੀ ਕੰਪਨੀ ਦਾ ਪਹਿਲਾਂ ਮਾਲਕ ਕੋਈ ਗੋਰਾ ਸੀ। ਜਦੋਂ ਉਹ ਵੇਚ ਗਿਆ ਤਾਂ ਫਿਰ ਆਪਣੇ ਬੰਦਿਆਂ ਨੇ ਟੈਕਸੀਆਂ ਖਰੀਦ ਲਈਆਂ। ਮੇਰੇ ਕੋਲ ਵੀ ਆਵਦੀ ਟੈਕਸੀ ਸੀ। ਫਿਰ ਮੈਂ ਵੇਚ ਦਿੱਤੀ।

ਟੈਕਸੀ ਨੇ ਮੈਨੂੰ ਸ਼ਰਾਬ ਤੇ ਰੰਨਾਂ ਦੀ ਆਦਤ ਪਾ'ਤੀ। ਕਈ ਵਾਰ ਇੰਦਾਂ ਹੋਣਾ ਕਿ ਪੁਲਿਸ ਨੇ ਮੈਨੂੰ ਸ਼ਰਾਬੀ ਹੋਏ ਨੂੰ ਘਰ ਛੱਡ ਕੇ ਜਾਣਾ ਜਾਂ ਹਸਪਤਾਲ। ਇੱਕ ਵਾਰੀ ਮੈਂ ਮਸਾਜ-ਪਾਰਲਰ 'ਤੇ ਗਿਆ ਹੀ ਸ਼ਰਾਬੀ ਹੋ ਕੇ ਸੌਂ ਗਿਆ। ਫਿਰ ਪੁਲਿਸ ਘਰ ਛੱਡ ਕੇ ਗਈ। ਮੈਂ ਕਦੇ ਸ਼ਰਾਬ ਪੀ ਕੇ ਟੈਕਸੀ ਨਹੀਂ ਚਲਾਈ, ਫਿਰ ਵੀ ਮੇਰਾ ਪੁਲਿਸ ਰਿਕਾਰਡ ਬਣ ਗਿਆ। ਜਦੋਂ ਮੈਂ ਸਿਟੀ ਹਾਲ ਸ਼ੋਫਰ ਪਰਮਿਟ ਰੀਨਿਊ ਕਰਵਾਉਣ ਗਿਆ ਤਾਂ ਉਨ੍ਹਾਂ ਮੇਰਾ ਪਰਮਿਟ ਰੀਨਿਊ ਨਾ ਕੀਤਾ। ਮੈਂ ਕਿਸੇ ਹੋਰ ਸ਼ਹਿਰ ਦੀ ਟੈਕਸੀ ਕੰਪਨੀ ਵਿਚ ਚਲਾ ਗਿਆ। ਉਸ ਮਿਊਂਸਪਿਲਟੀ ਦੇ ਸਿਟੀ ਹਾਲ ਵਾਲੇ ਕਹਿੰਦੇ, ਆਪਣੇ ਡਾਕਟਰ ਤੋਂ ਨੋਟ ਲਿਖਵਾ ਕੇ ਲਿਆ। ਡਾਕਟਰ ਨੇ ਲਿਖ ਦਿੱਤਾ, ਇਸ ਨੂੰ ਮਨੋਵਿਗਿਆਨੀ ਤੋਂ ਕੌਂਸਲਿੰਗ ਦੀ ਜ਼ਰੂਰਤ ਹੈ। ਕੌਂਸਲਿੰਗ ਕਰਵਾ ਕੇ ਮੈਂ ਫਿਰ ਗਿਆ ਤਾਂ ਉਨ੍ਹਾਂ ਮੈਨੂੰ ਛੇ ਮਹੀਨੇ ਲਈ ਪਰਮਿਟ ਦੇ ਦਿੱਤਾ। ਹੁਣ ਮੈਂ ਬਾਹਰ ਨ੍ਹੀਂ ਪੀਂਦਾ। ਜੇ ਨਾ ਪੀਵਾਂ ਤਾਂ ਮਹੀਨਾ-ਮਹੀਨਾ, ਦੋ-ਦੋ ਮਹੀਨੇ ਨ੍ਹੀਂ ਪੀਂਦਾ; ਜਦੋਂ ਲੱਗ ਜਾਵਾਂ, ਫਿਰ ਹਫਤਾ-ਹਫਤਾ ਪੀਂਦਾ ਰਹਿੰਨੈਂ। ਜਿਹੜੇ ਮਹੀਨੇ-ਦੋ ਮਹੀਨਿਆਂ 'ਚ ਪੈਸੇ ਬਣਾਏ ਹੁੰਦੇ ਆ, ਉਹ ਮੁਕਾ ਕੇ ਸਾਹ ਲੈਨਾਂ। ਉਠਣ ਸਾਰ ਹੀ ਘਰ ਦੇ ਨਾਲ ਮਸਾਜ-ਪਾਰਲਰ ਹੈ, ਉਥੇ ਚਲਿਆ ਜਾਨੈਂ। ਕਈ ਵਾਰੀ ਤਾਂ ਉਥੇ ਸਿਰਫ਼ ਗੱਲਾਂ ਮਾਰ ਕੇ ਮੁੜ ਆਉਨੈਂ, ਪਰ ਉਹ ਦੋ ਸੌ ਤੋਂ ਘੱਟ ਮੁੜਨ ਨ੍ਹੀਂ ਦਿੰਦੀਆਂ। ਆਉਂਦਾ ਹੋਇਆ ਠੇਕੇ ਤੋਂ ਬੋਤਲ ਫੜ ਲਿਆਉਨਾਂ। ਫਿਰ ਪੀਂਦਾ ਰਹਿੰਨੈਂ। ਜਦੋਂ ਹੋਸ਼ ਉੱਠਦਾ, ਫਿਰ ਮਸਾਜ-ਪਾਰਲਰ ਚਲਿਆ ਜਾਨੈਂ। ਆਪਣੇ-ਆਪ ਨੂੰ ਰੋਕ ਨ੍ਹੀਂ ਹੁੰਦਾ। ਜਦੋਂ ਠੀਕ ਹੁੰਨੈਂ, ਉਦੋਂ ਬਹੁਤ ਅਰਦਾਸਾਂ ਕਰਦੈਂ, ਬਈ ਰੱਬਾ! ਮੇਰਾ ਮਾੜੀਆਂ ਆਦਤਾਂ ਤੋਂ ਖਹਿੜਾ ਛੁਡਾ (ਅੱਖਾਂ ਭਰ ਆਉਂਦਾ ਹੈ)। ਡਾਕਟਰ ਦੇ ਮੈਂ



ਡਰਦਾ ਜਾਂਦਾ ਨ੍ਹੀਂ, ਬਈ ਉਸ ਨੇ ਫਿਰ ਜੇ ਸਿਟੀ ਹਾਲ ਵਾਲਿਆਂ ਨੂੰ ਆਖ ਦਿੱਤਾ ਕਿ ਇਹ ਸ਼ਰਾਬੀ ਹੈ, ਤਾਂ ਮੇਰੀ ਇਹ ਨੌਕਰੀ ਵੀ ਜਾਂਦੀ ਲੱਗਣੀ ਆ। ਜਦੋਂ ਮੈਨੂੰ ਦੌਰਾ ਪੈਂਦਾ, ਉਦੋਂ ਟੈਕਸੀ ਖੜ੍ਹੀ ਰਹਿੰਦੀ ਐ। ਖੜ੍ਹੀ ਦਾ ਖਰਚਾ ਮੇਰੇ ਸਿਰ ਪਈ ਜਾਂਦਾ। ਜਦੋਂ ਫਿਰ ਚਲਾਉਣ ਲੱਗਦਾਂ ਤਾਂ ਪਿਛਲਾ ਘਾਟਾ ਵੀ ਪੂਰਾ ਕਰਨਾ ਪੈਂਦਾ। ਘਰਦਿਆਂ ਨੂੰ ਹੁਣ ਮੈਂ ਨ੍ਹੀਂ ਦਿੰਦਾ ਕੁਝ। ਪਹਿਲਾਂ ਬਥੇਰਾ ਦੇ ਦਿੱਤਾ। ਸੱਤੇ ਦਿਨ ਬਾਰਾਂ-ਬਾਰਾਂ ਘੰਟੇ ਕੰਮ ਕਰਦਾ ਸੀ। ਹੁਣ ਤਾਂ ਆਵਦੇ ਜੋਗਾ ਕਰਦਾਂ। ਬੱਚੇ ਆ ਤਿੰਨ। ਕੁੜੀ ਬੱਤੀਆਂ ਸਾਲਾਂ ਦੀ ਆ। ਉਹ ਅੱਡ ਰਹਿੰਦੀ ਆ। ਵਿਚਕਾਰਲਾ ਮੁੰਡਾ ਆਵਦਾ ਅੱਡ ਰਹਿੰਦਾ। ਛੋਟਾ ਸਾਡੇ ਨਾਲ ਰਹਿੰਦਾ। ਪਰਿਵਾਰ ਮੇਰਾ ਬਹੁਤ ਚੰਗਾ। ਉਨ੍ਹਾਂ ਨੂੰ ਪਤਾ, ਬਈ ਮੈਂ ਰੰਡੀਆਂ ਦੇ ਜਾਨੈਂ। ਸ਼ਰਾਬ ਪੀਨੈਂ। ਘਰਵਾਲੀ ਮੇਰੀ ਅੰਤਾਂ ਦੀ ਚੰਗੀ ਐ। ਉਹਨੂੰ ਇਉਂ ਆ, ਬਈ ਹੁਣ ਮੈਂ ਘਰੇ ਲਿਆ ਕੇ ਪੀਨੈਂ। ਬਾਹਰੋਂ ਪਏ ਨੂੰ ਪੁਲਿਸ ਨ੍ਹੀਂ ਚੁੱਕ ਕੇ ਲਿਆਉਂਦੀ।

ਟੈਕਸੀ ਚਲਾਉਂਦਿਆਂ ਵੀ ਮਨ ਬਹੁਤ ਡੋਲਦੈ, ਜਦੋਂ ਕੋਈ ਸੈਕਸੀ ਤੀਵੀਂ ਨਾਲ ਆ ਬੈਠੇ; ਪਰ ਬਹੁਤ ਸਾਵਧਾਨੀ ਵਰਤਣੀ ਪੈਂਦੀ ਆ। ਜੌਬ ਜਾਣ ਦਾ ਡਰ ਰਹਿੰਦੈ। ਬਹੁਤ ਸੰਭਲ ਕੇ ਕਈ ਵਾਰੀ ਪੁੱਛ ਵੀ ਲਈਦੈ। ਜੇ ਅਗਲੀ ਮੰਨ ਜਾਵੇ ਤਾਂ ਠਕਿ, ਨਹੀਂ ਫਿਰ ਆਖ ਦੇਈਦੈ, ਬਈ ਆਈ ਐਮ ਸੌਰੀ। ਮੈਨੂੰ ਤੀਵੀਆਂ ਨਾਲ ਗੱਲ ਕਰਨ ਦਾ ਬਹੁਤ ਤਰੀਕਾ ਆ। ਇਕ ਵਾਰੀ ਫਸਿਆ ਸੀ, ਉਹ ਵੀ ਉਸ ਤੀਵੀਂ ਦੇ ਮੁੰਡੇ ਕਰ ਕੇ। ਉਹ ਗੱਲ ਇਉਂ ਹੋਈ ਕਿ ਸਿਆਣੀ ਉਮਰ ਦੀ ਕੋਈ ਤੀਵੀਂ ਰੋਜ਼ ਟੈਕਸੀ ਸੱਦਦੀ ਸੀ। ਉਹਨੂੰ ਗੱਲਾਂ ਸੁਣਨ ਦਾ ਭੁਸ ਸੀ। ਉਹ ਪੁੱਛਿਆ ਕਰੇ, ਵੀਕ ਐਂਡ 'ਤੇ ਤੂੰ ਕੀ ਕਰਦਾ ਹੁੰਨੈਂ? ਮੈਂ ਮਸਾਲਾ ਲਾ ਕੇ ਗੱਲਾਂ ਸੁਣਾ ਦੇਣੀਆਂ- ਦਾਰੂ ਪੀ ਕੇ ਤੀਵੀ ਨਾਲ ਇੰਦਾਂ-ਇੰਦਾਂ ਕੀਤਾ। ਇਕ ਦਿਨ ਕਹਿੰਦੀ, ਮੇਰੇ ਨਾਲ ਬੈਠ ਕੇ ਵੀ ਪੀ।

ਫਿਰ ਸਾਡੀ ਗੱਲ ਖੁੱਲ੍ਹ ਗਈ। ਉਹਨੇ ਨਿੱਤ ਮੈਨੂੰ ਸੱਦ ਲਿਆ ਕਰਨਾ। ਉਸ ਤੀਵੀਂ ਦਾ ਤੀਹਾਂ ਸਾਲਾਂ ਦਾ ਮੁੰਡਾ ਸੀ। ਉਹ ਉਹਦੇ ਨਾਲ ਹੀ ਰਹਿੰਦਾ ਸੀ। ਇਕ ਦਿਨ ਉਹਨੇ ਟੈਕਸੀ ਦੇ ਦਫਤਰ ਫੋਨ ਕਰ ਦਿੱਤਾ ਕਿ ਥੋਡਾ ਡਰਾਈਵਰ ਕੰਮ ਦੌਰਾਨ ਮੇਰੀ ਮਾਂ ਕੋਲ ਆਉਂਦੈ। ਮੇਰੀ ਮਾਂ ਸੱਠਾਂ-ਪੈਂਹਟਾਂ ਸਾਲਾਂ ਦੀ ਆ। ਕੰਪਨੀ ਨੇ ਮੈਨੂੰ ਵਾਰਨਿੰਗ ਦੇ ਦਿੱਤੀ ਕਿ ਟੈਕਸੀ ਚਲਾਉਂਦਿਆਂ ਇੰਦਾਂ ਨ੍ਹੀਂ ਕਰ ਸਕਦਾ। ਫਿਰ ਮੈਂ ਇਸ ਗੱਲੋਂ ਸਾਵਧਾਨ ਹੋ ਗਿਆ। ਜਦੋਂ ਕਿਸੇ ਨੇ 'ਹਾਂ' ਕਰਨੀ, ਮੈਂ ਟੈਕਸੀ ਪਾਰਕ ਕਰ ਦੇਣੀ ਤੇ ਆਪਣੀ ਪਰਾਈਵੇਟ ਕਾਰ 'ਚ ਲੈ ਜਾਣਾ। ਜਦੋਂ ਤੁਹਾਨੂੰ ਇਹ ਬਾਣ ਪੈ ਜਾਵੇ ਨਾ, ਫਿਰ ਥੋਡਾ ਨਿੱਤ ਨਵੀਂ ਭਾਲਣ ਨੂੰ ਜੀਅ ਕਰਦੈ। ਕਦੇ ਗੋਰੀ, ਕਦੇ ਕਾਲੀ, ਕਦੇ ਚੀਨਣ। ਟੈਕਸੀ 'ਚ ਬਥੇਰੀਆਂ ਮਿਲ ਜਾਂਦੀਆਂ, ਪਰ ਥੋਨੂੰ ਪੁੱਛਣ ਦਾ ਤਰੀਕਾ ਆਉਣਾ ਚਾਹੀਦਾ।

ਆਪਾਂ ਇੱਕ-ਅੱਧੀ ਤਾਂ ਰੱਖੀਦੀ ਈ ਆ, ਪਰ ਫਿਰ ਵੀ ਜੀਅ ਨ੍ਹੀਂ ਭਰਦਾ। ਬਾਣ ਇਹ ਮੈਨੂੰ ਟੈਕਸੀ ਨੇ ਪਾਈ ਆ। ਕਈ ਵਾਰੀ ਲੱਗਦੈ, ਜੇ ਟੈਕਸੀ 'ਚ ਨਾ ਪੈਂਦਾ ਤਾਂ ਇਹ ਬਾਣ ਤਾਂ ਨਾ ਪੈਂਦੀ। ਮੈਂ ਦੁਖੀ ਬਹੁਤ ਹੁੰਨੈਂ ਆਪਣੀ ਇਸ ਆਦਤ ਤੋਂ, ਪਰ ਛੱਡ ਨਹੀਂ ਹੁੰਦੀ। ਅੱਜ ਪੂਰਾ ਹਫ਼ਤਾ ਹੋ ਗਿਆ ਘਰ ਬੈਠੇ ਨੂੰ। ਪਤਾ ਈ ਨ੍ਹੀਂ ਲੱਗਦਾ, ਕਦੇ-ਕਦੇ ਕੀ ਹੋ ਜਾਂਦਾ। ਕੁਸ਼ ਕਰਨ ਨੂੰ ਜੀਅ ਨ੍ਹੀਂ ਕਰਦਾ। ਨਾ ਬਾਹਰ ਨਿਕਲਣ ਨੂੰ, ਨਾ ਕਿਸੇ ਨੂੰ ਮਿਲਣ-ਗਿਲਣ ਨੂੰ। ਦਿਨ-ਰਾਤ ਦਾਰੂ ਪੀਵੀ ਜਾਨੈਂ। ਵਿਚ-ਵਿਚ ਮਸਾਜ-ਪਾਰਲਰ ਜਾ ਆਉਨੈਂ। ਪੈਸੇ ਸਾਰੇ ਮੁੱਕ ਗਏ ਆ। ਕੱਲ੍ਹ ਛੋਟੇ ਮੁੰਡੇ ਨੇ ਮੈਥੋਂ ਸਤੇ ਨੇ ਕੰਧ 'ਚ ਘਸੁੰਨ ਮਾਰ ਕੇ ਮੋਰੀ ਕਰ ਦਿੱਤੀ। ਮੇਰਾ ਮਨ ਭਰ-ਭਰ ਆਉਂਦੈ ਕਿ ਮੈਂ ਕਿੰਨਾ ਦੁੱਖ ਦਿੰਨੈ ਸਾਰਿਆਂ ਨੂੰ। ਅੱਜ ਨ੍ਹੀਂ ਪੀਤੀ। ਕੱਲ੍ਹ ਨੂੰ ਕੰਮ 'ਤੇ ਜਾਊਂਗਾ। ਰੱਬ ਅੱਗੇ ਅਰਦਾਸ ਐ ਕਿ ਮੇਰਾ ਮਨ ਨਾ ਡੋਲੇ ਕੱਲ੍ਹ ਤੱਕ।

# ਭਾਰਤ ਦੀ ਅਸਹਿਣਸ਼ੀਲਤਾ ਵਿਚਲੀ ਸਹਿਣਸ਼ੀਲਤਾ

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਆਮਿਰ ਖਾਨ ਮੁਸ਼ਕਿਲ ਵਿਚ ਹੈ। ਕੁਝ ਸਮਾਂ ਪਹਿਲਾਂ ਸ਼ਾਹਰੁਖ ਖਾਨ ਵੀ ਮੁਸ਼ਕਿਲ ਵਿਚ ਸੀ। ਬੜਾ ਔਖਾ ਕੰਮ ਹੁੰਦਾ ਹੈ ਚੁਫੇਰਿਓਂ ਚਾਂਦਮਾਰੀ ਝੱਲ ਰਹੇ ਕਿਸੇ ਬੰਦੇ ਦੇ ਹੱਕ ਵਿਚ ਖੜੇ ਹੋਣਾ। ਫਿਰ ਵੀ ਕਈ ਲੋਕਾਂ ਨੇ ਆਮਿਰ ਖਾਨ ਦੇ ਹੱਕ ਵਿਚ ਖੜੇ ਹੋਣ ਦੀ ਹਿੰਮਤ ਵਿਖਾਈ ਹੈ। ਆਪਣੇ ਮੱਥੇ ਉਤੇ ਭਾਰਤ-ਮਾਤਾ ਦਾ ਸਪੁੱਤਰ ਹੋਣ ਦਾ ਫੱਟਾ ਟੰਗੀ ਫਿਰਨ ਦੇ ਸ਼ੌਕੀਨਾਂ ਨੂੰ ਇਹ ਹਿੰਮਤ ਵੀ ਹਿਮਾਕਤ ਜਾਪਦੀ ਹੈ। ਦੇਸ਼-ਭਗਤੀ ਸਿਰਫ ਉਨ੍ਹਾਂ ਕੋਲ ਹੀ ਨਹੀਂ, ਭਾਰਤ ਦੇ ਹੋਰ ਲੋਕ ਵੀ ਇਸ ਮਿੱਟੀ ਨੂੰ ਪਿਆਰ ਕਰਦੇ ਹਨ, ਜਿੱਥੇ ਕਦੇ ਕੋਈ ਕਿਸੇ ਤਰ੍ਹਾਂ ਦਾ ਸ਼ਿਕਵਾ ਕਰੇ, ਉਸ ਨੂੰ ਵਤਨ ਦਾ ਗੱਦਾਰ ਕਹਿਣ ਨੂੰ ਛੱਤੀ ਸੌ ਤਿਆਰ ਹੋ ਜਾਂਦੇ ਹਨ। ਗਿਰਨੀਸ਼ ਕਰਨਾਡ ਨੇ ਜ਼ਰਾ ਕੁ ਟੀਪੂ ਸੁਲਤਾਨ ਦੀ ਸਿਫਤ ਕਰ ਦਿੱਤੀ ਤਾਂ ਉਸ ਨਾਲ ਵੀ ਇਹੋ ਹੋਇਆ ਸੀ। ਕਦੀ ਗਲੀਲੀਓ ਨੂੰ ਜਨੂੰਨੀਆਂ ਨੇ ਕਿਹਾ ਸੀ ਕਿ ਸੂਰਜ ਦੁਆਲੇ ਧਰਤੀ ਘੁੰਮਣ ਦੇ ਆਪਣੇ ਸਿਧਾਂਤ ਨੂੰ ਵਾਪਸ ਲੈ ਲਵੇ ਤੇ ਸੂਰਜ ਨੂੰ ਧਰਤੀ ਦੀ ਪਰਿਕਰਮਾ ਕਰਦਾ ਮੰਨ ਲਵੇ, ਵਰਨਾ ਉਸ ਨੂੰ ਨਤੀਜੇ ਭੁਗਤਣੇ ਪੈਣਗੇ। ਉਸ ਨੇ ਕਿਹਾ ਸੀ ਕਿ ਮੈਂ ਤੁਹਾਡੇ ਆਖੇ ਇਹ ਗੱਲ ਮੰਨ ਵੀ ਲਵਾਂ ਤਾਂ ਮੇਰੇ ਕਹਿਣ ਨਾਲ ਕੋਈ ਫਰਕ ਨਹੀਂ ਪੈਣਾ, ਧਰਤੀ ਨੇ ਫਿਰ ਵੀ ਸੂਰਜ ਦੇ ਦੁਆਲੇ ਘੁੰਮੀ ਜਾਣਾ ਹੈ, ਸੂਰਜ ਨੇ ਨਹੀਂ ਘੁੰਮਣਾ। ਜਨੂੰਨੀ ਲੋਕਾਂ ਨੂੰ ਅਸਲੀਅਤ ਨਾਲ ਨਹੀਂ, ਆਪਣੀ ਕਹੀ ਹੋਈ ਗੱਲ ਹਰ ਹਾਲ ਮੰਨਵਾਉਣ ਨਾਲ ਮਤਲਬ ਹੁੰਦਾ ਹੈ ਤੇ ਇਸ ਕੰਮ ਵਿਚ ਜਦੋਂ ਰਾਜ ਦੀ ਤਾਕਤ ਨਾਲ ਜੁੜੀ ਹੋਈ ਹੋਵੇ ਤਾਂ ਉਨ੍ਹਾਂ ਦੀ ਧੌਂਸ ਹੋਰ ਵੀ ਵਧ ਜਾਂਦੀ ਹੈ।

ਉਂਜ ਜਦੋਂ ਸਿੱਧੇ ਪੱਖੋਂ ਗਿਣਨਾ ਔਖਾ ਹੋ ਜਾਵੇ ਤਾਂ ਉਲਟੇ ਰੁਖ ਗਿਣਤੀ ਕਰਨੀ ਕਈ ਵਾਰੀ ਲਾਹੇਵੰਦ ਸਾਬਤ ਹੁੰਦੀ ਹੈ। ਭਾਰਤ 'ਚ ਜਦੋਂ ਇਸ ਪੱਖੋਂ ਵੇਖਿਆ ਜਾਵੇ ਤਾਂ ਆਮਿਰ ਖਾਨ ਦੀ ਗਲਤੀ ਲੱਭੇਗੀ। ਕਈ ਲੋਕ ਸਮਝ ਜਾਣਗੇ ਕਿ ਭਾਰਤ ਵਿਚ ਤਾਂ ਏਨੀ ਸਹਿਣਸ਼ੀਲਤਾ ਹੈ ਕਿ ਲੋਕ ਸਭ ਕੁਝ ਸਹੀ ਜਾ ਰਹੇ ਹਨ ਤੇ ਆਮਿਰ ਖਾਨ ਵਰਗੇ ਕੁਝ ਮੂਰਖ ਹੀ ਹਨ, ਜਿਹੜੇ ਰੋਸਾ ਕਰਦੇ ਹਨ। ਏਦਾਂ ਦੇ ਬਹੁਤ ਕਿੱਸੇ ਏਥੇ ਮਿਲ ਜਾਂਦੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਰਲੀਮੈਂਟ ਵਿਚ ਪੁੱਜਣ ਲਈ ਦੋ ਥਾਂਵਾਂ ਤੋਂ ਚੋਣ ਲੜੀ ਸੀ। ਇੱਕ ਆਪਣੇ ਜੱਦੀ ਰਾਜ ਗੁਜਰਾਤ ਦੇ ਵਡੋਦਰਾ ਦੀ ਸੀਟ ਤੇ ਦੂਸਰੀ ਸੀਟ ਯੂ ਪੀ ਦੇ ਵਾਰਾਣਸੀ ਵਾਲੀ ਸੀ। ਜਦੋਂ ਪ੍ਰਧਾਨ ਮੰਤਰੀ ਬਣ ਕੇ ਉਹ ਵਾਰਾਣਸੀ ਗਏ ਤਾਂ ਉਥੋਂ ਦੇ ਵਿਸ਼ਵਾਨਾਥ ਮੰਦਰ ਵੀ ਗਏ ਸਨ। ਇਸ ਦੌਰੇ ਦੌਰਾਨ ਨਰਿੰਦਰ ਮੋਦੀ ਨੇ ਸਾਫ ਕਿਹਾ ਕਿ ਉਹ ਦੇਸ਼ ਦੇ ਸਾਰੇ ਲੋਕਾਂ ਦੇ ਹਿੱਤਾਂ ਦਾ ਖਿਆਲ ਰੱਖਣਗੇ ਤੇ ਉਨ੍ਹਾਂ ਦੀ ਸਰਕਾਰ ਕਿਸੇ ਨਾਲ ਕਿਸੇ ਤਰ੍ਹਾਂ ਦੀ ਕੋਈ ਮੰਦ-ਭਾਵਨਾ ਸਹਿਣ ਨਹੀਂ ਕਰੇਗੀ। ਵਿਸ਼ਵਾਨਾਥ ਮੰਦਰ ਦੇ ਕੋਲ ਗਿਆਨਵਾਪੀ ਮਸਜਿਦ ਹੈ। ਕਈ ਦਹਾਕਿਆਂ ਤੋਂ ਇਸ ਬਾਰੇ ਵਿਵਾਦ ਉਠਦੇ ਰਹੇ ਸਨ। ਬਹੁਤ ਸਾਰੇ ਲੋਕਾਂ ਦਾ ਖਿਆਲ ਸੀ ਕਿ ਮੋਦੀ ਖੁਦ ਜਦੋਂ ਇਹ ਕਹਿੰਦੇ ਹਨ ਕਿ ਕਿਸੇ ਨਾਲ ਕਿਸੇ ਤਰ੍ਹਾਂ ਦੀ ਮੰਦ-ਭਾਵਨਾ ਸਹਿਣ ਨਹੀਂ ਕਰਨੀ ਤਾਂ ਅਮਲ ਵਿਚ ਏਹੋ ਹੋਵੇਗਾ। ਅਜੇ ਮੋਦੀ ਸਾਹਿਬ ਦਿੱਲੀ ਨਹੀਂ ਸੀ ਪੁੱਜੇ ਕਿ ਉਨ੍ਹਾਂ ਦੀ ਆਪਣੀ ਪਾਰਟੀ ਦੇ ਇੱਕ ਪਾਰਲੀਮੈਂਟ ਮੈਂਬਰ ਯੋਗੀ ਨੇ ਓਸੇ ਬਾਬਾ ਵਿਸ਼ਵਾਨਾਥ ਮੰਦਰ ਦੇ ਲਾਗੇ ਬਣੀ ਗਿਆਨਵਾਪੀ ਮਸਜਿਦ ਦੀ ਹੋਂਦ ਦੇ ਖਿਲਾਫ ਬਿਆਨ ਦਾਗ ਦਿੱਤਾ ਸੀ। ਸਮੁੱਚੇ ਮੀਡੀਏ ਨੇ ਇਸ ਦੀ ਚਰਚਾ ਕੀਤੀ ਤੇ ਫਿਰ ਇਸ ਬਿਆਨ ਨੂੰ ਭਾਰਤ ਦੀ ਰਾਜਨੀਤੀ ਨੇ ਹਜ਼ਮ ਕਰ ਲਿਆ ਸੀ।

ਕੁਝ ਦਿਨਾਂ ਬਾਅਦ ਕੇਰਲਾ ਤੋਂ ਛਪਦੇ ਸੰਘ ਪਰਿਵਾਰ ਦੇ ਰਸਾਲੇ ਵਿਚ ਇੱਕ ਚਿੰਤਕ ਦਾ ਲੇਖ ਛਪਿਆ ਕਿ ਦੇਸ਼ ਦੀ ਵੰਡ ਪਿੱਛੋਂ ਮਹਾਤਮਾ ਗਾਂਧੀ ਨੂੰ ਕਤਲ ਕੀਤਾ ਜਾਣਾ ਗਲਤ ਸੀ। ਏਨੀ ਗੱਲ ਚਿੰਤਕ ਨੇ ਠੀਕ ਲਿਖਣ ਦੇ ਬਾਅਦ ਇਹ ਲਿਖ ਮਾਰਿਆ ਕਿ ਕਤਲ ਹੀ ਕਰਨਾ ਸੀ ਤਾਂ ਗਾਂਧੀ ਦੀ ਥਾਂ ਫਲਾਣੇ ਆਗੂ ਦਾ ਕਰਨਾ ਬਣਦਾ ਸੀ। ਰੌਲਾ ਪੈਣ ਪਿੱਛੋਂ ਇਹ ਜਵਾਬ ਦਿੱਤਾ ਗਿਆ ਕਿ ਵਿਚਾਰ ਲੇਖਕ ਦੇ ਨਿਜੀ ਹਨ। ਕੋਈ ਬੰਦਾ ਕਤਲ ਦੀ ਕਥਾ ਏਨੀ ਸਾਦਗੀ ਨਾਲ ਵੀ ਕਰ ਜਾਵੇ ਕਿ ਫਲਾਣੇ ਦੀ ਥਾਂ ਫਲਾਣਾ ਬੰਦਾ ਕਤਲ ਕਰ ਦੇਣਾ ਚਾਹੀਦਾ ਸੀ ਤਾਂ ਭਾਰਤ ਦੀ ਫਰਾਖਦਿਲੀ ਹੈ ਕਿ ਉਸ ਨੇ ਇਸ ਬਦ-ਜ਼ਬਾਨੀ ਨੂੰ ਵੀ ਸਹਿਣ ਕਰ ਲਿਆ ਸੀ। ਇਹ ਬਹੁਤ ਵੱਡੀ ਸਹਿਣਸ਼ੀਲਤਾ ਹੈ।



ਇਸ ਹਫਤੇ ਅਸੀਂ ਭਾਰਤ ਦੀ ਪਾਰਲੀਮੈਂਟ ਵਿਚ ਇੱਕ ਬਹਿਸ ਸੁਣੀ ਹੈ। ਇਹ ਬਹਿਸ ਭਾਰਤ ਦੇ ਸੰਵਿਧਾਨ ਦੇ ਦੁਆਲੇ ਘੁੰਮਦੀ ਹੋਈ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ ਦੁਆਲੇ ਘੁੰਮਣ ਲੱਗੀ ਤੇ ਫਿਰ ਇਸ ਵਿਚ ਇਸ ਦੇਸ਼ ਦੇ ਦਲਿਤਾਂ ਦੀ ਸਥਿਤੀ ਦੀ ਚਰਚਾ ਵੀ ਹੋ ਗਈ। ਗ੍ਰਿਹ ਮੰਤਰੀ ਰਾਜਨਾਥ ਸਿੰਘ ਕਹਿਣ ਲੱਗਾ ਕਿ ਡਾ. ਅੰਡੇਬਕਰ ਨੂੰ ਅਸਹਿਣਸ਼ੀਲਤਾ ਹੰਢਾਉਣੀ ਪਈ ਸੀ, ਪਰ ਉਸ ਨੇ ਕਦੇ ਇਹ ਦੇਸ਼ ਛੱਡ ਕੇ ਚਲੇ ਜਾਣ ਦੀ ਗੱਲ ਨਹੀਂ ਸੀ ਕਹੀ। ਰਾਜਨਾਥ ਸਿੰਘ ਨੇ ਠੀਕ ਗੱਲ ਆਖਦੇ ਹੋਏ ਫਿਰ ਅੰਬੇਡਕਰ ਦੇ ਬਹਾਨੇ ਆਮਿਰ ਖਾਨ ਵੱਲ ਇੱਕ ਹੋਰ ਤੀਰ ਪਾਰਲੀਮੈਂਟ ਵਿਚ ਖੜੇ ਹੋ ਕੇ ਦਾਗਿਆ ਹੈ। ਉਸ ਨੇ ਇਸ ਨੂੰ ਸਹਿਣਸ਼ੀਲਤਾ ਦੀ ਮਿਸਾਲ ਵਜੋਂ ਪੇਸ਼ ਕੀਤਾ ਹੈ। ਅੰਬੇਡਕਰ ਸੱਚਮੁੱਚ ਸਹਿਣਸ਼ੀਲ ਸਨ, ਪਰ ਜਿਹੜੀ ਅਸਹਿਣਸ਼ੀਲਤਾ ਉਦੋਂ ਉਨ੍ਹਾਂ ਨੇ ਹੰਢਾਈ, ਉਹ ਤਾਂ ਅੱਜ ਵੀ ਜਿੰਦਾ ਹੈ। ਇਸੇ ਹਫਤੇ ਇਸ ਦੀ ਇੱਕ ਭੱਦੀ ਮਿਸਾਲ ਸਾਹਮਣੇ ਆਈ ਹੈ, ਪਰ ਉਹ ਪਾਰਲੀਮੈਂਟ ਵਿਚ ਚਰਚਾ ਦਾ ਵਿਸ਼ਾ ਨਹੀਂ ਬਣ ਸਕੀ। ਹਰਿਆਣੇ ਵਿਚ ਭਾਜਪਾ ਸਰਕਾਰ ਹੈ। ਉਨ੍ਹਾਂ ਦੀ ਸਰਕਾਰ ਦੇ ਰਾਜ ਵਿਚ ਇੱਕ ਪਿੰਡ ਦੇ ਜ਼ੋਰਾਵਰਾਂ ਨੇ ਇੱਕ ਦਲਿਤ ਨੂੰ ਗੋਹਾ ਖਾਣ ਨੂੰ ਮਜਬੂਰ ਕੀਤਾ ਤੇ ਡਾ. ਅੰਬੇਡਕਰ ਦੇ ਬਣਾਏ ਸੰਵਿਧਾਨ ਦੀਆਂ ਸਿਫਤਾਂ ਕਰਨ ਵਾਲਾ ਇਹ ਦੇਸ਼ ਉਸ ਜੁਰਮ ਨੂੰ ਵੀ ਆਰਾਮ ਨਾਲ ਸਹਿਣ ਕਰ ਗਿਆ ਹੈ। ਬਹੁਤ ਕਮਾਲ ਦੀ ਸਹਿਣਸ਼ੀਲਤਾ ਹੈ ਭਾਰਤ ਦੀ ਰਾਜਨੀਤੀ ਤੇ ਭਾਰਤੀ ਸਮਾਜ ਦੀ। ਇਸ ਦੀ ਦਾਦ ਦੇਣੀ ਬਣਦੀ ਹੈ।

ਜੋ ਕੁਝ ਉਸ ਦਲਿਤ ਨਾਲ ਹੋਇਆ ਹੈ, ਉਹ ਇੱਕ ਜੁਰਮ ਹੈ ਅਤੇ ਜੁਰਮ ਦੀ ਸਜ਼ਾ ਦੇਣ ਲਈ ਅਸੀਂ ਆਰਾਮ ਨਾਲ ਉਸ ਨੂੰ ਸਲਾਹ ਦੇ ਸਕਦੇ ਹਾਂ ਕਿ ਇਨਸਾਫ ਦੇ ਮੰਦਿਰ ਮੌਜੂਦ ਹਨ, ਜੇ ਪੁਲਿਸ ਨਹੀਂ ਸੁਣਦੀ ਤਾਂ ਉਥੇ ਸ਼ਿਕਾਇਤ ਕਰ ਦੇਵੇ। ਇਹ ਕੰਮ ਵੀ ਏਨਾ ਸੌਖਾ ਨਹੀਂ ਹੁੰਦਾ। ਇਨਸਾਫ ਦੇ ਮੰਦਿਰਾਂ ਵਿਚ ਜਾ ਕੇ ਬਹੁੜੀ ਕਰਨ ਲਈ ਵਕੀਲ ਦੀ ਫੀਸ ਦੇਣੀ ਪੈ ਜਾਂਦੀ ਹੈ ਤੇ ਉਹ ਫੀਸ ਹੇਠਲੀ ਅਦਾਲਤ ਵਿਚ ਮਾਮੂਲੀ ਕੇਸ ਦੇ ਗਿਆਰਾਂ ਹਜ਼ਾਰ ਤੋਂ ਤੁਰਦੀ ਸਿਖਰ ਤੱਕ ਪਹੁੰਚ ਕੇ ਏਨੀ ਭਾਰੀ ਹੋ ਜਾਂਦੀ ਹੈ ਕਿ ਗਰੀਬ ਆਪਣਾ ਕੁੱਲਾ ਵੇਚ ਕੇ ਵੀ ਨਹੀਂ ਦੇ ਸਕਦਾ। ਏਦਾਂ ਦੇ ਵਕੀਲ ਵੀ ਸੁਪਰੀਮ ਕੋਰਟ ਵਿਚ ਹਨ, ਜੋ ਇੱਕ ਦਿਨ ਦੀ ਪੇਸ਼ੀ ਦੇ 5 ਲੱਖ ਰੁਪਏ ਜਾਂ ਇਸ ਤੋਂ ਵੱਧ ਮੰਗਦੇ ਹਨ। ਉਹ ਕਦੇ ਕਦੇ ਦੇਸ਼ ਦੇ ਮੰਤਰੀ ਬਣ ਜਾਂਦੇ ਹਨ ਤੇ ਜਦੋਂ ਮੰਤਰੀ ਨਾ ਹੋਣ ਤਾਂ ਵਕਾਲਤ ਕਰਨਾ ਵੀ ਮੰਤਰੀ ਨਾਲੋਂ ਘੱਟ ਨਹੀਂ ਹੁੰਦਾ।

ਅਦਾਲਤਾਂ ਦਾ ਹਾਲ ਵੀ ਆਮ ਬੰਦਾ ਨਹੀਂ ਸੋਚ ਸਕਦਾ। ਇੱਕ ਵਾਰ ਸੁਪਰੀਮ ਕੋਰਟ ਦੇ ਇੱਕ ਸੀਨੀਅਰ ਵਕੀਲ ਨੇ ਅਦਾਲਤ ਵਿਚ ਕਹਿ ਦਿੱਤਾ ਕਿ ਆਜ਼ਾਦੀ ਪਿਛੋਂ ਹੁਣ ਤੱਕ ਅੱਧੇ ਮੁੱਖ ਜੱਜ ਭ੍ਰਿਸ਼ਟਾਚਾਰ ਕਰਦੇ ਰਹੇ ਸਨ। ਆਮ ਬੋਲੀ ਵਿਚ ਕਿਹਾ ਜਾਵੇ ਤਾਂ ਛੋਟੇ ਮੂੰਹੋਂ ਕਹੀ ਵੱਡੀ ਗੱਲ ਲੱਗਦੀ ਸੀ। ਕੋਈ ਵਿਕਸਤ ਦੇਸ਼ ਹੁੰਦਾ ਤਾਂ ਇਹੋ ਜਿਹਾ ਭੁਚਾਲ ਆ ਜਾਂਦਾ ਕਿ ਰਾਜਨੀਤੀ ਸਮੇਤ ਦੇਸ਼ ਦਾ ਸਮੁੱਚਾ ਢਾਂਚਾ ਹਲੂਣਿਆ ਜਾਣਾ ਸੀ, ਪਰ ਭਾਰਤ 'ਚ ਏਨੀ ਸਹਿਣਸ਼ੀਲਤਾ ਹੈ ਕਿ ਏਡੀ ਵੱਡੀ ਗੱਲ ਵੀ ਐਵੇਂ ਲਾਈ ਊਜ ਮੰਨ ਕੇ ਸਹਿਣ ਕਰ ਲਈ ਸੀ। ਜਿਹੜੇ ਦੇਸ਼ ਵਿਚ ਇਸ ਹੱਦ ਤੱਕ ਦੀ ਸਹਿਣਸ਼ੀਲਤਾ ਹੈ, ਉਸ ਵਿਚ ਆਮਿਰ ਖਾਨ ਤੇ ਉਸ ਤਰ੍ਹਾਂ ਦੇ ਹੋਰ ਲੋਕ ਜਦੋਂ ਇਹ ਕਹਿੰਦੇ ਹਨ ਕਿ ਅਸਹਿਣਸ਼ੀਲਤਾ ਵਧ ਰਹੀ ਹੈ ਤਾਂ ਇਸ ਨੂੰ ਹੱਸ ਕੇ ਟਾਲ ਦੇਣਾ ਹੀ ਠੀਕ ਲੱਗਦਾ ਹੈ।

ਬਹੁਤ ਵੱਡੇ ਜਿਗਰੇ ਵਾਲੇ ਇਸ ਦੇਸ਼ ਵਿਚ ਠੀਕ ਅਤੇ ਗਲਤ ਕਹਿਣ ਵੇਲੇ ਪਹਿਲਾਂ ਇਹ ਵੇਖਣਾ ਚਾਹੀਦਾ ਹੈ ਕਿ ਆਖਣ ਵਾਲਾ ਕੌਣ ਹੈ? ਕਾਂਗਰਸ ਦੇ ਇੱਕ ਕੇਂਦਰੀ ਮੰਤਰੀ ਦੀ ਇੱਕ ਔਰਤ ਨਾਲ ਦੋਸਤੀ ਹੁੰਦੀ ਸੀ। ਕ੍ਰਿਕਟ ਦੀ ਆਈ ਪੀ ਐਲ ਲੜੀ ਵਿਚ ਉਸ ਔਰਤ ਨੇ ਇੱਕ ਕ੍ਰਿਕਟ ਟੀਮ ਖਰੀਦਣੀ ਸੀ। ਮੰਤਰੀ ਉਤੇ ਉਸ ਔਰਤ ਦੀ ਮਦਦ ਲਈ ਸੱਠ ਕਰੋੜ ਰੁਪਏ ਦਾ ਪ੍ਰਬੰਧ ਕਰਨ ਦਾ ਦੋਸ਼ ਲੱਗਾ ਸੀ। ਗੁਜਰਾਤ ਦੇ ਮੁੱਖ ਮੰਤਰੀ ਨੇ ਹਜ਼ਾਰਾਂ ਲੋਕਾਂ ਸਾਹਮਣੇ ਕਿਹਾ ਕਿ ਹੁਣ ਭਾਰਤ ਦੀ ਰਾਜਨੀਤੀ ਵਿਚ ਸਿਆਸੀ ਲੀਡਰਾਂ ਦੀ ਗਰਲ ਫਰੈਂਡ ਵੀ ਸੱਠ ਕਰੋੜ ਦੀ ਹੁੰਦੀ ਹੈ। ਫਿਰ ਗੁਜਰਾਤ ਦਾ ਮੁੱਖ ਮੰਤਰੀ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਿਆ। ਉਸ ਨੇ ਸਫਾਈ ਮੁਹਿੰਮ ਸ਼ੁਰੂ ਕੀਤੀ। ਜਿਹੜੇ ਨੌਂ ਚੋਣਵੇਂ ਸੁਲੱਖਣੇ ਚਿਹਰੇ ਉਸ ਨੇ ਅੱਗੇ ਕਰਕੇ ਆਖਿਆ ਕਿ ਇਹ ਭਾਰਤ ਦੀ ਦਿੱਖ ਸੁਧਾਰਨ ਲਈ ਸਾਡੇ ਨੌਂ-ਰਤਨ ਹੋਣਗੇ, ਉਨ੍ਹਾਂ ਵਿਚ ਕਾਂਗਰਸ ਦਾ ਉਹ ਸਾਬਕਾ ਮੰਤਰੀ ਵੀ ਸ਼ਾਮਲ ਸੀ, ਜਿਸ ਨੂੰ 'ਸੱਠ ਕਰੋੜ ਦੀ ਗਰਲ ਫਰੈਂਡ' ਦਾ ਟੋਣਾ ਮਾਰਿਆ ਗਿਆ ਸੀ। ਉਸ ਕਾਂਗਰਸੀ ਆਗੂ ਨੇ ਪਹਿਲਾ ਟੋਣਾ ਵੱਜਾ ਵੀ ਸਹਾਰ ਲਿਆ ਸੀ ਤੇ ਨੌਂ-ਰਤਨਾਂ ਵਿਚ ਸ਼ਾਮਲ ਹੋਣਾ ਵੀ ਪ੍ਰਵਾਨ ਕਰ ਲਿਆ ਸੀ। ਬਾਕੀ ਦੇ ਅੱਠ ਰਤਨਾਂ ਵਿਚ ਵੀ ਇੱਕ-ਦੋ ਏਦਾਂ ਦੇ ਸੁਲੱਖਣੇ ਹਨ।

ਏਨਾ ਕੁਝ ਅੱਖਾਂ ਅੱਗੇ ਹੁੰਦਾ ਵੇਖ ਕੇ ਇਸ ਦੇਸ਼ ਵਿਚ ਟਿਕੇ ਰਹਿਣਾ ਵੀ ਸਿਖਰਾਂ ਦੀ ਸਹਿਣਸ਼ੀਲਤਾ ਹੈ ਅਤੇ ਇਹ ਸਹਿਣਸ਼ੀਲਤਾ ਭਾਰਤ ਦੇ ਆਮ ਆਦਮੀ ਦੇ ਕੋਲ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਰਾਜ ਦੇ ਪਹਿਲੇ ਪਰਵਾਸੀ ਪੰਜਾਬੀ ਮੁੱਖ ਮੰਤਰੀ ਦਾ ਨਾਂ ਉਜਲ ਦੋਸਾਂਝ ਹੈ। ਉਸ ਦਾ ਇੱਕ ਲੇਖ ਛਪਿਆ ਹੈ। ਉਜਲ ਦੇ ਦਾਦਾ ਤੇ ਨਾਨਾ ਦੋਵੇਂ ਆਜ਼ਾਦੀ ਘੁਲਾਟੀਏ ਸਨ ਤੇ ਸੁਤੰਤਰਤਾ ਸੰਗਰਾਮ ਵਿਚ ਉਨ੍ਹਾਂ ਦੀ ਭੂਮਿਕਾ ਇਤਿਹਾਸ ਦਾ ਸ਼ਾਨਦਾਰ ਹਿੱਸਾ ਹੈ। ਉਸ ਨੇ ਲਿਖਿਆ ਹੈ ਕਿ ਜੇ ਆਮਿਰ ਖਾਨ ਦੇ ਕਹੇ ਤੋਂ ਏਨਾ ਗੁੱਸਾ ਆਉਂਦਾ ਹੈ ਤਾਂ ਉਸ ਤੋਂ ਪਹਿਲਾਂ ਫਾਂਸੀ ਉਤੇ ਮੈਨੂੰ ਟੰਗ ਦਿਓ। ਕਾਰਨ ਉਸ ਨੇ ਇਹ ਲਿਖਿਆ ਹੈ ਕਿ ਦੇਸ਼ ਦੇ ਆਗੂਆਂ ਤੋਂ ਅਜੇ ਤੱਕ ਇਸ ਦੇਸ਼ ਦੇ ਵਿਕਾਸ ਦਾ ਪੱਧਰ ਨਹੀਂ ਚੁੱਕਿਆ ਗਿਆ ਤੇ ਏਸੇ ਲਈ ਰੋਜ਼ ਇਸ ਮਿੱਟੀ ਵਿਚ ਜਨਮੇ ਹਜ਼ਾਰਾਂ ਬੱਚੇ ਰੋਟੀ ਦਾ ਜੁਗਾੜ ਕਰਨ ਲਈ ਵਿਦੇਸ਼ਾਂ ਨੂੰ ਤੁਰੇ ਜਾ ਰਹੇ ਹਨ। ਆਪਣੇ ਦੇਸ਼ ਵਿਚ ਇਹੋ ਜਿਹੇ ਹਾਲਾਤ ਨੂੰ ਭੁਗਤ ਰਹੇ ਆਮ ਲੋਕ ਕਦੇ ਅਸਹਿਣਸ਼ੀਲ ਨਹੀਂ ਕਹੇ ਜਾ ਸਕਦੇ। ਉਸ ਨੇ ਲਿਖਿਆ ਹੈ ਕਿ ਮੈਂ ਉਥੋਂ ਆ ਗਿਆ, ਇੱਕ ਅਰਬ ਤੋਂ ਵੱਧ ਲੋਕ ਉਥੇ ਵੱਸ ਰਹੇ ਹਨ ਤੇ ਆਪਣੀ ਹੋਂਦ ਦੀ ਲੜਾਈ ਲੜਦੇ ਪਏ ਹਨ। ਮੈਂ ਦੋਸ਼ੀ ਹੋ ਸਕਦਾ ਹਾਂ, ਉਹ ਦੋਸ਼ੀ ਨਹੀਂ ਹਨ। ਆਮਿਰ ਦੌੜਿਆ ਤਾਂ ਨਹੀਂ, ਉਥੇ ਹਾਲਾਤ ਦਾ ਸਾਹਮਣਾ ਕਰ ਰਿਹਾ ਹੈ, ਉਹਨੂੰ ਦੋਸ਼ੀ ਨਹੀਂ ਕਿਹਾ ਜਾਣਾ ਚਾਹੀਦਾ। ਉਸ ਨੂੰ ਦੌੜ ਜਾਣ ਨੂੰ ਕਿਹਾ ਜਾ ਚੁੱਕਾ ਹੈ ਤੇ ਉਹ ਫਿਰ ਵੀ ਦੌੜਿਆ ਨਹੀਂ। ਇਸ ਲਈ ਉਹ ਦੇਸ਼-ਧਰੋਹੀ ਨਹੀਂ ਹੋ ਸਕਦਾ।

...ਤੇ ਗੱਲ ਉਜਲ ਦੋਸਾਂਝ ਬੜਾ ਭਾਵੁਕ ਹੋ ਕੇ ਏਥੇ ਮੁਕਾਉਂਦਾ ਹੈ ਕਿ ਮੇਰੇ ਵੱਡਿਆਂ ਨੇ ਭਾਰਤ ਦੀ ਆਜ਼ਾਦੀ ਲਈ ਕੁਰਬਾਨੀ ਕੀਤੀ ਸੀ, ਮੈਂ ਭਾਰਤ ਨੂੰ ਛੱਡ ਆਇਆ। ਜੇ ਦੇਸ਼ ਧਰੋਹੀ ਕਹਿਣਾ ਹੈ ਤਾਂ ਆਮਿਰ ਤੋਂ ਪਹਿਲਾਂ ਮੈਨੂੰ ਫਾਂਸੀ ਚਾੜ੍ਹ ਦਿਓ, ਜਿਹੜਾ ਉਸ ਦੇਸ਼ ਵਿਚੋਂ ਉਠ ਕੇ ਕੈਨੇਡਾ ਆ ਬੈਠਾ ਹਾਂ। ਉਜਲ ਦੋਸਾਂਝ ਦੇ ਇਸ ਵਲਵਲੇ ਨੂੰ ਵੀ ਭਾਰਤ ਨੇ ਲਤੀਫਾ ਸਮਝ ਕੇ ਸਹਿਣ ਕਰ ਲੈਣਾ ਹੈ, ਕਿਉਂਕਿ ਭਾਰਤ ਅਸਹਿਣਸ਼ੀਲ ਨਹੀਂ ਅਖਵਾ ਸਕਦਾ।

ਇੱਕ ਪੁਰਾਣੀ ਗੱਲ ਯਾਦ ਕਰਵਾਉਣੀ ਚਾਹਾਂਗੇ। ਜਦੋਂ ਉਜਲ ਦੋਸਾਂਝ ਬ੍ਰਿਟਿਸ਼ ਕੋਲੰਬੀਆ ਦਾ ਮੁੱਖ ਮੰਤਰੀ ਬਣਿਆ ਤਾਂ ਪੰਜਾਬ ਵਿਚ ਉਸ ਦੇ ਸਨਮਾਨ ਵਿਚ ਕਈ ਸਮਾਗਮ ਹੋਏ ਸਨ। ਇਹੋ ਜਿਹੇ ਸਮਾਗਮਾਂ ਵਿਚੋਂ ਇੱਕ ਥਾਂ ਸਾਨੂੰ ਵੀ ਸੱਦਿਆ ਗਿਆ ਸੀ। ਸਾਰੇ ਬੁਲਾਰੇ ਇਹੋ ਕਹੀ ਜਾਂਦੇ ਸਨ ਕਿ ਉਜਲ ਦੋਸਾਂਝ ਵਰਗੇ ਲੋਕਾਂ ਦੀ ਪੰਜਾਬ ਨੂੰ ਲੋੜ ਹੈ। ਉਜਲ ਦੇ ਕਹਿਣ ਉਤੇ ਸਾਨੂੰ ਅਖੀਰ ਵਿਚ ਬੁਲਾਇਆ ਗਿਆ। ਅਸੀਂ ਕਿਹਾ ਸੀ, ਉਜਲ ਵੀਰਿਆ, ਤੂੰ ਪੰਜਾਬ ਤੇ ਕੈਨੇਡਾ ਦੇ ਫਰਕ ਨੂੰ ਸਮਝ ਕੇ ਗੱਲ ਕਰ। ਬਲਬ ਜਗਾਉਣ ਨੂੰ ਅਸੀਂ ਬਟਨ ਹੇਠਾਂ ਕਰਦੇ ਹਾਂ ਤੇ ਤੁਸੀਂ ਉਪਰ ਕਰਦੇ ਹੋ। ਅਸੀਂ ਸੜਕ ਉਤੇ ਖੱਬੇ ਚੱਲਦੇ ਤੇ ਤੁਸੀਂ ਸੱਜੇ ਪਾਸੇ ਵੱਲ ਚੱਲਦੇ ਹੋ। ਹਾਸੇ ਵਿਚ ਅਸੀਂ ਕਿਹਾ ਕਿ ਏਥੇ ਅਸੂਲ ਵੀ ਤੁਹਾਡੇ ਤੋਂ ਉਲਟ ਨੇ। ਉਥੇ ਲੋਕਾਂ ਨੇ ਤੇਰੀ ਚੰਗਿਆਈ ਵੇਖ ਕੇ ਤੈਨੂੰ ਮੁੱਖ ਮੰਤਰੀ ਬਣਾ ਦਿੱਤਾ ਹੈ, ਪੰਜਾਬ ਵਿਚ ਅਸੂਲ ਵਾਲਾ ਬੰਦਾ ਛੇਤੀ ਕੀਤੇ ਅਸੀਂ ਪਿੰਡ ਦਾ ਸਰਪੰਚ ਨਹੀਂ ਬਣਨ ਦੇਂਦੇ ਤੇ ਜੇ ਬਣ ਜਾਵੇ ਤਾਂ ਅਗਲੇ ਸਾਲ ਤੱਕ ਦੋ-ਚਾਰ ਕੇਸਾਂ ਵਿਚ ਫਸਾ ਦੇਂਦੇ ਹਾਂ। ਸਾਡੇ ਹਾਲਾਤ ਏਥੇ ਵੱਸਦੇ ਲੋਕਾਂ ਦੇ ਸਹਿਣ ਵਾਲੇ ਹਨ, ਤੁਹਾਨੂੰ ਰਾਸ ਨਹੀਂ ਆ ਸਕਣੇ।

ਇਸ ਹਫਤੇ ਭਾਰਤ ਵਿਚ ਆਮਿਰ ਖਾਨ ਦੀ ਕਹੀ ਸਿਰਫ ਇੱਕ ਗੱਲ ਉਤੇ ਰੌਲਾ ਪਿਆ ਹੈ ਤੇ ਇਸ ਦੌਰਾਨ ਇੱਕ ਹੋਰ ਗੱਲ ਕਿਸੇ ਨੇ ਗੌਲੀ ਹੀ ਨਹੀਂ। ਇੱਕ ਜਥੇਬੰਦੀ ਨੇ ਇਹ ਐਲਾਨ ਕੀਤਾ ਹੈ ਕਿ ਜਿਹੜਾ ਬੰਦਾ ਆਮਿਰ ਖਾਨ ਨੂੰ ਥੱਪੜ ਮਾਰੇਗਾ, ਉਸ ਨੂੰ ਇੱਕ ਥੱਪੜ ਦਾ ਇੱਕ ਲੱਖ ਤੇ ਦਸ ਥੱਪੜ ਮਾਰਨ ਦੇ ਦਸ ਲੱਖ ਰੁਪਏ ਇਨਾਮ ਦਿਆਂਗੇ। ਕਿਸੇ ਨੂੰ ਥੱਪੜ ਮਾਰਨਾ ਵੀ ਜੁਰਮ ਹੈ ਤੇ ਜੁਰਮ ਕਰਨ ਲਈ ਉਕਸਾਉਣਾ ਵੀ ਜੁਰਮ ਹੈ। ਉਸ ਜਥੇਬੰਦੀ ਵੱਲੋਂ ਜੁਰਮ ਕਰਨ ਦਾ ਸਿੱਧਾ ਸੱਦਾ ਵੀ ਅਸੀਂ ਸਹਿਣ ਕਰ ਲਿਆ। ਇਹ ਸਾਡੀ ਸਹਿਣਸ਼ੀਲਤਾ ਹੈ। ਆਪਣੇ ਖਿਲਾਫ ਚਾਂਦਮਾਰੀ ਦੇ ਬਾਵਜੂਦ ਆਮਿਰ ਖਾਨ ਗਲਤ ਹੈ ਤੇ ਜਿਹੜੇ ਅਸਹਿਣਸ਼ੀਲਤਾ ਦੀ ਹਰ ਹੱਦ ਪਾਰ ਕਰੀ ਜਾਂਦੇ ਹਨ, ਉਹ ਠੀਕ ਮੰਨੇ ਜਾਂਦੇ ਹਨ, ਕਿਉਂਕਿ ਉਨ੍ਹਾਂ ਦੀ ਇਹ ਗੱਲ ਇਸ ਦੇਸ਼ ਦੇ ਹੁਕਮਰਾਨਾਂ ਦੀ ਸਹਿਣਸ਼ੀਲਤਾ ਨੂੰ ਫਿੱਟ ਬੈਠਦੇ ਗਜ਼ ਦੇ ਮੁਤਾਬਕ ਠੀਕ ਹੈ। ਹੇ ਪਿਆਰੀ ਭਾਰਤ ਮਾਂ, ਤੈਨੂੰ ਅਸੀਂ ਸੀਸ ਨਿਵਾਉਂਦੇ ਹਾਂ, ਤੇਰੇ ਤੋਂ ਸਦਕੇ ਜਾਂਦੇ ਹਾਂ।

**Flat Rate Funding Group**

**Are you tired of waiting to get paid on your outstanding freight invoices?**
**Get your $$$ now!**
**At Flat Rate Funding Group, we offer the lowest fixed factoring rate in the transportation industry-**
*****1.5%!*****
*Call Goldy Dhillon* 734-444-9625
sales@flatratefunding.com



*We also guarantee The Best Fuel Discount $.20 off per gallon at all Flying J and Pilot stations!*

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ
ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ:734-444-9625

# ਆਜ਼ਾਦੀ ਦੇ ਪਰਵਾਨਿਆਂ ਦੀ ਯਾਦ 'ਚ ਸਫਲ ਸੈਮੀਨਾਰ

**ਨਿਊ ਯਾਰਕ (ਬਿਊਰੋ):** ਗਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਸਥਾਨਕ ਸੰਸਥਾ ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਵਲੋਂ ਲੰਘੀ 22 ਨਵੰਬਰ ਨੂੰ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਛੇ ਸਾਥੀਆਂ-ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ (ਸੁਰ ਸਿੰਘ ਵਾਲਾ), ਬਖਸ਼ੀਸ਼ ਸਿੰਘ (ਗਿੱਲਵਾਲੀ), ਸੁਰੈਣ ਸਿੰਘ ਛੋਟਾ (ਗਿੱਲਵਾਲੀ), ਸੁਰੈਣ ਸਿੰਘ ਵੱਡਾ (ਗਿੱਲਵਾਲੀ) ਅਤੇ ਹਰਨਾਮ ਸਿੰਘ ਸਿਆਲਕੋਟੀ ਦੀ ਸ਼ਹੀਦੀ ਦੀ ਪਹਿਲੀ ਸ਼ਤਾਬਦੀ ਨੂੰ ਸਮਰਪਿਤ ਇਕ ਸਮਾਗਮ ਕੀਤਾ ਗਿਆ। ਇਹ ਸਮਾਗਮ ਗੋਰੀ ਸਰਕਾਰ ਵਲੋਂ ਸਿੰਘਾਪੁਰ ਵਿਖੇ 47 ਫੌਜੀਆਂ ਨੂੰ ਗੋਲੀ ਮਾਰ ਕੇ ਸ਼ਹੀਦ ਕਰਨ ਦੀ ਸੌਵੀਂ ਵਰ੍ਹੇਗੰਢ ਅਤੇ ਦੋ ਨਾਮਧਾਰੀ ਸਿੰਘਾਂ ਨੂੰ ਦਿਨ ਦਿਹਾੜੇ ਫਾਂਸੀ 'ਤੇ ਲਟਕਾਉਣ ਦੀ 150ਵੀਂ ਵਰ੍ਹੇਗੰਢ ਨੂੰ ਵੀ ਸਮਰਪਿਤ ਸੀ।

ਸਮਾਗਮ ਦਾ ਅਰੰਭ ਸ਼ਹੀਦ ਭਗਤ ਸਿੰਘ ਦੇ ਭਤੀਜੇ ਫਰਿਜ਼ਨੋ ਤੋਂ ਕਿਰਪਾਲ ਸਿੰਘ ਸੰਧੂ, ਭਾਈ ਭਗਵਾਨ ਸਿੰਘ ਪ੍ਰੀਤਮ ਦੇ ਦੋਹਤਰੇ ਐਸ. ਪੀ. ਸਿੰਘ, ਉਂਕਾਰ ਸਿੰਘ ਡੁਮੇਲੀ, ਜਸਬੀਰ ਸਿੰਘ (ਨਾਮਧਾਰੀ) ਅਤੇ ਭਾਰਤ ਤੋਂ ਆਏ ਪ੍ਰੋ. ਕੇਵਲ ਸਿੰਘ ਕਲੋਟੀ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ। ਹਾਜ਼ਰੀਨ ਨੇ ਇਕ ਮਿੰਟ ਦਾ ਮੌਨ ਰੱਖ ਕੇ ਸ਼ਹੀਦਾਂ ਨੂੰ ਆਪਣੀ ਅਕੀਦਤ ਪੇਸ਼ ਕੀਤੀ।

ਪ੍ਰੋਗਰਾਮ ਦਾ ਅਰੰਭ ਦੋ ਨਾਮਧਾਰੀ ਬੀਬੀਆਂ-ਸਤਵਿੰਦਰ ਕੌਰ ਅਤੇ ਬਲਵੰਤ ਕੌਰ ਨੇ 'ਦੇਹ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ' ਦਾ ਗਾਇਨ ਕਰਕੇ ਕੀਤਾ।







ਸਮਾਗਮ ਦੀ ਮਹੱਤਤਾ ਬਾਰੇ ਉਂਕਾਰ ਸਿੰਘ ਡੁਮੇਲੀ ਨੇ ਜਾਣਕਾਰੀ ਦਿੰਦਿਆਂ ਅਗਲੀ ਕਾਰਵਾਈ ਸ਼ੁਰੂ ਕੀਤੀ।

ਸ. ਕਿਰਪਾਲ ਸਿੰਘ ਸੰਧੂ ਨੇ ਗਦਰੀ ਬਾਬਿਆਂ ਦੀਆਂ ਆਜ਼ਾਦੀ ਖਾਤਰ ਕੁਰਬਾਨੀਆਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਅਸੀਂ ਆਜ਼ਾਦੀ ਦੇ ਇਨ੍ਹਾਂ ਪਰਵਾਨਿਆਂ ਦੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਤਾਰ ਸਕਦੇ, ਅਸੀਂ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਵੀ ਨਹੀਂ ਉਸਾਰ ਸਕੇ, ਸਾਨੂੰ ਇੰਨਾ ਤਾਂ ਕਰਨਾ ਹੀ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਰੱਖੀਏ ਅਤੇ ਉਨ੍ਹਾਂ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸੀਏ। ਇਹੋ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਜ਼ਿਕਰਯੋਗ ਹੈ ਕਿ ਸ. ਸੰਧੂ ਇਸ ਸਮੇਂ ਨੱਬੇ ਸਾਲ ਦੀ ਉਮਰ ਦੇ ਹਨ। ਉਹ ਬੜੀ ਸਰਗਰਮੀ ਨਾਲ ਗਦਰੀ ਬਾਬਿਆਂ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ।

ਸ. ਐਸ. ਪੀ. ਸਿੰਘ ਨੇ ਭਾਈ ਭਗਵਾਨ ਸਿੰਘ ਪ੍ਰੀਤਮ ਦੇ ਜੀਵਨ ਪ੍ਰਤੀ ਵਿਸਥਾਰ ਵਿਚ ਦੱਸਿਆ ਕਿ ਉਨ੍ਹਾਂ ਕੋਲ ਤਿੰਨ ਡਿਗਰੀਆਂ ਸਨ ਜੋ ਉਨ੍ਹਾਂ ਸਿਰਫ 11 ਮਹੀਨਿਆਂ 'ਚ ਪੂਰੀਆਂ ਕੀਤੀਆਂ ਜਿਸ ਤੋਂ ਜਾਹਰ ਹੈ ਕਿ ਉਹ ਕਿੰਨੇ ਰੌਸ਼ਨ ਦਿਮਾਗ ਸਨ। ਭਾਰਤ ਨੂੰ ਗੋਰੀ ਹਕੂਮਤ ਤੋਂ ਆਜ਼ਾਦੀ ਦਿਵਾਉਣ ਲਈ ਗਦਰੀ ਬਾਬਿਆਂ ਵਲੋਂ ਅਰੰਭੀ ਗਈ ਲਹਿਰ ਵਿਚ ਭਾਈ ਪ੍ਰੀਤਮ ਦਾ ਵੀ ਅਹਿਮ ਰੋਲ ਸੀ।

ਬੇਕਰਜ਼ਫੀਲਡ (ਕੈਲੀਫੋਰਨੀਆ) ਤੋਂ ਆਏ ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ (ਕੈਲੀਫੋਰਨੀਆ) ਦੇ ਸਰਗਰਮ ਮੈਂਬਰ ਸ. ਕਸ਼ਮੀਰ ਸਿੰਘ ਕਾਂਗਣਾ ਨੇ ਭਾਰਤ ਦੀ ਆਜ਼ਾਦੀ ਲਈ ਜੂਝ ਰਹੇ ਦੇਸ਼ ਭਗਤਾਂ ਦਾ ਸਾਥ ਦੇਣ ਵਾਲੇ ਅਮਰੀਕਨ ਆਜ਼ਾਦੀ ਪਸੰਦ ਮਿੱਤਰਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਨ੍ਹਾਂ ਵਿਚ ਮਿਸ ਐਗਨਸ ਸਮੈਡਲੀ, ਮਾਰਗੇਟ ਸੰਗਰ, ਐਮੀ ਗੋਲਡਮੈਨ ਅਟਾਰਨੀ, ਰਾਬਰਟ ਰਾਏ ਅਤੇ ਜਾਨ ਰੀਡ ਸ਼ਾਮਲ ਸਨ। ਸ. ਕਾਂਗਣਾ ਨੇ ਦੱਸਿਆ ਕਿ ਇਨ੍ਹਾਂ ਨੇ ਵੱਡੇ ਦੁੱਖ ਸਹਾਰਦਿਆਂ ਭਾਰਤ ਦੇ ਆਜ਼ਾਦੀ ਘੁਲਾਟੀਆਂ ਦਾ ਸਾਥ ਦਿੱਤਾ। ਇਹ ਸਭ ਜਾਣ ਕੇ ਪੰਡਾਲ 'ਚ ਬੈਠੇ ਸਰੋਤਿਆਂ ਦੇ ਮਨ ਭਾਵੁਕ ਹੋ ਗਏ। ਸ. ਕਾਂਗਣਾ ਨੇ ਸਿੰਘਾਪੁਰ ਦੇ ਉਨ੍ਹਾਂ ਸੰਤਾਲੀ ਫੌਜੀ ਸ਼ਹੀਦਾਂ ਦੀ ਕੁਰਬਾਨੀ ਨੂੰ ਵੀ ਚੇਤੇ ਕੀਤਾ ਜਿਨ੍ਹਾਂ ਨੂੰ ਗੋਰੀ ਸਰਕਾਰ ਨੇ ਕੰਧ ਨਾਲ ਖੜ੍ਹੇ ਕਰਕੇ ਗੋਲੀ ਮਾਰ ਦਿੱਤੀ ਸੀ।

ਉਘੇ ਕਹਾਣੀਕਾਰ ਪ੍ਰੋ. ਵਰਿਆਮ ਸਿੰਘ ਸੰਧੂ, ਜੋ ਦੇਸ਼ ਭਗਤ ਯਾਦਗਾਰ ਹਾਲ (ਜਲੰਧਰ) ਦੇ ਟਰਸਟੀ ਵੀ ਹਨ, ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਗਦਰੀ ਬਾਬਿਆਂ ਦਾ ਜਰਨੈਲ ਤੇ ਚੌਮੁਖੀਆ ਚਿਰਾਗ ਦੱਸਦਿਆਂ ਭਾਰਤ ਨੂੰ ਗੋਰੀ ਹਕੂਮਤ ਤੋਂ ਆਜ਼ਾਦ ਕਰਵਾਉਣ ਲਈ ਉਸ ਵਲੋਂ ਬਹੁਤ ਛੋਟੀ ਉਮਰੇ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਉਨ੍ਹਾਂ ਆਪਣੇ ਪਿੰਡ ਸੁਰ ਸਿੰਘ ਵਾਲਾ ਦੇ ਗਦਰ ਲਹਿਰ ਦੇ ਸ਼ਹੀਦਾਂ ਦੀਆਂ ਯਾਦਗਾਰੀ ਗੱਲਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਫਰਿਜ਼ਨੋ ਤੋਂ ਪੰਜਾਬੀ ਚਿੰਤਕ ਅਤੇ ਵਿਗਿਆਨੀ ਡਾ. ਗੁਰੂਮੇਲ ਸਿੰਘ ਸਿੱਧੂ ਨੇ ਗਦਰੀ ਬਾਬਿਆਂ ਵਲੋਂ ਗੋਰੀ ਸਰਕਾਰ ਵਿਰੁਧ ਜੰਗ 'ਚ ਕੀਤੀਆਂ ਗਈਆਂ ਕੁਰਬਾਨੀਆਂ ਦੀ ਗੱਲ ਕਰਦਿਆਂ ਆਜ਼ਾਦੀ ਦੀ ਲੜਾਈ ਦੇ ਦੂਸਰੇ ਪੱਖ ਬਾਰੇ ਬੜੇ ਤਰਕ ਭਰੇ ਢੰਗ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਇਸ ਸਮੇਂ ਅਸੀਂ ਅਮਰੀਕਾ 'ਚ ਜਾਇਦਾਦ ਦੀ ਮਾਲਕੀ, ਸਿਟੀਜ਼ਨਸ਼ਿਪ, ਜਿੰਮੇਵਾਰ ਅਹੁਦਿਆਂ ਸਮੇਤ ਹੋਰ ਬਹੁਤ ਸਾਰੇ ਅਧਿਕਾਰ ਮਾਣ ਰਹੇ ਹਾਂ ਪਰ ਇਹ ਸਭ ਜਿਨ੍ਹਾਂ ਸਖਸ਼ੀਅਤਾਂ ਦੇ ਸੰਘਰਸ਼ ਕਰਕੇ ਸੰਭਵ ਹੋ ਸਕਿਆ ਹੈ, ਉਸ ਬਾਰੇ ਵੀ ਜਾਣਨਾ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਦਲੀਪ ਸਿੰਘ ਸੌਂਧ, ਜੋ ਅਮਰੀਕਾ ਵਿਚ ਭਾਰਤੀ ਮੂਲ ਦੇ ਪਹਿਲੇ ਸੈਨੇਟਰ ਸਨ, ਨੇ ਭਾਰਤੀ ਲੋਕਾਂ ਦੀ ਪਹਿਚਾਣ ਬਣਾਈ। ਡਾ. ਸਿੱਧੂ ਨੇ ਪਾਖਰ ਸਿੰਘ ਤੇ ਭਗਤ ਸਿੰਘ ਥਿੰਦ ਦੀਆਂ ਸਿਟੀਜ਼ਨਸ਼ਿਪ ਅਤੇ ਜਾਇਦਾਦ ਦੀ ਮਾਲਕੀ ਦੇ ਹੱਕ ਭਾਰਤੀਆਂ ਨੂੰ ਦਿਵਾਉਣ ਲਈ ਕੀਤੀ ਗਈ ਘਾਲਣਾ ਬਾਰੇ ਵੀ ਬੜੇ ਵਿਸਥਾਰ ਵਿਚ ਦੱਸਿਆ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਡਾ. ਸਿੱਧੂ ਦੀ 'ਗਦਰ ਲਹਿਰ ਦਾ ਇਕ ਹੋਰ ਪੱਖ:ਪਰਵਾਸੀਆਂ ਦੇ ਸਿਟੀਜ਼ਨ ਹੱਕਾਂ ਲਈ ਘੋਲ ਦੀ ਕਹਾਣੀ' ਛਪੀ ਹੈ ਜਿਸ ਵਿਚ ਇਹ ਸਭ ਜਾਣਕਾਰੀ ਦਿੱਤੀ ਗਈ ਹੈ।





ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਨਿਊ ਯਾਰਕ ਦੇ ਖਾਸ ਸੱਦੇ 'ਤੇ ਭਾਰਤ ਤੋਂ ਪਹੁੰਚੇ ਪ੍ਰੋ. ਕਲੋਟੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਹੋਰ ਗਦਰੀ ਬਾਬਿਆਂ ਦੇ ਆਜ਼ਾਦੀ ਦੀ ਲੜਾਈ ਦੀ ਲਹਿਰ ਸ਼ੁਰੂ ਕਰਨ ਦੇ ਕਾਰਨਾਂ ਬਾਰੇ ਦੱਸਦਿਆਂ ਅਜੋਕੇ ਯੁਗ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇਸ ਸਮੇਂ ਪੂੰਜੀਵਾਦੀ ਹਿਤ ਗਰੀਬ ਕਾਮਿਆਂ ਦੀ ਲੁੱਟ-ਖਸੁਟ ਕਰ ਰਹੇ ਹਨ ਅਤੇ ਵਿਚਾਰੇ ਕਾਮੇ ਦਰੜੇ ਪਏ ਹਨ। ਉਨ੍ਹਾਂ ਇਸ ਲੁੱਟ-ਖਸੁੱਟ ਲਈ ਕੌਣ ਤੇ ਕਿਵੇਂ ਜ਼ਿੰਮੇਵਾਰ ਹੈ, ਬਾਰੇ ਵੀ ਵਿਚਾਰ ਸਾਂਝੇ ਕੀਤੇ।

ਸਮਾਗਮ ਵਿਚ ਸਥਾਨਕ ਨਾਮਧਾਰੀ ਸੰਸਥਾ ਦੇ ਬੁਲਾਰੇ ਸੁਖਦੇਵ ਸਿੰਘ ਨੇ ਨਾਮਧਾਰੀ ਲਹਿਰ ਦੇ ਭਾਰਤੀ ਆਜ਼ਾਦੀ ਲਈ ਯੋਗਦਾਨ ਬਾਰੇ ਦੱਸਦਿਆਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਆਜ਼ਾਦੀ ਘੁਲਾਟੀਏ ਸਨ, ਜਿਨ੍ਹਾਂ ਅੰਗਰੇਜ਼ ਰਾਜ ਵਿਰੁਧ ਨਾ-ਮਿਲਵਰਤਣ ਲਹਿਰ ਦੀ ਸ਼ੁਰੂਆਤ ਕੀਤੀ। 1857 ਦੇ ਗਦਰ ਦੀ ਗੱਲ ਕਰਦਿਆਂ ਉਨ੍ਹਾਂ ਕੂਕਾ ਲਹਿਰ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਕਿਵੇਂ ਨਾਮਧਾਰੀ ਸੂਰਮਿਆਂ ਨੇ ਸ਼ਾਂਤਮਈ ਤਰੀਕੇ ਨਾਲ ਗੋਰੇ ਹਾਕਮਾਂ ਦੀਆਂ ਤੋਪਾਂ ਅੱਗੇ ਆਪਣੇ ਸਿਰ ਡਾਹੇ। ਉਨ੍ਹਾਂ ਸਰੋਤਿਆਂ ਨੂੰ ਅਪੀਲ ਕੀਤੀ ਕਿ ਆਓ ਅਸਲੀ ਸਿੰਘ ਬਣ ਕੇ ਦੁਨੀਆਂ ਵਿਚ ਹੋ ਰਹੀਆਂ ਬੇਇਨਸਾਫੀਆਂ ਦਾ ਵਿਰੋਧ ਕਰੀਏ, ਗੁਰੂ ਵਾਲੇ ਬਣ ਸਮਾਜ ਦੀ ਸੇਵਾ ਕਰੀਏ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਦਾ ਸੁਪਨਾ ਪੂਰਾ ਕਰੀਏ।

ਨਾਮਧਾਰੀ ਆਗੂ ਸ. ਸਰਮੁਖ ਸਿੰਘ ਨੇ ਨਾਮਧਾਰੀ ਸੰਸਥਾ ਦੀ ਅਹਿਮੀਅਤ ਦੱਸਦਿਆਂ ਇਕ ਕਵਿਤਾ ਪੜ੍ਹੀ ਤੇ ਸਤਿਗੁਰੂ ਰਾਮ ਸਿੰਘ ਦੇ ਪੂਰਨਿਆਂ 'ਤੇ ਚੱਲਣ ਦੀ ਅਪੀਲ ਕੀਤੀ।

ਪ੍ਰੋ. ਸੰਦੀਪ ਸਿੰਘ, ਬਲਬੀਰ ਸਿੰਘ ਅਤੇ ਬੀਬੀ ਸੁਰਿੰਦਰ ਕੌਰ, ਨਾਮਧਾਰੀ ਬੀਬੀਆਂ-ਗੁਰਮੀਤ ਕੌਰ ਤੇ ਹਰਜੀਤ ਕੌਰ ਨੇ ਗਦਰ ਲਹਿਰ ਦੇ ਯੋਧਿਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਰਚਨਾਵਾਂ ਪੜ੍ਹੀਆਂ। ਡਾ. ਰਾਮਜੀ ਦਾਸ ਸੇਠੀ, ਹਰਪ੍ਰੀਤ ਸਿੰਘ ਤੂਰ, ਸਤਨਾਮ ਸਿੰਘ ਪਰਹਾਰ, ਅਵਤਾਰ ਸਿੰਘ ਪੰਨੂ (ਸਿੱਖਸ ਫਾਰ ਜਸਟਿਸ) ਤੇ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਅਮਰੀਕਾ) ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਤੇ ਖੇਡ ਪੱਤਰਕਾਰ ਇਕਬਾਲ ਸਿੰਘ ਜੱਬੋਵਾਲ ਨੇ ਵੀ ਗਦਰ ਲਹਿਰ ਅਤੇ ਆਜ਼ਾਦੀ ਘੁਲਾਟੀਆਂ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕਰਦਿਆਂ ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਨਿਊ ਯਾਰਕ ਦੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਨਿਊ ਯਾਰਕ ਵਲੋਂ ਪ੍ਰਧਾਨ ਸਵਰਨ ਸਿੰਘ ਤੇ ਉਂਕਾਰ ਸਿੰਘ ਡੁਮੇਲੀ ਨੇ ਸੈਮੀਨਾਰ ਵਿਚ ਪਹੁੰਚੇ ਦਰਸ਼ਕਾਂ ਤੇ ਚਿੰਤਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਸੈਮੀਨਾਰ ਲਈ ਸਹਿਯੋਗ ਦੇਣ ਵਾਲਿਆਂ ਸਮੂਹ ਧਾਰਮਿਕ, ਸਮਾਜਿਕ ਤੇ ਸ਼ਹੀਦ ਸੰਸਥਾਵਾਂ ਦਾ ਵੀ ਧੰਨਵਾਦ ਕੀਤਾ। ਸੈਮੀਨਾਰ ਦੀ ਕਾਰਵਾਈ ਸ. ਮਨਮੋਹਨ ਪੁੰਨੀ ਨੇ ਬੜੇ ਸੁਚੱਜੇ ਢੰਗ ਨਾਲ ਚਲਾਈ।

ਹਾਲ ਨੂੰ ਸਜਾਉਣ ਲਈ ਅਨਮੋਲ ਸਿੰਘ, ਸ਼ੇਰ ਸਿੰਘ, ਸੁਦਰਸ਼ਨ ਸਿੰਘ ਤੇ ਅਵਤਾਰ ਸਿੰਘ (ਮੈਰੀਲੈਂਡ) ਦਾ ਉਚੇਚਾ ਯੋਗਦਾਨ ਰਿਹਾ। ਗਦਰੀ ਬਾਬਿਆਂ ਬਾਰੇ ਕਿਤਾਬਾਂ ਦਾ ਇਕ ਸਟਾਲ ਵੀ ਲਾਇਆ ਗਿਆ ਜਿਸ ਦੀ ਜਿੰਮੇਵਾਰੀ ਪ੍ਰੀਤਕਾ ਪੁੰਨੀ, ਦਮਨਜੀਤ ਤੇ ਮਨਦੀਪ ਸੰਧੂ ਨੇ ਨਿਭਾਈ। ਲੰਗਰ ਦੀ ਸੇਵਾ ਬਲਵਿੰਦਰ ਸਿੰਘ (ਸਤਿਗੁਰੂ ਸਵੀਟ ਸ਼ਾਪ) ਨੇ ਕੀਤੀ।





# ਪ੍ਰੈਸ ਦੀ ਆਜ਼ਾਦੀ ਬਾਰੇ ਪੰਜਾਬ ਸਰਕਾਰ ਦੀ ਨਿਖੇਧੀ

**ਫਰਿਜ਼ਨੋ (ਬਿਊਰੋ):** ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਵਲੋਂ ਪੱਤਰਕਾਰ ਭਾਈਚਾਰੇ ਜਾਂ ਸ਼ੋਸ਼ਲ ਮੀਡੀਏ 'ਤੇ ਸਰਗਰਮ ਸੱਜਣਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦੇ ਵਿਰੋਧ ਵਿਚ ਇੱਕ ਇਕੱਠ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਹੋਇਆ। ਪੱਤਰਕਾਰ ਬਲਤੇਜ ਪੰਨੂ 'ਤੇ ਪਾਏ ਗਏ ਬਲਾਤਕਾਰ ਦੇ ਝੂਠੇ ਕੇਸ ਦੀ ਬੁਲਾਰਿਆਂ ਨੇ ਕਰੜੇ ਸਬਦਾਂ ਵਿਚ ਨਿਖੇਧੀ ਕੀਤੀ। ਬੁਲਾਰਿਆਂ ਨੇ ਕਿਹਾ ਕਿ ਪੱਤਰਕਾਰਤਾ ਕਿਸੇ ਵੀ ਦੇਸ਼ ਦੇ ਲੋਕਤੰਤਰ ਦਾ ਚੌਥਾ ਥੰਮ ਹੁੰਦਾ ਹੈ, ਜੇ ਅਸੀਂ ਉਸ ਥੰਮ ਦੀਆਂ ਨੀਂਹਾਂ ਖੁਰਚਾਂਗੇ ਤਾਂ ਇੱਕ ਦਿਨ ਛੱਤ ਵੀ ਸਾਡੇ ਆਪਣੇ ਉਤੇ ਹੀ ਡਿਗੇਗੀ।



ਬੁਲਾਰਿਆਂ ਨੇ ਕਿਹਾ ਕਿ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦੇ ਮੱਦੇਨਜ਼ਰ ਸਰਕਾਰ ਪ੍ਰਤੀ ਪ੍ਰਚੰਡ ਹੋਏ ਲੋਕ ਰੋਹ ਕਾਰਨ ਲੋਕਾਂ ਦਾ ਧਿਆਨ ਵੰਡਣ ਲਈ ਪੰਜਾਬ ਸਰਕਾਰ ਅਜਿਹੇ ਹਥ ਕੰਡੇ ਵਰਤ ਰਹੀ ਹੈ। ਜੋ ਵੀ ਪੱਤਰਕਾਰ ਜਾਂ ਭਾਈਚਾਰਕ ਆਗੂ ਬਾਦਲ ਸਰਕਾਰ ਦੀ ਆਲੋਚਨਾ ਕਰਦਾ ਹੈ ਤਾਂ ਸਰਕਾਰ ਸੱਚ ਦੀ ਆਵਾਜ਼ ਨੂੰ ਬੰਦ ਕਰਨ ਲਈ ਲੋਕਾਂ 'ਤੇ ਝੂਠੇ ਕੇਸ ਕਰਕੇ ਉਨ੍ਹਾਂ 'ਤੇ ਪੁਲਿਸ ਤਸ਼ੱਦਦ ਕਰਵਾ ਰਹੀ ਹੈ। ਬੁਲਾਰਿਆਂ ਨੇ ਬਲਤੇਜ ਪੰਨੂ 'ਤੇ ਹੋ ਰਹੇ ਤਸ਼ੱਦਦ ਸਬੰਧੀ ਕੈਨੇਡੀਅਨ ਸਰਕਾਰ ਅਤੇ ਮਨੁਖੀ ਅਧਿਕਾਰ ਸੰਸਥਾਵਾਂ ਨੂੰ ਦਖਲ ਦੇਣ ਦੀ ਬੇਨਤੀ ਵੀ ਕੀਤੀ।

ਇਕੱਠ ਨੂੰ ਹੋਰਨਾਂ ਤੋਂ ਇਲਾਵਾ ਮਹਿੰਦਰ ਸਿੰਘ ਸੰਧਾਵਾਲੀਆ, ਸੁਰਿੰਦਰ ਸਿੰਘ, ਹਾਕਮ ਸਿੰਘ ਢਿੱਲੋਂ, ਗੁਰਦੀਪ ਸ਼ੇਰਗਿੱਲ, ਗੈਰੀ ਢੇਸੀ, ਜਗਰੂਪ ਸਿੰਘ, ਰਾਜਵਿੰਦਰ ਬਰਾੜ, ਹੈਰੀ ਮਾਨ, ਰਣਜੀਤ ਗਿੱਲ ਅਤੇ ਵਿੱਕੀ ਹੀਰ ਨੇ ਵੀ ਸੰਬੋਧਨ ਕੀਤਾ। ਗੁਰਨੇਕ ਸਿੰਘ ਬਾਗੜੀ ਨੇ ਸਭਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨਨੀਟਾ ਮਾਛੀਕੇ ਨੇ ਕੀਤਾ। ਵੀਡੀਓਗ੍ਰਾਫੀ ਓਮਨੀ ਵੀਡੀਓ ਨੇ ਕੀਤੀ।

## ਮੋਦੀ ਸਰਕਾਰ ਆਉਣ ਪਿੱਛੋਂ ਕਾਲਾ ਧਨ ਵਧਿਆ: ਰਾਮਦੇਵ

**ਨਵੀਂ ਦਿੱਲੀ:** ਇਕ ਨਿਊਜ਼ ਚੈਨਲ ਦੇ ਖਾਸ ਪ੍ਰੋਗਰਾਮ ਵਿਚ ਯੋਗ ਗੁਰੂ ਰਾਮਦੇਵ ਨੇ ਮੋਦੀ ਸਰਕਾਰ ਉਤੇ ਸਵਾਲ ਚੁੱਕਿਆ ਹੈ। ਰਾਮਦੇਵ ਨੇ ਵੱਡਾ ਦਾਅਵਾ ਕੀਤਾ ਕਿ ਦੇਸ਼ ਵਿਚ ਕਾਲਾ ਧਨ ਘਟਣ ਦੀ ਬਜਾਏ ਵਧਦਾ ਜਾ ਰਿਹਾ ਹੈ।

ਰਾਮਦੇਵ ਨੇ ਕਿਹਾ ਕਿ ਦੇਸ਼ ਵਿਚ ਦੋ ਤਰ੍ਹਾਂ ਦਾ ਕਾਲ ਧਨ ਹੈ- ਇਕ ਭ੍ਰਿਸ਼ਟਾਚਾਰ ਤੋਂ ਜਮ੍ਹਾਂ ਤੇ ਦੂਸਰਾ ਟੈਕਸ ਚੋਰੀ ਕਰਕੇ ਜਮ੍ਹਾਂ ਕੀਤਾ ਗਿਆ। ਰਾਮਦੇਵ ਨੇ ਸਾਫ ਕੀਤਾ ਕਿ ਕਾਲਾ ਧਨ ਕਦ ਤੱਕ ਆਏਗਾ, ਇਹ ਮੋਦੀ ਜੀ ਦੱਸਣਗੇ ਪਰ ਮੈਨੂੰ ਉਨ੍ਹਾਂ ਦੀ ਨੀਅਤ 'ਤੇ ਅਜੇ ਵੀ ਭਰੋਸਾ ਹੈ।




## 'ਛਣਕਾਟਾ ਵੰਗਾਂ ਦਾ 2016' ਫਰੀਮਾਂਟ 'ਚ 10 ਜਨਵਰੀ ਨੂੰ

**ਫਰੀਮਾਂਟ (ਬਿਊਰੋ):** ਇੱਕੀ ਇੰਟਰਨੈਸ਼ਨਲ, ਐਸ ਅਸ਼ੋਕ ਭੌਰਾ ਅਤੇ ਗਲੋਬਲ ਪੰਜਾਬ ਟੀ ਵੀ ਵਲੋਂ ਹਰ ਵਰ੍ਹੇ ਨਵੇਂ ਸਾਲ ਦੀ ਆਮਦ 'ਤੇ ਕਰਵਾਇਆ ਜਾਂਦਾ ਰੰਗਾ ਰੰਗ




*ਬਲਵਿੰਦਰ ਸਫਰੀ ਅਤੇ ਸ਼ਿੰਦਾ ਸੁਰੀਲਾ*

ਪ੍ਰੋਗਰਾਮ 'ਛਣਕਾਟਾ ਵੰਗਾਂ ਦਾ 2016' ਇਸ ਵਾਰ 10 ਜਨਵਰੀ, ਐਤਵਾਰ ਨੂੰ ਦੁਪਹਿਰ 11 ਵਜੇ ਤੋਂ ਦੇਰ ਸ਼ਾਮ ਤੱਕ ਹੋਵੇਗਾ।

ਇੰਗਲੈਂਡ ਦੇ ਨਾਮੀ ਗਾਇਕ 'ਪਾਓ ਭੰਗੜੇ ਕਰੋ ਦਿਲ ਰਾਜੀ' ਫੇਮ ਗਾਇਕ ਬਲਵਿੰਦਰ ਸਫਰੀ ਅਤੇ 'ਨਾਨਕਾ ਮੇਲ' ਨਾਲ ਪ੍ਰਸਿੱਧ ਹੋਏ ਗਾਇਕ ਸ਼ਿੰਦਾ ਸੁਰੀਲਾ ਉਚੇਚੇ ਤੌਰ 'ਤੇ ਪਹੁੰਚਣਗੇ। ਇਨ੍ਹਾਂ ਤੋਂ ਇਲਾਵਾ 'ਆਪਣਾ ਸੰਗੀਤ' ਦੇ ਅਨੂਪ ਚੀਮਾ, ਤਰਲੋਕ ਸਿੰਘ ਤੇ ਸੱਤੀ ਪਾਬਲਾ, ਮੰਗਜੀਤ ਮੰਗਾ ਤੇ ਤਰਸੇਮ ਅਟਵਾਲ, ਗਾਇਕਾ ਜੋਤ ਰਣਜੀਤ ਅਤੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਸ਼ਾਗਿਰਦ ਜੀਤਾ ਗਿੱਲ ਆਪਣੀ ਗਾਇਕੀ ਪੇਸ਼ ਕਰਨਗੇ। ਇਹ ਪ੍ਰੋਗਰਾਮ ਗਲੋਬਲ ਪੰਜਾਬ ਟੀ ਵੀ ਲਈ ਸ਼ੂਟ ਕੀਤਾ ਜਾਵੇਗਾ ਜਿਸ ਦਾ ਪ੍ਰਸਾਰਣ ਗਲੋਬਲ ਪੰਜਾਬ ਟੀ ਵੀ ਡਿਸ਼ ਨੈਟਵਰਕ 739 ਰਾਹੀਂ ਕੀਤਾ ਜਾਵੇਗਾ। ਇਸ ਵਾਰ ਛਣਕਾਟਾ ਵੰਗਾਂ ਦਾ ਪੈਰਾਡਾਈਜ਼ ਬਾਲ ਰੂਮਜ਼ 4100, ਪਰਿਆਲਟਾ ਬੁਲੇਵਾਰਡ, ਫਰੀਮਾਂਟ ਵਿਖੇ ਰਾਜਾ ਸਵੀਟਸ ਦੇ ਮੱਖਣ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਦੇ ਸਹਿਯੋਗ ਨਾਲ ਹੋਵੇਗਾ।




'ਛਣਕਾਟਾ ਵੰਗਾਂ ਦਾ 2016' ਬਾਰੇ ਗੱਲ ਕਰਦਿਆਂ ਐਸ ਅਸ਼ੋਕ ਭੌਰਾ ਨੇ ਦੱਸਿਆ ਕਿ ਪ੍ਰੋਗਰਾਮ ਦੌਰਾਨ ਗਿੱਧਾ, ਭੰਗੜਾ, ਕੋਰੀਓਗ੍ਰਾਫੀ ਅਤੇ ਹਾਸਰਸ ਨਵੇਂ ਸਾਲ ਦੇ ਰੰਗਾਂ ਨੂੰ ਹੋਰ ਵੀ ਗੂੜਾ ਕਰਨਗੇ। ਪ੍ਰੋਗਰਾਮ ਪੂਰੀ ਤਰ੍ਹਾਂ ਪਰਿਵਾਰਕ ਹੋਵੇਗਾ ਅਤੇ ਇਸ ਲਈ ਕੋਈ ਟਿਕਟ ਨਹੀਂ ਹੋਵੇਗੀ ਪਰ ਦਾਖਲਾ ਸਿਰਫ 'ਐਂਟਰੀ ਪਾਸ' ਰਾਹੀਂ ਹੀ ਹੋਵੇਗਾ।

ਹੋਰ ਜਾਣਕਾਰੀ ਲਈ ਫੋਨ 510-512-3401, 510-695-4836 ਜਾਂ ਐਸ ਅਸ਼ੋਕ ਭੌਰਾ ਫੋਨ 510-415-3315 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।






# ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਅਗਲੀਆਂ ਪੰਜਾਬ ਚੋਣਾਂ ਕਾਂਗਰਸ ਜਿੱਤੇਗੀ: ਮਹਿੰਦਰ ਸਿੰਘ ਗਿਲਜ਼ੀਆਂ

**ਰਿਚਮੰਡ ਹਿੱਲ, ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** "ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਬਣਨ ਨਾਲ



ਪੰਜਾਬ ਵਿਚ ਕਾਂਗਰਸ ਪਾਰਟੀ ਹੋਰ ਮਜ਼ਬੂਤ ਹੋਈ ਹੈ ਅਤੇ 2017 ਦੀਆਂ ਚੋਣਾਂ ਵਿਚ ਪਾਰਟੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਯਕੀਨਨ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ।"

ਇਹ ਵਿਚਾਰ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਅਮਰੀਕਾ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਨੇ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਵਿਚ ਪਾਰਟੀ ਨਵੇਂ ਸਿਰਿਓਂ ਮਜ਼ਬੂਤ ਕਰਨ ਵੱਲ ਇਕ ਠੋਸ ਕਦਮ ਹੈ ਅਤੇ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਹੀ ਇਕੋ ਇਕ ਅਜਿਹੇ ਆਗੂ ਹਨ ਜੋ ਪੰਜਾਬ ਨੂੰ ਮੌਜੂਦਾ ਨਿਘਾਰ ਵਿਚੋਂ ਬਾਹਰ ਕੱਢ ਸਕਦੇ ਹਨ।

ਸ. ਗਿਲਜ਼ੀਆਂ ਪਾਰਟੀ ਵਲੋਂ ਇਥੇ ਲਿਬਰਟੀ ਪੈਲੇਸ 'ਚ ਕੀਤੇ ਗਏ ਪਾਰਟੀ ਵਰਕਰਾਂ ਦੇ ਇੱਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਸ ਨਿਯੁਕਤੀ ਲਈ ਸਮੁੱਚੀ ਪਾਰਟੀ ਇਕਾਈ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਅਤੇ ਸੀਨੀਅਰ ਮੀਤ ਪ੍ਰਧਾਨ ਰਾਹੁਲ ਗਾਂਧੀ ਦਾ ਧੰਨਵਾਦ ਕੀਤਾ।

ਇਸ ਮੌਕੇ ਪਾਰਟੀ ਆਗੂਆਂ ਤੇ ਵਰਕਰਾਂ ਨੇ ਬਿਹਾਰ ਚੋਣਾਂ 'ਚ ਕਾਂਗਰਸ ਦੀ ਰਿਕਾਰਡ ਜਿੱਤ ਉਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਚੋਣ ਨਤੀਜੇ ਲੋਕਾਂ ਦੇ ਮਨਾਂ ਦੀ ਆਵਾਜ਼ ਹਨ ਅਤੇ ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੀ ਹਿੰਦੂਤਵੀ ਸੰਕੀਰਣ ਸੋਚ ਨੂੰ ਨਕਾਰ ਦਿੱਤਾ ਹੈ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮਹਿੰਦਰ ਸਿੰਘ ਗਿਲਜ਼ੀਆਂ ਨੇ ਕਿਹਾ ਕਿ ਹਾਲ ਹੀ ਵਿਚ ਬਿਹਾਰ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਏ ਜਾਣ ਨਾਲ ਕਾਂਗਰਸ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦੇ ਹੌਸਲੇ ਬੁਲੰਦ ਹੋਏ ਹਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਚਰਨ ਸਿੰਘ ਸਕੱਤਰ ਜਨਰਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਪ੍ਰਧਾਨ ਬਣਨ ਨਾਲ ਵਿਰੋਧੀ ਪਾਰਟੀਆਂ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ ਹਨ ਅਤੇ ਇਸੇ ਤੋਂ ਜਾਹਰ ਹੁੰਦਾ ਹੈ ਕਿ ਪੰਜਾਬ ਵਿਚ ਅਗਲੀਆਂ ਚੋਣਾਂ ਵਿਚ ਜਿੱਤ ਕਾਂਗਰਸ ਦੀ ਹੋਵੇਗੀ।

ਮੀਤ ਪ੍ਰਧਾਨ ਕਰਮਜੀਤ ਧਾਲੀਵਾਲ ਨੇ ਕਿਹਾ ਕਿ ਕਾਂਗਰਸ ਪਾਰਟੀ ਆਉਂਦੀਆਂ ਸਾਰੀਆਂ ਚੋਣਾਂ ਵਿਚ ਜਿੱਤ ਹਾਸਿਲ ਕਰੇਗੀ। ਪੰਜਾਬ ਚੈਪਟਰ ਦੇ ਪ੍ਰਧਾਨ ਟੀ ਜੇ ਗਿੱਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਪ੍ਰਧਾਨ ਬਣਨ ਨਾਲ ਕਾਂਗਰਸ ਪਾਰਟੀ ਤੋਂ ਲੋਕਾਂ ਦੀਆਂ ਉਮੀਦਾਂ ਵੱਧ ਗਈਆਂ ਹਨ।

ਅਜਿਹੇ ਹੀ ਵਿਚਾਰ ਹੋਰ ਬੁਲਾਰਿਆਂ ਰਾਜਿੰਦਰ ਸਿੰਘ ਲਾਲੀ, ਬਾਬੂ ਜੋਗਿੰਦਰ ਸਿੰਘ ਮਿਆਣੀ, ਸਤੀਸ਼ ਸ਼ਰਮਾ, ਸੁਰਮੁੱਖ ਸਿੰਘ, ਸਰਬਜੀਤ ਸਿੰਘ, ਰਾਜੇਸ਼ ਅਲਾਬਾਦ, ਜਸਵਿੰਦਰ ਸਿੰਘ ਬਿੱਟੂ, ਮਨਮੋਹਣ ਸਿੰਘ, ਜਸਵੀਰ ਸਿੰਘ ਨਵਾਂ ਸ਼ਹਿਰ, ਫੁੰਮਣ ਸਿੰਘ ਅਤੇ ਹਰਭਜਨ ਸਿੰਘ ਨੇ ਪ੍ਰਗਟਾਉਂਦਿਆਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਦੀ ਮੋਦੀ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਅਤੇ ਭਾਰਤ ਵਿਚ ਬਣ ਰਹੇ ਅਸਹਿਣਸ਼ੀਲਤਾ ਅਤੇ ਬੇ-ਭਰੋਸਗੀ ਦੇ ਮਾਹੌਲ ਉਤੇ ਚਿੰਤਾ ਪ੍ਰਗਟ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਆਈ. ਐਨ. ਓ. ਸੀ. (ਯੂ.ਐਸ.ਏ.) ਦੇ ਚੇਅਰਮੈਨ ਜਾਰਜ ਇਬਰਾਹਿਮ, ਐਕਜ਼ੀਕਿਊਟਿਵ ਮੈਂਬਰ ਪ੍ਰਸਾਦ ਕਾਂਭਾਪੱਤੀ, ਵੂਮੈਨ ਫੋਰਮ ਦੀ ਮਾਲਿਨੀ ਸ਼ਾਹ, ਮਨੂ ਕਪੂਰ, ਜੀ. ਗਜੇਂਦਰਨ (ਜਨਰਲ ਸਕੱਤਰ ਤਾਮਿਲ ਚੈਪਟਰ), ਲੀਲਾ ਮਾਰੇਟ (ਚੇਅਰਪਰਸਨ ਵੂਮੈਨ ਫੋਰਮ ਕੇਰਲਾ ਚੈਪਟਰ), ਵਰਗੀਸ ਠੇਕੇਕਾਰਾਂ (ਮੀਤ ਪ੍ਰਧਾਨ, ਕੇਰਲਾ ਚੈਪਟਰ) ਅਤੇ ਬਿਹਾਰ ਚੈਪਟਰ ਤੋਂ ਮਨੋਨੀਤ ਆਮਿਰ ਰਸ਼ੀਦ ਹਾਜ਼ਰ ਸਨ। ਮੀਟਿੰਗ ਦੇ ਅਖੀਰ ਵਿਚ ਮਹਿੰਦਰ ਸਿੰਘ ਗਿਲਜ਼ੀਆਂ ਨੇ ਸਭ ਦਾ ਧੰਨਵਾਦ ਕੀਤਾ।

## ਕੈਪਟਨ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਥਾਪੇ ਜਾਣ 'ਤੇ ਸਮਰਥਕ ਖੁਸ਼

**ਫਰਿਜ਼ਨੋ (ਬਿਊਰੋ):** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਏ ਜਾਣ 'ਤੇ ਕੈਲੀਫੋਰਨੀਆ ਦੇ ਕਾਂਗਰਸੀ ਆਗੂਆਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਪਾਰਟੀ ਦਾ ਸਹੀ ਫੈਸਲਾ ਕਰਾਰ ਦਿੰਦਿਆਂ ਕਿਹਾ ਕਿ ਇਸ ਨਿਯੁਕਤੀ ਨਾਲ ਪੰਜਾਬ ਕਾਂਗਰਸ ਵਿਚ ਨਵੀਂ ਰੂਹ ਫੂਕੀ ਗਈ ਹੈ।

ਇੰਡੀਅਨ ਓਵਰਸੀਜ਼ ਕਾਂਗਰਸ ਦੀ ਵੈਸਟ ਕੋਸਟ ਇਕਾਈ ਦੇ ਪ੍ਰਧਾਨ ਕਿਰਪਾਲ ਸਿੰਘ ਸਹੋਤਾ, ਜੁਗਰਾਮ (ਰਾਣਾ) ਸਿੰਘ ਗਿੱਲ, ਬੱਬੀ ਟਿਵਾਣਾ, ਸੁੱਖੀ ਘੁੰਮਣ, ਸੁੱਖੀ ਚਾਹਲ, ਬੀ ਐਸ ਸ਼ਰਮਾ ਅਤੇ ਚਰਨ ਸਿੰਘ ਗੁਰਮ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਸੋਨੀਆਂ ਗਾਂਧੀ ਤੇ ਰਾਹੁਲ ਗਾਂਧੀ ਨੇ ਪੰਜਾਬ ਦੇ ਲੋਕਾਂ ਦੀ ਨਬਜ਼ ਪਛਾਣਦਿਆਂ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਥਾਪਿਆ ਹੈ। ਇਸ ਨਾਲ ਪੰਜਾਬ ਦੇ ਮੌਜੂਦਾ ਨਿੱਘਰੇ ਹਾਲਾਤ ਨੂੰ ਨਵੀਂ ਦਿਸ਼ਾ ਮਿਲੇਗੀ।

ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਦੇ ਰਾਖੇ ਅਤੇ ਨਿਡਰ ਨੇਤਾ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਪੰਜਾਬ ਕਾਂਗਰਸ ਦੀ ਕਮਾਨ ਆਉਣ ਨਾਲ ਕਾਂਗਰਸੀ ਵਰਕਰ ਖੁਸ਼ ਤਾਂ ਹੋਏ ਹੀ ਹਨ, ਇਸ ਨਾਲ ਆਪਸੀ ਧੜੇਬੰਦੀ ਵੀ ਖਤਮ ਹੋਵੇਗੀ। ਸਥਾਨਕ ਕਾਂਗਰਸੀ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਬਠਿੰਡਾ ਸਹੁੰ ਚੁੱਕ ਸਮਾਗਮ ਸਬੰਧੀ ਕੀਤੀ ਜਾ ਰਹੀ ਰੈਲੀ ਇਤਿਹਾਸਕ ਹੋ ਨਿਬੜੇਗੀ ਅਤੇ ਸਾਲ 2017 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਜਿੱਤ ਯਕੀਨੀ ਹੈ।

# 'ਪੰਥਕ ਸਰਕਾਰ' ਦੇ ਸਿਰ ਉਤੇ ਨਸ਼ਾ ਕਾਰੋਬਾਰੀਆਂ ਦਾ ਹੱਥ

## ਤੰਬਾਕੂ ਕੰਪਨੀ ਤੋਂ ਦਾਨ ਲੈਣ ਪਿੱਛੋਂ ਉਠੀ ਅਕਾਲੀ ਦਲ ਉਤੇ ਉਂਗਲ

**ਬਠਿੰਡਾ:** ਪੰਜਾਬ ਦੀ ਇਕ ਤੰਬਾਕੂ ਕੰਪਨੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜ ਲੱਖ ਰੁਪਏ ਦਾਨ ਵਜੋਂ ਦਿੱਤੇ ਹਨ, ਜਿਸ ਕਰ ਕੇ 'ਪੰਥਕ' ਪਾਰਟੀ ਉਤੇ ਉਂਗਲ ਉੱਠਣ ਲੱਗੀ ਹੈ। ਪਹਿਲਾਂ ਤਾਂ ਗਿੱਦੜਬਾਹਾ ਦੇ ਨਸਵਾਰ ਦੇ ਕਾਰੋਬਾਰੀ ਵੀ ਅਕਾਲੀ ਦਲ ਨੂੰ ਚੰਦਾ ਦਿੰਦੇ ਰਹੇ ਹਨ। ਇਸ ਤੋਂ ਇਲਾਵਾ ਸ਼ਰਾਬ ਲਾਬੀ ਵੀ ਵਿਸ਼ਵ ਕਬੱਡੀ ਕੱਪ ਲਈ ਹਰ ਵਰ੍ਹੇ 'ਵਿੱਤੀ ਸਹਾਇਤਾ' ਦਿੰਦੀ ਰਹੀ ਹੈ। ਪ੍ਰਾਈਵੇਟ ਫਰਮਾਂ ਨੇ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨੇ ਭਰਪੂਰ ਕਰ ਕੇ ਰੱਖੇ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਸਾਲ 2014-15 ਦੌਰਾਨ 3.01 ਕਰੋੜ ਰੁਪਏ ਦਾ ਚੰਦਾ ਮਿਲਿਆ ਹੈ, ਜਿਸ ਵਿਚੋਂ 2.75 ਕਰੋੜ ਰੁਪਏ ਪ੍ਰਾਈਵੇਟ ਫਰਮਾਂ ਨੇ ਦਿੱਤੇ ਹਨ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਨੂੰ ਜੋ ਤਾਜ਼ਾ ਰਿਟਰਨ ਭਰੀ ਗਈ ਹੈ, ਉਸ ਮੁਤਾਬਕ ਪਾਰਟੀ ਨੂੰ ਸਾਲ 2014-15 ਦੌਰਾਨ ਮੌੜ ਮੰਡੀ ਦੀ ਜਰਦਾ ਬਣਾਉਣ ਵਾਲੀ ਫਰਮ ਨੇ 12 ਮਈ 2014 ਨੂੰ ਚੈੱਕ ਨੰਬਰ 054465 ਰਾਹੀਂ ਪੰਜ ਲੱਖ ਰੁਪਏ ਦਾ ਚੰਦਾ ਦਿੱਤਾ ਹੈ। ਸੂਤਰ ਦੱਸਦੇ ਹਨ ਕਿ ਲੋਕ ਸਭਾ ਚੋਣਾਂ 2009 ਦੌਰਾਨ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਦਫਤਰ ਵੀ ਇਸੇ ਕੰਪਨੀ ਦੇ ਮਾਲਕਾਂ ਦੀ ਕੋਠੀ ਵਿਚ ਹੀ ਸੀ।

### ਬਾਹਰਲੇ ਸੂਬਿਆਂ ਤੋਂ ਵੀ ਮਿਲੇ ਦਾਨ ਦੇ ਗੱਫੇ

**ਚੰਡੀਗੜ੍ਹ:** ਅਕਾਲੀ ਦਲ ਨੂੰ ਮੱਧ ਪ੍ਰਦੇਸ਼, ਹਰਿਆਣਾ, ਬਿਹਾਰ, ਪੱਛਮੀ ਬੰਗਾਲ, ਦਿੱਲੀ ਤੇ ਯੂ.ਪੀ. ਦੀਆਂ ਪ੍ਰਾਈਵੇਟ ਫਰਮਾਂ ਤੋਂ ਵੀ ਤਕਰੀਬਨ 30 ਲੱਖ ਰੁਪਏ ਦਾ ਚੰਦਾ ਮਿਲਿਆ ਹੈ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ ਖੁਦ ਪਾਰਟੀ ਨੂੰ 1.86 ਲੱਖ ਦਾ ਚੰਦਾ ਦਿੱਤਾ। ਇਸੇ ਤਰ੍ਹਾਂ ਅੱਠ ਵਜ਼ੀਰਾਂ ਨੇ 7.44 ਲੱਖ, 15 ਮੁੱਖ ਸੰਸਦੀ ਸਕੱਤਰਾਂ ਨੇ 9.45 ਲੱਖ ਤੇ 10 ਵਿਧਾਇਕਾਂ ਨੇ 3.30 ਲੱਖ ਰੁਪਏ ਚੰਦਾ ਦਿੱਤਾ ਹੈ।

ਹੋਰ ਸਿਆਸੀ ਆਗੂਆਂ ਨੇ 25.40 ਲੱਖ ਰੁਪਏ ਪਾਰਟੀ ਨੂੰ ਦਿੱਤੇ ਹਨ। ਜੇ ਖਰਚੇ 'ਤੇ ਨਜ਼ਰ ਮਾਰੀਏ ਤਾਂ ਅਕਾਲੀ ਦਲ ਨੇ ਲੰਘੇ ਮਾਲੀ ਵਰ੍ਹੇ ਦੌਰਾਨ ਤਕਰੀਬਨ 12 ਕਰੋੜ ਰੁਪਏ ਇਸ਼ਤਿਹਾਰਬਾਜ਼ੀ 'ਤੇ ਖਰਚੇ ਹਨ, ਜਿਨ੍ਹਾਂ ਵਿਚ 77.97 ਲੱਖ ਰੁਪਏ ਸੋਸ਼ਲ ਮੀਡੀਆ ਦਾ ਖਰਚ ਵੀ ਸ਼ਾਮਲ ਹੈ। ਅਕਾਲੀ ਦਲ ਦੇ 'ਅਚੱਲ ਅਸਾਸੇ' ਵਿਚ ਇਕ ਸਾਈਕਲ ਤੇ ਰਿਕਸ਼ਾ ਵੀ ਸ਼ਾਮਲ ਹੈ, ਜਿਸ ਦੀ ਕੀਮਤ 8986 ਰੁਪਏ ਹੈ।

ਇਸ ਫਰਮ ਦਾ ਹਰਿਆਣਾ ਤੇ ਦਿੱਲੀ ਵਿਚ ਵੀ ਕਾਰੋਬਾਰ ਹੈ। ਇਸ ਫਰਮ ਨੇ ਸਾਲ 2014-15 ਦੌਰਾਨ ਤੰਬਾਕੂ ਦੀ ਆਮਦਨ 'ਤੇ 22.87 ਲੱਖ ਰੁਪਏ ਦਾ ਵੈਟ ਵੀ ਸਰਕਾਰ ਨੂੰ ਜਮ੍ਹਾਂ ਕਰਵਾਇਆ ਹੈ। ਇਹ ਵੀ ਪਤਾ ਲੱਗਿਆ ਹੈ ਕਿ ਫਰਮ ਨੇ ਜਨਵਰੀ-2015 ਤੋਂ ਪੰਜਾਬ ਵਿਚੋਂ ਆਪਣਾ ਕਾਰੋਬਾਰ ਬੰਦ ਕਰ ਦਿੱਤਾ ਹੈ।

ਵੇਰਵਿਆਂ ਮੁਤਾਬਕ ਬਰਨਾਲਾ ਦੀ ਟਰਾਈਡੈਂਟ ਕੰਪਨੀ ਜਿਸ ਦਾ ਮਾਲਕ ਰਾਜਿੰਦਰ ਗੁਪਤਾ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਤੇ ਯੋਜਨਾ ਬੋਰਡ ਪੰਜਾਬ ਦਾ ਵਾਈਸ ਚੇਅਰਮੈਨ ਵੀ ਹੈ, ਦੇ ਇਕ ਦਰਜਨ ਸਾਬਕਾ ਤੇ ਮੌਜੂਦਾ ਮੁਲਾਜ਼ਮਾਂ ਨੇ ਬੀਤੇ ਮਾਲੀ ਵਰ੍ਹੇ ਦੌਰਾਨ 37.50 ਲੱਖ ਰੁਪਏ ਚੰਦੇ ਵਜੋਂ ਅਕਾਲੀ ਦਲ ਨੂੰ ਦਿੱਤੇ ਹਨ।

ਇਸੇ ਤਰ੍ਹਾਂ ਬਠਿੰਡਾ ਦੇ ਰੀਅਲ ਅਸਟੇਟ ਕਾਰੋਬਾਰੀ ਘਨ੍ਹੱਈਆ ਧਾਲੀਵਾਲ ਡਿਵੈਲਪਰਜ਼ (ਗਰੀਨ ਸਿਟੀ) ਨੇ ਅਕਾਲੀ ਦਲ ਨੂੰ 10 ਲੱਖ ਰੁਪਏ ਦਾ ਚੰਦਾ ਦਿੱਤਾ ਹੈ। ਹੋਮਲੈਂਡ ਐਨਕਲੇਵ ਦੇ ਮਾਲਕਾਂ ਦੀਪਕ ਗੋਇਲ ਨੇ 26 ਮਾਰਚ 2014 ਨੂੰ ਅਕਾਲੀ ਦਲ ਨੂੰ ਪੰਜ ਲੱਖ ਰੁਪਏ ਤੇ ਸੁਖਦੇਵ ਸਿੰਘ ਮਾਹਣੀਖੇੜਾ (ਪ੍ਰਾਪਰਟੀ ਕਾਰੋਬਾਰੀ) ਨੇ ਅਕਾਲੀ ਦਲ ਨੂੰ 23 ਅਪਰੈਲ 2014 ਨੂੰ ਪੰਜ ਲੱਖ ਰੁਪਏ ਦਿੱਤੇ ਹਨ। ਲੁਧਿਆਣਾ ਦੇ ਕਈ ਰੀਅਲ ਅਸਟੇਟ ਕਾਰੋਬਾਰੀ ਵੀ ਇਸ ਸੂਚੀ ਵਿਚ ਸ਼ਾਮਲ ਹਨ।

ਲੁਧਿਆਣਾ ਦੀਆਂ ਦੋ ਸਾਈਕਲ ਫਰਮਾਂ ਨੇ ਅਕਾਲੀ ਦਲ ਨੂੰ 15 ਲੱਖ ਰੁਪਏ ਤੇ ਦਿੱਲੀ ਦੇ ਇਕ ਪਰਿਵਾਰ ਨੇ ਵੀ ਪੰਜ ਲੱਖ ਰੁਪਏ ਦਿੱਤੇ ਹਨ। ਆਮ ਆਦਮੀ ਪਾਰਟੀ ਦੇ ਬੁਲਾਰੇ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਤੰਬਾਕੂ ਫਰਮ ਤੋਂ ਚੰਦਾ ਲੈਣ ਤੋਂ ਅਕਾਲੀ ਦਲ ਦੇ ਅਖੌਤੀ ਪੰਥਕ ਪਾਰਟੀ ਹੋਣ ਦੀ ਪ੍ਰੋੜ੍ਹਤਾ ਹੋ ਗਈ ਹੈ ਤੇ ਇਹ ਨਾਮੁਆਫੀ ਯੋਗ ਕੁਤਾਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਐਨ.ਕੇ. ਸ਼ਰਮਾ ਨੇ ਕਿਹਾ ਕਿ ਤੰਬਾਕੂ ਫਰਮ ਤੋਂ ਚੰਦਾ ਪ੍ਰਾਪਤ ਹੋਣ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ, ਪਰ ਇੰਨਾ ਜ਼ਰੂਰ ਹੈ ਕਿ ਪੰਜਾਬ ਵਿਚ ਸਭ ਤੋਂ ਜ਼ਿਆਦਾ ਟੈਕਸ ਤੰਬਾਕੂ ਉਤਪਾਦਾਂ 'ਤੇ ਹੈ।

# 'ਬ੍ਰਾਹਮਣਵਾਦ' ਨੂੰ ਹੱਲਾਸ਼ੇਰੀ ਦੇ ਰਹੀ ਹੈ ਮੋਦੀ ਸਰਕਾਰ: ਅਰੁੰਧਤੀ

**ਪੂਣੇ:** ਮਸ਼ਹੂਰ ਭਾਰਤੀ ਲੇਖਕਾ ਅਰੁਨਦੱਤੀ ਰਾਏ ਨੇ ਇਲਜ਼ਾਮ ਲਗਾਇਆ ਹੈ ਕਿ ਨਰੇਂਦਰ ਮੋਦੀ ਸਰਕਾਰ 'ਹਿੰਦੂ ਰਾਸ਼ਟਰਵਾਦ' ਦੇ ਨਾਂ ਉਤੇ 'ਬ੍ਰਾਹਮਣਵਾਦ' ਨੂੰ ਬੜਾਵਾ ਦੇ ਰਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਸਹਿਣਸ਼ੀਲਤਾ ਵਰਗੇ ਸ਼ਬਦ ਉਸ 'ਡਰ' ਮੂਹਰੇ ਛੋਟੇ ਨੇ ਜਿਸ ਵਿਚ ਘੱਟ ਗਿਣਤੀਆਂ ਜੀਅ ਰਹੀਆਂ ਹਨ।



ਰਾਏ ਦੇ ਇਸ ਬਿਆਨ ਦਾ ਖਾਸਾ ਵਿਰੋਧ ਕੀਤਾ ਜਾ ਰਿਹਾ ਹੈ। ਬੁਕਰ ਅਵਾਰਡ ਨਾਲ ਸਨਮਾਨਤ ਰਾਏ ਨੇ ਇਹ ਇਲਜ਼ਾਮ ਲਾਇਆ ਹੈ ਕਿ ਭਾਜਪਾ ਦੇਸ਼ ਦੇ ਸਮਾਜ ਸੁਧਾਰਕਾਂ ਦੀ ਵਡਿਆਈ 'ਮਹਾਨ ਹਿੰਦੂਆਂ' ਦੇ ਤੌਰ ਉਤੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਡਾ. ਅੰਬੇਦਕਰ ਨੂੰ ਵੀ ਹਿੰਦੂ ਕਰਾਰ ਦੇ ਰਹੀ ਹੈ ਜਦਕਿ ਉਨ੍ਹਾਂ ਹਿੰਦੂ ਧਰਮ ਛੱਡ ਦਿੱਤਾ ਸੀ। ਰਾਏ ਦਾ ਇਲਜ਼ਾਮ ਹੈ ਕਿ ਇਤਿਹਾਸ ਨੂੰ ਫਿਰ ਤੋਂ ਲਿਖਿਆ ਜਾ ਰਿਹਾ ਹੈ ਤੇ ਸਰਕਾਰ ਨੇ ਕੌਮੀ ਸੰਸਥਾਨਾਂ 'ਤੇ ਕਬਜ਼ਾ ਕਰ ਲਿਆ ਹੈ। ਇਨ੍ਹਾਂ ਇਲਜ਼ਾਮਾਂ ਤੋਂ ਬਾਅਦ ਉਨ੍ਹਾਂ ਖਿਲਾਫ ਨਾਅਰੇਬਾਜ਼ੀ ਕਰਦਿਆਂ ਏ.ਬੀ.ਵੀ.ਪੀ. ਕਾਰਜਕਰਤਾਵਾਂ ਨੇ ਉਨ੍ਹਾਂ ਨੂੰ 'ਰਾਸ਼ਟਰ ਵਿਰੋਧੀ', ਪਾਕਿਸਤਾਨ ਸਮਰਥਕ ਤੇ ਭਾਰਤੀ ਸੈਨਾ ਵਿਰੋਧੀ ਕਰਾਰ ਦਿੱਤਾ ਹੈ।

*To Advertise with Punjab Times*
***Call: 847-359-0746***



## ਗੀਤਕਾਰ ਦੇਸਰਪੁਰੀ ਦੇ ਮਾਣ 'ਚ ਸਮਾਗਮ 6 ਨੂੰ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਗੀਤਕਾਰੀ ਮੰਚ ਵਲੋਂ ਪ੍ਰਸਿਧ ਗੀਤਕਾਰ ਅਲਮਸਤ ਦੇਸਰਪੁਰੀ ਦੇ ਸਨਮਾਨ 'ਚ ਇਕ ਸਮਾਗਮ 6 ਦਸੰਬਰ, ਐਤਵਾਰ ਨੂੰ ਗੁਰਦੁਆਰਾ ਗੁਰੂ ਰਵਿਦਾਸ ਟੈਂਪਲ ਰੀਓ ਲਿੰਡਾ ਵਿਖੇ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਰੱਖਿਆ ਗਿਆ ਹੈ।

ਮੰਚ ਵਲੋਂ ਜਾਰੀ ਬਿਆਨ ਅਨੁਸਾਰ ਇਸ ਸਮਾਗਮ ਵਿਚ ਗੀਤਕਾਰ ਅਲਮਸਤ ਦੇਸਰਪੁਰੀ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੰਚ ਨੇ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿਚ ਪਹੁੰਚਣ ਦਾ ਸੱਦਾ ਦਿੰਦਿਆਂ ਦੱਸਿਆ ਕਿ ਇਸ ਮੌਕੇ ਕਵਿਤਾਵਾਂ, ਗੀਤਾਂ ਤੇ ਗਜ਼ਲਾਂ ਦਾ ਦੌਰ ਵੀ ਚੱਲੇਗਾ। ਹੋਰ ਜਾਣਕਾਰੀ ਫੋਨ 916-613-0577 ਰਾਹੀਂ ਲਈ ਜਾ ਸਕਦੀ ਹੈ।

## ਗੁਰਵਿੰਦਰ ਅਮਨ ਦੀ ਪੁਸਤਕ 'ਸ਼ਬਦਾਂ ਦੀ ਪਰਵਾਜ਼' ਰਿਲੀਜ਼

**ਯੂਨੀਅਨ ਸਿਟੀ (ਬਿਊਰੋ):** ਲੇਖਕ ਡਾ. ਗੁਰਵਿੰਦਰ ਅਮਨ ਦੀ ਕਾਵਿ-ਪੁਸਤਕ 'ਸ਼ਬਦਾਂ ਦੀ ਪਰਵਾਜ਼' ਇਥੇ ਗਾਏ ਇਮਾਨੁਲੀ ਸਕੂਲ ਵਿਚ ਹੋਏ ਇਕ ਸਮਾਗਮ ਦੌਰਾਨ ਰਿਲੀਜ਼ ਕੀਤੀ ਗਈ। ਸਮਾਗਮ ਦਾ ਆਗਾਜ਼ ਕਰਦਿਆਂ ਬੀਬੀ ਪਰਮਿੰਦਰ ਕੀਤਾ ਗਿਆ। ਮਸ਼ਹੂਰ ਗੀਤਕਾਰ ਅਲਮਸਤ ਦੇਸਰਪੁਰੀ ਨੇ ਆਪਣੇ ਗੀਤ 'ਪੱਤਾ ਪੱਤਾ ਸਿੰਘਾਂ ਦਾ ਵੈਰੀ' ਅਤੇ ਹੋਰ ਮਸ਼ਹੂਰ ਗੀਤ ਸੁਣਾ ਕੇ ਚੰਗਾ ਰੰਗ ਬੰਨਿਆ। ਪਾਕਿਸਤਾਨੀ ਸ਼ਾਇਰ ਇਮਤਿਆਜ਼ ਅਲੀ ਤੇ ਡਾ. ਕਪਿਲਾ ਨੇ ਸੂਫੀ ਗੀਤ ਗਾ ਕੇ



ਕੌਰ ਨੇ ਸ਼ਬਦ ਗਾਇਨ ਕੀਤਾ।

ਸਾਂਝਾ ਸਭਿਆਚਾਰ ਮੰਚ ਦੇ ਸੰਸਥਾਪਕ ਪਰਮਿੰਦਰ ਸਿੰਘ ਪਰਵਾਨਾ ਨੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਅਤੇ ਗਾਇਕ ਜਤਿੰਦਰ ਦੱਤ ਨੇ ਆਪਣੀ ਬੁਲੰਦ ਆਵਾਜ਼ ਵਿਚ ਸਾਹਿਤਕ ਗੀਤਾਂ ਤੋਂ ਇਲਾਵਾ ਮਸ਼ਹੂਰ ਗੀਤ 'ਛੱਲਾ' ਸੁਣਾ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਪ੍ਰਿੰ. ਗਿਨਾ ਪਾਕੈਲਡੋ, ਪੈਟ ਉਰਬੀ, ਡਾ. ਅਜੀਤਪਾਲ ਸਿੰਘ ਸੇਠੀ, ਗੁਰਵਿੰਦਰ ਸਿੰਘ ਵਿਕ ਅਤੇ ਪਰਮਿੰਦਰ ਸਿੰਘ ਪਰਵਾਨਾ ਦੀ ਰਹਨੁਮਾਈ ਹੇਠ ਕਵੀ ਦਰਬਾਰ ਹਾਜ਼ਰ ਸਰੋਤਿਆਂ ਨੂੰ ਖੁਸ਼ ਕੀਤਾ।

ਡਾ. ਗੁਰਵਿੰਦਰ ਅਮਨ ਨੇ ਆਪਣੀਆਂ ਚੋਣਵੀਆਂ ਕਵਿਤਾਵਾਂ ਤੋਂ ਇਲਾਵਾ ਪ੍ਰਸਿਧ ਮਿੰਨੀ ਕਹਾਣੀਆਂ ਸੁਣਾਈਆਂ। ਗਗਨਦੀਪ ਸਿੰਘ ਜੋਸ਼ਨ, ਰਾਜ ਕੰਵਲ ਵਿਲੀਅਮ, ਜੀਤ ਸਿੰਘ, ਅਮਨਪ੍ਰੀਤ ਕੌਰ, ਡਾ. ਮਨਜੀਤ ਕੌਰ, ਹਰਭਜਨ ਸਿੰਘ, ਮੰਗਜੀਤ ਮੰਗਾ, ਨੂਰਪੁਰੀ, ਹਰਲੀਨ ਕੌਰ, ਕਮਲ ਬੰਗਾ ਸਮੇਤ ਹੋਰ ਲੇਖਕਾਂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਰੰਗ ਬੰਨਿਆ। ਸਟੇਜ ਦੀ ਕਾਰਵਾਈ ਮਾਸਟਰ ਰਿੰਕੂ ਨੇ ਸੰਭਾਲੀ।

## ਗੀਤਕਾਰ ਗੁਲਬਿੰਦਰ ਗੈਰੀ ਢੇਸੀ ਦਾ ਗੀਤ 'ਚਾਂਦੀ ਦਾ ਛੱਲਾ' ਜਾਰੀ

**ਕਰਮਨ (ਬਿਊਰੋ):** ਇਥੇ ਇਕ ਸੰਗੀਤਕ ਮਹਿਫਿਲ ਦੌਰਾਨ ਗੀਤਕਾਰ ਗੁਲਬਿੰਦਰ ਗੈਰੀ ਢੇਸੀ ਦਾ ਲਿਖਿਆ ਗੀਤ 'ਚਾਂਦੀ ਦਾ ਛੱਲਾ' ਜਾਰੀ ਕੀਤਾ ਗਿਆ। ਇਸ ਗੀਤ ਨੂੰ ਗਾਇਕ ਧਰਮਵੀਰ ਥਾਂਦੀ ਨੇ ਆਪਣੀ ਸੁਰੀਲੀ ਆਵਾਜ਼ ਰਾਹੀਂ ਲੋਕ ਅਤੇ ਪਾਲਾ ਸਿੰਘ ਢੇਸੀ ਆਦਿਕ ਨੇ ਵੀ ਆਪਣੇ ਗੀਤਾਂ ਰਾਹੀ ਵਾਹ-ਵਾਹ ਖੱਟੀ। ਗੀਤਕਾਰ ਤੇ ਕਵੀ ਸੁੱਖੀ ਧਾਲੀਵਾਲ ਨੇ ਪੰਜਾਬ ਦੇ ਦੁਖਾਂਤ ਅਤੇ ਉਥੇ ਦੀ ਭ੍ਰਿਸ਼ਟਾਚਾਰ ਲੀਡਰਸ਼ਿਪ 'ਤੇ ਵਿਅੰਗਮਈ ਕਵਿਤਾਵਾਂ ਸੁਣਾਈਆਂ।



ਰੰਗ ਵਿਚ ਪੇਸ਼ ਕੀਤਾ।

ਇਸ ਮੌਕੇ ਅਵਤਾਰ ਸਿੰਘ ਗਰੇਵਾਲ ਦੇ ਧਾਰਮਿਕ ਗੀਤ ਗਾਇਆ ਅਤੇ ਧਰਮਵੀਰ ਥਾਂਦੀ ਨੇ ਗੀਤ 'ਚਾਂਦੀ ਦਾ ਛੱਲਾ' ਤੋਂ ਇਲਾਵਾ ਹੋਰ ਵੀ ਕਈ ਗੀਤ ਗਾਏ। ਹੋਰਨਾਂ ਗਾਇਕਾਂ ਨੇ ਵੀ ਗੈਰੀ ਢੇਸੀ ਦੇ ਲਿਖੇ ਗੀਤ ਗਾ ਕੇ ਕਾਫੀ ਸਮਾਂ ਰੰਗ ਬੰਨ੍ਹੀ ਰੱਖਿਆ। ਸੁਰਜੀਤ ਸਿੰਘ ਮਾਛੀਵਾੜਾ, ਗੁਲੂ ਸਿੱਧੂ ਬਰਾੜ ਗੈਰੀ ਢੇਸੀ ਨੇ ਆਪਣੇ ਬਹੁਤ ਸਾਰੇ ਗੀਤ ਹਾਜ਼ਰੀਨ ਨਾਲ ਸਾਂਝੇ ਕੀਤੇ। ਹੋਰਨਾਂ ਤੋਂ ਇਲਾਵਾ ਪੱਤਰਕਾਰ ਨੀਟਾ ਮਾਛੀਕੇ, ਜਸਵੀਰ ਸਿੰਘ ਸਰੈਣ, ਮਾਸਟਰ ਟਹਿਲ ਸਿੰਘ ਢੇਸੀ, ਹਰਜੀਤ ਸਿੰਘ ਗਰੇਵਾਲ ਤੇ ਸਤਵੀਰ ਸਿੰਘ ਹੀਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਮੰਚ ਸੰਚਾਲਨ ਕੁਲਵੰਤ ਸਿੰਘ ਉਭੀ ਨੇ ਬਾਖੂਬੀ ਕੀਤਾ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



ਸਾਫ ਸੁਥਰੀ ਸੱਭਿਆਚਾਰਕ ਗਾਇਕੀ



ਜੀਤਾ ਗਿੱਲ

ਸੰਪਰਕ ਕਰੋ: 209-815-0013



M.K. Nijjar DDS

Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

510-794-7058


WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*

# ਸੁਰਾਂ ਤੇ ਸ਼ਬਦਾਂ ਦੀ ਜੁਗਲਬੰਦੀ




## ਕਲਾ ਪਰਿਕਰਮਾ




*ਪ੍ਰੀਤ ਇੰਦਰ ਢਿੱਲੋਂ ਵੱਲੋਂ ਹੰਸ ਰਾਜ ਹੰਸ ਬਾਰੇ ਲਿਖੀ ਕਿਤਾਬ ਦੇ ਟਾਈਟਲ ਦੀ ਝਲਕ।*

ਇੰਗਲੈਂਡ ਵਸਦੀ ਰੇਡੀਓ ਜੌਕੀ (ਆਰ.ਜੇ.) ਪ੍ਰਤੀ ਇੰਦਰ ਢਿੱਲੋਂ ਨੇ ਪੰਜਾਬੀ ਗਾਇਕ ਹੰਸ ਰਾਜ ਹੰਸ ਬਾਰੇ ਅੰਗਰੇਜ਼ੀ ਵਿਚ ਖੋਜੀ ਕਿਤਾਬ ਲਿਖੀ ਹੈ: ਰੈਗਜ਼ ਟੂ ਰਾਗਾਜ਼ ਐਂਡ ਬਿਯੌਂਡ। ਬਹੁਤ ਪ੍ਰੀਤ ਨਾਲ ਲਿਖੀ ਇਸ

**ਸ਼ਿਵਦੀਪ ਸਿੰਘ**

ਕਿਤਾਬ ਵਿਚ ਪ੍ਰਤੀ ਇੰਦਰ ਢਿੱਲੋਂ ਨੇ ਹੰਸ ਰਾਜ ਹੰਸ ਦੇ ਗਾਇਨ ਸਫ਼ਰ ਬਾਰੇ ਤਾਂ ਲਿਖਿਆ ਹੀ ਹੈ, ਉਸ ਦੇ ਪਰਿਵਾਰ ਅਤੇ ਪਰਿਵਾਰ ਨਾਲ ਜੁੜੇ ਹੋਰ ਆਲੇ-ਦੁਆਲੇ ਬਾਰੇ ਵੀ ਭੇਤ ਵਾਲੀਆਂ ਕਈ ਗੱਲਾਂ ਕੀਤੀਆਂ ਹਨ। ਕਿਤਾਬ ਵਿਚ ਸੂਫ਼ੀ ਗਾਇਕ ਤੋਂ ਸਿਆਸੀ ਆਗੂ ਬਣੇ ਹੰਸ ਰਾਜ ਹੰਸ ਦੀ ਸਿਆਸਤ ਬਾਰੇ ਖ਼ੂਬ ਉਡਾਰੀਆਂ ਭਰੀਆਂ ਗਈਆਂ ਹਨ। ਬਿਨਾਂ ਸ਼ੱਕ, ਇਹ ਕਿਤਾਬ ਲਿਖਣ ਲਈ ਪ੍ਰਤੀ ਇੰਦਰ ਨੇ ਬੜੀ ਮਿਹਨਤ ਕੀਤੀ ਹੈ।

ਅਸਲ ਵਿਚ ਪ੍ਰੀਤ ਇੰਦਰ ਢਿੱਲੋਂ ਦਾ ਆਪਣਾ ਪਿੰਡ ਗਿੱਲ, ਹੰਸ ਰਾਜ ਹੰਸ ਦੇ ਪਿੰਡ ਸਫੀਪੁਰ ਦੇ ਐਨ ਨੇੜੇ ਪੈਂਦਾ ਹੈ ਅਤੇ ਬਚਪਨ ਵਿਚ ਉਹ ਹੰਸ ਦੇ ਪਿੰਡ ਵਿਚੋਂ ਲੰਘ ਕੇ ਹੀ ਸਕੂਲ ਜਾਂਦੀ ਹੁੰਦੀ ਸੀ। ਉਹ ਦੱਸਦੀ ਹੈ ਕਿ ਉਹ ਜਦੋਂ ਹੰਸ ਦੇ ਪਿੰਡੋਂ ਲੰਘ ਕੇ ਪੜ੍ਹਨ ਜਾਂਦੀ ਹੁੰਦੀ ਸੀ, ਤਾਂ ਹਰੇ ਰੰਗ ਦਾ ਕੁੜਤਾ ਪਾਈ ਖੜ੍ਹਾ ਇਹ ਨੌਜਵਾਨ ਧਿਆਨ ਖਿੱਚਦਾ ਸੀ। ਉਦੋਂ ਉਸ ਦੇ ਚਿੱਤ-ਚੇਤੇ ਵਿਚ ਵੀ ਨਹੀਂ ਸੀ ਕਿ ਇਸ ਸ਼ਖਸ ਨੇ ਅੱਗੇ ਜਾ ਕੇ ਪੰਜਾਬੀ ਸੂਫ਼ੀ ਗਾਇਨ ਦਾ ਅਹਿਮ ਹਸਤਾਖ਼ਰ ਬਣ ਜਾਂਦਾ ਹੈ ਅਤੇ ਫਿਰ ਉਸ ਨੇ ਖ਼ੁਦ ਇਸ ਸੂਫ਼ੀ ਗਾਇਕ ਬਾਰੇ ਇਉਂ ਖੋਜ ਕਰ ਕੇ ਕਿਤਾਬ ਲਿਖਣੀ ਹੈ।

ਉਹ ਯਾਦਾਂ ਫਰੋਲਦੀ ਆਖਣਾ ਆਰੰਭ ਕਰਦੀ ਹੈ- "ਬਚਪਨ ਵਿਚ ਮੈਂ ਇਸ ਮਸਤ-ਮਲੰਗ ਨੌਜਵਾਨ ਨੂੰ ਗਲੀਆਂ ਵਿਚ ਘੁੰਮਦਾ ਆਮ ਦੇਖਿਆ ਹੈ। ਸਕੂਲੇ ਪੜ੍ਹਨ ਜਾਣ ਵੇਲੇ ਇਸ ਮਸਤ-ਮਲੰਗ ਦੇ ਘਰ ਅੱਗਿਉਂ ਹੀ ਰੋਜ਼ ਲੰਘਦਾ ਪੈਂਦਾ ਸੀ। ਹਰ ਵਾਰ ਲਗਦਾ ਸੀ ਕਿ ਇਹ ਬੰਦਾ ਕਿਸੇ ਹੋਰ ਹੀ ਦੁਨੀਆਂ ਵਿਚ ਗੁਆਚਿਆ ਰਹਿੰਦਾ ਹੈ। ਇਸ ਮਸਤ-ਮਲੰਗ ਬਾਰੇ ਮੈਂ ਆਪਣੇ ਪਿਤਾ ਤੋਂ ਵੀ ਅਕਸਰ ਪੁੱਛਦੀ। ਫਿਰ ਜਿੱਦਾਂ-ਜਿੱਦਾਂ ਸਮਾਂ ਲੰਘਦਾ ਗਿਆ, ਇਹ ਮਸਤ-ਮਲੰਗ ਹੌਲੀ-ਹੌਲੀ ਸੰਗੀਤ ਦੀ ਦੁਨੀਆਂ ਦਾ ਸ਼ਾਹ-ਅਸਵਾਰ ਹੋ ਨਿੱਬੜਿਆ। ਹੁਣ ਦੋ ਸਾਲ ਪਹਿਲਾਂ ਹੀ ਇਸ ਸ਼ਖਸ




*ਪ੍ਰੀਤ ਇੰਦਰ ਢਿੱਲੋਂ*

ਬਾਰੇ ਲਿਖਣ ਦਾ ਖਿਆਲ ਮਨ ਵਿਚ ਆਇਆ ਸੀ।" ਆਪਣੇ ਗੁਆਂਢੀ ਪਿੰਡ ਦੇ ਇਸ ਗਾਇਕ ਦੇ ਜੀਵਨ ਦੇ ਓਹਲੇ ਰਹਿ ਗਏ ਪੱਖਾਂ ਨੂੰ ਜਾਣਨ ਲਈ ਪ੍ਰੀਤ ਇੰਦਰ ਨੇ ਖ਼ੁਦ ਵੀ ਬੜਾ ਤਰੱਦਦ ਕੀਤਾ ਅਤੇ ਇਸ ਸਿਲਸਿਲੇ ਵਿਚ ਹੰਸ ਵੀ ਆਪਣੀ ਇੰਟਰਵਿਊ ਦੇਣ ਲਈ ਉਸ ਕੋਲ ਇੰਗਲੈਂਡ ਗਿਆ। ਪ੍ਰੀਤ ਇਸ ਕਿਤਾਬ ਖਾਤਰ ਪਾਕਿਸਤਾਨ ਵੀ ਗਈ ਅਤੇ ਉਥੇ ਸੂਫ਼ੀ ਗਾਇਕਾ ਆਬਿਦਾ ਪ੍ਰਵੀਨ ਨੂੰ ਮਿਲੀ ਜਿਸ ਦੇ ਹੰਸ ਬਾਰੇ ਬਹੁਤ ਚੰਗੇ ਵਿਚਾਰ ਹਨ। ਆਬਿਦਾ ਪ੍ਰਵੀਨ ਹੰਸ ਰਾਜ ਹੰਸ ਬਾਰੇ ਉਸੇ ਤਰ੍ਹਾਂ ਗੱਲਾਂ ਕਰਦੀ ਹੈ ਜਿਸ ਤਰ੍ਹਾਂ ਉਹ ਆਪਣੇ ਹਮਵਤਨ ਗਜ਼ਲ ਗਾਇਕ ਗੁਲਾਮ ਅਲੀ ਬਾਰੇ ਗੱਲਾਂ ਕਰਦੀ ਹੈ।

ਪ੍ਰੀਤ ਇੰਦਰ ਢਿੱਲੋਂ ਦਾ ਦਾਅਵਾ ਹੈ ਕਿ ਹੰਸ ਰਾਜ ਹੰਸ ਬੜੀ ਗੁੱਝੀ ਸ਼ਖਸੀਅਤ ਹੈ ਅਤੇ ਉਸ ਨੇ ਇਸ ਕਿਤਾਬ ਵਿਚ ਇਸ ਗੁੱਝੀ ਸ਼ਖਸੀਅਤ ਬਾਰੇ ਕੁਝ ਖਾਸ ਭੇਤ ਖੋਲ੍ਹਣ ਦਾ ਯਤਨ ਕੀਤਾ ਹੈ। ਕਿਤਾਬ ਦੀ ਲਿਖਣ ਪ੍ਰਕਿਰਿਆ ਬਾਰੇ ਗੱਲਾਂ ਕਰਦਿਆਂ ਪ੍ਰਤੀ ਇੰਦਰ ਦੱਸਦੀ ਹੈ ਕਿ ਇਹ ਕਿਤਾਬ ਲਿਖਦਿਆਂ ਉਸ ਨੂੰ ਲੱਗਿਆ ਕਿ ਉਹ ਉਸੇ ਪੁਰਾਣੇ ਦੌਰ ਵਿਚ ਲੰਘ-ਗੁਜ਼ਰ ਰਹੀ ਹੈ, ਜਦੋਂ ਉਹ ਸਫ਼ੀਪੁਰ ਤੋਂ ਲੰਘ ਕੇ ਆਪਣੇ ਸਕੂਲ ਜਾਂਦੀ ਹੁੰਦੀ ਸੀ। ਉਹ ਕਹਿੰਦੀ ਹੈ ਕਿ ਇਸ ਕਿਤਾਬ ਦੀ ਸਿਰਜਣਾ ਵਿਚ ਹੰਸ ਦੇ ਪਰਿਵਾਰ ਦਾ ਬੜਾ ਵੱਡਾ ਯੋਗਦਾਨ ਹੈ। ਪਰਿਵਾਰ ਦੇ ਜੀਆਂ ਦੀ ਇਮਦਾਦ ਤੋਂ ਬਗੈਰ ਇਹ ਕਿਤਾਬ ਸੰਭਵ ਹੀ ਨਹੀਂ ਸੀ ਹੋ ਸਕਦੀ।

ਪ੍ਰਤੀ ਇੰਦਰ ਢਿੱਲੋਂ ਹੰਸ ਰਾਜ ਹੰਸ ਨੂੰ ਸੰਗੀਤ ਦੀ ਦੁਨੀਆਂ ਦਾ ਬੇਤਾਜ ਬਾਦਸ਼ਾਹ ਆਖਦੀ ਹੈ। ਉਸ ਦਾ ਕਹਿਣਾ ਹੈ ਕਿ ਹੰਸ ਰਾਜ ਹੰਸ ਨੇ ਸੰਗੀਤ ਦੇ ਖੇਤਰ ਵਿਚ ਆਪਣੀ ਪੈਂਠ ਤਾਂ ਪਾਈ ਹੀ ਹੈ, ਉਸ ਨੂੰ ਸੂਫ਼ੀਵਾਦ ਬਾਰੇ ਵੀ ਬਹੁਤ ਬਰੀਕ ਜਾਣਕਾਰੀ ਹੈ। ਉਹ ਗੱਲਾਂ ਕਰਦਿਆਂ ਗੱਲਾਂ ਵਿਚੋਂ ਗੱਲਾਂ ਕੱਢਦਾ ਜਾਂਦਾ ਹੈ; ਜਿਵੇਂ ਸੂਤ ਅਟੇਰਦੀ ਕਿਸੇ ਸੁਆਣੀ ਦੇ ਗਲੋਟੇ ਉਧੜਦੇ ਜਾਂਦੇ ਹਨ।



*ਚੜ੍ਹਦੀ ਉਮਰੇ ਹੰਸ ਰਾਜ ਹੰਸ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਦਸੰਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-198




## ਕੈਪਸ਼ਨ ਮੁਕਾਬਲਾ-196



ਬਥੇਰਾ ਚਿਰ ਤੂੰ ਜੱਫਰ ਜਾਲੇ
ਲੈ ਹੁਣ ਤੇਰੇ ਕਰਜ਼ੇ ਲਾਹਾਂ।
ਚਿੰਤਾ ਨਾ ਕਰ ਮਾਂ ਮੇਰੀਏ
ਮੈਂ ਬਣੂੰਗਾ ਤੇਰੀਆਂ ਬਾਹਾਂ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਕੀ ਹੋਇਆ ਜੇ ਮਾਂ ਹੱਥ ਨੀ ਤੇਰੇ
ਵੱਡਾ ਹੋ ਕੇ ਮੈਂ ਹੱਥ ਬਣੂੰਗਾ।
ਹੌਸਲਾ ਤੇਰਾ ਰਾਹ ਦਸੇਰਾ ਮੇਰਾ
ਸੁਪਨੇ ਤੇਰੇ ਮੈਂ ਸੱਚ ਕਰੂੰਗਾ।
ਚੰਮ ਦੀ ਕੋਈ ਨਾ ਇੱਥੇ ਕਦਰ ਕਰਦਾ
ਕੰਮ ਦਾ ਹਰ ਕੋਈ ਮਗਰ ਕਰੂੰਗਾ
ਬਾਲ ਕੇ ਹੱਡ ਜੋ ਜਨਮ ਹੈ ਦਿੱਤਾ
ਮੈਂ ਉਨ੍ਹਾਂ ਜਖਮਾਂ ਦੀ ਮੱਲ੍ਹਮ ਬਣੂੰਗਾ।

***-ਸਤਵਿੰਦਰ ਥਾਂਦੀ ਦੌਲਤਪੁਰੀ***
***ਇੰਡੀਆਨਾ।***

---

ਮੰਮੀ ਐਵੇਂ ਲਾ ਨਾ ਝੋਰਾ
ਤੇਰੇ ਦੋਵੇਂ ਹੱਥ ਬਣਾਂਗਾ।
ਭਾਵੇਂ ਜੰਮਿਆ ਵਿਚ ਝੁੱਗੀਆਂ
ਪਰ ਦੁਨੀਆਂ ਤੋਂ ਵੱਖ ਬਣਾਂਗਾ।
ਤੇਰੀ ਪੱਤ ਤੇ ਤੇਰੇ ਦੁੱਧ ਦਾ
ਪੂਰਾ ਮੁੱਲ ਮੈਂ ਮੋੜੂੰ ਮੰਮੀ।
ਕੋਹਿਆ ਤੈਨੂੰ ਜਿਸ ਨਿੱਕੀ ਉਮਰੇ
ਉਸ ਦੀਆਂ ਲੱਤਾਂ ਤੋੜੂੰ ਮੰਮੀ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਕੁਦਰਤ ਨੇ ਕੀਤਾ ਮਾਂ ਨਾਲ ਧੋਖਾ
ਹੱਥਾਂ ਤੋਂ ਕੀਤਾ ਮਾਂ ਨੂੰ ਥੋਥਾ।
ਵੇਖੋ ਮਾਂ ਬੇਟੇ ਦਾ ਪਿਆਰ
ਬੇਟਾ ਰਿਹਾ ਮਾਂ ਤੋਂ ਜਿੰਦ ਵਾਰ।
ਮਾਂ ਦੇ ਮੂੰਹ ਵਿਚ ਪਾਵੇ
ਖਾਣੇ ਦਾ ਚਮਚਾ ਭਰ ਕੇ।
ਬੱਚਾ ਖੁਸ਼ ਹੋ ਰਿਹਾ
ਮਾਂ ਦੀ ਸੇਵਾ ਕਰ ਕੇ।
ਇਸ ਮਾਂ ਵਰਗਾ ਕਿਸੇ ਨੂੰ
ਨਾ ਦੇਵੀਂ ਰੱਬਾ ਦੁੱਖ।
ਘਰ ਘਰ ਜੰਮਣ ਇਹੋ ਜਿਹੇ
ਸਰਵਣ ਵਰਗੇ ਪੁੱਤ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਤੰਦਰੁਸਤ ਨੂੰ ਪਤਾ ਕੀ ਦੁਖੜੇ ਦਾ
ਇਹਦੀ ਕਿਸੇ ਮਰੀਜ਼ ਨੂੰ ਸਾਰ ਆਉਂਦੀ।
ਜੰਮੀ ਹੀ ਅਪਾਹਜ
ਨਾ ਹੱਥ ਨਾ ਬਾਂਹ ਹੈਗੀ
ਛੰਨਾਂ-ਢਾਰਿਆਂ ਵਿਚ ਜੰਮੀ।
ਪਿਤਰੀ ਦਰ ਪਿਤਰੀ ਉਹੀਓ ਵਾਸਾ
ਉਹੀਓ ਕੰਗਾਲੀ, ਉਹਿਓ ਕਿੱਤਾ
ਦਰ ਦਰ ਮੰਗ ਭਿਖਿਆ
ਢਿੱਡ ਹੈ ਭਰਨਾ।
ਨਾ ਖੁਦ ਪੜ੍ਹੀ
ਨਾ ਸਰਕਾਰ ਦਾ ਕੋਈ ਇੰਤਜ਼ਾਮ
ਨਿੱਕਾ ਬੱਚੜਾ ਤਰਸ ਕਰਦਾ
ਦਿੰਦਾ ਦਿਲਾਸਾ ਪਾ ਬੁਰਕੀਆਂ ਮੂੰਹ।
ਫਿਰ ਵੀ ਮਾਂ ਹੈ ਉਸ ਦੀ
ਭਾਵੇਂ ਜਨਮੇ ਹਨ ਟੱਪਰੀਵਾਸ।

***-ਦਰਸ਼ਨਪਾਲ ਦੋਸਾਂਝ***

## ਵਿਅੰਗ

ਨੇਤਾ ਆਖਦਾ ਪੁਲਸੀਆਂ ਗਾਰਦਾਂ ਨੂੰ, ਗੋਲੀਬਾਰੀ ਦੀ ਹੀ ਤਾੜ ਤਾੜ ਕਰਨੀ।
ਧਰਨਾਕਰੀਆਂ ਨੂੰ ਡਰਾਉਣ ਖਾਤਰ, ਪੈਰਾ-ਮਿਲਟਰੀ ਦੀ ਖੜੀ ਧਾੜ ਕਰਨੀ।
ਨਾਅਰਾ ਮੁਰਦਾਬਾਦ ਦਾ ਲਾਏ ਜਿਹੜਾ, ਡੰਡੇ-ਪਾਣੀਆਂ ਦੀ ਬੁਛਾੜ ਕਰਨੀ।
ਪੱਤਰਕਾਰਾਂ ਤੋਂ ਖਬਰ ਛਪਵਾਉਣ ਖਾਤਰ, 'ਗਿੱਲਾ' ਖੁਦ ਹੀ ਵਰਦੀ ਭਰਾੜ ਕਰਨੀ।

***-ਜੁਗਰਾਜ ਗਿੱਲ, ਸ਼ਾਰਲਟ, ਫੋਨ: 704-259-6693***

ਪੰਜਾਬ ਦੇ ਹਿਤਾਂ ਦੇ ਰਾਖੇ, ਸਾਫ ਸੁਥਰੇ ਅਕਸ ਵਾਲੇ

# ਕੈਪਟਨ ਅਮਰਿੰਦਰ ਸਿੰਘ ਨੂੰ

ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਏ ਜਾਣ 'ਤੇ

# ਸਮੂਹ ਪੰਜਾਬ ਹਿਤੈਸ਼ੀਆਂ ਨੂੰ ਵਧਾਈ

ਕਾਂਗਰਸ
ਹਾਈ ਕਮਾਨ ਦਾ
ਬਹੁਤ ਬਹੁਤ
**ਧੰਨਵਾਦ**





**ਸੰਗਤ ਸਿੰਘ ਗਿਲਜੀਆਂ**
*(ਐਮ ਐਲ ਏ ਹਲਕਾ ਟਾਂਡਾ ਅਤੇ ਸੀਨੀਅਰ ਮੀਤ ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ)*



**ਮਹਿੰਦਰ ਸਿੰਘ ਗਿਲਜੀਆਂ**
*(ਪ੍ਰਧਾਨ, ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਅਮਰੀਕਾ)*



**ਧਰਮਿੰਦਰ ਸਿੰਘ ਗਿਲਜੀਆਂ**
ਫੋਨ: 718-666-1961

# ਵਿਦੇਸ਼ ਮੋਹ ਰੱਖਣ ਵਾਲੇ ਅਫਸਰਾਂ ਨੂੰ ਪਿਆ ਘੇਰਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਦੇਸ਼ਾਂ ਵਿਚ ਡੇਰੇ ਲਾਈ ਬੈਠੇ ਅਫਸਰਾਂ ਤੇ ਮੁਲਾਜ਼ਮਾਂ ਨੂੰ ਘੇਰਨ ਦੀ ਤਿਆਰੀ ਕਰ ਲਈ ਹੈ। ਵਿਜੀਲੈਂਸ ਵਿਭਾਗ ਦੇ ਫੈਸਲੇ ਮੁਤਾਬਕ ਅਜਿਹੇ ਅਫਸਰਾਂ ਤੇ ਮੁਲਾਜ਼ਮਾਂ ਨੂੰ ਡਾਲਰਾਂ ਦਾ ਮੋਹ ਤਿਆਗ ਕੇ ਪੀ.ਆਰ. ਜਾਂ ਇਮੀਗ੍ਰੇਸ਼ਨ ਛੱਡਣੀ ਪਵੇਗੀ ਜਾਂ ਸਰਕਾਰੀ ਨੌਕਰੀਆਂ ਤੋਂ ਹੱਥ ਧੋਣੇ ਪੈਣਗੇ। ਪਰਸੋਨਲ ਵਿਭਾਗ ਵੱਲੋਂ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਇਸ ਬਾਰੇ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।

ਇਨ੍ਹਾਂ ਹਦਾਇਤਾਂ ਵਿਚ ਇਹ ਵੀ ਸਪਸ਼ਟ ਕੀਤਾ ਜਾਵੇਗਾ ਕਿ ਭਵਿੱਖ ਵਿਚ ਅਫਸਰਾਂ ਜਾਂ ਕਰਮਚਾਰੀਆਂ ਵੱਲੋਂ ਸਾਲਾਨਾ ਰਿਟਰਨ ਦੇ ਨਾਲ-ਨਾਲ ਵਿਦੇਸ਼ ਵਿਚ ਪੀ.ਆਰ. ਜਾਂ ਇਮੀਗ੍ਰੇਸ਼ਨ ਹਾਸਲ ਕਰਨ ਜਾਂ ਨਾ ਕਰਨ ਬਾਰੇ ਵੀ ਸਥਿਤੀ ਸਪਸ਼ਟ ਕਰਨ ਲਈ ਵਿਸ਼ੇਸ਼ ਕਾਲਮ ਭਰਿਆ ਜਾਵੇ।

ਸੂਬਾ ਸਰਕਾਰ ਦੇ ਹਰ ਅਫਸਰ ਤੇ ਮੁਲਾਜ਼ਮ ਦੇ ਪਾਸਪੋਰਟ ਦੀ ਸਥਿਤੀ ਦੇਖ ਕੇ ਸੀਨੀਅਰ ਅਫਸਰਾਂ ਵੱਲੋਂ ਬਕਾਇਦਾ ਸਹੀ ਪਾਈ ਜਾਵੇਗੀ। ਇਸ ਸਮੇਂ ਤਕਰੀਬਨ ਇਕ ਹਜ਼ਾਰ ਮੁਲਾਜ਼ਮਾਂ ਤੇ ਅਫਸਰਾਂ ਨੇ ਵਿਦੇਸ਼ਾਂ ਵਿਚ ਪੀ.ਆਰ., ਸਿਟੀਜ਼ਨਸ਼ਿਪ ਤੇ ਇਮੀਗ੍ਰੇਸ਼ਨ ਹਾਸਲ ਕੀਤੀ ਹੋਈ ਹੈ। ਇਨ੍ਹਾਂ ਅਫ਼ਸਰਾਂ ਵਿਚ ਇਕ ਆਈ.ਏ.ਐਸ., ਦੋ ਪੀ.ਸੀ.ਐਸ., ਚਾਰ ਆਈ.ਪੀ.ਐਸ. ਤੇ ਤਕਰੀਬਨ ਦੋ ਦਰਜਨ ਪੀ.ਪੀ.ਐਸ. ਅਫਸਰਾਂ ਸਮੇਤ ਵੱਡੀ ਗਿਣਤੀ ਗਜ਼ਟਿਡ ਅਫਸਰ ਸ਼ਾਮਲ ਹਨ। ਵਿਜੀਲੈਂਸ ਵਿਭਾਗ ਨੇ ਕਿਹਾ ਹੈ ਜਿਹੜੇ ਮੁਲਾਜ਼ਮ ਤੇ ਅਫਸਰ ਛੁੱਟੀ ਲੈ ਕੇ ਵਿਦੇਸ਼ ਗਏ ਹੋਏ ਹਨ, ਉਨ੍ਹਾਂ ਦੀਆਂ ਛੁੱਟੀਆਂ ਤੁਰੰਤ ਰੱਦ ਕੀਤੀਆਂ ਜਾਣ ਤੇ ਛੁੱਟੀ ਕਿਸੇ ਵੀ ਹਾਲਤ ਵਿਚ ਨਾ ਵਧਾਈ ਜਾਵੇ। ਵਿਦੇਸ਼ ਜਾਣ ਵਾਲੇ ਅਫਸਰਾਂ ਤੇ ਮੁਲਾਜ਼ਮਾਂ ਦੇ ਪਾਸਪੋਰਟ ਸੀਨੀਅਰ ਅਫਸਰਾਂ ਵੱਲੋਂ ਦੇਖ ਕੇ ਪੀ.ਆਰ. ਜਾਂ ਇਮੀਗ੍ਰੇਸ਼ਨ ਨਾ ਹੋਣ ਦੀ ਪੁਸ਼ਟੀ ਕੀਤੀ ਜਾਵੇਗੀ।

ਭਵਿੱਖ ਵਿਚ ਪੀ.ਆਰ. ਸਬੰਧੀ ਛੁੱਟੀ ਵੀ ਨਹੀਂ ਦਿੱਤੀ ਜਾਵੇਗੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਹਦਾਇਤਾਂ 'ਤੇ ਵਿਜੀਲੈਂਸ ਵੱਲੋਂ ਸਰਕਾਰ ਨੂੰ ਸੌਂਪੀ ਇਕ ਰਿਪੋਰਟ ਵਿਚ 20 ਵਿਭਾਗਾਂ ਦੇ 150 ਦੇ ਕਰੀਬ ਮੁਲਾਜ਼ਮਾਂ ਤੇ ਅਫਸਰਾਂ ਵੱਲੋਂ ਪਰਮਾਨੈਂਟ ਰੈਜੀਡੈਂਸੀ (ਪੀ.ਆਰ.) ਜਾਂ ਇਮੀਗ੍ਰੇਸ਼ਨ ਹੋਣ ਦਾ ਸਟੇਟਸ ਹਾਸਲ ਕਰਨ ਦੇ ਤੱਥ ਦਿੱਤੇ ਗਏ ਸਨ।

ਬਿਊਰੋ ਵੱਲੋਂ 20 ਵਿਭਾਗਾਂ/ਅਦਾਰਿਆਂ ਦੀ ਸੂਚੀ ਸਰਕਾਰ ਨੂੰ ਸੌਂਪੀ ਗਈ ਹੈ, ਜਿਨ੍ਹਾਂ ਨਾਲ ਸਬੰਧਤ ਅਫਸਰਾਂ ਵੱਲੋਂ ਦੋ ਦੇਸ਼ਾਂ ਦੀ ਨਾਗਰਿਕਤਾ ਜਾਂ ਵਿਦੇਸ਼ਾਂ ਦੀਆਂ ਹੋਰ ਸਹੂਲਤਾਂ ਦਾ ਆਨੰਦ ਮਾਣਿਆ ਜਾ ਰਿਹਾ ਹੈ। ਬਿਊਰੋ ਦਾ ਇਹ ਵੀ ਕਹਿਣਾ ਸੀ ਕਿ ਜ਼ਿਆਦਾਤਰ ਵਿਭਾਗਾਂ ਨੇ ਇਸ ਸਬੰਧੀ ਜਾਣਕਾਰੀ ਮੁਹੱਈਆ ਨਹੀਂ ਕਰਾਈ। ਇਸ ਤੋਂ ਬਾਅਦ ਮੁੱਖ ਸਕੱਤਰ ਨੇ ਵਧੀਕ ਮੁੱਖ ਸਕੱਤਰ (ਗ੍ਰਹਿ) ਜਗਪਾਲ ਸੰਧੂ ਦੀ ਅਗਵਾਈ ਹੇਠ ਕਮੇਟੀ ਬਣਾਈ ਸੀ ਤੇ ਕਮੇਟੀ ਨੇ ਅਜਿਹੇ ਅਫਸਰਾਂ ਖਿਲਾਫ ਕਾਰਵਾਈ ਦੀ ਸਿਫਾਰਿਸ਼ ਕੀਤੀ ਸੀ। ਇਸੇ ਰਿਪੋਰਟ ਦੇ ਆਧਾਰ 'ਤੇ ਵਿਜੀਲੈਂਸ ਨੇ ਪਰਸੋਨਲ ਵਿਭਾਗ ਨੂੰ ਹਦਾਇਤਾਂ ਜਾਰੀ ਕਰਨ ਲਈ ਕਿਹਾ ਹੈ।




### ਖੇਤੀਬਾੜੀ ਵਿਭਾਗ ਨੂੰ ਵਿਦੇਸ਼ ਦਾ ਸਭ ਤੋਂ ਵੱਧ ਭੁਸ

**ਚੰਡੀਗੜ੍ਹ:** ਵਿਦੇਸ਼ਾਂ ਵਿਚ ਡੇਰੇ ਲਾਉਣ ਵਾਲਿਆਂ ਵਿਚ ਖੇਤੀਬਾੜੀ ਵਿਕਾਸ ਅਫਸਰਾਂ ਦੇ ਨਾਂ ਵੱਡੀ ਗਿਣਤੀ ਵਿਚ ਸ਼ਾਮਲ ਹਨ। ਇਸ ਵਿਭਾਗ ਦੇ 20 ਅਫਸਰਾਂ ਨੇ ਕੈਨੇਡਾ ਦੀ ਇਮੀਗ੍ਰੇਸ਼ਨ ਜਾਂ ਪੀ.ਆਰ. ਸਟੇਟਸ ਹਾਸਲ ਕੀਤਾ ਹੋਇਆ ਹੈ ਤੇ ਪੰਜਾਬ ਸਰਕਾਰ ਵਿਚ ਵੀ ਨੌਕਰੀਆਂ 'ਤੇ ਬਰਕਰਾਰ ਹਨ। ਸਮਾਜਿਕ ਸੁਰੱਖਿਆ ਵਿਭਾਗ ਦੇ ਸੀ.ਡੀ.ਪੀ.ਓਜ਼. ਨੂੰ ਵੀ ਨੌਕਰੀਆਂ ਦੇ ਨਾਲ-ਨਾਲ ਕੈਨੇਡਾ ਪਸੰਦ ਹੈ। ਇਸ ਵਿਭਾਗ ਦੇ 9 ਸੀ.ਡੀ.ਪੀ.ਓਜ਼. ਨੇ ਕੈਨੇਡਾ ਦੀ ਨਾਗਰਿਕਤਾ ਹਾਸਲ ਕੀਤੀ ਹੋਈ ਹੈ। ਪੰਚਾਇਤ ਵਿਭਾਗ ਦੀ ਇਕ ਸੀਨੀਅਰ ਮਹਿਲਾ ਅਫਸਰ ਵੱਲੋਂ ਵੀ ਅਜਿਹਾ ਕੀਤਾ ਗਿਆ ਹੈ। ਪੰਜਾਬ ਮੰਡੀ ਬੋਰਡ ਦਾ ਨਾਮ ਵੀ ਅਜਿਹੇ ਹੀ ਵਿਭਾਗਾਂ ਵਿਚ ਸ਼ਾਮਲ ਹੈ, ਜਿਸ ਨਾਲ ਸਬੰਧਤ ਮੁਲਾਜ਼ਮਾਂ ਤੇ ਅਫਸਰਾਂ ਨੂੰ ਸਰਕਾਰੀ ਨੌਕਰੀ ਦੇ ਨਾਲ ਵਿਦੇਸ਼ਾਂ ਦੀ ਸਹੂਲਤ ਪਸੰਦ ਹੈ। ਬੋਰਡ ਦੇ 18 ਅਫਸਰਾਂ ਤੇ ਕਰਮਚਾਰੀਆਂ ਦੇ ਨਾਂ ਵਿਜੀਲੈਂਸ ਦੀ ਸੂਚੀ ਵਿਚ ਸ਼ਾਮਲ ਹਨ।

## ਭਾਜਪਾ ਆਗੂ ਨੂੰ ਗੋਲੀ ਮਾਰੀ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਨੇ ਭਗਤਾ ਭਾਈਕਾ ਵਿਖੇ ਭਾਜਪਾ ਦੇ ਜ਼ਿਲ੍ਹਾ ਬਠਿੰਡਾ (ਦਿਹਾਤੀ) ਦੇ ਪ੍ਰਧਾਨ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ। ਭਗਤਾ ਭਾਈਕਾ ਦੇ ਵਸਨੀਕ ਅਕਾਲੀ ਵਰਕਰ ਦਰਬਾਰਾ ਸਿੰਘ ਨੇ ਆਪਣੇ ਭਰਾ ਬਾਦਲ ਸਿੰਘ ਦੇ ਘਰ ਬੈਠੇ ਭਾਜਪਾ ਆਗੂ ਗੁਰਬਿੰਦਰ ਸਿੰਘ ਭਗਤਾ ਉਤੇ ਸਿੱਧੀ ਗੋਲੀ ਚਲਾ ਦਿੱਤੀ, ਜੋ ਉਸ ਦੇ ਢਿੱਡ ਵਿਚ ਲੱਗੀ। ਉਸ ਨੂੰ ਫੌਰੀ ਬਠਿੰਡਾ ਦੇ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਪੁਲਿਸ ਨੇ ਦਰਬਾਰਾ ਸਿੰਘ ਖਿਲਾਫ ਕੇਸ ਦਰਜ ਕਰ ਲਿਆ ਹੈ।

ਭਾਜਪਾ ਦੇ ਮੰਡਲ ਪ੍ਰਧਾਨ ਗੁਰਬਖ਼ਸ਼ ਸਿੰਘ ਅਨੁਸਾਰ ਉਹ ਬਾਦਲ ਸਿੰਘ ਘਰ ਬੈਠੇ ਸਨ ਕਿ ਦਰਬਾਰਾ ਸਿੰਘ ਆ ਗਿਆ। ਉਸ ਨੇ ਵਿਹੜੇ ਵਿਚ ਖੜ੍ਹੀ ਕਾਰ 'ਤੇ ਗੋਲੀ ਚਲਾ ਕੇ ਸ਼ੀਸ਼ੇ ਭੰਨ ਦਿੱਤੇ। ਉਹ ਆਵਾਜ਼ ਸੁਣ ਬਾਹਰ ਆਏ ਤਾਂ ਦਰਬਾਰਾ ਸਿੰਘ ਨੇ ਸ੍ਰੀ ਭਗਤਾ ਨੂੰ ਗੋਲੀ ਮਾਰ ਦਿੱਤੀ।

## ਬਿਹਾਰ ਵਿਚ ਸ਼ਰਾਬਬੰਦੀ

**ਪਟਨਾ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਅਗਲੇ ਸਾਲ ਪਹਿਲੀ ਅਪਰੈਲ ਤੋਂ ਸੂਬੇ ਵਿਚ ਸ਼ਰਾਬ ਉਤੇ ਪਾਬੰਦੀ ਲਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ ਮਹਿਲਾਵਾਂ ਨਾਲ ਸ਼ਰਾਬ ਉਤੇ ਪਾਬੰਦੀ ਲਾਉਣ ਦਾ ਵਾਅਦਾ ਕੀਤਾ ਸੀ ਤੇ ਸਰਕਾਰ ਉਸ ਵਾਅਦੇ ਨੂੰ ਨਿਭਾਉਣ ਲਈ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਬਿਹਾਰ ਸਰਕਾਰ ਨੂੰ ਸ਼ਰਾਬ ਦੀ ਵਿਕਰੀ ਤੋਂ ਸਾਲਾਨਾ ਚਾਰ ਹਜ਼ਾਰ ਕਰੋੜ ਰੁਪਏ ਦਾ ਮਾਲੀਆ ਮਿਲਦਾ ਹੈ।

# ਸੰਯੁਕਤ ਰਾਸ਼ਟਰ ਵੱਲੋਂ ਔਰਤਾਂ ਖਿਲਾਫ ਹਿੰਸਾ ਵਿਰੁਧ ਮੁਹਿੰਮ ਨੂੰ ਹੁੰਗਾਰਾ

**ਸੰਯੁਕਤ ਰਾਸ਼ਟਰ:** ਔਰਤਾਂ ਖਿਲਾਫ ਹਿੰਸਾ ਦੇ ਖਾਤਮੇ ਲਈ ਸੰਯੁਕਤ ਰਾਸ਼ਟਰ ਵੱਲੋਂ ਕੌਮਾਂਤਰੀ ਪੱਧਰ 'ਤੇ ਕੀਤੇ ਜਾ ਰਹੇ ਯਤਨਾਂ ਤਹਿਤ ਭਾਰਤ ਦੇ ਇਤਿਹਾਸਕ ਇੰਡੀਆ ਗੇਟ ਤੇ ਦਿੱਲੀ ਮੈਟਰੋ ਸਮੇਤ ਵਿਸ਼ਵ ਭਰ ਦੀਆਂ ਸੈਂਕੜੇ ਇਤਿਹਾਸਕ ਇਮਾਰਤਾਂ 'ਤੇ ਸੰਤਰੀ ਰੰਗ ਦੀ ਰੌਸ਼ਨੀ ਕੀਤੀ ਜਾਵੇਗੀ।

ਸੰਯੁਕਤ ਰਾਸ਼ਟਰ ਵੱਲੋਂ ਲਿੰਗ ਆਧਾਰਿਤ ਹਿੰਸਾ ਖਿਲਾਫ ਸ਼ੁਰੂ ਕੀਤੀ 'ਔਰੇਂਜ ਦਿ ਵਰਲਡ' ਮੁਹਿੰਮ ਤਹਿਤ ਇੰਡੀਆ ਗੇਟ ਨੂੰ ਸੰਤਰੀ ਰੰਗ ਨਾਲ ਰੌਸ਼ਨ ਕੀਤਾ ਜਾਵੇਗਾ ਤੇ ਦਿੱਲੀ ਮੈਟਰੋ ਦੀਆਂ ਲਾਈਨਾਂ 'ਤੇ ਪੈਨਲ ਬੋਰਡਾਂ ਉਤੇ ਮਹਿਲਾਵਾਂ ਖਿਲਾਫ ਹਿੰਸਾ ਨੂੰ ਸਮਾਪਤ ਕਰਨ ਬਾਰੇ ਸੰਦੇਸ਼ ਲਿਖੇ ਜਾਣਗੇ। ਇਸ ਮੁਹਿੰਮ ਤਹਿਤ ਪਰੇਡ, ਫੁਟਬਾਲ ਮੈਚ, ਸਕੂਲਾਂ ਵਿਚ ਭਾਸ਼ਣਾਂ ਤੋਂ ਇਲਾਵਾ ਇਤਿਹਾਸਕ ਇਮਾਰਤਾਂ 'ਤੇ ਰੌਸ਼ਨੀ ਕੀਤੀ ਜਾਵੇਗੀ। ਸੰਯੁਕਤ ਰਾਸ਼ਟਰ ਦੀ ਅਧੀਨ ਸਕੱਤਰ ਜਨਰਲ ਤੇ ਮਹਿਲਾ ਕਾਰਜਕਾਰੀ ਨਿਰਦੇਸ਼ਕ ਫੁਮਜ਼ਿਲੇ ਮਲਾਮਬੋ -ਨਾਗੂਕਾ ਨੇ ਕਿਹਾ ਕਿ ਔਰਤਾਂ ਖਿਲਾਫ ਹਿੰਸਾ ਸਭ ਤੋਂ ਵੱਧ ਗੰਭੀਰ ਤੇ ਸਭ ਤੋਂ ਵੱਧ ਬਰਦਾਸ਼ਤ ਕੀਤੀ ਜਾਣ ਵਾਲੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਇਹ ਲਿੰਗ ਅਸਮਾਨਤਾ ਤੇ ਭੇਦਭਾਵ ਦਾ ਨਤੀਜਾ ਹੈ। ਇਸ ਦਾ ਲਗਾਤਾਰ ਬਣੇ ਰਹਿਣਾ ਸਮਾਜਿਕ ਅਸਮਾਨਤਾ ਦਾ ਸਪੱਸ਼ਟ ਸੰਕੇਤ ਹੈ ਅਤੇ ਅਸੀਂ ਇਸ ਨੂੰ ਬਦਲਣ ਲਈ ਵਚਨਬੱਧ ਹਾਂ।



ਇਸ ਮੁਹਿੰਮ ਦਾ ਸੰਤਰੀ ਰੰਗ ਮਹਿਲਾਵਾਂ ਲਈ ਹਿੰਸਾ ਮੁਕਤ ਭਵਿੱਖ ਦੀ ਉਮੀਦ ਦਾ ਪ੍ਰਤੀਕ ਹੈ। ਲਿੰਗ ਦੇ ਆਧਾਰ 'ਤੇ ਹਿੰਸਾ ਖਿਲਾਫ ਇਹ 16 ਰੋਜ਼ਾ ਮੁਹਿੰਮ ਦਸ ਦਸੰਬਰ ਨੂੰ ਮਨੁੱਖੀ ਅਧਿਕਾਰ ਦਿਵਸ ਨੂੰ ਸਮਾਪਤ ਹੋਵੇਗੀ।

# ਸ੍ਰੀ ਹਜ਼ੂਰ ਸਾਹਿਬ ਲਈ ਚੱਲਣਗੀਆਂ ਮੁਫਤ ਰੇਲਾਂ

**ਚੰਡੀਗੜ੍ਹ:** ਪੰਜਾਬ ਕੈਬਨਿਟ ਵੱਲੋਂ ਪ੍ਰਵਾਨ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਪੰਜਾਬ ਵਿਚ ਤਿੰਨਾਂ ਤਖ਼ਤਾਂ ਤੋਂ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਮੁਫਤ ਰੇਲ ਯਾਤਰਾ ਦਾ ਪ੍ਰਬੰਧ ਕੀਤਾ ਹੈ।

ਸਕੀਮ ਤਹਿਤ ਪਹਿਲੀ ਰੇਲ ਗੱਡੀ ਰਾਹੀਂ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ 1000 ਸ਼ਰਧਾਲੂਆਂ ਨੂੰ ਸ੍ਰੀ ਹਜ਼ੂਰ ਸਾਹਿਬ ਲਈ ਰਵਾਨਾ ਕੀਤਾ ਜਾਵੇਗਾ ਜਿਸ ਨੂੰ ਉਪ-ਮੰਤਰੀ ਸੁਖਬੀਰ ਸਿੰਘ ਬਾਦਲ ਰਵਾਨਾ ਕਰਨਗੇ। ਸ਼ਰਧਾਲੂਆਂ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਤੋਂ ਵੀ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਭੇਜਣ ਦਾ ਪ੍ਰਬੰਧ ਕੀਤਾ ਹੈ।

ਵਾਰਾਨਸੀ, ਕੱਟੜਾ ਤੇ ਅਜਮੇਰ ਸ਼ਰੀਫ਼ ਲਈ ਵੀ ਮੁਫਤ ਰੇਲ ਗੱਡੀਆਂ ਚਲਾਈਆਂ ਜਾਣਗੀਆਂ। ਪੰਜਾਬ ਦੇ ਸੈਰ-ਸਪਾਟਾ ਮੰਤਰੀ ਸੋਹਣ ਸਿੰਘ ਠੰਡਲ ਨੇ ਦੱਸਿਆ ਕਿ ਤਿੰਨ ਮੈਂਬਰੀ ਕਮੇਟੀ ਵੱਲੋਂ ਫੈਸਲਾ ਲਿਆ ਹੈ ਕਿ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਪਹਿਲੀ ਰੇਲ ਗੱਡੀ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ 1000 ਸ਼ਰਧਾਲੂਆਂ ਨੂੰ ਸ੍ਰੀ ਹਜ਼ੂਰ ਸਾਹਿਬ ਲਈ ਰਵਾਨਾ ਕੀਤਾ ਜਾਵੇਗਾ। ਨਾ ਸਿਰਫ ਯਾਤਰਾ ਬਲਕਿ ਸਮੂਹ ਸ਼ਰਧਾਲੂਆਂ ਦੀ ਰੋਟੀ ਪਾਣੀ ਤੇ ਠਹਿਰ ਦਾ ਪ੍ਰਬੰਧ ਵੀ ਸਰਕਾਰ ਵੱਲੋਂ ਕੀਤਾ ਜਾਵੇਗਾ। ਇਸ ਟਰੇਨ ਵਿਚ ਹਰ ਜ਼ਿਲ੍ਹੇ ਤੋਂ ਸ਼ਰਧਾਲੂਆਂ ਨੂੰ ਸ਼ਾਮਲ ਕੀਤਾ ਜਾਵੇਗਾ। ਸ਼ਰਧਾਲੂਆਂ ਦੀ ਚੋਣ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਵੱਖਰੀ ਪ੍ਰਕ੍ਰਿਆ ਰਾਹੀਂ ਕੀਤੀ ਜਾਵੇਗੀ।

### 1000 ਸ਼ਰਧਾਲੂ ਸ੍ਰੀ ਹਜ਼ੂਰ ਸਾਹਿਬ ਜਾਣਗੇ



# ਵਿਰਾਸਤ-ਏ-ਖਾਲਸਾ ਸਭ ਤੋਂ ਮਕਬੂਲ ਸੈਰ ਸਪਾਟਾ ਕੇਂਦਰ

**ਚੰਡੀਗੜ੍ਹ:** ਸ੍ਰੀ ਆਨੰਦਪੁਰ ਸਾਹਿਬ ਵਿਚ ਬਣਿਆ ਵਿਰਾਸਤ-ਏ-ਖਾਲਸਾ ਸੂਬੇ ਦਾ ਸਭ ਤੋਂ ਵੱਧ ਮਕਬੂਲ ਸੈਲਾਨੀ ਕੇਂਦਰ ਬਣ ਗਿਆ ਹੈ। ਵਿਸ਼ਵ ਪ੍ਰਸਿੱਧ ਅਜਾਇਬ ਘਰ ਨੇ ਆਪਣੇ ਚਾਰ ਸਾਲ ਪੂਰੇ ਕਰ ਲਏ। 25 ਨਵੰਬਰ 2011 ਨੂੰ ਵਿਰਾਸਤ-ਏ-ਖਾਲਸਾ ਕੌਮ ਨੂੰ ਸਮਰਪਤ ਕੀਤਾ ਸੀ। ਮਕਬੂਲੀਅਤ ਦੇ ਲਿਹਾਜ ਨਾਲ ਵਿਰਾਸਤ-ਏ-ਖਾਲਸਾ ਲਗਾਤਾਰ ਰਿਕਾਰਡ ਕਾਇਮ ਕਰ ਰਿਹਾ ਹੈ ਤੇ ਪਿਛਲੇ ਚਾਰ ਸਾਲਾਂ ਦੌਰਾਨ ਹੁਣ ਤੱਕ ਤਕਰੀਬਨ 62 ਲੱਖ ਲੋਕ ਇਹ ਅਜਾਇਬ ਘਰ ਵੇਖ ਚੁੱਕੇ ਹਨ। ਇੰਜ ਇਸ ਦਾ ਸ਼ੁਮਾਰ ਦੁਨੀਆਂ ਦੇ ਸਭ ਤੋਂ ਤੇਜ਼ ਵੇਖੇ ਜਾਣ ਵਾਲੇ ਅਜਾਇਬ ਘਰਾਂ ਵਿਚ ਹੋ ਗਿਆ ਹੈ। ਵਿਰਾਸਤ-ਏ-ਖਾਲਸਾ ਸ਼ੁਰੂ ਹੋਣ ਨਾਲ ਆਨੰਦਪੁਰ ਤੇ ਇਸ ਦੇ ਆਲੇ-ਦੁਆਲੇ ਦੇ ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਇਲਾਕਿਆਂ ਦੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲਿਆ ਹੈ।

ਇਸ ਅਜਾਇਬ ਘਰ ਵਿਚ ਪਹਿਲੇ ਪੜਾਅ ਤਹਿਤ 13 ਗੈਲਰੀਆਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿਚ ਪੰਜਾਬ ਦੇ ਸਭਿਆਚਾਰ, ਸਿੱਖ ਧਰਮ, ਗੁਰੂ ਸਾਹਿਬਾਨ ਤੇ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਤੱਕ ਦਾ ਇਤਿਹਾਸ ਦਰਸਾਇਆ ਗਿਆ ਹੈ। ਹੁਣ ਇਸ ਵਿਚ 13 ਹੋਰ ਗੈਲਰੀਆਂ ਦਾ ਕੰਮ ਚੱਲ ਰਿਹਾ ਹੈ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੱਕ ਦਾ ਸਿੱਖ ਇਤਿਹਾਸ ਦਰਸਾਇਆ ਜਾਵੇਗਾ। ਮੌਜੂਦਾ ਸਮੇਂ ਦੀਆਂ ਗੈਲਰੀਆਂ ਵਿਚ ਸਾਲ 1998 ਦੀ ਤਕਨਾਲੋਜੀ ਦੀ ਵਰਤੋਂ ਕੀਤੀ ਗਈ ਹੈ ਜਦੋਂ ਕਿ ਹੁਣ ਬਣ ਰਹੀਆਂ ਗੈਲਰੀਆਂ ਵਿਚ ਅਤੀ ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ। ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ (ਕਰਿਡ) ਵੱਲੋਂ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਕੀਤੇ ਗਏ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਵਿਰਾਸਤ-ਏ-ਖਾਲਸਾ ਦੇ ਕਾਇਮ ਹੋਣ ਨਾਲ ਇਸ ਦੇ 40 ਕਿਲੋਮੀਟਰ ਦੇ ਘੇਰੇ ਅੰਦਰ ਸੈਰ ਸਪਾਟਾ ਵਧਣ ਕਾਰਨ ਆਰਥਿਕਤਾ ਨੂੰ ਭਾਰੀ ਹੁਲਾਰਾ ਮਿਲਿਆ ਹੈ। ਲੋਕਾਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਰੁਜ਼ਗਾਰ ਮਿਲਿਆ ਹੈ। ਵਿਰਾਸਤ-ਏ-ਖਾਲਸਾ ਕਾਰਨ ਹੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰਨਾਂ ਗੁਰਦੁਆਰਿਆਂ ਦੇ ਚੜ੍ਹਾਵੇ ਵਿਚ ਵੀ ਭਾਰੀ ਵਾਧਾ ਹੋਇਆ ਹੈ। ਆਨੰਦਪੁਰ ਸਾਹਿਬ ਫਾਊਂਡੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਨਵਜੋਤਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਦੂਜੇ ਪੜਾਅ ਦੀਆਂ 13 ਗੈਲਰੀਆਂ ਦਾ ਕੰਮ ਅਗਲੇ ਸਾਲ ਜੂਨ ਤੱਕ ਮੁਕੰਮਲ ਕਰ ਲਿਆ ਜਾਵੇਗਾ ਤੇ ਦੂਜਾ ਪੜਾਅ ਮੈਡਮ ਤੁਸੌਡ ਵੈਕਸ ਅਜਾਇਬ ਘਰ ਲੰਡਨ ਨਾਲੋਂ ਵੀ ਵਧੀਆ ਹੋਵੇਗਾ।

ਇਸ ਵਿਸ਼ਵ ਪੱਧਰੀ ਯਾਦਗਾਰ ਨੂੰ ਦੇਖਣ ਲਈ ਸਿਰਫ ਦੋ ਦਿਨ ਸ਼ਨਿੱਚਰਵਾਰ ਤੇ ਐਤਵਾਰ ਨੂੰ ਹੀ 30 ਹਜ਼ਾਰ ਦੇ ਕਰੀਬ ਸੈਲਾਨੀ ਪਹੁੰਚਦੇ ਹਨ। 100 ਏਕੜ ਰਕਬੇ ਵਿਚ ਉਸਾਰੇ ਇਸ ਪ੍ਰੋਜੈਕਟ ਵਿਚ ਕੁੱਲ 27 ਨੁਮਾਇਸ਼ ਗੈਲਰੀਆਂ ਹਨ, ਜਿਨ੍ਹਾਂ ਵਿਚ 500 ਸਾਲਾਂ ਦੇ ਸਿੱਖ ਵਿਰਸੇ ਨੂੰ ਦਰਸਾਇਆ ਜਾਣਾ ਹੈ। ਇਸ ਵਿਚ ਵਿਸ਼ਵ ਪੱਧਰ ਦੀਆਂ ਸਾਰੀਆਂ ਸਹੂਲਤਾਂ ਹੋਣਗੀਆਂ ਅਤੇ ਇਸ ਕੰਪਲੈਕਸ ਨੂੰ ਸਿੱਖ ਵਿਰਾਸਤ ਦਾ ਪ੍ਰਮੁੱਖ ਕੇਂਦਰ ਬਣਾਇਆ ਜਾਣਾ ਹੈ।

### ਵਿਸ਼ਵ ਪ੍ਰਸਿੱਧ ਅਜਾਇਬ ਘਰ ਨੇ ਪੂਰੇ ਕੀਤੇ ਚਾਰ ਸਾਲ



## ਭਾਰਤੀ ਮੂਲ ਦਾ ਆਗੂ ਬਣਿਆ ਪੁਰਤਗਾਲ ਦਾ ਪ੍ਰਧਾਨ ਮੰਤਰੀ

**ਲਿਸਬਨ:** ਭਾਰਤੀ ਮੂਲ ਦਾ ਏਟੋਨੀਓ ਕੋਸਟਾ ਨੂੰ ਪੁਰਤਗਾਲ ਦਾ ਨਵਾਂ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਹੈ। ਪੁਰਤਗਾਲ ਦੇ ਰਾਸ਼ਟਰਪਤੀ ਅਨੀਬਲ ਕੇਵੇਕੋ ਸਿਵਲਾ ਨੇ ਏਟੋਨੀਓ ਕੋਸਟਾ ਨੂੰ ਪ੍ਰਧਾਨ ਮੰਤਰੀ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਵਾਈ।

ਪੁਰਤਗਾਲ ਵਿਚ ਚਾਰ ਅਕਤੂਬਰ ਨੂੰ ਹੋਈਆਂ ਆਮ ਚੋਣਾਂ ਤੋਂ ਬਾਅਦ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਸੀ ਮਿਲਿਆ। ਇਸ ਤੋਂ ਬਾਅਦ ਦੇਸ਼ ਵਿਚ ਬਣੀ ਗੱਠਜੋੜ ਸਰਕਾਰ ਸਿਰਫ 11 ਦਿਨ ਹੀ ਚੱਲ ਸਕੀ, ਪਰ ਕਿਸਮਤ ਨੇ ਕੋਸਟਾ ਨੂੰ ਪੁਰਤਗਾਲ ਦਾ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਦੇ ਦਿੱਤਾ। ਗੋਆ ਦੇ ਮਾਰਗਾਓ ਦੇ ਮੂਲ ਰੂਪ ਵਿਚ ਰਹਿਣ ਵਾਲੇ ਏਟੋਨੀਓ ਕੋਸਟੋ ਦੀ ਸੋਸ਼ਲਿਸਟ ਪਾਰਟੀ ਚੋਣਾਂ ਵਿਚ 86 ਸੀਟਾਂ ਨਾਲ ਦੂਜੇ ਸਥਾਨ ਉੱਤੇ ਰਹੀ। ਲਿਸਬਨ ਦੇ ਸਾਬਕਾ ਮੇਅਰ ਕੋਸਟਾ ਨੂੰ ਬਾਬੂਸ਼ ਨਾਮ ਨਾਲ ਜ਼ਿਆਦਾ ਜਾਣਿਆ ਜਾਂਦਾ ਹੈ। ਕੋਸਟਾ ਦਾ ਜਨਮ 1961 ਵਿਚ ਪੁਰਤਗਾਲ ਦੀ ਰਾਜਧਾਨੀ ਲਿਸਬਨ ਵਿਚ ਹੋਇਆ ਸੀ।

# ਪੰਜਾਬ ਸਰਕਾਰ ਨੂੰ ਦੂਸ਼ਿਤ ਪਾਣੀ ਦੇ ਮੁੱਦੇ 'ਤੇ ਕੀਤਾ ਖਬਰਦਾਰ

**ਚੰਡੀਗੜ੍ਹ:** ਭਾਰਤੀ ਖੇਤੀ ਖੋਜ ਪਰਿਸ਼ਦ (ਆਈ.ਸੀ.ਏ.ਆਰ.) ਵੱਲੋਂ ਹਾਲ ਹੀ ਵਿਚ ਤਿਆਰ ਕੀਤੀ ਗਈ ਰਿਪੋਰਟ ਵਿਚ ਪੰਜਾਬ ਤੇ ਹਰਿਆਣਾ ਦੇ ਧਰਤੀ ਹੇਠਲੇ ਪਾਣੀ ਦੇ ਦੂਸ਼ਿਤ ਹੋਣ ਬਾਰੇ ਖ਼ਬਰਦਾਰ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਪੰਜਾਬ ਸਮੇਤ ਮੁਲਕ ਦੇ 12 ਸੂਬਿਆਂ ਦੇ ਧਰਤੀ ਹੇਠਲੇ ਪਾਣੀ ਵਿਚ ਅਤਿ ਜ਼ਹਿਰੀਲੇ ਪਦਾਰਥਾਂ ਦੀ ਮਾਤਰਾ ਕਾਫੀ ਜ਼ਿਆਦਾ ਹੈ, ਜੋ ਨਾ ਸਿਰਫ ਮਨੁੱਖ ਬਲਕਿ ਹਰ ਤਰ੍ਹਾਂ ਦੇ ਜੀਵਨ ਲਈ ਖਤਰਨਾਕ ਹੈ।



ਪੰਜਾਬ ਤੇ ਹਰਿਆਣਾ ਲਈ ਇਹ ਇਸ ਕਰਕੇ ਵੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਹ ਸੂਬੇ ਖੇਤੀ ਫਸਲਾਂ ਦੀ ਸਿੰਚਾਈ ਲਈ ਟਿਊਬਵੈਲਾਂ ਰਾਹੀਂ ਧਰਤੀ ਹੇਠਲੇ ਪਾਣੀ ਦੀ ਵੱਧ ਵਰਤੋਂ ਕਰ ਰਹੇ ਹਨ। ਇਸ ਪਾਣੀ ਨਾਲ ਸਿੰਜੀਆਂ ਫਸਲਾਂ, ਸਬਜ਼ੀਆਂ ਤੇ ਫਲਾਂ ਰਾਹੀਂ ਜ਼ਹਿਰੀਲੇ ਪਦਾਰਥ ਖੁਰਾਕ ਦਾ ਹਿੱਸਾ ਬਣ ਕੇ ਮਨੁੱਖੀ ਸਰੀਰ ਨੂੰ ਕੈਂਸਰ, ਛਾਤੀ ਤੇ ਸਾਹ ਦੀਆਂ ਬਿਮਾਰੀਆਂ ਨਾਲ ਗ੍ਰਸਤ ਕਰਨ ਦਾ ਸਬੱਬ ਬਣ ਰਹੇ ਹਨ। ਰਿਪੋਰਟ ਵਿਚ ਪੰਜਾਬ ਤੇ ਹਰਿਆਣਾ ਸੂਬਿਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਵੱਧ ਪਾਣੀ ਦੀ ਲੋੜ ਵਾਲੀਆਂ ਝੋਨੇ ਵਰਗੀਆਂ ਫਸਲਾਂ ਦੀ ਥਾਂ ਘੱਟ ਪਾਣੀ ਮੰਗਣ ਵਾਲੀਆਂ ਫਸਲਾਂ ਬੀਜਣ ਤਾਂ ਜੋ ਦੂਸ਼ਿਤ ਪਾਣੀ ਦੇ ਖਤਰਨਾਕ ਪ੍ਰਭਾਵਾਂ ਤੋਂ ਬਚਿਆ ਜਾ ਸਕੇ।

ਪੰਜਾਬ ਦੇ ਪਾਣੀਆਂ ਦੇ ਪ੍ਰਦੂਸ਼ਿਤ ਹੋਣ ਬਾਰੇ ਇਸ ਤੋਂ ਪਹਿਲਾਂ ਵੀ ਕਈ ਰਿਪੋਰਟਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਪਰ ਸਰਕਾਰਾਂ ਨੇ ਇਨ੍ਹਾਂ ਨੂੰ ਸੰਜੀਦਗੀ ਨਾਲ ਨਹੀਂ ਲਿਆ। ਸਭ ਤੋਂ ਪਹਿਲਾਂ ਸਾਲ 2009 ਵਿਚ ਬਰਤਾਨੀਆ ਦੇ ਇਕ ਵਿਗਿਆਨੀ ਕੈਰਿਨ ਸਮਿੱਥ ਨੇ ਪੰਜਾਬ ਦੇ ਫਰੀਦਕੋਟ ਸ਼ਹਿਰ ਦੇ ਕੁਝ ਬੱਚਿਆਂ ਤੇ ਬਜ਼ੁਰਗਾਂ ਦੇ ਕੇਸਾਂ ਦੇ ਨਮੂਨਿਆਂ ਦੇ ਆਧਾਰ 'ਤੇ ਪਾਣੀ ਦੇ ਦੂਸ਼ਿਤ ਹੋਣ ਸਬੰਧੀ ਇੰਕਸਾਫ ਕੀਤਾ ਸੀ।

ਸੂਬਾ ਸਰਕਾਰ ਵੱਲੋਂ ਪਾਣੀ ਦੇ ਲਏ ਗਏ 2462 ਨਮੂਨਿਆਂ ਵਿਚੋਂ 1140 ਵਿਚ ਜ਼ਹਿਰੀਲੇ ਪਦਾਰਥਾਂ ਦੀ ਮਾਤਰਾ ਵਿਸ਼ਵ ਸਿਹਤ ਸੰਸਥਾ ਵੱਲੋਂ ਤੈਅ ਮਾਪਦੰਡਾਂ ਤੋਂ ਕਾਫੀ ਵੱਧ ਪਾਈ ਗਈ ਸੀ। ਸਾਲ 2014 ਵਿਚ ਸੈਂਟਰਲ ਗਰਾਊਂਡ ਵਾਟਰ ਬੋਰਡ ਵੱਲੋਂ ਕੀਤੇ ਗਏ ਸਰਵੇਖਣ ਵਿਚ ਵੀ ਪੰਜਾਬ ਦੇ ਪਾਣੀਆਂ ਵਿਚ ਜ਼ਹਿਰੀਲੇ ਮਾਦੇ ਨਿਸ਼ਚਿਤ ਮਾਪਦੰਡਾਂ ਤੋਂ ਕਿਤੇ ਵੱਧ ਪਾਏ ਗਏ ਸਨ। ਇਸ ਰਿਪੋਰਟ ਤੋਂ ਬਾਅਦ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੇ ਵੱਧ ਪ੍ਰਦੂਸ਼ਿਤ ਪਾਣੀ ਵਾਲੇ 70 ਇਲਾਕਿਆਂ ਵਿਚ ਤਕਰੀਬਨ 2000 ਆਰ.ਓ. ਸਿਸਟਮ ਲਗਾਏ ਜਦੋਂਕਿ ਲੋੜ ਇਸ ਤੋਂ ਕਿਤੇ ਵੱਧ ਸਿਸਟਮ ਲਗਾਉਣ ਦੀ ਹੈ।

ਪੰਜਾਬ ਦੇ ਪਾਣੀਆਂ ਵਿਚ ਸੰਖੀਆਂ, ਸਿੱਕਾ, ਯੂਰੇਨੀਅਮ, ਪਾਰਾ ਤੇ ਕਰੋਮੀਅਮ ਜਿਹੇ ਜ਼ਹਿਰੀਲੇ ਪਦਾਰਥਾਂ ਦੀ ਵੱਧ ਮਾਤਰਾ ਬਾਰੇ ਇੰਕਸਾਫ ਤਾਂ ਹੁਣ ਤੱਕ ਕਈ ਰਿਪੋਰਟਾਂ ਕਰ ਚੁੱਕੀਆਂ ਹਨ, ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਗੁਰੂ ਅਰਜਨ ਦੇਵ ਇੰਸਟੀਚਿਊਟ ਆਫ ਡਿਵੈਲਪਮੈਂਟ ਸਟੱਡੀਜ਼ ਵੱਲੋਂ ਹਾਲ ਹੀ ਵਿਚ ਕੀਤੀ ਗਈ ਇਕ ਖੋਜ ਰਾਹੀਂ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ ਕਿ ਸੂਬੇ ਦੇ ਕੁਝ ਹਿੱਸਿਆਂ ਦੇ ਧਰਤੀ ਹੇਠਲੇ ਪਾਣੀ ਵਿਚ ਐਲੂਮੀਨੀਅਮ ਦੀ ਮਾਤਰਾ ਵੀ ਖਤਰਨਾਕ ਹੱਦ ਤੱਕ ਮੌਜੂਦ ਹੈ ਜੋ ਦਿਮਾਗੀ ਤੇ ਮਾਨਸਿਕ ਰੋਗਾਂ ਦਾ ਕਾਰਨ ਬਣ ਰਹੀ ਹੈ।

ਪੰਜਾਬ ਦੇ ਪਾਣੀਆਂ ਦੇ ਦੂਸ਼ਿਤ ਹੋਣ ਦਾ ਕਾਰਨ ਆਮ ਤੌਰ 'ਤੇ ਕਿਸਾਨਾਂ ਵੱਲੋਂ ਰਸਾਇਣਕ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਹੱਦੋਂ ਵੱਧ ਵਰਤੋਂ ਨੂੰ ਦੱਸਿਆ ਜਾਂਦਾ ਹੈ ਜਦੋਂਕਿ ਕਾਰਖਾਨਿਆਂ ਤੇ ਸ਼ਹਿਰਾਂ ਦੇ ਸੀਵਰੇਜ ਦਾ ਗੰਦਾ ਪਾਣੀ ਵੀ ਇਸ ਦਾ ਇਕ ਕਾਰਨ ਹੈ। ਸਨਅਤਕਾਰਾਂ ਤੇ ਨਗਰ ਨਿਗਮਾਂ ਵੱਲੋਂ ਆਪਣੇ ਦੂਸ਼ਿਤ ਪਾਣੀ ਨੂੰ ਨਾ ਹੀ ਨਦੀਆਂ-ਨਾਲਿਆਂ ਤੇ ਦਰਿਆਵਾਂ ਵਿਚ ਸੁੱਟਣ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ ਤੇ ਨਾ ਹੀ ਇਸ ਨੂੰ ਸੋਧ ਪਲਾਂਟ ਲਗਾ ਕੇ ਸ਼ੁੱਧ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸਰਕਾਰਾਂ ਦਾ ਇਨ੍ਹਾਂ ਪ੍ਰਤੀ ਨਰਮ ਰਵੱਈਆ ਇਸ ਵਰਤਾਰੇ ਨੂੰ ਲਗਾਤਾਰ ਜਾਰੀ ਰੱਖਣ ਦੀ ਵਜ੍ਹਾ ਬਣਿਆ ਹੋਇਆ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵੀ ਇਸ ਮੁੱਦੇ 'ਤੇ ਚੁੱਪ ਧਾਰੀ ਹੋਈ ਹੈ।

## ਪੰਜਾਬ ਤੇ ਰਾਜਸਥਾਨ ਦੇ ਪਾਣੀ 'ਚ ਵੱਧ ਯੂਰੇਨੀਅਮ

**ਚੰਡੀਗੜ੍ਹ:** ਪੰਜਾਬ, ਪੱਛਮੀ ਬੰਗਾਲ, ਉੜੀਸਾ ਤੇ ਰਾਜਸਥਾਨ ਵਿਚ ਹੋਰਨਾਂ ਸੂਬਿਆਂ ਦੇ ਮੁਕਾਬਲੇ ਯੂਰੇਨੀਅਮ ਦੀ ਮਾਤਰਾ ਕਾਫੀ ਵੱਧ ਹੈ। ਇੰਸਟੀਚਿਊਟ ਆਫ ਨੈਨੋ ਸਾਇੰਸ ਐਂਡ ਟੈਕਨੋਲੋਜੀ ਮੁਤਾਬਕ ਪੰਜਾਬ ਦੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਕਾਫੀ ਜ਼ਿਆਦਾ ਹੈ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਫਲੋਰਾਈਡ ਦੇ ਕੇਸ ਵੀ ਸਾਹਮਣੇ ਆਏ ਹਨ। ਇੰਸਟੀਚਿਊਟ ਦੇ ਡਾਇਰੈਕਟਰ ਪ੍ਰੋ. ਅਸ਼ੋਕ ਕੁਮਾਰ ਗਾਂਗੁਲੀ ਮੁਤਾਬਕ ਜੇਕਰ ਆਮ ਆਦਮੀ ਯੂਰੇਨੀਅਮ ਵਾਲਾ ਪਾਣੀ ਜ਼ਿਆਦਾ ਸਮੇਂ ਤੱਕ ਇਸਤੇਮਾਲ ਕਰਦਾ ਹੈ ਤਾਂ ਇਹ ਮਨੁੱਖੀ ਜੀਵਨ ਲਈ ਬੜਾ ਘਾਤਕ ਸਾਬਤ ਹੋ ਸਕਦਾ ਹੈ। ਹੈਵੀ ਮੈਟਲ ਨਾਲ ਲੀਵਰ ਤੇ ਕਿਡਨੀ ਖਤਮ ਹੋ ਸਕਦੇ ਹਨ।

## ਪ੍ਰਦੂਸ਼ਣ ਮਾਮਲੇ ਉਤੇ ਪੰਜਾਬ ਸਰਕਾਰ ਨੂੰ ਨੋਟਿਸ

**ਫਿਰੋਜ਼ਪੁਰ:** ਫਸਲਾਂ ਦਾ ਨਾੜ ਸਾੜਨ ਕਰਕੇ ਫੈਲ ਰਹੇ ਪ੍ਰਦੂਸ਼ਣ ਦੇ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਤਿੰਨ ਸਾਲ ਪਹਿਲਾਂ ਦਿੱਤੇ ਫੈਸਲੇ ਨੂੰ ਪੂਰੀ ਤਰ੍ਹਾਂ ਲਾਗੂ ਨਾ ਕਰਨ ਉਤੇ ਪੰਜਾਬ ਦੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਹਾਈਕੋਰਟ ਦੇ ਵਕੀਲ ਐਚ.ਸੀ. ਅਰੋੜਾ ਵੱਲੋਂ ਦਾਇਰ ਮਾਣ ਹਾਨੀ ਪਟੀਸ਼ਨ ਉਤੇ ਹਾਈਕੋਰਟ ਨੇ ਇਹ ਹੁਕਮ ਦਿੱਤਾ ਹੈ। ਪਟੀਸ਼ਨ ਕਰਤਾ ਨੇ ਦਾਇਰ ਮਾਮਲੇ ਵਿਚ ਦੱਸਿਆ ਕਿ ਤਿੰਨ ਸਾਲ ਪਹਿਲਾਂ ਹਾਈਕੋਰਟ ਦੇ ਡਵੀਜ਼ਨ ਬੈਂਚ ਨੇ ਇਕ ਜਨਹਿਤ ਪਟੀਸ਼ਨ ਵਿਚ ਪ੍ਰਦੂਸ਼ਣ ਦੀ ਰੋਕਥਾਮ ਵਾਸਤੇ ਦੋਵਾਂ ਸੂਬਿਆਂ ਨੂੰ ਢੁਕਵੇਂ ਕਦਮ ਚੁੱਕਣ ਦੇ ਹੁਕਮ ਦਿੱਤੇ ਸਨ।

# ਵਿਧਾਨ ਸਭਾ ਵਿਚ ਜਰਦਾ ਲਾਉਂਦਾ ਫੜਿਆ ਭਾਜਪਾ ਵਿਧਾਇਕ

**ਬੰਗਲੌਰ:** ਕਰਨਾਟਕ ਵਿਧਾਨ ਸਭਾ ਵਿਚ ਭਾਜਪਾ ਵਿਧਾਇਕ ਉਮੇਸ਼ ਕੱਟੀ ਗੁਟਕੇ ਦਾ ਪਾਊਚ ਪਾੜਦਾ ਹੋਇਆ ਕੈਮਰੇ ਵਿਚ ਕੈਦ ਹੋ ਗਿਆ। ਇਸ ਤੋਂ ਬਾਅਦ ਕਾਫੀ ਬਵਾਲ ਮੱਚਿਆ ਤੇ ਵਿਧਾਇਕ ਨੂੰ ਇਸ ਗੱਲ ਦੀ ਸਫਾਈ ਦੇਣੀ ਪਈ। ਇੰਨਾ ਹੀ ਨਹੀਂ ਪਾਰਟੀ ਵੱਲੋਂ ਉਸ ਨੂੰ ਫਟਕਾਰ ਵੀ ਮਿਲੀ। ਇਸ ਵਿਧਾਇਕ ਦੀ ਨਜ਼ਰ ਜਿਉਂ ਹੀ ਕੈਮਰੇ 'ਤੇ ਗਈ ਤਾਂ ਉਹ ਗੁਟਕਾ ਛੁਪਾਉਣ ਲੱਗਾ। ਚੋਰੀ ਫੜੀ ਜਾਣ 'ਤੇ ਉਮੇਸ਼ ਕੱਟੀ ਨੇ ਸਫਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਸੁਪਾਰੀ ਖਾਣ ਦੀ ਆਦਤ ਹੈ ਤੇ ਉਨ੍ਹਾਂ ਨੇ ਵਿਧਾਨ ਸਭਾ ਵਿਚ ਗੁਟਕੇ ਦੇ ਪੈਕਟ ਨੂੰ ਸਿਰਫ ਪਾੜਿਆ ਸੀ, ਖਾਧਾ ਨਹੀਂ ਸੀ।

# ਮੁਸ਼ੱਰਫ ਵਿਰੁਧ ਦੇਸ਼ ਧ੍ਰੋਹ ਦੇ ਮਾਮਲੇ ਦੀ ਹੋਵੇਗੀ ਮੁੜ ਜਾਂਚ

**ਇਸਲਾਮਾਬਾਦ:** ਪਾਕਿਸਤਾਨ ਦੀ ਇਕ ਵਿਸ਼ੇਸ਼ ਅਦਾਲਤ ਨੇ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ ਵਿਰੁੱਧ ਦੇਸ਼ ਧ੍ਰੋਹ ਦੇ ਮਾਮਲੇ ਦੀ ਸੁਣਵਾਈ ਨੂੰ ਵਿਚਾਰ ਅਧੀਨ ਰੱਖਦਿਆਂ ਇਸ ਮਾਮਲੇ ਦੀ ਮੁੜ ਜਾਂਚ ਦੇ ਆਦੇਸ਼ ਦਿੱਤੇ ਹਨ।



ਮੁਸ਼ੱਰਫ ਵਿਰੁੱਧ ਇਹ ਮਾਮਲਾ 2007 ਵਿਚ ਸੰਵਿਧਾਨ ਵਿਚ ਰੱਦੋ ਬਦਲ ਕਰਨ ਦੇ ਦੋਸ਼ਾਂ ਤਹਿਤ ਦਰਜ ਕੀਤਾ ਗਿਆ ਸੀ। ਅਦਾਲਤ ਨੇ ਸੰਘੀ ਜਾਂਚ ਏਜੰਸੀ (ਐਫ.ਆਈ.ਏ) ਨੂੰ ਕਿਹਾ ਹੈ ਕਿ ਉਹ 17 ਦਸੰਬਰ ਤੱਕ ਮਾਮਲੇ ਦੀ ਜਾਂਚ ਮੁਕੰਮਲ ਕਰਕੇ ਰਿਪੋਰਟ ਦਾਇਰ ਕਰੇ।

# ਭਾਰਤੀ ਨੂੰ ਬੰਬ ਦੀ ਅਫਵਾਹ ਫੈਲਾਉਣੀ ਪਈ ਮਹਿੰਗੀ

**ਇਸਲਾਮਾਬਾਦ:** ਕਤਰ ਏਅਰਵੇਜ਼ ਜਹਾਜ਼ ਵਿਚ ਬੰਬ ਦੀ ਝੂਠੀ ਅਫਵਾਹ ਫੈਲਾਉਣ ਦੇ ਦੋਸ਼ ਵਿਚ ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਨੂੰ ਜਹਾਜ਼ ਤੋਂ ਉਤਾਰ ਦਿੱਤਾ ਗਿਆ। ਕਤਰ ਏਅਰਵੇਜ਼ ਦੇ ਅਧਿਕਾਰੀਆਂ ਅਨੁਸਾਰ ਬੇਨਜ਼ੀਰ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਵਿਜੈ ਜੋਸ਼ੀ ਨੂੰ ਫਲਾਈਟ ਤੋਂ ਉਤਾਰ ਦਿੱਤਾ ਗਿਆ।

ਅਧਿਕਾਰੀਆਂ ਮੁਤਾਬਕ ਜੋਸ਼ੀ ਨੇ ਦੋਹਾ ਦੇ ਰਸਤੇ ਵਾਸ਼ਿੰਗਟਨ ਜਾਣ ਵਾਲੀ ਉਡਾਣ ਵਿਚ ਬੰਬ ਹੋਣ ਦਾ ਦਾਅਵਾ ਕੀਤਾ ਸੀ, ਪਰ ਉਸ ਵੱਲੋਂ ਫੈਲਾਈ ਗਈ ਬੰਬ ਦੀ ਅਫਵਾਹ ਕਾਰਨ ਫਲਾਈਟ ਨੂੰ ਇਸਲਾਮਾਬਾਦ ਹਵਾਈ ਅੱਡੇ ਉੱਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ। ਜਹਾਜ਼ ਨੂੰ ਚੈੱਕ ਕਰਨ ਤੋਂ ਬਾਅਦ ਇਸ ਵਿਚੋਂ ਕੁਝ ਵੀ ਬਰਾਮਦ ਨਹੀਂ ਹੋਇਆ। ਇਸ ਤੋਂ ਬਾਅਦ ਕਤਰ ਏਅਰਵੇਜ਼ ਨੇ ਜੋਸ਼ੀ ਨੂੰ ਜਹਾਜ਼ ਤੋਂ ਉਤਾਰ ਦਿੱਤਾ। ਉਸ ਨੂੰ ਕੁਝ ਸਮੇਂ ਲਈ ਹਿਰਾਸਤ ਵਿਚ ਵੀ ਲਿਆ ਗਿਆ, ਪਰ ਜਹਾਜ਼ ਰਵਾਨਾ ਹੋਣ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ।

# ਅੰਮ੍ਰਿਤਸਰ ਵਿਚ ਲੱਗੇਗਾ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ

**ਅੰਮ੍ਰਿਤਸਰ:** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਨਮਾਨ ਵਿਚ ਅੰਮ੍ਰਿਤਸਰ ਵਿਚ ਵਿਸ਼ਾਲ ਕੱਦ ਦਾ ਬੁੱਤ ਲਗਾਇਆ ਜਾਵੇਗਾ। ਪੰਜਾਬ ਸਰਕਾਰ ਨੇ ਇਹ ਬੁੱਤ ਦਰਬਾਰ ਸਾਹਿਬ ਦੇ ਰਸਤੇ ਵਿਚ ਫੁਹਾਰਾ ਚੌਕ ਵਿਚ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਨੇ 50 ਫੁੱਟ ਉੱਚਾ ਮੈਟਲ ਦਾ ਬੁੱਤ ਬਣਾਉਣ ਦੀ ਜ਼ਿੰਮੇਵਾਰੀ ਲੋਕ ਨਿਰਮਾਣ ਵਿਭਾਗ ਨੂੰ ਦਿੱਤੀ ਹੈ। ਇਸ ਉਤੇ 1.30 ਕਰੋੜ ਰੁਪਏ ਖਰਚ ਆਉਣਗੇ।



ਦਰਅਸਲ, ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਰਸਤੇ 'ਤੇ ਫੁਹਾਰਾ ਚੌਕ ਵਿਚ ਅੰਗਰੇਜ਼ ਰਾਜ ਦੇ ਸਮੇਂ ਤੋਂ ਹੀ ਮਹਾਰਾਣੀ ਐਲੀਜ਼ਾਬੈਥ ਦਾ ਬੁੱਤ ਲੱਗਾ ਹੋਇਆ ਹੈ, ਜਿਸ ਨੂੰ ਹਟਾ ਕੇ ਹੁਣ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਲਾਇਆ ਜਾਣਾ ਹੈ। ਲੋਕ ਨਿਰਮਾਣ ਵਿਭਾਗ ਮੁਤਾਬਕ ਬੁੱਤ ਲਗਾਉਣ ਲਈ ਲਗਾਤਾਰ ਕੰਮ ਚੱਲ ਰਿਹਾ ਹੈ ਤੇ ਕੁਝ ਮਹੀਨੇ ਤੱਕ ਇਸ ਨੂੰ ਪੂਰਾ ਕਰ ਲਿਆ ਜਾਵੇਗਾ। ਇਸ ਬੁੱਤ ਵਿਚ ਮਹਾਰਾਜਾ ਰਣਜੀਤ ਸਿੰਘ ਹੱਥ ਵਿਚ ਤਲਵਾਰ ਫੜੀ ਘੋੜੇ 'ਤੇ ਸਵਾਰ ਨਜ਼ਰ ਆਉਣਗੇ। ਮਹਾਰਾਜਾ ਰਣਜੀਤ ਸਿੰਘ ਨੂੰ ਇਤਿਹਾਸ ਵਿਚ ਸੱਚੇ ਸਿੱਖ ਵਜੋਂ ਜਾਣਿਆ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਸੋਨੇ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਵੱਲੋਂ ਕਰਵਾਈ ਗਈ ਸੀ। ਇਸ ਲਈ ਸਰਕਾਰ ਨੇ ਗੁਰੂ ਘਰ ਦੇ ਇਸ ਸ਼ਰਧਾਲੂ ਦੇ ਸਨਮਾਨ ਵਿਚ ਹੀ ਇਹ ਫੈਸਲਾ ਲਿਆ ਹੈ। ਇਸ ਬੁੱਤ ਦੇ ਲੱਗਣ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਪਹਿਲਾਂ ਗੁਰੂ ਘਰ ਦੇ ਸੇਵਾਦਾਰ ਦਾ ਬੁੱਤ ਨਜ਼ਰ ਆਵੇਗਾ।

# ਬੇਮੌਸਮੇ ਮੀਂਹ ਕਾਰਨ 100 ਲੱਖ ਟਨ ਹਾੜ੍ਹੀ ਦੀ ਫਸਲ ਬਰਬਾਦ ਹੋਈ

**ਨਵੀਂ ਦਿੱਲੀ:** ਇਸ ਸਾਲ ਫਰਵਰੀ ਤੋਂ ਅਪਰੈਲ ਦੇ ਵਿਚਕਾਰ ਬੇਮੌਸਮੀ ਮੀਂਹ ਤੇ ਗੜੇਮਾਰੀ ਕਰ ਕੇ ਦੇਸ਼ ਵਿਚ ਕਿਸਾਨਾਂ ਦੀ 100 ਲੱਖ ਟਨ ਹਾੜੀ ਦੀ ਫਸਲ ਬਰਬਾਦ ਹੋ ਗਈ ਜਿਸ ਦੀ ਕੀਮਤ 20 ਹਜ਼ਾਰ ਕਰੋੜ ਰੁਪਏ ਬਣਦੀ ਹੈ। ਵਿਗਿਆਨ ਤੇ ਵਾਤਾਵਰਨ ਕੇਂਦਰ (ਸੀ.ਐਸ.ਈ.) ਦੀ ਰਿਪੋਰਟ ਮੁਤਾਬਕ ਫਸਲ ਬਰਬਾਦ ਹੋਣ ਕਰਕੇ ਸਰਕਾਰ ਨੂੰ 10 ਲੱਖ ਟਨ ਕਣਕ ਬਾਹਰੋਂ ਮੰਗਵਾਉਣੀ ਪਈ।



ਬੇਮੌਸਮੀ ਮੀਂਹ ਕਰਕੇ ਕਣਕ ਦੀ 68.2 ਲੱਖ ਟਨ ਫਸਲ ਨੁਕਸਾਨੀ ਗਈ ਸੀ। ਫਰਵਰੀ-ਅਪਰੈਲ 2015 ਦੌਰਾਨ 182.38 ਲੱਖ ਹੈਕਟੇਅਰ (29.61 ਫੀਸਦੀ) ਖੜ੍ਹੀ ਫਸਲ 'ਤੇ ਅਸਰ ਪਿਆ ਸੀ। ਇਸ ਵਿਚੋਂ 6 ਤੋਂ 7 ਫੀਸਦੀ ਕਣਕ ਦੀ ਫਸਲ ਸੀ। ਰਿਪੋਰਟ ਮੁਤਾਬਕ ਮੁੱਖ ਫਸਲਾਂ ਦੇ ਉਤਪਾਦਨ ਵਿਚ 86.3 ਲੱਖ ਟਨ ਦੀ ਗਿਰਾਵਟ ਹੋਈ ਜਿਸ ਕਾਰਨ 15,777 ਕਰੋੜ ਰੁਪਏ ਮੁੱਲ ਦਾ ਅਨਾਜ ਨੁਕਸਾਨਿਆ ਗਿਆ। ਇਸੇ ਤਰ੍ਹਾਂ ਤੇਲ ਬੀਜਾਂ ਵਿਚ 14.1 ਲੱਖ ਟਨ ਉਤਪਾਦਨ ਘਟਿਆ। ਉਂਜ ਕੁੱਲ ਆਰਥਿਕ ਨੁਕਸਾਨ 20,453 ਕਰੋੜ ਰੁਪਏ ਦਾ ਰਿਹਾ। ਸੀ.ਐਸ.ਈ. ਦੇ ਅੰਦਾਜ਼ਿਆਂ ਮੁਤਾਬਕ ਕਣਕ ਹੇਠਲਾ 40 ਫੀਸਦੀ, ਦਾਲਾਂ ਤੇ ਤੇਲ ਬੀਜਾਂ ਦਾ 14 ਫੀਸਦੀ ਤੇ ਮੋਟੇ ਅਨਾਜ ਦਾ ਚਾਰ ਫੀਸਦੀ ਰਕਬਾ ਮੀਂਹ ਅਤੇ ਗੜੇਮਾਰੀ ਕਾਰਨ ਨੁਕਸਾਨਿਆ ਗਿਆ। ਸੀ.ਐਸ.ਈ. ਦੇ ਡਿਪਟੀ ਡਾਇਰੈਕਟਰ ਜਨਰਲ ਚੰਦਰ ਭੂਸ਼ਣ ਨੇ ਕਿਹਾ ਕਿ ਭਾਰਤੀ ਕਿਸਾਨਾਂ ਨੂੰ ਬਚਾਉਣ ਲਈ ਢੁਕਵੇਂ ਉਪਰਾਲੇ ਕਰਨੇ ਪੈਣਗੇ ਕਿਉਂਕਿ ਜ਼ਿਆਦਾਤਰ ਖੇਤੀ ਮੌਸਮ 'ਤੇ ਹੀ ਨਿਰਭਰ ਹੈ। ਸੰਸਥਾ ਦੀ ਡਾਇਰੈਕਟਰ ਜਨਰਲ ਸੁਨੀਤਾ ਨਰਾਇਣ ਨੇ ਕਿਹਾ ਕਿ ਦੇਸ਼ ਦੇ ਕਿਸਾਨਾਂ ਨੂੰ ਦੋਹਰੀ ਮਾਰ ਝੱਲਣੀ ਪੈ ਰਹੀ ਹੈ। ਕਿਸਾਨੀ ਦੇ ਸੰਕਟ ਦੇ ਨਾਲ-ਨਾਲ ਉਨ੍ਹਾਂ ਨੂੰ ਖਰਾਬ ਮੌਸਮ ਨਾਲ ਵੀ ਜੂਝਣਾ ਪੈਂਦਾ ਹੈ। ਉਸ ਨੇ ਕਿਹਾ ਕਿ ਪੱਛਮੀ ਗੜਬੜੀਆਂ ਕਰਕੇ ਮੌਸਮ ਵਿਚ ਬਦਲਾਅ ਹੁੰਦਾ ਹੈ, ਪਰ ਹੋਰ ਮੌਸਮ ਵਿਚ ਆ ਰਹੇ ਵਿਗਾੜ ਦੇ ਹੋਰ ਵੀ ਕਈ ਕਾਰਨ ਹਨ। ਰਿਪੋਰਟ ਵਿਚ ਫਸਲ ਦੇ ਖਰਾਬੇ ਦੀ ਤੁਰੰਤ ਗਿਰਦਾਵਰੀ ਕਰਾਉਣ ਤੇ ਬੀਮਾ ਯੋਜਨਾਵਾਂ ਜਿਹੀਆਂ ਯੋਜਨਾਵਾਂ 'ਤੇ ਫੌਰੀ ਕਦਮ ਚੁੱਕਣ ਲਈ ਕਿਹਾ ਗਿਆ ਹੈ।

## ਕਿਸਾਨਾਂ ਵੱਲੋਂ ਪਿੰਡ ਬਾਦਲ ਉਤੇ ਚੜ੍ਹਾਈ ਲਈ ਰਣਨੀਤੀ

**ਚੰਡੀਗੜ੍ਹ:** ਪੰਜਾਬ ਦੀਆਂ ਅੱਠ ਕਿਸਾਨ ਤੇ ਚਾਰ ਮਜ਼ਦੂਰ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਪਿੰਡ ਬਾਦਲ ਵਿਚ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ। ਕਿਸਾਨ ਜਥੇਬੰਦੀਆਂ ਵੱਲੋਂ ਕਾਲਾ ਕਾਨੂੰਨ ਰੱਦ ਕਰਵਾਉਣ, ਨਰਮਾ ਖਰਾਬਾ, ਬਾਸਮਤੀ ਦੀ ਬੇਕਦਰੀ, ਅਬਾਦਕਾਰਾਂ ਦੇ ਮਾਲਕੀ ਹੱਕ ਤੇ ਕਰਜ਼ਾ ਮੁਕਤੀ ਵਰਗੇ ਕਈ ਭਖਦੇ ਕਿਸਾਨ ਮਜ਼ਦੂਰ ਮਸਲੇ ਤੁਰੰਤ ਹੱਲ ਕਰਾਉਣ ਤੇ ਕੁਝ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਾਉਣ ਖਾਤਰ ਪਿੰਡ ਬਾਦਲ ਵਿਚ ਮੁੱਖ ਮੰਤਰੀ ਦੇ ਘਰ ਅੱਗੇ ਪੱਕਾ ਮੋਰਚਾ ਲਾਇਆ ਜਾਵੇਗਾ। ਮੋਰਚੇ ਦੀਆਂ ਤਰੀਕਾਂ ਦਾ ਐਲਾਨ 16 ਦਸੰਬਰ ਨੂੰ ਬਰਨਾਲਾ ਤੇ 18 ਨੂੰ ਅੰਮ੍ਰਿਤਸਰ ਵਿਖੇ ਕੀਤੀਆਂ ਜਾਣ ਵਾਲੀਆਂ ਲਲਕਾਰ ਰੈਲੀਆਂ ਵਿਚ ਕੀਤਾ ਜਾਵੇਗਾ। 'ਪੰਜਾਬ ਜਨਤਕ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਬਿੱਲ 2014' ਦੇ ਨਾਂ ਹੇਠ ਜਨਤਕ ਜਮਹੂਰੀ ਸੰਘਰਸ਼ਾਂ ਨੂੰ ਕੁਚਲਣ ਵਾਲਾ 'ਕਾਲਾ ਕਾਨੂੰਨ' ਰੱਦ ਕਰਾਉਣ ਲਈ ਜਥੇਬੰਦੀਆਂ ਨੇ ਸਰਬ ਸਾਂਝਾ ਸੰਘਰਸ਼ ਉਲੀਕਿਆ ਹੈ।

# ਪਾਕਿਸਤਾਨ ਦੀ ਅਸਲ ਵਿਚਾਰਧਾਰਾ ਪਰਤਾਉਣ ਦਾ ਸਮਾਂ

ਨਵਾਜ਼ ਸ਼ਰੀਫ਼ ਨੂੰ ਦੇਸ਼ ਦੀ ਮਜ਼ਹਬੀ ਲੌਬੀ ਵੱਲੋਂ ਸ਼ਬਦੀ ਬਾਣਾਂ ਦਾ ਇਸ ਕਰ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਸ ਨੇ ਪਾਕਿਸਤਾਨ ਨੂੰ 'ਉਦਾਰਵਾਦੀ' ਜਮਹੂਰੀ ਦੇਸ਼ ਬਣਾਉਣ ਦਾ ਸੱਦਾ ਦਿੱਤਾ ਸੀ। ਜਮਾਤ-ਏ-ਇਸਲਾਮੀ ਦਾ ਮੁਖੀ ਚਾਹੁੰਦਾ ਹੈ ਕਿ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਆਪਣਾ ਇਹ ਸੱਦਾ ਵਾਪਸ ਲਵੇ। ਸ਼ਰੀਫ਼ ਨੇ ਇਹ ਸੱਦਾ, ਨਿਵੇਸ਼ਕਾਂ ਦੀ ਕਾਨਫਰੰਸ ਵਿਚ ਦਿੱਤਾ ਸੀ। ਉਨ੍ਹਾਂ ਨੇ ਉਦਾਰਵਾਦੀ ਸ਼ਬਦ ਦੀ ਵਰਤੋਂ ਅਰਥਚਾਰੇ ਦੇ ਪ੍ਰਸੰਗ ਵਿਚ ਕੀਤੀ ਸੀ, ਪਰ ਉਸ ਦੇ ਵਿਰੋਧੀਆਂ ਨੇ ਇਸ ਨੂੰ ਪਾਕਿਸਤਾਨ ਦੀ ਵਿਚਾਰਧਾਰਾ ਬਾਰੇ ਬਹਿਸ ਵਿਚ ਬਦਲ ਦਿੱਤਾ।

ਯਕਜਹਿਤੀ ਕੌਂਸਲ ਦੇ ਛਤਰ ਹੇਠ ਇਸਲਾਮੀ ਪਾਰਟੀਆਂ ਨੇ ਇਕੱਠੇ ਹੋ ਕੇ ਦੇਸ਼-

**ਜ਼ਾਹਿਦ ਹੁਸੈਨ**


ਵਿਆਪੀ ਰੋਸ ਵਿਖਾਵਿਆਂ ਦੀ ਧਮਕੀ ਦਿੱਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਅਮਰੀਕੀ ਪ੍ਰਭਾਵ ਹੇਠ ਪਾਕਿਸਤਾਨ ਨੂੰ 'ਧਰਮ ਨਿਰਪੇਖ ਮੁਲਕ' ਵਿਚ ਬਦਲਣ ਦੀ ਸਾਜ਼ਿਸ਼ ਰਚੀ ਜਾ ਚੁੱਕੀ ਹੈ। ਉਨ੍ਹਾਂ ਨੇ ਪ੍ਰਣ ਕੀਤਾ ਹੈ ਕਿ ਪਾਕਿਸਤਾਨ ਇਸਲਾਮੀ ਮੁਲਕ ਸੀ, ਇਸਲਾਮੀ ਮੁਲਕ ਹੈ ਅਤੇ ਇਸਲਾਮੀ ਮੁਲਕ ਹੀ ਰਹੇਗਾ। ਇਸ ਦੀ ਬੁਨਿਆਦੀ ਵਿਚਾਰਧਾਰਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਹ ਪਾਰਟੀਆਂ ਮਜ਼ਹਬੀ ਮਾਮਲਿਆਂ 'ਤੇ ਕਦੇ ਵੀ ਇਕਸੁਰ ਨਹੀਂ ਹੋਈਆਂ ਅਤੇ ਆਪੋ ਵਿਚ ਹਮੇਸ਼ਾ ਖਹਿਬੜਦੀਆਂ ਆਈਆਂ ਹਨ ਪਰ ਹੁਣ ਮੁਲਕ ਦੀ 'ਇਸਲਾਮੀ ਪਛਾਣ ਨੂੰ ਖ਼ਤਰੇ' ਦੇ ਨਾਂ 'ਤੇ ਇਕਮੁੱਠ ਹੋ ਗਈਆਂ ਹਨ।

ਪ੍ਰਧਾਨ ਮੰਤਰੀ ਵੱਲੋਂ 'ਉਦਾਰਵਾਦੀ' (ਲਿਬਰਲ) ਸ਼ਬਦ ਵਰਤੇ ਜਾਣ 'ਤੇ ਇੰਨਾ ਵਾਵੇਲਾ ਹੋਣ ਦੀ ਕਿਸੇ ਨੇ ਵੀ ਤਵੱਕੋ ਨਹੀਂ ਸੀ ਕੀਤੀ, ਪਰ ਪਾਕਿਸਤਾਨੀਆਂ ਲਈ ਇਹ ਹੈਰਾਨੀਜਨਕ ਘਟਨਾਕ੍ਰਮ ਵੀ ਨਹੀਂ। ਪਾਕਿਸਤਾਨੀ ਮਜ਼ਹਬੀ ਆਗੂਆਂ ਉਪਰ ਅਗਿਆਨ ਹਮੇਸ਼ਾ ਭਾਰੂ ਰਿਹਾ ਹੈ ਅਤੇ ਤੰਗਨਜ਼ਰੀ ਪੱਖੋਂ ਸਿਰਫ਼ ਸਾਊਦੀ ਮੁਲਾਣੇ ਹੀ ਉਨ੍ਹਾਂ ਦੇ ਸਾਨੀ ਕਹੇ ਜਾ ਸਕਦੇ ਹਨ। ਹੈਰਾਨੀਜਨਕ ਤਾਂ ਉਨ੍ਹਾਂ ਸਿਆਸੀ ਨੇਤਾਵਾਂ ਦਾ ਪ੍ਰਤੀਕਰਮ ਹੈ ਜੋ ਖ਼ੁਦ ਨੂੰ ਆਧੁਨਿਕਤਾਵਾਦੀ ਮੰਨਦੇ ਹਨ ਅਤੇ ਉਦਾਰਵਾਦੀ ਲੋਕਤੰਤਰ ਤੇ ਧਰਮਨਿਰਪੇਖਤਾ ਦੇ ਸੰਕਲਪ ਨਾਲ ਜੁੜੀਆਂ ਖ਼ੂਬੀਆਂ ਤੋਂ ਵਾਕਫ਼ ਹਨ। ਜਦੋਂ ਉਹ ਵੀ ਨਵਾਜ਼ ਸ਼ਰੀਫ਼ ਦੇ ਇੱਕ ਸ਼ਬਦ ਨੂੰ ਲੈ ਕੇ ਦੇਸ਼-ਵਿਆਪੀ ਵਿਰੋਧ ਦੀ ਹਨੇਰੀ ਝੁਲਾਉਣ ਦੀਆਂ ਗੱਲਾਂ ਕਰਨ ਲੱਗਣ ਤਾਂ ਉਨ੍ਹਾਂ ਤੇ ਮਜ਼ਹਬਪ੍ਰਸਤ ਪਾਰਟੀਆਂ ਦੇ ਆਗੂਆਂ ਦੀ ਪਹੁੰਚ ਵਿਚ ਕੋਈ ਫ਼ਰਕ ਹੀ ਨਹੀਂ ਰਹਿ ਜਾਂਦਾ।

ਇਸ ਪ੍ਰਸੰਗ ਵਿਚ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਆਗੂ ਸਿਰਾਜੁਲ ਹੱਕ ਦਾ ਦਾਅਵਾ ਨਿਹਾਇਤ ਹਾਸੋਹੀਣਾ ਜਾਪਦਾ ਹੈ ਕਿ ਪ੍ਰਧਾਨ ਮੰਤਰੀ ਦੀਆਂ ਟਿੱਪਣੀਆਂ ਹੀ ਕੌਮੀ ਸੰਵਿਧਾਨ ਦੀ ਵਿਚਾਰਧਾਰਾ, ਅੱਲਾਮਾ ਇਕਬਾਲ ਦੇ ਫ਼ਲਸਫ਼ੇ ਅਤੇ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਾਹ ਵੱਲੋਂ ਨਿਰਧਾਰਤ ਅਸੂਲਾਂ ਦੇ ਖ਼ਿਲਾਫ਼ ਹੈ। ਹੱਕ ਨੇ ਸ਼ਾਇਦ ਇਤਿਹਾਸ, ਖ਼ਾਸ ਕਰ ਕੇ ਪਾਕਿਸਤਾਨ ਦੀ ਸਥਾਪਨਾ ਨਾਲ ਜੁੜੇ ਅਧਿਆਇ ਕਦੇ ਪੜ੍ਹੇ ਹੀ ਨਹੀਂ। ਜੇ ਪੜ੍ਹੇ ਹੁੰਦੇ ਤਾਂ ਉਸ ਨੂੰ ਇਹ ਪਤਾ ਲੱਗ ਜਾਣਾ ਸੀ ਕਿ ਕਾਇਦੇ-ਆਜ਼ਮ, ਪਾਕਿਸਤਾਨ ਬਾਰੇ ਕੀ ਸੋਚਦੇ ਸਨ ਅਤੇ ਇਸ ਨੂੰ ਕਿਸ ਕਿਸਮ ਦਾ ਮੁਲਕ ਬਣਾਉਣਾ ਲੋਚਦੇ ਸਨ। ਕਾਇਦੇ-ਆਜ਼ਮ ਨੇ ਪਾਕਿਸਤਾਨ ਨੂੰ ਇਸਲਾਮੀ ਮੁਲਕ ਬਣਾਉਣਾ ਕਦੇ ਲੋਚਿਆ ਹੀ ਨਹੀਂ ਸੀ। 'ਉਦਾਰਵਾਦੀ ਲੋਕਤੰਤਰ' ਉਹ ਬੁਨਿਆਦੀ ਵਿਚਾਰਧਾਰਾ ਸੀ ਜਿਸ ਦੀ ਬੁਨਿਆਦ 'ਤੇ ਵੱਖਰੇ ਪਾਕਿਸਤਾਨ ਦੀ ਮੰਗ ਕੀਤੀ ਗਈ ਅਤੇ ਇਸ ਵਿਚਾਰਧਾਰਾ ਨੂੰ ਸ਼ਬਦ ਖ਼ੁਦ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਾਹ ਨੇ ਦਿੱਤੇ ਸਨ।

ਦਰਅਸਲ, ਪਾਕਿਸਤਾਨ ਦੀ ਵਿਚਾਧਾਰਾ ਨੂੰ ਪੁਨਰ-ਪਰਿਭਾਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਨੇ ਮੁਲਕ ਦਾ ਵੱਧ ਨੁਕਸਾਨ ਕੀਤਾ ਹੈ ਅਤੇ ਨਾਲ ਹੀ ਕੌਮੀ ਸਿਆਸਤ ਤੇ ਕੌਮੀ ਜੀਵਨ ਵਿਚ ਮਜ਼ਹਬੀ ਪਾੜਾ ਵਧਾਇਆ ਹੈ। ਯਕਜਹਿਤੀ ਕੌਂਸਲ ਦੇ ਛਤਰ ਹੇਠ ਜੁੜੀਆਂ ਜਥੇਬੰਦੀਆਂ ਤੇ ਰਾਜਸੀ ਧਿਰਾਂ ਵਿਚ ਜਮਾਤ-ਉਦ-ਦਾਵਾ ਤੇ ਉਸ ਦਾ ਮੁਖੀ ਹਾਫ਼ਿਜ਼ ਸਈਦ ਸ਼ਾਮਲ ਸਨ। ਇਹ ਉਹ ਜਥੇਬੰਦੀ ਹੈ ਜਿਸ ਨੂੰ ਸੰਯੁਕਤ ਰਾਸ਼ਟਰ ਨੇ ਪਾਬੰਦੀਸ਼ੁਦਾ ਕਰਾਰ ਦਿੱਤਾ ਹੋਇਆ ਹੈ ਅਤੇ ਇਸ ਦੇ ਮੁਖੀ ਨੂੰ ਕੌਮਾਂਤਰੀ ਦਹਿਸ਼ਤਗਰਦ ਦਾ ਦਰਜਾ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਚੁੱਕੀ ਹੈ।

ਦਰਅਸਲ, ਪਾਕਿਤਸਾਨ ਦੇ ਸੰਕਲਪ ਤੇ ਵਿਚਾਰਧਾਰਾ ਨੂੰ ਪੁਨਰ-ਪਰਿਭਾਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਨੇ ਹੀ ਮੁਲਕ ਵਿਚ ਧਾਰਮਿਕ ਲੀਹਾਂ 'ਤੇ ਵੰਡੀਆਂ ਲਗਾਤਾਰ ਵਧਾਈਆਂ ਹਨ। ਯਕਜਹਿਤੀ ਕਮੇਟੀ ਦੇ ਝੰਡੇ ਹੇਠ ਜੁੜੇ ਇਸਲਾਮੀ ਸੰਗਠਨ ਦੇਸ਼ ਵਿਚ ਫ਼ਿਰਕੇਦਾਰਾਨਾ ਵਖਰੇਵਿਆਂ ਅਤੇ ਮਜ਼ਹਬੀ ਇੰਤਹਾਪਸੰਦੀ ਨੂੰ ਨਿਰੰਤਰ ਹਵਾ ਦੇਣ ਲਈ ਜ਼ਿੰਮੇਵਾਰ ਸਮਝੇ ਜਾਂਦੇ ਹਨ। ਕਾਇਦੇ-ਆਜ਼ਮ ਨੇ ਉਦਾਰਵਾਦੀ ਲੋਕਤੰਤਰ ਨੂੰ ਪਾਕਿਸਤਾਨੀ ਵਜੂਦ ਦੇ ਬੁਨਿਆਦੀ ਸਿਧਾਂਤ ਵਜੋਂ



ਨਵਾਜ਼ ਸ਼ਰੀਫ਼

ਦੇਖਿਆ ਸੀ। 1946 ਵਿਚ ਖ਼ਬਰ ਏਜੰਸੀ 'ਰਾਇਟਰਜ਼' ਨਾਲ ਇੰਟਰਵਿਊ ਵਿਚ ਉਨ੍ਹਾਂ ਕਿਹਾ ਸੀ, "ਨਵਾਂ ਮੁਲਕ ਆਧੁਨਿਕ ਜਮਹੂਰੀ ਰਾਜ ਹੋਵੇਗਾ ਜਿਸ ਦੀ ਪ੍ਰਭੁਤਾ ਆਮ ਲੋਕਾਂ ਕੋਲ ਹੋਵੇਗੀ। ਇਸ ਨਵੇਂ ਮੁਲਕ ਦੇ ਹਰ ਵਸਨੀਕ ਨੂੰ ਸਮਾਨ ਅਧਿਕਾਰ ਹਾਸਲ ਹੋਣਗੇ। ਧਰਮ, ਜਾਤ ਜਾਂ ਨਸਲ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ।" ਮੁਹੰਮਦ ਅਲੀ ਜਿਨਾਹ ਨੇ ਇਹ ਵੀ ਸਪਸ਼ਟ ਕਿਹਾ ਸੀ ਕਿ ਪਾਕਿਸਤਾਨ ਮੁਸਲਿਮ ਬਹੁ-ਗਿਣਤੀ ਵਾਲਾ ਮੁਲਕ ਜ਼ਰੂਰ ਹੋਵੇਗਾ ਪਰ ਇਹ ਕਿਸੇ ਵੀ ਤਰ੍ਹਾਂ 'ਮਜ਼ਹਬਪ੍ਰਸਤ ਮੁਲਕ' ਨਹੀਂ ਹੋਵੇਗਾ। ਲਿਹਾਜ਼ਾ, ਜਿਹੜੇ ਲੋਕ ਜਾਂ ਇਸਲਾਮੀ ਗਰੁੱਪ ਹੁਣ ਪਾਕਿਸਤਾਨ ਨੂੰ 'ਉਦਾਰਵਾਦ' ਦੇ ਹਊਏ ਤੋਂ ਬਚਾਉਣ ਲਈ ਲਾਮਬੰਦ ਹੋਏ ਹਨ, ਉਨ੍ਹਾਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਉਹ ਪਾਕਿਸਤਾਨ ਦੇ ਵਜੂਦ ਦੇ ਬੁਨਿਆਦੀ ਸਿਧਾਂਤ ਤੋਂ ਹੀ ਮੁਨਕਰ ਹੋ ਰਹੇ ਹਨ। ਜਿਸ ਕਿਸਮ ਦੀ ਜਮਹੂਰੀਅਤ ਕਾਇਦੇ-ਆਜ਼ਮ ਸਿਰਜਣਾ ਚਾਹੁੰਦੇ ਸਨ, ਉਸ ਵਿਚ ਮਜ਼ਹਬਪ੍ਰਸਤੀ ਦਾ ਕੋਈ ਮੁਕਾਮ ਨਹੀਂ ਸੀ।

ਮੁਲਕ ਕਾਇਦੇ-ਆਜ਼ਮ ਦੇ ਆਦਰਸ਼ ਤੋਂ ਥਿੜਕ ਗਿਆ। ਉਹ ਧਾਰਮਿਕ ਮਾਮਲਿਆਂ ਵਿਚ ਉਲਝ ਕੇ ਆਪਣਾ ਵਿਚਾਰਧਾਰਕ ਧੁਰਾ ਗੁਆ ਬੈਠਾ। ਇਸ ਨੇ ਇਹ ਫ਼ੈਸਲਾ ਕਰਨਾ ਸ਼ੁਰੂ ਕਰ ਦਿੱਤਾ ਕਿ ਸੱਚਾ ਮੁਸਲਮਾਨ ਕੌਣ ਹੈ ਅਤੇ ਕੌਣ ਨਹੀਂ। ਸਥਿਤੀ ਮੰਦੀ ਤੋਂ ਅਤਿਅੰਤ ਮੰਦੀ ਉਦੋਂ ਹੋ ਗਈ ਜਦੋਂ ਮੁਸਲਿਮ ਸੰਗਠਨਾਂ ਨੇ ਵੱਖ-ਵੱਖ ਸੰਪਰਦਾਵਾਂ ਦੇ ਇਸਲਾਮੀ ਹੋਣ ਜਾਂ ਨਾ ਹੋਣ ਬਾਰੇ ਫ਼ਤਵੇ ਦੇਣੇ ਸ਼ੁਰੂ ਕਰ ਦਿੱਤੇ। ਫ਼ਤਵੇ ਦੇਣ ਅਤੇ ਗ਼ੈਰ-ਮੁਸਲਮਾਨਾਂ ਉਪਰ ਹਮਲੇ ਕਰਨ ਦੀ ਰਾਜਨੀਤੀ ਕਾਰਨ ਪਾਕਿਸਤਾਨ ਵਿਚ ਵਾਰ-ਵਾਰ ਫ਼ਿਰਕੂ ਹਿੰਸਾ ਭੜਕਦੀ ਹੈ ਅਤੇ ਇਸ ਹਿੰਸਾ ਕਾਰਨ ਹਜ਼ਾਰਾਂ ਮੁਸਲਮਾਨ ਮਾਰੇ ਜਾ ਚੁੱਕੇ ਹਨ।

ਧਾਰਮਿਕ ਇੰਤਹਾਪਸੰਦੀ ਵਿਚ ਵਾਧੇ ਅਤੇ ਅਸਹਿਣਸ਼ੀਲਤਾ ਨੇ ਪਾਕਿਸਤਾਨ ਵਿਚ ਜਿਥੇ ਧਾਰਮਿਕ ਘੱਟ-ਗਿਣਤੀਆਂ ਖ਼ਿਲਾਫ਼ ਹਿੰਸਾ ਵਧਾਈ ਹੈ, ਉਥੇ ਕਈ ਇਲਾਕਿਆਂ ਵਿਚੋਂ ਉਨ੍ਹਾਂ ਦਾ ਸਫ਼ਾਇਆ ਕਰਨ ਦੀ ਨੀਤੀ ਨੂੰ ਵੀ ਜਨਮ ਦਿੱਤਾ ਹੈ। ਈਸਾਈਆਂ ਦੀਆਂ ਬਸਤੀਆਂ ਉਤੇ ਭੀੜਾਂ ਵੱਲੋਂ ਹਮਲੇ ਅਤੇ ਅਹਿਮਦੀਆਂ ਨੂੰ ਕੁੱਟ-ਕੁੱਟ ਕੇ ਮਾਰਨ ਦੀਆਂ ਘਟਨਾਵਾਂ ਨੇ ਪਾਕਿਸਤਾਨ ਨੂੰ ਪੂਰੀ ਦੁਨੀਆਂ ਵਿਚ ਅਸਹਿਣਸ਼ੀਲ ਮੁਲਕ ਵਜੋਂ ਬਦਨਾਮ ਕੀਤਾ ਹੈ। ਪਿਛਲੇ ਦੋ-ਤਿੰਨ ਸਾਲਾਂ ਤੋਂ ਅਜਿਹੀ ਹਿੰਸਾ ਲੋੜੋਂ ਵੱਧ ਜ਼ੋਰ ਫੜ ਗਈ ਹੈ। ਸ਼ਾਂਤੀਨਗਰ, ਗੋਜਰਾ, ਜੋਜ਼ੇਫ਼ ਕਾਲੋਨੀ ਅਤੇ ਹੁਣੇ ਜਿਹੇ ਜਿਹਲਮ ਵਿਚ ਈਸਾਈ ਬਸਤੀਆਂ ਉਪਰ ਹਮਲੇ ਇਸਲਾਮੀ ਸੰਗਠਨਾਂ ਵੱਲੋਂ ਪੈਦਾ ਕੀਤੀ ਭੜਕਾਹਟ ਦਾ ਨਤੀਜਾ ਹਨ।

ਬਹੁਤੇ ਧਾਰਮਿਕ ਸੰਗਠਨ ਸਿੱਧੇ ਜਾਂ ਅਸਿੱਧੇ ਰੂਪ ਵਿਚ ਇੰਤਹਾਪਸੰਦ ਗੁੱਟਾਂ ਜਿਵੇਂ ਤਹਿਰੀਕ-ਏ-ਤਾਲਿਬਾਨ ਦੀ ਸਰਪ੍ਰਸਤੀ ਕਰਦੇ ਆ ਰਹੇ ਹਨ। ਉਹ ਦਹਿਸ਼ਤੀ ਹਮਲਿਆਂ ਵਿਚ ਹਜ਼ਾਰਾਂ ਨਿਰਦੋਸ਼ਾਂ ਦੀਆਂ ਜਾਨ ਜਾਣ ਨੂੰ ਜਾਇਜ਼ ਠਹਿਰਾਉਂਦੇ ਹਨ ਅਤੇ ਨਾਲ ਹੀ ਖ਼ੁਦਕੁਸ਼ ਹਮਲਿਆਂ ਨੂੰ ਵੀ ਇਸਲਾਮੀ ਸ਼ਰੀਅਤ ਮੁਤਾਬਿਕ ਸਹੀ ਦੱਸਦੇ ਹਨ। ਕੀ ਇਹ ਸਾਡੇ ਮੁਲਕ ਦੇ ਸੰਸਥਾਪਕਾਂ ਦੀ ਸੋਚ ਨਾਲ ਨਿਆਂ ਹੈ?

ਅਜਿਹੀ ਨਿਘਾਰਵਾਦੀ ਸੋਚ ਕਾਰਨ ਹੀ ਯਕਜਹਿਤੀ ਕਮੇਟੀ ਨੇ ਸੁਪਰੀਮ ਕੋਰਟ ਦੇ ਉਸ ਹਾਲੀਆ ਫ਼ੈਸਲੇ ਦੀ ਮਜ਼ੱਮਤ ਕੀਤੀ ਜਿਸ ਵਿਚ ਸੂਬਾ ਪੰਜਾਬ ਦੇ ਮਰਹੂਮ ਗਵਰਨਰ ਸਲਮਾਨ ਤਾਸੀਰ ਦੀ ਹੱਤਿਆ ਕਰਨ ਵਾਲੇ ਪੁਲਿਸ ਗਾਰਡ ਮੁਮਤਾਜ਼ ਕਾਦਰੀ ਦੀ ਮੌਤ ਦੀ ਸਜ਼ਾ ਬਹਾਲ ਰੱਖੀ ਗਈ ਸੀ। ਬਹੁਤੀਆਂ ਇਸਲਾਮੀ ਪਾਰਟੀਆਂ ਨੇ ਪਹਿਲਾਂ ਤਾਸੀਰ ਦੀ ਹੱਤਿਆ ਵੀ ਇਸ ਆਧਾਰ 'ਤੇ ਜਾਇਜ਼ ਦੱਸੀ ਸੀ ਕਿ ਉਹ ਬਹੁਤਾ ਇਸਲਾਮਪ੍ਰਸਤ ਨਹੀਂ ਸੀ ਅਤੇ 'ਇਸਲਾਮ ਖ਼ਿਲਾਫ਼ ਕੁਫ਼ਰ' ਤੋਲਦਾ ਹੁੰਦਾ ਸੀ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਉਸ ਮੱਦ ਦੀ ਖ਼ਾਸ ਤੌਰ 'ਤੇ ਸਖ਼ਤ ਆਲੋਚਨਾ ਕੀਤੀ ਜਿਸ ਵਿਚ ਕੁਫ਼ਰ-ਵਿਰੋਧੀ ਕਾਨੂੰਨਾਂ ਨੂੰ ਸੋਧਣ ਅਤੇ ਨਰਮ ਬਣਾਏ ਜਾਣ ਵਾਸਤੇ ਕਿਹਾ ਗਿਆ ਹੈ।

ਹੈਰਾਨੀ ਹੈ ਕਿ ਭੜਕਾਊ ਬਿਆਨਬਾਜ਼ੀ ਲਈ ਹਾਫਿਜ਼ ਸਈਦ ਖ਼ਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ। ਜਮਾਤ-ਉਦ-ਦਾਵਾ ਦੀਆਂ ਸਰਗਰਮੀਆਂ ਦੀ ਮੀਡੀਆ ਕਵਰੇਜ ਉਪਰ ਸਰਕਾਰ ਨੇ ਪਾਬੰਦੀ ਲਾਈ ਹੋਈ ਹੈ, ਪਰ ਨਵਾਜ਼ ਸ਼ਰੀਫ਼ ਖ਼ਿਲਾਫ਼ ਉਸਦੇ ਬਿਆਨਾਂ ਨੂੰ ਭਰਵੀਂ ਕਵਰੇਜ ਮਿਲ ਰਹੀ ਹੈ। ਇਹ ਵੀ ਵਿਡੰਬਨਾ ਹੈ ਕਿ ਉਹ ਖ਼ੁਦ ਨੂੰ ਪਾਕਿਸਤਾਨ ਦੀ ਵਿਚਾਰਧਾਰਾ ਦੇ ਮੁਹਾਫਿਜ਼ ਦੇ ਰੂਪ ਵਿਚ ਪੇਸ਼ ਕਰ ਰਿਹਾ ਹੈ।

ਉਦਾਰਵਾਦ, ਆਧੁਨਿਕ ਲੋਕਤੰਤਰ ਦੀ ਜਿੰਦ-ਜਾਨ ਹੈ। ਇਹ ਉਹ ਫ਼ਲਸਫ਼ਾ ਹੈ ਜੋ ਪ੍ਰਗਤੀ, ਧਾਰਮਿਕ ਸਹਿਣਸ਼ੀਲਤਾ, ਮਨੁੱਖਤਾ ਅੰਦਰਲੀ ਚੰਗਿਆਈ, ਖ਼ੁਦਮੁਖ਼ਤਾਰੀ ਅਤੇ ਸਿਆਸੀ ਤੇ ਨਾਗਰਿਕ ਅਧਿਕਾਰਾਂ ਦੀ ਹਿਫ਼ਾਜ਼ਤ ਵਿਚ ਯਕੀਨ ਰੱਖਦਾ ਹੈ। ਇਹ ਕਦਰਾਂ-ਕੀਮਤਾਂ, ਮਜ਼ਹਬ ਦੇ ਖ਼ਿਲਾਫ਼ ਕਿਵੇਂ ਮੰਨੀਆਂ ਜਾ ਸਕਦੀਆਂ ਹਨ? ਮੁਲਕ ਦੀ ਸਥਿਰਤਾ ਲਈ ਜ਼ਰੂਰੀ ਹੈ ਕਿ ਸੰਸਥਾਪਕਾਂ ਦੇ ਆਦਰਸ਼ਾਂ ਦੀ ਪਾਲਣਾ ਕੀਤੀ ਜਾਵੇ। ਧਾਰਮਿਕ ਕੱਟੜਤਾ ਕਾਰਨ ਪਾਕਿਸਤਾਨ ਪਹਿਲਾਂ ਹੀ ਬਹੁਤ ਦੁਖ਼-ਤਕਲੀਫ਼ਾਂ ਭੋਗ ਚੁੱਕਾ ਹੈ।

# ਕਿਸਾਨ ਖ਼ੁਦਕੁਸ਼ੀਆਂ ਦਾ ਵਰਤਾਰਾ

ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜਦੋਂ ਵੀ ਕੋਈ ਕੁਦਰਤੀ ਆਫ਼ਤ ਆਉਂਦੀ ਹੈ ਤਾਂ ਇਨ੍ਹਾਂ ਦੁਖਦਾਈ ਘਟਨਾਵਾਂ ਵਿਚ ਹੋਰ ਤੇਜ਼ੀ ਆ ਜਾਂਦੀ ਹੈ। ਪੰਜਾਬ ਤੇ ਦੇਸ਼ ਵਿਚ ਬਹੁ-ਗਿਣਤੀ ਛੋਟੇ ਕਿਸਾਨਾਂ ਦੀ ਹੈ। ਉਨ੍ਹਾਂ ਵੱਲੋਂ ਕੀਤੀ ਹੱਡ-ਭੰਨਵੀਂ ਮਿਹਨਤ ਨਾਲ ਮਸਾਂ ਦੋ ਡੰਗ ਦੀ ਰੋਟੀ ਨਸੀਬ ਹੁੰਦੀ ਹੈ। ਜੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਕਦੇ ਵੀ ਕਿਸਾਨ ਦੇ ਖ਼ੁਸ਼ਹਾਲੀ ਦੇ ਦਿਨ ਨਜ਼ਰ ਨਹੀਂ ਆਉਂਦੇ। ਮੁੱਢ ਕਦੀਮ ਤੋਂ ਹੀ ਦੇਸ਼ ਵਿਚ ਜ਼ਿਮੀਦਾਰੀ ਪ੍ਰਣਾਲੀ ਲਾਗੂ ਰਹੀ ਹੈ। ਉਨ੍ਹਾਂ ਦੀ ਖੇਤੀ ਮੁਜਾਰੇ ਹੀ ਕਰਦੇ ਸਨ। ਰਾਜਿਆਂ ਦੀ ਮੁੱਖ ਆਮਦਨ ਜ਼ਮੀਨੀ ਲਗਾਨ ਹੁੰਦੀ ਸੀ। ਕਿਸਾਨਾਂ ਨੂੰ ਜਗੀਰਦਾਰਾਂ ਦੇ ਜ਼ੁਲਮ ਝੱਲਣੇ ਪੈਂਦੇ ਸਨ।

ਪੰਜਾਬ ਵਿਚ ਕਿਸਾਨ ਦੀ ਜੂਨ ਕੁਝ ਉਦੋਂ

**ਡਾ. ਰਣਜੀਤ ਸਿੰਘ**

ਸੁਖਾਲੀ ਹੋਈ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਜਾਗੀਰਦਾਰੀ ਖ਼ਤਮ ਕਰ ਕੇ ਕਿਸਾਨਾਂ ਨੂੰ ਜ਼ਮੀਨ ਦੇ ਮਾਲਕ ਬਣਾ ਦਿੱਤਾ ਸੀ, ਪਰ ਇਹ ਖ਼ੁਸ਼ਹਾਲੀ ਬਹੁਤਾ ਸਮਾਂ ਕਾਇਮ ਨਹੀਂ ਰਹੀ। ਸਮੇਂ ਦੇ ਬੀਤਣ ਨਾਲ ਧਰਤੀ ਦੀਆਂ ਵੰਡੀਆਂ ਪੈ ਗਈਆਂ ਤੇ ਛੋਟੇ ਕਿਸਾਨਾਂ ਦੀ ਗਿਣਤੀ ਵਿਚ ਵਾਧਾ ਹੋ ਗਿਆ। ਉਦੋਂ ਸਿੰਜਾਈ ਸਹੂਲਤਾਂ ਬਹੁਤ ਸੀਮਤ ਸਨ। ਕਿਸਾਨ ਦੀ ਡੋਰ ਮੀਂਹ ਦੇ ਹੱਥ ਸੀ। ਜੇ ਔੜ ਲੱਗ ਜਾਂਦੀ ਤਾਂ ਵੀ ਕਿਸਾਨ ਮਾਰਿਆ ਜਾਂਦਾ। ਵੱਧ ਮੀਂਹ ਪੈ ਜਾਂਦਾ ਤਾਂ ਫ਼ਸਲ ਖ਼ਰਾਬ ਹੋ ਜਾਂਦੀ। ਕੁਦਰਤੀ ਆਫ਼ਤਾਂ ਜਿਵੇਂ ਟਿੱਡੀ ਦਲ, ਹੜ੍ਹ ਜਾਂ ਕਿਸੇ ਬਿਮਾਰੀ ਦਾ ਹਮਲਾ ਵੀ ਕਿਸਾਨਾਂ ਦੀਆਂ ਦੁਸ਼ਵਾਰੀਆਂ ਵਿਚ ਵਾਧਾ ਕਰਦੇ। ਉਪਜ ਦਾ ਮੁਲ ਬਹੁਤ ਘੱਟ ਸੀ। ਕਈ ਵਾਰ ਤਾਂ ਲਗਾਨ ਵੀ ਪੂਰਾ ਨਹੀਂ ਸੀ ਹੁੰਦਾ। ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਸ਼ਿਕੰਜੇ ਵਿਚ ਫਸਣਾ ਪੈਂਦਾ ਸੀ। ਲਗਪਗ ਸਾਰੇ ਕਿਸਾਨ ਕਰਜ਼ਾਈ ਸਨ ਤੇ ਇਹ ਕਰਜ਼ਾ ਪੁਸ਼ਤ-ਦਰ-ਪੁਸ਼ਤ ਚਲਦਾ ਸੀ। ਕਰਜ਼ਾ ਤਾਂ ਦੂਰ, ਵਿਆਜ ਨਾ ਦੇਣ ਦੀ ਸੂਰਤ ਵਿਚ ਕਿਸਾਨ ਦੇ ਡੰਗਰ ਖੋਲ੍ਹ ਲਏ ਜਾਂਦੇ ਸਨ, ਜਾਂ ਉਸ ਦੀ ਜ਼ਮੀਨ ਸ਼ਾਹੂਕਾਰ ਗਿਰਵੀ ਰੱਖ ਲੈਂਦੇ ਸਨ।

ਇਨ੍ਹਾਂ ਹਾਲਾਤ ਨੂੰ ਵੇਖ ਕੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਸ. ਅਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਅੰਦੋਲਨ ਸ਼ੁਰੂ ਕੀਤਾ। 'ਪੱਗੜੀ ਸੰਭਾਲ ਜੱਟਾ' ਗੀਤ ਉਦੋਂ ਹੀ ਪ੍ਰਸਿੱਧ ਹੋਇਆ ਸੀ। ਉਸ ਸਮੇਂ ਪੰਜਾਬ ਵਿਚ ਕਿਸਾਨ ਪੱਖੀ ਸਰਕਾਰ ਹੋਂਦ ਵਿਚ ਆ ਗਈ। ਸਰ ਛੋਟੂ ਰਾਮ ਨੇ ਕਿਸਾਨ ਦੇ ਹੱਕਾਂ ਦੀ ਰਾਖੀ ਲਈ ਕਈ ਕਾਨੂੰਨ ਪਾਸ ਕਰਵਾਏ। ਇਹ ਕਾਨੂੰਨ ਬਣਾਇਆ ਗਿਆ ਕਿ ਕੋਈ ਵੀ ਗ਼ੈਰ ਕਾਸ਼ਤਕਾਰ, ਕਿਸਾਨ ਦੀ ਜ਼ਮੀਨ ਨਹੀਂ ਖ਼ਰੀਦ ਸਕਦਾ। ਪਿੰਡਾਂ ਵਿਚ ਸਹਿਕਾਰੀ ਸੁਸਾਇਟੀਆਂ ਬਣਾਈਆਂ ਗਈਆਂ ਤਾਂ ਜੋ ਸਸਤੇ ਵਿਆਜ 'ਤੇ ਕਿਸਾਨਾਂ ਨੂੰ ਕਰਜ਼ਾ ਮਿਲ ਸਕੇ। ਸਿੰਜਾਈ ਵਿਚ ਵਾਧੇ ਲਈ ਨਹਿਰਾਂ ਕੱਢੀਆਂ, ਖੇਤੀਬਾੜੀ ਮਹਿਕਮਾਂ ਹੋਂਦ ਵਿਚ ਆਇਆ ਅਤੇ ਲਾਇਲਪੁਰ ਖੇਤੀਬਾੜੀ ਕਾਲਜ ਬਣਾਇਆ ਪਰ ਕਿਸਾਨ ਦੀ ਹਾਲਤ ਵਿਚ ਬਹੁਤਾ ਸੁਧਾਰ ਨਾ ਹੋਇਆ। ਪਿੰਡਾਂ ਵਿਚ ਕਿਸਾਨ ਦੀ ਹਾਲਤ ਮਾੜੀ ਸੀ, ਬਹੁਤੇ ਕਿਸਾਨਾਂ ਦੇ ਘਰ ਕੱਚੇ ਸਨ। ਘਰ ਦਾ ਤਿਆਰ ਕੀਤਾ ਖੱਦਰ ਹੀ ਪਹਿਨਿਆ ਜਾਂਦਾ ਸੀ। ਜੁਤੀ ਦੀ ਵਰਤੋਂ ਕਿਤੇ ਆਉਣ-ਜਾਣ ਲਈ ਹੀ ਹੁੰਦੀ ਸੀ। ਚੰਗਾ ਖਾਣਾ-ਪਹਿਨਣਾ ਕਿਸੇ ਵਿਆਹ ਸਮੇਂ ਹੀ ਹੁੰਦਾ ਸੀ। ਮਿੱਟੀ ਦੇ ਦੀਵੇ ਵਿਚ ਸਰ੍ਹੋਂ ਦਾ ਤੇਲ ਪਾ ਕੇ ਚਾਨਣ ਕੀਤਾ ਜਾਂਦਾ ਸੀ। ਅੱਤ ਦੀ ਗ਼ਰੀਬੀ ਸੀ। ਇਸ ਦੇ ਬਾਵਜੂਦ ਉਦੋਂ ਕਿਸੇ ਕਿਸਾਨ ਨੇ ਖ਼ੁਦਕੁਸ਼ੀ ਕਰਨ ਬਾਰੇ ਨਹੀਂ ਸੀ ਸੋਚਿਆ।

ਹੁਣ ਕਿਸਾਨ ਕਿਉਂ ਖ਼ੁਦਕੁਸ਼ੀਆਂ ਕਰਦੇ ਹਨ ਜਦੋਂ ਕਿ ਉਨ੍ਹਾਂ ਦੀ ਜੂਨ ਵਿਚ ਕਾਫ਼ੀ ਸੁਧਾਰ ਹੋਇਆ ਹੈ। ਵੱਧ ਝਾੜ ਦੇਣ ਵਾਲੀਆਂ ਕਣਕ ਤੇ ਝੋਨੇ ਦੀਆਂ ਕਿਸਮਾਂ ਨੇ ਉਪਜ ਵਿਚ ਚੋਖਾ ਵਾਧਾ ਕੀਤਾ ਹੈ। ਸਿੰਜਾਈ ਲਈ ਟਿਊਬਵੈੱਲ ਲੱਗ ਗਏ ਸਨ। ਸਾਰੀ ਧਰਤੀ ਦੋ-ਫ਼ਸਲੀ ਹੋ ਗਈ। ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਇਆ ਹੈ। ਉਸ ਦਾ ਘਰ ਪੱਕਾ ਬਣ ਗਿਆ ਹੈ। ਚੰਗੇ ਕਪੜੇ ਨਸੀਬ ਹੋ ਗਏ ਹਨ। ਪਹਿਲਾਂ ਰੇਡੀਓ ਅਤੇ ਹੁਣ ਹਰ ਘਰ ਵਿਚ ਟੈਲੀਵਿਜ਼ਨ ਆ ਗਿਆ ਹੈ। ਸਾਰੇ ਘਰਾਂ ਵਿਚ ਸਾਈਕਲ ਅਤੇ ਬਹੁਤਿਆਂ ਕੋਲ ਮੋਟਰ ਸਾਇਕਲ ਹੈ। ਟਰੈਕਟਰਾਂ ਸਦਕਾ ਬਲਦਾਂ ਵਾਲੀ ਖੇਤੀ ਦੀ ਮਸ਼ੱਕਤ ਤੋਂ ਮੁਕਤੀ ਮਿਲ ਗਈ ਹੈ। ਖੇਤਾਂ ਅਤੇ ਘਰਾਂ ਵਿਚ ਬਿਜਲੀ ਹੈ। ਜ਼ਿਆਦਾਤਰ ਪਿੰਡਾਂ ਦੀਆਂ ਗਲੀਆਂ ਪੱਕੀਆਂ ਹੋ ਗਈਆਂ ਹਨ। ਹਰ ਪਿੰਡ ਪੱਕੀ ਸੜਕ ਨਾਲ ਜੁੜਿਆ ਹੋਇਆ ਹੈ। ਬੱਸਾਂ ਦੀ ਸਹੂਲਤ ਵਿਚ ਵੀ ਸੁਧਾਰ ਹੋਇਆ ਹੈ। ਪਿੰਡਾਂ ਵਿਚ ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਵੀ ਹਨ। ਮੰਨਣਾ ਪਵੇਗਾ ਕਿ ਕਿਸਾਨ ਦੀ ਜੂਨ ਵਿਚ ਸੁਧਾਰ ਹੋਇਆ ਹੈ। ਸਾਉਣੀ ਵਿਚ ਬਹੁਤ ਘੱਟ ਰਕਬੇ ਵਿਚ ਫ਼ਸਲ ਬੀਜੀ ਜਾਂਦੀ ਸੀ ਪਰ ਝੋਨੇ ਦੇ ਆਉਣ ਨਾਲ ਇਹ ਕਿਸਾਨ ਦੀ ਆਮਦਨ ਦਾ ਮੁੱਖ ਸੋਮਾ ਬਣ ਗਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਹੁਤੇ ਕਿਸਾਨ ਕਰਜ਼ਾਈ ਹਨ, ਪਰ ਇਹ ਕਰਜ਼ੇ ਬੈਂਕਾਂ ਜਾਂ ਆੜ੍ਹਤੀਆਂ ਤੋਂ ਲਏ ਜਾਂਦੇ ਹਨ। ਇਹ ਵੇਖਣਾ ਜ਼ਰੂਰੀ ਹੈ ਕਿ ਖ਼ੂਨ ਚੂਸ ਸ਼ਾਹੂਕਾਰਾਂ ਦੇ ਨਹੀਂ ਹਨ। ਇਸ ਦੇ ਬਾਵਜੂਦ ਕਿਸਾਨ ਖ਼ੁਦਕੁਸ਼ੀਆਂ ਕਿਉਂ ਕਰਦੇ ਹਨ? ਕਈਆਂ ਸੰਸਥਾਵਾਂ ਵੱਲੋਂ ਅਧਿਐਨ ਹੋਏ ਹਨ ਪਰ ਕੋਈ ਖ਼ਾਸ ਨਤੀਜੇ ਪ੍ਰਾਪਤ ਨਹੀਂ ਹੋਏ। ਕੇਵਲ ਕਰਜ਼ੇ ਨੂੰ ਹੀ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਕਿਸਾਨਾਂ ਨੂੰ ਵੱਧ ਕਰਜ਼ਾ ਕਿਉਂ ਲੈਣਾ ਪੈ ਰਿਹਾ ਹੈ ਜਿਸ ਕਾਰਨ ਆਤਮ ਹੱਤਿਆ ਦੀ ਨੌਬਤ ਰਹੀ ਹੈ। ਪੰਜਾਬ ਵਿਚ ਸਾਰੀ ਖੇਤੀ ਮਸ਼ੀਨੀ ਹੈ। ਛੋਟੇ ਕਿਸਾਨਾਂ ਨੇ ਵੀ ਟਰੈਕਟਰ ਲੈ ਲਏ ਹਨ। ਇਹ ਟਰੈਕਟਰ ਆਮ ਕਰ ਕੇ ਕਰਜ਼ੇ ਉਤੇ ਹੀ ਲਏ ਜਾਂਦੇ ਹਨ। ਕੁਝ ਸਿਆਣੇ ਕਿਸਾਨ ਵਿਹਲੇ ਸਮੇਂ ਦੂਜਿਆਂ ਦੇ ਖੇਤ ਵਾਹ ਕੇ ਜਾਂ ਮਾਲ ਢੋਅ ਕੇ ਕਿਸ਼ਤ ਪੂਰੀ ਕਰ ਲੈਂਦੇ ਹਨ। ਬਾਕੀ ਕਿਸਾਨ ਇਸ ਨੂੰ ਘਟੀਆ ਕੰਮ ਸਮਝਦੇ ਹਨ। ਉਹ ਆਪਣੀ ਵਾਹੀ ਹੇਠ ਧਰਤੀ ਵਿਚ ਵਾਧਾ ਕਰਨ ਲਈ ਜ਼ਮੀਨ ਠੇਕੇ ਉਤੇ ਲੈਂਦੇ ਹਨ। ਇਸੇ ਰੁਝਾਨ ਕਾਰਨ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿਚ ਠੇਕੇ ਦੀ ਦਰ ਤੇਜ਼ੀ ਨਾਲ ਵਧੀ ਹੈ। ਹੁਣ ਇਹ 40 ਹਜ਼ਾਰ ਪ੍ਰਤੀ ਏਕੜ ਹੋ ਗਈ ਹੈ। ਇਸ ਕਿਸਾਨ ਨੇ 10 ਏਕੜ ਠੇਕੇ 'ਤੇ ਲਏ ਹੋਣ 'ਤੇ ਫ਼ਸਲ ਖ਼ਰਾਬ ਹੋ ਜਾਵੇ, ਉਸ ਲਈ ਚਾਰ ਲੱਖ ਰੁਪਏ ਮਾਲਕ ਨੂੰ ਦੇਣੇ ਔਖੇ ਹੋ ਜਾਂਦੇ ਹਨ। ਜ਼ਮੀਨ ਮਾਲਕ ਦੇ ਮਿਹਣੇ ਦੀ ਨਮੋਸ਼ੀ ਜਾਂ ਬੈਂਕ ਕੁਰਕੀ ਦੀ ਧਮਕੀ ਸੰਵੇਦਨਸ਼ੀਲ ਕਿਸਾਨਾਂ ਨੂੰ ਗੁੱਸੇ ਵਿਚ ਲੈ ਆਉਂਦੀ ਹੈ। ਨੇੜੇ ਹੀ ਕੀਟਨਾਸ਼ਕ ਜ਼ਹਿਰ ਪਈ ਹੁੰਦੀ ਹੈ ਤੇ ਜ਼ਹਿਰ ਪੀ ਕੇ ਭਾਵੇਂ ਬਹੁਤੇ ਪਛਤਾਉਂਦੇ ਹਨ, ਪਰ ਫਿਰ ਹੋ ਕੁਝ ਨਹੀਂ ਸਕਦਾ। ਪੰਜਾਬ ਵਿਚ ਦਿਖਾਵਾ ਵੀ ਬਹੁਤ ਵਧ ਗਿਆ ਹੈ। ਵਿਆਹਾਂ ਤੇ ਦੂਜੇ ਸਮਾਗਮਾਂ ਵਿਚ ਵਿਤੋਂ ਵੱਧ ਖ਼ਰਚ ਕੀਤਾ ਜਾਂਦਾ ਹੈ। ਸ਼ਰਾਬ ਅਤੇ ਹੋਰ ਨਸ਼ਿਆਂ ਨੇ ਵੀ ਆਰਥਿਕਤਾ ਨੂੰ ਸੱਟ ਮਾਰੀ ਹੈ। ਮਹਿੰਗੀਆਂ ਪੜ੍ਹਾਈਆਂ ਤੋਂ ਬਾਅਦ ਧੀਆਂ ਪੁੱਤਾਂ ਦਾ ਬੇਰੁਜ਼ਗਾਰ ਰਹਿਣਾ ਵੀ ਇੱਕ ਕਾਰਨ ਹੈ। ਛੋਟੇ ਕਿਸਾਨ ਨੂੰ ਇਨ੍ਹਾਂ ਕਾਰਜਾਂ ਲਈ ਕਰਜ਼ਾ ਲੈਣਾ ਪੈਂਦਾ ਹੈ। ਸਾਂਝੇ ਪਰਿਵਾਰਾਂ ਦਾ ਟੁੱਟਣਾ ਵੀ ਇੱਕ ਕਾਰਨ ਹੈ। ਪਹਿਲਾਂ ਸਾਂਝੇ ਪਰਿਵਾਰ ਦਾ ਹੌਸਲਾ ਹੁੰਦਾ ਸੀ ਤੇ ਰਲ ਕੇ ਮੁਸੀਬਤ ਦਾ ਮੁਕਾਬਲਾ ਕਰਨ ਦਾ ਭਰੋਸਾ ਹੁੰਦਾ ਹੈ। ਇਕੱਲਾ ਬੰਦਾ ਤਾਂ ਅੰਦਰ ਹੀ ਅੰਦਰ ਕੁੜ੍ਹਦਾ ਰਹਿੰਦਾ ਹੈ। ਕਰਜ਼ੇ ਤੋਂ ਉਤਪੰਨ ਹੋਏ ਘਰ ਵਿਚਲੇ ਕਲੇਸ਼ ਨੂੰ ਵੀ ਇੱਕ ਕਾਰਨ ਮੰਨਿਆ ਜਾ ਸਕਦਾ ਹੈ।


> *ਸਾਰੇ ਪੰਜਾਬੀ ਭਾਵੇਂ ਉਹ ਸਿੱਖ ਹੋਣ ਜਾਂ ਹਿੰਦੂ, ਗੁਰੂ ਨਾਨਕ ਦੇ ਸਿੱਖ ਹਨ। ਗੁਰੂ ਜੀ ਨੇ ਚੜ੍ਹਦੀ ਕਲਾ ਤੇ ਮੁਸੀਬਤਾਂ ਦਾ ਮੁਕਾਬਲਾ ਹਿੰਮਤ ਨਾਲ ਕਰਨ ਦਾ ਸੰਦੇਸ਼ ਦਿੱਤਾ ਹੈ। ਇਸੇ ਕਰ ਕੇ ਹੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ ਉਦੋਂ ਵੀ ਕਿਸੇ ਨੇ ਹਿੰਮਤ ਨਾ ਹਾਰੀ, ਸਗੋਂ ਹਾਲਾਤ ਦਾ ਡਟ ਕੇ ਮੁਕਾਬਲਾ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਮ ਪ੍ਰਚਾਰ ਵਿਚ ਬਹੁਤ ਵਾਧਾ ਹੋਇਆ ਹੈ ਪਰ ਇਹ ਲੋਕਾਈ ਨੂੰ ਗੁਰੂ ਦੇ ਉਪਦੇਸ਼ਾਂ ਨਾਲ ਜੋੜਨ ਵਿਚ ਸਫ਼ਲ ਨਹੀਂ ਹੋਇਆ ਕਿਉਂਕਿ ਦਿਖਾਵਾ ਵਧ ਗਿਆ ਹੈ, ਅਮਲ ਘਟ ਗਿਆ ਹੈ।*

ਸਾਰੇ ਪੰਜਾਬੀ ਭਾਵੇਂ ਉਹ ਸਿੱਖ ਹੋਣ ਜਾਂ ਹਿੰਦੂ, ਗੁਰੂ ਨਾਨਕ ਦੇ ਸਿੱਖ ਹਨ। ਗੁਰੂ ਜੀ ਨੇ ਚੜ੍ਹਦੀ ਕਲਾ ਤੇ ਮੁਸੀਬਤਾਂ ਦਾ ਮੁਕਾਬਲਾ ਹਿੰਮਤ ਨਾਲ ਕਰਨ ਦਾ ਸੰਦੇਸ਼ ਦਿੱਤਾ ਹੈ। ਇਸੇ ਕਰ ਕੇ ਹੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ ਉਦੋਂ ਵੀ ਕਿਸੇ ਨੇ ਹਿੰਮਤ ਨਾ ਹਾਰੀ, ਸਗੋਂ ਹਾਲਾਤ ਦਾ ਡਟ ਕੇ ਮੁਕਾਬਲਾ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਮ ਪ੍ਰਚਾਰ ਵਿਚ ਬਹੁਤ ਵਾਧਾ ਹੋਇਆ ਹੈ ਪਰ ਇਹ ਲੋਕਾਈ ਨੂੰ ਗੁਰੂ ਦੇ ਉਪਦੇਸ਼ਾਂ ਨਾਲ ਜੋੜਨ ਵਿਚ ਸਫ਼ਲ ਨਹੀਂ ਹੋਇਆ ਕਿਉਂਕਿ ਦਿਖਾਵਾ ਵਧ ਗਿਆ ਹੈ, ਅਮਲ ਘਟ ਗਿਆ ਹੈ।

ਹੁਣ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਇਸ ਦਾ ਹੱਲ ਕੇਵਲ ਸਰਕਾਰ ਉਤੇ ਨਾ ਛੱਡਿਆ ਜਾਵੇ ਸਗੋਂ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਪਾਸੇ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਅਜਿਹਾ ਕੀਤਿਆਂ ਜਿੱਥੇ ਅਨੇਕਾਂ ਕੀਮਤੀ ਜਾਨਾਂ ਬਚਾਈਆਂ ਜਾ ਸਕਣਗੀਆਂ, ਉਥੇ ਇਨ੍ਹਾਂ ਪਰਿਵਾਰਾਂ ਨੂੰ ਤਬਾਹ ਹੋਣ ਤੋਂ ਰੋਕਿਆ ਜਾ ਸਕੇਗਾ।

# ਉਜੜੇ ਗਰਾਵਾਂ ਦੇ ਵਸਦੇ ਲੋਕ

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਠੀਕ ਹੈ ਦੁਨੀਆਂ ਦੀ ਬਹੁ ਗਿਣਤੀ ਮੁਕੱਦਰਾਂ 'ਤੇ ਵਿਸ਼ਵਾਸ ਕਰਦੀ ਹੈ ਪਰ ਕਿਸਮਤ ਵਿਚ ਰੱਬ ਨੇ ਸ਼ਾਇਦ ਇਹ ਕਿਤੇ ਵੀ ਨਹੀਂ ਲਿਖਿਆ ਕਿ ਡੱਕਾ ਦੂਹਰਾ ਨਾ ਕਰੋ। ਕੁਝ ਲੋਕਾਂ ਦੇ ਸ਼ਰਾਬ ਅੰਦਰ ਜਾ ਰਹੀ ਹੁੰਦੀ ਹੈ ਤੇ ਉਹ ਆਪ ਬਾਹਰ ਆ ਰਹੇ ਹੁੰਦੇ ਹਨ, ਉਨ੍ਹਾਂ ਨੂੰ ਨਹੀਂ ਪਤਾ ਹੁੰਦਾ ਕਿ ਅਹਾਤੇ ਤੇ ਬੈੱਡ ਰੂਮ ਇਕੋ ਜਿਹੇ ਨਹੀਂ ਹੁੰਦੇ। ਕਈ ਬਾਹਰ ਨਾਅਰੇ ਲਾ ਕੇ ਆ ਰਹੇ ਹੁੰਦੇ ਹਨ ਪਰ ਘਰ ਆ ਕੇ ਬੀਵੀ ਦੇ ਸਾਹਮਣੇ 'ਜੈ ਹੋ' ਆਖ ਰਹੇ ਹੁੰਦੇ ਹਨ। ਜੈਕਾਰੇ ਛੱਡਣ ਦਾ ਅਰਥ ਅੰਦਰੋਂ ਤੇ ਬਾਹਰੋਂ ਇਕ ਹੋਣਾ ਹੀ ਹੋਣਾ ਚਾਹੀਦਾ ਹੈ। ਮਨੁੱਖ ਨੇ ਰਾਹ ਆਪ ਹੀ ਇੰਨੇ ਵਿੰਗੇ ਟੇਡੇ ਕਰ ਲਏ ਹਨ ਕਿ ਉਨ੍ਹਾਂ ਅੱਗੇ ਵੀ ਧੂਫ ਬੱਤੀਆਂ ਲਾਈਆਂ ਜਾ ਰਹੀਆਂ ਹਨ ਜੋ ਆਪ ਨਹਾਉਣ ਨੂੰ ਪਾਪ ਹੀ ਸਮਝਦੇ ਰਹੇ। ਜਿਹੜੇ 50ਵਿਆਂ ਨੂੰ ਲੰਘ ਕੇ ਔਲਾਦ ਲਈ ਫਰਿਆਦਾਂ ਕਰ ਰਹੇ ਹਨ, ਉਨ੍ਹਾਂ ਦਾ ਆਖਰੀ ਗੋਲੀ ਨਾਲ ਸ਼ੇਰ ਮਾਰਨ ਦਾ ਭਰਮ ਹੀ ਹੁੰਦਾ ਹੈ। ਉਂ ਰੱਬ ਦੇ ਰੰਗਾਂ ਵਿਚ ਕੋਈ ਵੀ ਕਦੇ ਵੀ ਰੰਗਿਆ ਜਾ ਸਕਦਾ ਹੈ। ਕੁੱਤਾ ਹਾਲੇ ਤੱਕ ਵੀ ਦਰਵੇਸ਼ ਇਸ ਕਰਕੇ ਹੈ ਕਿ ਉਹ ਮਾਲਕ ਦਾ ਹੁੰਦਾ ਹੈ, ਦੇਸ਼ ਦਾ ਨਹੀਂ। ਪਰ ਬੰਦਾ ਨਾ ਦੇਸ਼ ਦਾ ਬਣ ਰਿਹਾ ਹੈ, ਨਾ ਮਾਲਕ ਦਾ। ਇਸੇ ਲਈ ਸਾਧ ਤੇ ਪਾਖੰਡੀ ਲੋਕਾਂ ਨੂੰ ਮਾਲਕ ਨਾਲ ਮਿਲਾਉਣ ਲਈ 'ਰਾਣੀ ਖਾਂ' ਦੇ ਸਾਲੇ ਬਣੀ ਬੈਠੇ ਹਨ। ਅਸਲ ਵਿਚ ਬਾਹਰੋਂ ਬੰਦਾ ਗਿਆਨ ਸਿੰਘ ਲੱਗ ਰਿਹਾ ਹੁੰਦਾ ਹੈ ਪਰ ਅੰਦਰੋਂ ਬਘਿਆੜ ਹੀ ਹੁੰਦਾ ਹੈ। ਇਸੇ ਲਈ ਅੱਗਾਂ ਕੱਖਾਂ ਤੇ ਹੱਥਾਂ ਨਾਲ ਲੁਕੋਣ 'ਚ ਦੁਨੀਆਂ ਲੱਗੀ ਪਈ ਹੈ। ਜਿਸ ਔਰਤ ਨੂੰ ਕਿਸੇ ਵੀ ਮਰਦ ਨੇ ਪਸੰਦ ਨਹੀਂ ਕੀਤਾ, ਮੂਰਖ ਹੀ ਹੋਵੇਗਾ ਜਿਹੜਾ ਕਹੇਗਾ ਕਿ ਉਹ ਸੁੰਦਰਤਾ ਦੇ ਹੱਕ 'ਚ ਕਦੇ ਜੈਕਾਰਾ ਲਾਵੇਗੀ। ਕੁਝ ਲੋਕ ਪ੍ਰੇਮੀ ਅਖਵਾਉਣ ਲਈ ਤਾਂ ਬਹੁਤ ਕਾਹਲੇ ਪਏ ਹੁੰਦੇ ਹਨ ਪਰ ਉਹ ਪ੍ਰੇਮਿਕਾ ਦੀਆਂ ਅੱਖਾਂ ਦੇ ਇਸ਼ਾਰਿਆਂ ਦੀ ਵਿਆਖਿਆ ਹੋਰ ਕਿਸੇ ਤੋਂ ਕਰਵਾਉਣ ਲੱਗੇ ਹੁੰਦੇ ਹਨ ਤੇ ਫਿਰ ਪਿਆਰ ਦੀਆਂ ਬੇੜੀਆਂ 'ਚ ਵੱਟੇ ਇਨ੍ਹਾਂ ਨੇ ਹੀ ਪਾਉਣੇ ਹੁੰਦੇ ਹਨ ਕਿਉਂਕਿ ਇਨ੍ਹਾਂ ਨੇ ਸਿਰਫ ਅੱਖਾਂ ਨੂੰ ਹੀ ਦੋਸ਼ੀ ਸਿੱਧ ਕਰਨਾ ਹੁੰਦਾ ਹੈ। ਘੱਟ ਲੀੜੇ ਪਾਉਣ ਦਾ ਅਰਥ ਬਾਬਾ ਰਾਮਦੇਵ ਨਹੀਂ ਹੁੰਦਾ, ਸਗੋਂ ਉਹਨੇ ਦੱਸਿਆ ਹੈ ਕਿ ਵਪਾਰ ਲੀੜਿਆਂ ਅਤੇ ਨਕਟਾਈ ਤੋਂ ਬਿਨਾਂ ਸਿਆਸੀ ਛਤਰੀ ਹੇਠ ਵੀ ਕੀਤਾ ਜਾ ਸਕਦਾ ਹੈ। ਰਾਮਦੇਵ ਵਾਂਗ ਅੱਖਾਂ ਆਪਸ ਵਿਚ ਨਾ ਵੀ ਮਿਲਦੀਆਂ ਹੋਣ, ਕੋਈ ਹਰਜ ਨਹੀਂ, ਵੇਖਣਾ ਆਪਣੀ ਅੱਖ ਨਾਲ ਹੀ ਚਾਹੀਦੈ, ਫਿਰ ਕੌਣ ਕਹੇਗਾ ਮੇਰੀ ਅੱਖ ਨਾਲ ਵੇਖ...।*

ਦੁਨੀਆਂ ਨੂੰ ਸ਼ੈਂਪੇਨ ਨਾਲ ਜਸ਼ਨ ਮਨਾਉਣ ਦੇ ਢੰਗ ਦੱਸਣ ਵਾਲੇ ਫਰਾਂਸ ਨੇ ਲੁਈਜ਼ ਤੱਕ ਦੁਨੀਆਂ ਨੂੰ ਆਲੂ ਖਾਣ ਦੇ ਤਰੀਕੇ ਬੜੇ ਹੀ ਕਮਾਲ ਦੇ ਢੰਗ ਨਾਲ ਦੱਸੇ ਹਨ ਪਰ ਦੁੱਖ ਇਸ ਗੱਲ ਦਾ ਹੈ ਕਿ ਅੱਜ ਇਹ ਫਰਾਂਸ ਦੁਖੀ ਵੀ ਬੜਾ ਹੈ।

ਜੇ ਵਿਦੇਸ਼ ਗਏ ਭਾਰਤੀਆਂ ਤੇ ਖਾਸ ਤੌਰ 'ਤੇ ਪੰਜਾਬੀਆਂ ਨੂੰ ਇਕ ਲਾਈਨ 'ਚ ਖੜ੍ਹੇ ਕਰਕੇ ਪੁੱਛਣਾ ਸ਼ੁਰੂ ਕਰ ਲਈਏ ਕਿ ਉਨ੍ਹਾਂ 'ਚੋਂ ਕਿੰਨੇ ਸੱਚ ਬੋਲ ਕੇ ਬਾਹਰ ਗਏ ਹਨ ਤਾਂ ਸ਼ਾਇਦ ਸਾਰੇ ਨਾਂਹ ਵਿਚ ਹੀ ਸਿਰ ਹਿਲਾਉਣਗੇ। ਇਹ ਵੀ ਸੱਚ ਹੈ ਕਿ ਜੇ ਜਹਾਜ ਬਿਨਾਂ ਛੱਤ ਵਾਲੇ ਹੁੰਦੇ ਤਾਂ ਦੁਨੀਆਂ ਦੇ ਲੋਕਾਂ ਨੇ ਹਵਾਈ ਸਫਰ ਨੂੰ ਕਦੇ ਤਰਜ਼ੀਹ ਹੀ ਨਹੀਂ ਦੇਣੀ ਸੀ ਕਿਉਂਕਿ ਫਿਰ ਦਿਲ ਧਰਤੀ 'ਤੇ ਘੱਟ ਤੇ ਅਸਮਾਨ ਵਿਚ ਵੱਧ ਫੇਲ੍ਹ ਹੋ ਜਾਇਆ ਕਰਨੇ ਸਨ। ਕਹੀ ਭਾਵੇਂ ਜਾਣ ਕਿ ਮਜਨੂੰ ਲੈਲਾ ਨੂੰ ਕਹਿੰਦਾ ਰਿਹਾ ਕਿ ਮੇਰੀ ਅੱਖ ਨਾਲ ਵੇਖ ਪਰ ਮੈਂ ਜਿਹੜਾ ਨਜ਼ਰੀਆ ਦੁਨੀਆਂ ਦਾ ਅੱਗੇ ਜਾ ਕੇ ਪੇਸ਼ ਕਰਨ ਲੱਗਾ ਹਾਂ, ਤੁਸੀਂ ਆਪ ਹੀ ਅੰਦਾਜ਼ਾ ਲਾਇਓ ਕਿ ਇਸ ਨੂੰ ਕਿਹੜੀ ਅੱਖ ਨਾਲ ਵੇਖਣਾ ਚਾਹੀਦਾ ਹੈ। ਬਾਦਸ਼ਾਹ ਅਤੇ ਘੋੜੇ ਦਾ ਸਬੰਧ ਰਿਹਾ ਤਾਂ ਨਹੁੰ-ਮਾਸ ਵਾਲਾ ਹੀ ਹੈ ਪਰ ਘੋੜਾ ਤਬੇਲੇ 'ਚ ਤੇ ਬਾਦਸ਼ਾਹ ਮਹਿਲਾਂ ਵਿਚ ਸੌਂਦੇ ਰਹੇ ਹਨ। ਸਵੇਰੇ ਉਠ ਕੇ ਜਦੋਂ ਦੋਵੇਂ ਗਲਵਕੜੀ ਹੁੰਦੇ ਸਨ ਤਦ ਅਹਿਸਾਸ ਹੁੰਦਾ ਸੀ ਕਿ ਬੰਦਿਆਂ ਤੇ ਜਾਨਵਰਾਂ ਵਿਚ ਵੀ ਦੋਸਤੀ ਦੀ ਸਿਖਰ ਹੁੰਦੀ ਹੈ।

ਇਕ ਦਿਨ ਮੈਂ ਸਵੇਰੇ ਆਪਣੇ ਘਰ ਬੈਠਾ ਸਾਂ। ਸਮਾਂ ਕੋਈ ਸਾਢੇ ਕੁ ਦਸ ਵਜੇ ਦਾ ਹੋਵੇਗਾ। ਦਰਵਾਜ਼ੇ ਤੇ ਟਕ ਟਕ ਹੋ ਰਹੀ ਸੀ। ਜਿਵੇਂ ਕੋਈ ਚਾਬੀ ਨਾਲ ਦਰਵਾਜ਼ਾ ਖੜਕਾ ਰਿਹਾ ਹੋਵੇ। ਜਦੋਂ ਮੈਂ ਜਾ ਕੇ ਦਰਵਾਜ਼ਾ ਖੋਲ੍ਹਦਾ ਤਾਂ ਬਾਹਰ ਕੋਈ ਵੀ ਨਾ ਹੁੰਦਾ। ਏਦਾਂ ਕਰੀਬ ਅੱਧਾ ਘੰਟਾ ਹੁੰਦਾ ਰਿਹਾ। ਮੈਂ ਸੋਚਦਾ ਸੀ ਕਿ ਅਮਰੀਕਾ ਵਿਚ ਭੂਤ ਪ੍ਰੇਤ ਸ਼ਾਇਦ ਵਹਿਮ ਦਾ ਸੂਚਕ ਨਹੀਂ ਹਨ। ਪਰ ਮੇਰੇ ਮਨ ਦੇ ਖਿਆਲ ਵੀ ਇਧਰਲੇ ਪਾਸੇ ਨੂੰ ਤੁਰ ਹੀ ਨਹੀਂ ਰਹੇ ਸਨ। ਫਿਰ ਮੇਰੀ ਬੀਵੀ ਦਾ ਫੋਨ ਆਇਆ ਕਿ ਤੁਸੀਂ ਘਰ ਹੀ ਹੋ। ਮੇਰੇ ਹਾਂ ਕਹਿਣ 'ਤੇ ਉਹ ਕਹਿਣ ਲੱਗੀ, ਦਸ ਵਜੇ ਮੋਰ ਕੁਝ ਖਾਣ ਲਈ ਆਉਂਦੇ ਨੇ, ਤੁਸੀਂ ਦੋ ਚਾਰ ਪੀਸ ਬਰੈਡ ਦੇ ਬਾਹਰ ਪਾ ਦਿਓ।

ਫਿਰ ਮੇਰੇ ਦਿਮਾਗ ਦੀਆਂ ਘੰਟੀਆਂ ਲਗਾਤਾਰ ਵੱਜਣ ਲੱਗੀਆਂ। ਮੈਂ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲਿਆ। ਇਕ ਮੋਰ ਦਰਵਾਜ਼ੇ ਤੋਂ ਬਾਹਰ ਬੂਟੇ ਹੇਠ ਲੁਕ ਕੇ ਬੈਠਾ ਸੀ। ਅਸਲ 'ਚ ਇਹੀ ਮੋਰ ਆਪਣਾ ਖਾਣਾ ਮੰਗਣ ਲਈ ਮੇਰੇ ਘਰ ਦੇ ਬੂਹੇ 'ਤੇ ਟਕ ਟਕ ਕਰ ਰਿਹਾ ਸੀ। ਕਿਉਂਕਿ ਪਿਛਲੇ ਕਈ ਸਾਲਾਂ ਤੋਂ ਜਿਸ ਮੋਰ ਨੂੰ ਰੋਜ਼ਾਨਾ ਦਸ ਵਜੇ ਖਾਣ ਲਈ ਕੁਝ ਮਿਲਦਾ ਸੀ, ਉਹ ਹਾਲੇ ਤੱਕ ਭੁੱਖਾ ਵਿਲਕ ਰਿਹਾ ਸੀ। ਸੱਚ ਇਹੀ ਸੀ ਕਿ ਉਹ ਦਰਵਾਜ਼ਾ ਖੜਕਾ ਕੇ ਲੁਕ ਜਾਂਦਾ ਸੀ।

ਸਿਆਣੇ ਲੋਕਾਂ ਦੀ ਅੱਖ ਦਾ ਨਜ਼ਰੀਆ ਹੀ ਉਸ ਕੈਮਰੇ ਵਾਂਗ ਕੰਮ ਕਰ ਸਕਦਾ ਹੈ ਜਿਹਨੂੰ ਪਤਾ ਹੁੰਦਾ ਹੈ ਕਿ ਫੋਟੋ ਕਿਸ ਅਦਾ ਵਿਚ ਖਿੱਚਣੀ ਹੈ। ਕਿਉਂਕਿ ਬਿਨਾਂ ਘੜੀ ਵਾਲਾ ਮੋਰ ਰੋਜ਼ ਦਸ ਵਜੇ ਕਿਵੇਂ ਆਉਂਦਾ ਸੀ? ਉਹਨੂੰ ਅਹਿਸਾਸ ਸੀ ਕਿ ਅੱਜ ਮਾਲਕਣ ਘਰ ਨਹੀਂ ਹੈ ਤੇ ਜੇ ਮਾਲਕ ਕੱਬਾ ਹੋਇਆ ਤਾਂ ਪਤਾ ਨਹੀਂ ਕੀ ਵਰਤਾਓ ਹੋਵੇਗਾ? ਮੋਰ ਨੂੰ ਤਾਂ ਮੈਂ ਖਾਣ ਨੂੰ ਕੁਝ ਦੇ ਦਿੱਤਾ ਸੀ ਪਰ ਇਥੇ ਇਹ ਵੀ ਤਸਦੀਕ ਕਰ ਲਿਆ ਸੀ ਕਿ ਬੰਦਿਆਂ ਨੂੰ ਸਿਆਣੇ ਹੋਣ ਦਾ ਸਿਰਫ ਭਰਮ ਹੀ ਹੈ।

ਇਕ ਕੋਰੀਆਈ ਲੋਕ ਕਥਾ ਤੁਹਾਡੇ ਨਾਲ ਇਥੇ ਸਾਂਝੀ ਕਰਨ ਲੱਗਾ ਹਾਂ। ਨਜ਼ਰੀਆ ਕੀ ਹੈ? ਉਨ੍ਹਾਂ ਲੋਕਾਂ 'ਤੇ ਛੱਡਾਂਗਾ ਜਿਹੜੇ ਦਾਅਵਾ ਕਰਦੇ ਨੇ ਕਿ ਅਸੀਂ ਸਿਆਣਪ ਨਾਲ ਨੱਕੋ ਨੱਕ ਭਰੇ ਪਏ ਹਾਂ।

ਦੋ ਭਰਾ ਸਨ। ਛੋਟਾ ਰੱਜ ਕੇ ਮਿਹਨਤੀ ਪਰ ਭੋਲਾ ਭਾਲਾ। ਵੱਡਾ ਨਖੱਟੂ, ਸ਼ੈਤਾਨ ਤੇ ਵਿਹਲੜ। ਪਰ ਦੋਹਾਂ ਭਰਾਵਾਂ 'ਚ ਪਿਆਰ ਹੀ ਨਹੀਂ, ਸਤਿਕਾਰ ਵੀ ਬਣਿਆ ਹੋਇਆ ਸੀ। ਛੋਟਾ ਵੱਡੇ ਦੀ ਕੋਈ ਗੱਲ ਵੀ ਨਹੀਂ ਮੋੜਦਾ ਸੀ।

ਇਕ ਦਿਨ ਵੱਡੇ ਦੇ ਦਿਮਾਗ ਵਿਚ ਪਤਾ ਨਹੀਂ ਕੀ ਆਇਆ ਕਿ ਉਸ ਨੇ ਆਪਣੇ ਛੋਟੇ ਭਰਾ ਨਾਲ ਕੋਈ ਵਪਾਰ ਸਾਂਝਾ ਕਰਨ ਦੀ ਗੱਲ ਕੀਤੀ। ਉਸ ਸ਼ਰੀਫ ਨੇ ਤਾਂ ਸਿਰਫ ਹਾਂ ਵਿਚ ਹੀ ਸਿਰ ਹਿਲਾਉਣਾ ਹੁੰਦਾ ਸੀ। ਉਹ ਮੰਨ ਗਿਆ ਤੇ ਵਪਾਰ ਦਾ ਸਿਲਸਿਲਾ ਸ਼ੁਰੂ ਹੋ ਗਿਆ। ਛੋਟੇ ਭਰਾ ਦੇ ਦੋ ਬੇਟੇ ਸਨ ਤੇ ਵੱਡੇ ਦੇ ਕੋਈ ਔਲਾਦ ਨਹੀਂ ਸੀ। ਹਾਲੇ ਵਪਾਰ ਨੂੰ ਸਫਲਤਾ ਨਾਲ ਚੱਲਦਿਆਂ ਇਕ ਸਾਲ ਹੀ ਗੁਜ਼ਰਿਆ ਹੋਵੇਗਾ ਕਿ ਨਖੱਟੂ ਵੱਡੇ ਭਰਾ 'ਤੇ ਰੱਬ ਮਿਹਰਬਾਨ ਹੋ ਗਿਆ ਤੇ ਉਹਦੇ ਘਰ ਪੁੱਤਰ ਨੇ ਜਨਮ ਲਿਆ। ਵਿਰਾਸਤ ਨੂੰ ਸੰਭਾਲਣ ਵਾਲਾ ਪੈਦਾ ਹੋਣ ਕਰਕੇ ਵੱਡੇ ਸ਼ੈਤਾਨ ਦਾ ਦੁਨੀਆਂਦਾਰੀ ਪ੍ਰਤੀ ਮੋਹ ਹੋਰ ਵਧ ਗਿਆ।

ਫਿਰ ਕਈ ਸਾਲ ਸਫਲਤਾ ਨਾਲ ਕੰਮ ਧੰਦਾ ਤਾਂ ਚਲਦਾ ਰਿਹਾ ਪਰ ਇਸ ਕਾਰੋਬਾਰ ਨੂੰ ਵੇਖਦਾ ਬਹੁਤਾ ਕਰਕੇ ਵੱਡਾ ਹੀ ਸੀ। ਅਚਾਨਕ ਉਸ ਨੇ ਛੋਟੇ ਭਰਾ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਵਪਾਰ ਘਾਟੇ ਵਿਚ ਜਾਣ ਲੱਗ ਪਿਆ ਹੈ ਤੇ ਫਿਰ ਅਗਲੇ ਕਈ ਵਰ੍ਹੇ ਘਾਟਾ ਹੀ ਘਾਟਾ ਪੇਸ਼ ਕੀਤਾ ਜਾਂਦਾ ਰਿਹਾ। ਆਖਰ ਦੀਵਾਲਾ ਕੱਢ ਕੇ ਦੋਵੇਂ ਭਰਾ ਅੱਡ ਅੱਡ ਹੋ ਗਏ। ਪਰ ਦੇਵਤਿਆਂ ਵਰਗੇ ਛੋਟੇ ਭਰਾ ਦੇ ਮਨ ਵਿਚ ਨਾ ਕੋਈ ਰੰਜਿਸ਼, ਨਾ ਕੋਈ ਗਿਲਾ, ਨਾ ਸ਼ੱਕ, ਨਾ ਕੋਈ ਵਹਿਮ। ਭਰੋਸਾ ਪੂਰੇ ਦਾ ਪੂਰਾ ਸੀ। ਛੋਟਾ ਫਿਰ ਮਿਹਨਤ ਕਰਨ ਲੱਗ ਪਿਆ। ਹਾਲੇ ਕੁਝ ਮਹੀਨੇ ਹੀ ਗੁਜ਼ਰੇ ਸਨ ਕਿ ਵੱਡੇ ਭਰਾ ਦਾ ਇਕਲੌਤਾ ਪੁੱਤਰ ਬਿਮਾਰ ਹੋ ਗਿਆ। ਫਿਰ ਅਗਲੇ ਕੁਝ ਮਹੀਨਿਆਂ ਵਿਚ ਉਹ ਨਾਮੁਰਾਦ ਬਿਮਾਰੀ ਦੀ ਲਪੇਟ ਵਿਚ ਆ ਗਿਆ। ਡਾਕਟਰਾਂ ਨੇ ਉਸ ਨੂੰ ਬਲੱਡ ਕੈਂਸਰ ਦਾ ਪੀੜ੍ਹਤ ਘੋਸ਼ਿਤ ਕਰ ਦਿੱਤਾ। ਖੂਨ ਦੀ ਅਦਲਾ-ਬਦਲੀ ਵਿਚ ਇਸ ਬਿਮਾਰ ਪੁੱਤਰ ਦੇ ਚਾਚੇ ਅਤੇ ਚਾਚੇ ਦੇ ਦੋਵੇਂ ਪੁੱਤਰਾਂ ਨੇ ਇਥੋਂ ਤੱਕ ਕਿ ਚਾਚੀ ਨੇ ਵੀ ਕਈ ਵਾਰ ਖੂਨ ਇਸ ਲੜਕੇ ਨੂੰ ਬਚਾਉਣ ਲਈ ਦਾਨ ਕੀਤਾ। ਕੁਝ ਸਾਲਾਂ ਤੱਕ ਜ਼ਿੰਦਗੀ ਨੂੰ ਖਿੱਚਣ ਦਾ ਯਤਨ ਹੁੰਦਾ ਰਿਹਾ। ਪਰ ਅਖੀਰ ਕੈਂਸਰ ਨੇ ਜ਼ਿੰਦਗੀ ਢਾਹ ਲਈ। ਵੱਡੇ ਭਰਾ ਦਾ ਵਾਰਿਸ ਅੱਖਾਂ ਮੀਚ ਗਿਆ। ਕੁਝ ਦਿਨਾਂ ਦੇ ਸੋਗ ਤੋਂ ਬਾਅਦ ਇਕ ਦਿਨ ਵੱਡਾ ਭਰਾ ਆਪਣੇ ਕਮਰੇ ਵਿਚ ਬੈਠਾ ਆਪਣੇ ਪੁੱਤਰ ਦੀ ਬਿਮਾਰੀ ਦੇ ਖਰਚ ਦਾ ਹਿਸਾਬ ਲਾ ਰਿਹਾ ਸੀ। ਡਾਕਟਰਾਂ ਦੀਆਂ ਫੀਸਾਂ ਅਤੇ ਦਵਾਈਆਂ ਦੇ ਖਰਚੇ ਦਾ ਜੋੜ ਕਰਕੇ ਜੋ ਰਕਮ ਉਹਦੀਆਂ ਅੱਖਾਂ ਸਾਹਮਣੇ ਬਣੀ, ਉਸ ਨੇ ਉਸ ਦੀਆਂ ਧਾਹਾਂ ਕੱਢ ਦਿੱਤੀਆਂ। ਇਸ ਕਰਕੇ ਨਹੀਂ ਕਿ ਇਹ ਰਕਮ ਬਹੁਤ ਵੱਡੀ ਸੀ, ਇਸ ਕਰਕੇ ਵੀ ਨਹੀਂ ਕਿ ਉਸ ਦਾ ਇਕਲੌਤਾ ਪੁੱਤਰ ਨਹੀਂ ਬਚ ਸਕਿਆ, ਇਸ ਕਰਕੇ ਕਿ ਇਹ ਉਨੀ ਹੀ ਰਕਮ ਸੀ ਜਿੰਨੀ ਉਸ ਨੇ ਆਪਣੇ ਭਰਾ ਨਾਲ ਵਪਾਰ ਵਿਚ ਹੇਰਾ-ਫੇਰੀ ਕਰਕੇ ਕਮਾਈ ਸੀ। ਇਸ ਦਾ ਅਸਲ ਵਿਚ ਜੋੜ ਗਿਆਰਾਂ ਹਜ਼ਾਰ ਨੌ ਸੌ ਛਿਆਲੀ ਵਾਨ (ਕੋਰੀਆਈ ਕਰੰਸੀ) ਸੀ।

ਵੱਡਾ ਭਰਾ ਧਾਹਾਂ ਮਾਰਦਾ ਘਰੋਂ ਭੱਜਿਆ, ਛੋਟੇ ਭਰਾ ਦੇ ਘਰ ਮੂਹਰੇ ਮੂੰਹ ਭਰ ਡਿੱਗਿਆ। ਜ਼ਖਮੀ ਹੋਇਆ ਫਿਰ ਉਠਿਆ ਤੇ ਭਰਾ ਦੇ ਗਲ ਲੱਗ ਕੇ ਭੁੱਬੀਂ ਰੋ ਪਿਆ। ਨੱਕ ਵਿਚੋਂ ਵਗਦਾ ਖੂਨ ਜਦੋਂ ਛੋਟੇ ਭਰਾ ਦੀ ਚਿੱਟੀ ਕਮੀਜ਼ 'ਤੇ ਡਿੱਗਿਆ ਤਾਂ ਉਹਨੇ ਪੁੱਛਿਆ, 'ਉਏ ਭਰਾਵਾ ਇਹ ਕੀ?' ਤਾਂ ਵੱਡੇ ਦਾ ਉਤਰ ਸੀ, 'ਇਹ ਉਹ ਖੂਨ ਹੈ ਜਿਹੜਾ ਮੈਂ ਤੇਰਾ ਪੀਤਾ ਸੀ ਤੇ ਇਹਦਾ ਮੁੱਲ ਚੁਕਾਉਣ ਲਈ ਮੈਨੂੰ ਆਪਣੇ ਪੁੱਤਰ ਨੂੰ ਸਦਾ ਲਈ ਗੁਆਉਣਾ ਪਿਆ ਹੈ। ਮੈਂ ਪਾਪੀ ਹਾਂ, ਜ਼ਾਲਮ ਹਾਂ, ਕਾਇਰ ਹਾਂ ਤੇ ਮੈਂ ਤੈਨੂੰ ਵੱਡਾ ਭਰਾ ਬਣ ਕੇ ਕਦੇ ਵੀ ਜ਼ਿੰਦਗੀ ਵਿਚ ਸ਼ਕਲ ਨਹੀਂ ਵਿਖਾਵਾਂਗਾ।'

ਉਹ ਸਚਮੁੱਚ ਹੀ ਫਿਰ ਕਦੇ ਪਿੰਡ ਨਾ ਪਰਤਿਆ ਤੇ ਜਦੋਂ ਪਰਤਿਆ, ਉਦੋਂ ਉਹ ਇਕ ਦਰੇਵਸ਼ ਸੀ, ਫਕੀਰ ਸੀ ਅਤੇ ਦੇਵਤਾ ਸੀ ਤੇ ਕੋਰੀਆਈ ਲੋਕ ਇਸ ਨੂੰ ਅੱਜ ਵੀ ਰੱਬ ਮੰਨ ਕੇ ਹੀ ਪੂਜਦੇ ਹਨ।

ਹਾਲਾਤ ਦੁਨੀਆਂ ਦੇ ਇਸ ਵਕਤ ਇਹ ਨੇ ਕਿ ਲਾਲਚੀ, ਲੋਭੀ, ਮਤਲਬੀ ਅਤੇ ਇਨਸਾਨੀਅਤ ਤੋਂ ਡਿੱਗਿਆ ਮਨੁੱਖ ਸ਼ਾਇਦ ਇਹ ਵੀ ਨਾ ਸੋਚ ਸਕੇ ਕਿ ਕਿਥੋਂ, ਕਦੋਂ ਤੇ ਕੀ ਕੁਝ ਸਿੱਖ ਲੈਣਾ ਚਾਹੀਦਾ ਹੈ।

ਮਜਨੂੰ ਨੂੰ ਤਾਂ ਕਾਲੀ ਲੈਲਾ ਵੀ ਸੁਨੱਖੀ ਲੱਗਦੀ ਸੀ ਪਰ ਦੁੱਖ ਇਸ ਗੱਲ ਦਾ ਹੈ ਕਿ ਵਕਤ ਦੀਆਂ ਸੂਈਆਂ ਇੰਨਾ ਪੁੱਠਾ ਗੇੜ ਦੇ ਰਹੀਆਂ ਹਨ ਕਿ ਸੋਹਣੀ ਪ੍ਰੇਮਿਕਾ ਵੀ ਹੁਣ ਪ੍ਰੇਮੀ ਨੂੰ ਸੋਹਣੀ ਲੱਗਣੋਂ ਹਟ ਗਈ ਹੈ।

ਜਿੰਦਾਂ ਦੇ ਹਾਲਾਤ ਵਿਚ ਅਸੀਂ ਸਾਹ ਲੈ ਰਹੇ ਹਾਂ, ਤੁਸੀਂ ਚੰਗਾ ਬੋਲ ਕੇ ਦੇਖੋ ਤੁਹਾਨੂੰ ਮਾੜਾ ਹੀ ਸੁਣਨਾ ਪਵੇਗਾ। ਇਹ ਤਾਂ ਮੈਂ ਨਹੀਂ ਕਹਿੰਦਾ ਕਿ ਖਰਬੂਜਿਆਂ ਦੀ ਵੇਲ ਨੂੰ ਕਰੇਲੇ ਲੱਗਣ ਦੀ ਸੰਭਾਵਨਾ ਬਣ ਗਈ ਹੈ ਪਰ ਇਹ ਜ਼ਰੂਰ ਕਹਾਂਗਾ ਕਿ ਖਰਬੂਜੇ ਸ਼ਾਇਦ ਮਿੱਠੇ ਨਾ ਲੱਗਣ। ਦੁਨੀਆਂ ਦੇ ਬਹੁਤੇ ਲੋਕਾਂ ਨੂੰ ਵਹਿਮ ਹੈ ਕਿ ਸ਼ਾਇਦ ਹੱਥਾਂ ਦੀਆਂ ਰੇਖਾਵਾਂ ਕਿਸਮਤ ਦੀ ਵਿਆਖਿਆ ਕਰਦੀਆਂ ਹਨ। ਪਰ ਆਹ ਕਹਾਣੀ ਵੇਖਿਓ ਤੇ ਸਿੱਟਾ ਆਪਾਂ ਬਾਅਦ ਵਿਚ ਕੱਢਦੇ ਹਾਂ।

ਲੁਫਥਾਂਸਾ ਏਅਰਲਾਈਨ ਦੀ ਫਲਾਈਟ ਵਿਚ ਫਰੈਂਕਫਰਟ ਤੋਂ ਦਿੱਲੀ ਆ ਰਿਹਾ ਸਾਂ। ਗੱਲ ਕੋਈ ਢਾਈ ਦਹਾਕੇ ਪੁਰਾਣੀ ਹੋਵੇਗੀ। ਇਕ ਬੌਣਾ ਮਨੁੱਖ ਆਪਣੇ ਤੋਂ ਡਿਓਢੇ ਕੱਦ ਵਾਲੀ ਖੂਬਸੂਰਤ ਪਤਨੀ ਨਾਲ ਇਸੇ ਜਹਾਜ਼ ਵਿਚ ਸਫਰ ਕਰ ਰਿਹਾ ਸੀ। ਇਸ ਮਨੁੱਖ ਦਾ ਕੱਦ ਤਾਂ ਛੋਟਾ ਹੈ ਹੀ ਸੀ ਪਰ ਬਾਹਾਂ ਕੱਦ ਮੁਤਾਬਿਕ ਹੋਰ ਵੀ ਛੋਟੀਆਂ ਸਨ। ਕਮਾਲ ਇਹ ਸੀ ਕਿ ਹੱਥ ਇਓਂ ਜਿਵੇਂ ਛੋਟੇ ਬੱਚੇ ਨੇ ਮੁੱਠੀ ਘੁੱਟੀ ਹੋਵੇ। ਗੱਲਾਂ ਤੋਂ ਪਤਾ ਲੱਗ ਰਿਹਾ ਸੀ ਕਿ ਉਹ ਦੋਵੇਂ ਮੀਆਂ-ਬੀਵੀ ਹਨ। ਉਹ ਹੱਸ ਹੱਸ ਗੱਲਾਂ ਕਰਦੇ ਇੰਨੇ ਖੁਸ਼ ਸਨ ਕਿ ਮੈਂ ਇਸ ਸੋਚ ਤੋਂ ਬਾਹਰ ਨਿਕਲ ਗਿਆ ਕਿ ਇਕ ਖੂਬਸੂਰਤ ਪਤਨੀ ਨੂੰ ਝੋਰਾ ਹੀ ਨਹੀਂ ਸੀ ਕਿ ਉਹ ਲੜ ਮਧਰੇ ਦੇ ਲਾ ਦਿੱਤੀ ਗਈ ਹੈ। ਦੋ ਕੁ ਘੰਟੇ ਤੱਕ ਉਹ ਆਪਸ ਵਿਚ ਗੱਲਾਂ 'ਡੱਚ' (ਜਰਮਨ ਭਾਸ਼ਾ) ਵਿਚ ਹੀ ਕਰਦੇ ਰਹੇ। ਅਚਾਨਕ ਉਹ ਮਨੁੱਖ ਮੇਰੇ ਵੱਲ ਮੂੰਹ ਕਰਕੇ ਕਹਿਣ ਲੱਗਾ, 'ਪੰਜਾਬੀ ਹੋ?' ਮੈਂ ਹੈਰਾਨ ਰਹਿ ਗਿਆ, ਇਕ ਵੀ ਸ਼ਬਦ ਡੱਚ ਤੋਂ ਬਾਹਰ ਨਾ ਜਾ ਕੇ ਬੋਲਣ ਵਾਲਾ ਇਕਦਮ ਪੰਜਾਬੀ ਕਿਵੇਂ ਬੋਲਣ ਲੱਗ ਪਿਆ? ਮੈਂ ਉਸ ਨੂੰ ਕਿਹਾ, 'ਹਾਂ, ਮੈਂ ਪੰਜਾਬੀ ਹਾਂ ਤੇ ਨਵਾਂ ਸ਼ਹਿਰ ਜ਼ਿਲ੍ਹੇ ਨਾਲ ਸਬੰਧ ਰੱਖਦਾ ਹਾਂ।' ਜਿਵੇਂ ਮਧਰੇ ਕੱਦ ਦਾ ਹਾਸਾ ਦੂਣਾ ਹੋ ਗਿਆ ਹੋਵੇ। ਉਹ ਕਹਿਣ ਲੱਗਾ, 'ਤੂੰ ਦੁਆਬੀਆ ਤੇ ਮੈਂ ਮਝੈਲ, ਮੇਰਾ ਪਿੰਡ ਰਈਏ ਕੋਲ ਹੈ।' ਫਿਰ ਅਸੀਂ ਤਿੰਨਾਂ ਵਾਲੀ ਸੀਟ 'ਤੇ ਇਕ ਪਰਿਵਾਰ ਵਾਂਗ ਵਿਚਰਨ ਲੱਗ ਪਏ। ਇਸ ਕਰਕੇ ਵੀ ਕਿ ਜਦੋਂ ਉਸ ਨੇ ਮੇਰੇ ਇਹ ਕਹਿ ਕੇ ਗਲ ਬਾਹਾਂ ਪਾ ਲਈਆਂ ਕਿ ਮੈਂ ਤੈਨੂੰ ਅਜੀਤ ਅਖਬਾਰ ਵਿਚ ਪੜ੍ਹਦਾ ਹੁੰਦਾ ਹਾਂ।

ਮੁਹੱਬਤ ਦੀ ਵਿਆਖਿਆ ਇਸ ਹੱਦ ਤੱਕ ਚਲੀ ਗਈ ਕਿ ਇਕ ਹਫਤੇ ਬਾਅਦ ਮੈਂ ਉਹਨੂੰ ਰਈਏ ਬੱਸ ਅੱਡੇ ਮਿਲਿਆ ਤੇ ਅਸੀਂ ਅੰਮ੍ਰਿਤਸਰ ਤੱਕ ਸਫਰ ਤੈਅ ਕਰਨਾ ਸੀ। ਉਸ ਦੀ ਧਰਮ ਪਤਨੀ ਵੀ ਨਾਲ ਸੀ। ਨਾਮ ਕੌਸ਼ੱਲਿਆ ਸੀ ਪਰ ਉਹ ਲਾਡ ਵਿਚ ਸਿਰਫ ਸ਼ੱਲਿਆ ਕਹਿ ਰਿਹਾ ਸੀ। ਰਈਏ ਤੋਂ ਅੰਮ੍ਰਿਤਸਰ ਦੇ ਸਫਰ ਦੌਰਾਨ ਜਿਹੜੀ ਖਾਸ ਗੱਲ ਨਿਕਲ ਕੇ ਸਾਹਮਣੇ ਆਈ ਉਹ ਇਹ ਸੀ ਕਿ ਉਸ ਨੂੰ ਇਸੇ ਨਗਰੀ 'ਚੋਂ ਜਰਮਨੀ ਤੋਂ ਆਇਆ ਇਕ ਜੋੜਾ ਪੁੱਤਰ ਬਣਾ ਕੇ ਲੈ ਗਿਆ ਸੀ। ਫਿਰ ਦੋ ਸਾਲ ਬਾਅਦ ਆ ਕੇ ਉਹਦਾ ਕੌਸ਼ੱਲਿਆ ਨਾਲ ਵਿਆਹ ਕੀਤਾ। ਉਸ ਜੋੜੇ ਦੀ ਅਰਬਾਂ-ਖਰਬਾਂ ਦੀ ਜਾਇਦਾਦ ਦਾ ਮਾਲਕ ਇਹ ਦੋਨਾ ਸਿੰਘ ਬਣ ਗਿਆ। ਪਿਛਲੇ ਇਕ ਦਹਾਕੇ ਤੋਂ ਉਹ ਦੋ ਵੱਡੀਆਂ ਕੰਪਨੀਆਂ ਨੂੰ ਸੰਭਾਲਦਾ ਆ ਰਿਹਾ ਸੀ। ਢਾਈ ਸੌ ਤੋਂ ਵੱਧ ਮੁਲਾਜ਼ਮ ਉਸ ਕੋਲ ਕੰਮ ਕਰਦੇ ਸਨ। ਉਹ ਬਜ਼ੁਰਗ ਜਰਮਨ ਜੋੜਾ ਕਾਰੋਬਾਰ ਤੇ ਸਿਰਫ ਨਜ਼ਰਾਂ ਹੀ ਰੱਖ ਰਿਹਾ ਸੀ।

ਕਮਾਲ ਇਹ ਸੀ ਕਿ ਉਨ੍ਹਾਂ ਦਾ ਗੁਰੂ ਕੀ ਨਗਰੀ ਜਾਣਾ ਪਿੰਗਲਵਾੜੇ ਨਾਲ ਜੁੜਿਆ ਹੋਇਆ ਸੀ। ਜਦੋਂ ਅਸੀਂ ਪਿੰਗਲਵਾੜੇ ਗਏ, ਦੋਨਾ ਸਿੰਘ ਨੇ ਆਪਣੀ ਪਤਨੀ ਦੇ ਪਰਸ ਵਿਚੋਂ ਕੱਢੇ ਪੈਸੇ ਬੜੇ ਜ਼ੋਰ ਨਾਲ ਦੋਵੇਂ ਬਾਹਾਂ ਨਾਲ ਫੜੇ, ਅੱਖਾਂ ਮੀਚ ਕੇ ਮੂੰਹ ਉਪਰ ਨੂੰ ਕੀਤਾ ਤੇ ਦਾਨ ਲਈ ਭੇਟਾ ਕਰ ਦਿੱਤੇ। ਉਹ ਖੁਸ਼ ਹੋ ਕੇ ਬੋਲਿਆ, 'ਕੌਣ ਕਹਿੰਦਾ ਹੈ ਕਿ ਰੱਬ ਦੇ ਕਦੇ ਦਰਸ਼ਨ ਨਹੀਂ ਹੁੰਦੇ, ਕੌਣ ਸੋਚਦਾ ਹੈ ਕਿ ਵਾਹਿਗੁਰੂ ਕਿਸੇ ਨੂੰ ਦਿਖਾਈ ਨਹੀਂ ਦਿੰਦਾ, ਤੁਹਾਡੀ ਅੱਖ ਹੀ ਵੇਖਣ ਵਾਲੀ ਨਹੀਂ।

ਵਾਪਿਸ ਮੁੜੇ ਤਾਂ ਉਹ ਦੱਸਣ ਲੱਗਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਬਿਲਾਨਾਗਾ ਇਥੇ ਆਉਂਦਾ ਹੈ ਅਤੇ ਮਿਹਨਤ ਦੀ ਕਮਾਈ ਵਿਚੋਂ ਕੁਝ ਨਾ ਕੁਝ ਉਨ੍ਹਾਂ ਨੂੰ ਦੇ ਕੇ ਜਾਂਦਾ ਹੈ ਜਿਨ੍ਹਾਂ ਨੂੰ ਰੱਬ ਨੇ ਜੂਨ ਤਾਂ ਦਿੱਤੀ ਹੈ ਪਰ ਮੁਕੱਦਰ ਨਹੀਂ ਦਿੱਤੇ।

ਫਿਰ ਉਹ ਮੈਨੂੰ ਧੱਕੇ ਨਾਲ ਰਈਏ ਨੇੜਲੇ ਆਪਣੇ ਪਿੰਡ ਲੈ ਗਿਆ। ਖੁੱਲ੍ਹੇ ਘਰ ਵਿਚ ਬਹੁਤ ਸਾਰੇ ਲੋਕਾਂ ਦਾ ਇਕੱਠ ਸੀ। ਮੈਂ ਬੜੀ ਸੂਖਮ ਨਜ਼ਰ ਨਾਲ ਹਰ ਬੰਦੇ ਵੱਲ ਤੱਕਿਆ। ਇਨ੍ਹਾਂ ਵਿਚੋਂ ਕੋਈ ਵੀ ਐਸਾ ਨਹੀਂ ਸੀ ਜਿਹਦੇ ਹੱਥ ਜਾਂ ਪੈਰ ਨਾ ਹੋਣ। ਇਨ੍ਹਾਂ ਵਿਚੋਂ ਕੋਈ ਦੋਨਾ ਸਿੰਘ ਤੋਂ ਆਪਣੀ ਧੀ ਦੇ ਵਿਆਹ ਲਈ ਕੁਝ ਮੰਗਣ ਆਇਆ ਸੀ, ਕੋਈ ਆਪਣੇ ਬਾਪ ਦੇ ਇਲਾਜ ਲਈ, ਕੋਈ ਮਕਾਨ ਦੀ ਛੱਤ ਲਈ; ਕੁਝ ਸਕੂਲਾਂ ਵਾਲੇ ਬੱਚਿਆਂ ਦੀ ਮਦਦ ਲਈ ਤੇ ਕੁਝ ਡੇਰਿਆਂ ਤੇ ਆਸ਼ਰਮਾਂ ਵਾਲੇ ਵੀ ਸਨ। ਮੇਰੀਆਂ ਅੱਖਾਂ ਨੂੰ ਨਾ ਵੀ ਦਿਸਦਾ ਹੋਵੇ ਪਰ ਅੱਖਾਂ ਵਿਚੋਂ ਡਿਗਦੇ ਪ੍ਰੇਮ ਦੇ ਅੱਥਰੂ ਇਹ ਜ਼ਰੂਰ ਦੱਸ ਰਹੇ ਹਨ ਕਿ ਮਹਾਨ ਬਣਨ ਲਈ ਲੰਬੇ ਕੱਦਾਂ ਦੀ ਜ਼ਰੂਰਤ ਨਹੀਂ ਹੁੰਦੀ। ਜਦੋਂ ਉਹ ਆਪਣੀ ਪਤਨੀ ਦੇ ਪਰਸ ਵਿਚੋਂ ਕੱਢੇ ਨੋਟ ਆਪਣੀਆਂ ਅਧੂਰੀਆਂ ਬਾਹਾਂ ਨਾਲ ਆਸ ਲੈ ਕੇ ਆਏ ਲੋੜਵੰਦਾਂ ਨੂੰ ਵੰਡ ਰਿਹਾ ਸੀ ਤਾਂ ਮੈਨੂੰ ਲੱਗਦਾ ਸੀ ਕਿ ਸ਼ਾਇਦ ਅੱਖ ਵੇਖਣ ਵਾਲੀ ਬੰਦੇ ਕੋਲ ਹੁੰਦੀ ਹੀ ਨਹੀਂ, ਕਿਉਂਕਿ ਹੱਥਾਂ ਵਾਲਿਆਂ ਨੂੰ ਬਿਨਾਂ ਹੱਥਾਂ ਵਾਲਾ ਸਭ ਕੁਝ ਦਈ ਹੀ ਨਹੀਂ ਜਾਂਦਾ ਸੀ ਸਗੋਂ ਲੁਟਾਈ ਵੀ ਜਾਂਦਾ ਸੀ।

ਮੈਨੂੰ ਲੱਗਦਾ ਸੀ ਕਿ ਕਿਸੇ ਨੂੰ ਕਿਸੇ ਦੀਆਂ ਅੱਖਾਂ ਨਾਲ ਦਿਸੇ ਜਾਂ ਨਾ ਦਿਸੇ, ਕਿਸੇ ਦੀਆਂ ਆਪਣੀਆਂ ਅੱਖਾਂ ਨਾਲ ਨਜ਼ਰੀਆ ਬਣੇ ਜਾਂ ਨਾ ਬਣੇ ਪਰ ਇਸ ਗੱਲ 'ਤੇ ਯਕੀਨ ਕਰਨਾ ਪਵੇਗਾ ਕਿ ਦੋਨਾ ਸਿੰਘ ਵਰਗੇ ਲੋਕ ਇਸ ਧਰਤੀ 'ਤੇ ਤਾਂ ਆਉਂਦੇ ਨੇ ਕਿਉਂਕਿ ਜੇ ਕੋਈ ਰੱਬ ਹੋਇਆ ਤਾਂ ਉਹ ਆਪ ਕਿਹੜਾ ਇਸ ਧਰਤੀ 'ਤੇ ਹਰ ਥਾਂ ਹਾਜ਼ਰ ਹੋ ਸਕਦਾ ਹੈ?

ਮਨ ਵਿਚ ਇਹ ਧਾਰ ਲਓ ਕਿ ਮਾਂਵਾਂ ਨੇ ਤਾਂ ਮਰ ਹੀ ਜਾਣਾ ਹੁੰਦਾ ਹੈ ਪਰ ਥੋਡੀ ਜ਼ਮੀਰ ਜਿਉਂਦੀ ਰਹਿਣੀ ਚਾਹੀਦੀ ਹੈ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਅੱਜ ਕੱਲ ਰੱਬ

ਉਹ ਨਹੀਂ ਮਿਲਣਾ ਜੋ ਭਾਲਦੈਂ ਨਾ ਹੋਣਾ ਕੋਈ ਹੱਲ ਵੇ ਬੀਬਾ,
ਅੱਜ ਕੱਲ ਇਥੇ ਰੱਬ ਨਹੀਂ ਰਹਿੰਦਾ, ਨਾ ਖੜਕਾਵੀਂ ਟੱਲ ਵੇ ਬੀਬਾ।

ਮੁੱਲਾਂ ਅਤੇ ਬ੍ਰਾਹਮਣ, ਭਾਈ ਬਣੇ ਵਪਾਰੀ ਫਿਰਦੇ ਨੇ,
ਰੱਬ ਦੇ ਨਾਂ ਨੂੰ ਥਾਂ ਥਾਂ ਵੇਚਣ ਸਾਰੇ ਬੜੇ ਹੀ ਚਿਰ ਦੇ ਨੇ।
ਜਿਹਤੋਂ ਲੱਥਦੀ ਲਾਹੀ ਜਾਂਦਾ, ਜਿਥੇ ਲਹਿੰਦੀ ਖੱਲ੍ਹ ਵੇ ਬੀਬਾ।


ਨਾ ਬੰਦਿਆਂ ਵਿਚ ਰਹਿੰਦਾ ਏ ਓਹ, ਬੰਦੇ ਕਿਹੜਾ ਬੰਦੇ ਨੇ?
ਤਪਿਆ ਬਹੁਤਾ ਤਾਂ ਪਿਆ ਏ ਲੀਡਰ ਹੋ ਗਏ ਗੰਦੇ ਨੇ।
ਸਭ ਕੁਝ ਖਿੱਚੀ ਜਾਂਦੇ ਜਿਹੜੇ ਆਪਣੇ ਟੱਬਰ ਵੱਲ ਵੇ ਬੀਬਾ।

ਘੜਾ ਪਾਪ ਦਾ ਟੁੱਟਣ ਵਾਲਾ, ਫਿਰ ਰੱਬ ਮੁੜ ਕੇ ਆ ਸਕਦਾ,
ਅੱਕੇ ਪਏ ਨੂੰ ਹੁਣ ਨਾ ਛੇੜੋ, ਸਭ ਕੁਝ ਕਰ ਫਨਾਹ ਸਕਦਾ।
ਨਹੀਂ ਉਹਦੇ ਤੋਂ ਝੱਲੇ ਜਾਂਦੇ, ਥਾਂ ਥਾਂ ਹੁੰਦੇ ਛੱਲ ਵੇ ਬੀਬਾ।

ਬਹੁਤ ਪੈ ਗਿਆ ਪਾੜਾ ਹੁਣ ਤਾਂ ਉਹਦੇ ਅਤੇ ਤੇਰੇ ਵਿਚ,
ਤਾਂ ਲੁੱਚਾ ਕੋਈ ਸੌਦਾ ਵੇਚੇ ਬਹਿ ਕੇ ਕਿਧਰੇ ਡੇਰੇ ਵਿਚ।
ਜੇ ਆਉਣ 'ਤੇ ਆ ਗਿਆ ਭੌਰੇ, ਪਾ ਦਊ ਪੱਕੀ ਠੱਲ੍ਹ ਵੇ ਬੀਬਾ।
ਅੱਜ ਕੱਲ ਇਥੇ ਰੱਬ ਨਹੀਂ ਰਹਿੰਦਾ, ਨਾ ਖੜਕਾਵੀਂ ਟੱਲ ਵੇ ਬੀਬਾ।

ਵਿਚਾਰ-ਚਰਚਾ

# ਥੋਮ ਨ ਵਾਸੁ ਕਥੂਰੀ ਆਵੈ



ਡਾ. ਗੁਰਨਾਮ ਕੌਰ, ਕੈਨੇਡਾ

ਭਾਈ ਗੁਰਦਾਸ ਦੀ ਛੇਵੀਂ ਵਾਰ ਦੀ 20ਵੀਂ ਪਉੜੀ ਦੀ ਇਹ ਅਖੀਰਲੀ ਪੰਕਤੀ ਹੈ। ਭਾਈ ਸਾਹਿਬ ਹਰ ਇੱਕ ਪਉੜੀ ਦੀ ਅਖੀਰਲੀ ਪੰਕਤੀ ਵਿਚ ਗੁਰਮਤਿ ਅਨੁਸਾਰ ਇੱਕ ਤਰ੍ਹਾਂ ਨਾਲ ਨਤੀਜਾ ਦੱਸਦੇ ਹਨ। ਭਾਈ ਗੁਰਦਾਸ ਇਸ ਵਾਰ ਵਿਚ ਸਾਧ ਸੰਗਤਿ, ਗੁਰਸਿੱਖ, ਗੁਰਮੁਖਿ ਦੀ ਰਹਿਣੀ, ਗ੍ਰਿਹਸਥ ਵਿਚ ਰਹਿੰਦਿਆਂ ਜੀਵਨ-ਮੁਕਤਿ ਆਦਿ ਸਿੱਖ ਧਰਮ ਚਿੰਤਨ ਦੇ ਸੰਕਲਪਾਂ ਦੀ ਵਿਆਖਿਆ ਕਰਦੇ ਹਨ। ਗੁਰਮਤਿ ਚਿੰਤਨ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਮੰਨੀਆਂ ਹਨ- ਗੁਰਮੁਖਿ ਅਤੇ ਮਨਮੁਖ। ਮਨੁੱਖ ਦੀ ਹੋਰ ਕਿਸੇ ਵੀ ਤਰ੍ਹਾਂ ਦੀ ਵੰਡ ਪ੍ਰਵਾਨ ਨਹੀਂ ਕੀਤੀ। ਗੁਰਮੁਖਿ ਉਹ ਹੈ ਜੋ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਾ ਹੈ ਜਿਸ ਨੇ ਆਪਣੇ ਮਨ ਦੀਆਂ ਬਿਰਤੀਆਂ, ਜਿਨ੍ਹਾਂ ਦੀ ਪਛਾਣ ਗੁਰਮਤਿ ਦਰਸ਼ਨ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਕੀਤੀ ਹੋਈ ਹੈ, ਨੂੰ ਕਾਬੂ ਵਿਚ ਰੱਖਦਾ ਹੈ।

ਗੁਰਮੁਖਿ ਦੇ ਬਿਲਕੁਲ ਉਲਟ ਮਨਮੁਖ ਹੈ ਜਿਸ ਦਾ ਸਾਰਾ ਚਲਨ ਆਪਣੇ ਮਨ ਦੀਆਂ ਬਿਰਤੀਆਂ ਅਨੁਸਾਰ ਹੁੰਦਾ ਹੈ ਅਰਥਾਤ ਉਹ ਆਪਣੇ ਸਾਰੇ ਕੰਮ- ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਵੱਸ ਹੋ ਕੇ ਕਰਦਾ ਹੈ। ਭਾਈ ਗੁਰਦਾਸ ਆਪਣਾ ਵਿਚਾਰ ਸਮਝਾਉਣ ਲਈ ਕਿ ਮਨਮੁਖ ਦੀ ਗਤੀ ਕਿਹੋ ਜਿਹੀ ਹੁੰਦੀ ਹੈ, ਆਮ ਜੀਵਨ ਵਿਚੋਂ ਦ੍ਰਿਸ਼ਟਾਂਤ ਦਿੰਦੇ ਹਨ। ਪੁਰਾਣੇ ਸਮਿਆਂ ਵਿਚ ਛੱਪੜ ਜਾਂ ਛੋਟੇ ਨਾਲੇ ਆਦਿ ਵਿਚੋਂ ਪਾਣੀ ਕੱਢਣ ਲਈ ਢੀਂਗਲੀ ਦੀ ਵਰਤੋਂ ਕੀਤੀ ਜਾਂਦੀ ਸੀ (ਜੋ ਡੰਡੇ ਦੇ ਇੱਕ ਪਾਸੇ ਬਾਲਟੀ ਬੰਨ੍ਹ ਕੇ ਤੇ ਵਿਚਾਲੇ ਕਿੱਲੀ ਲਾ ਕੇ ਬਣਾਈ ਹੁੰਦੀ ਸੀ)।

ਭਾਈ ਸਾਹਿਬ ਕਹਿੰਦੇ ਹਨ ਕਿ ਢੀਂਗਲੀ ਨਾਲ ਪਾਣੀ ਕੱਢਣ ਲਈ ਉਸ ਨੂੰ ਇਸ ਦੇ ਗਲੇ ਤੋਂ ਫੜ ਕੇ ਨੀਵੀਂ ਕਰਨਾ ਪੈਂਦਾ ਹੈ। ਉਲੂ ਸੂਰਜ ਨੂੰ ਦੇਖ ਕੇ ਖੁਸ਼ ਨਹੀਂ ਹੁੰਦਾ ਅਤੇ ਚੱਕਵੀ ਚੰਦ੍ਰਮਾ ਨੂੰ ਦੇਖ ਕੇ ਖੁਸ਼ ਨਹੀਂ ਹੁੰਦੀ। ਸਿੰਮਲ ਦਾ ਰੁੱਖ ਉਚਾ-ਲੰਬਾ ਹੁੰਦਾ ਹੈ ਪਰ ਕੋਈ ਫੱਲ ਨਹੀਂ ਦਿੰਦਾ (ਗੁਰੂ ਨਾਨਕ ਸਾਹਿਬ ਨੇ ਵੀ ਕਿਹਾ ਹੈ ਕਿ ਇਸ ਲੰਬੇ-ਚੌੜੇ ਰੁੱਖ 'ਤੇ ਜੇ ਪੰਛੀ ਕੁਝ ਖਾਣ ਦੀ ਆਸ ਨਾਲ ਆਉਣ ਤਾਂ ਉਨ੍ਹਾਂ ਨੂੰ ਨਿਰਾਸ਼ ਹੋ ਕੇ ਮੁੜਨਾ ਪੈਂਦਾ ਹੈ) ਅਤੇ ਚੰਦਨ ਦਰੱਖਤ ਕੋਲ ਉਗਿਆ ਹੋਣ 'ਤੇ ਵੀ ਬਾਂਸ ਵਿਚ ਖੁਸ਼ਬੋ ਨਹੀਂ ਭਰਦੀ। ਸੱਪ ਨੂੰ ਦੁੱਧ ਪਿਆਉਣ 'ਤੇ ਵੀ ਉਸ ਦੇ ਅੰਦਰੋਂ ਜ਼ਹਿਰ ਨਹੀਂ ਜਾਂਦੀ ਅਤੇ ਨਾ ਹੀ ਤੁੰਮੇ ਦੀ ਕੁੜਿਤਣ ਮਰਦੀ ਹੈ। ਚਿੱਚੜੀ ਪਸ਼ੂ ਦੇ ਥਣ ਨੂੰ ਚੰਬੜੀ ਹੁੰਦੀ ਹੈ ਪਰ ਉਹ ਦੁੱਧ ਨਹੀਂ ਪੀਂਦੀ, ਪਸ਼ੂ ਦਾ ਲਹੂ ਹੀ ਪੀਂਦੀ ਹੈ। ਭਾਈ ਸਾਹਿਬ ਮਿਸਾਲਾਂ ਦੇ ਕੇ ਸਮਝਾਉਂਦੇ ਹਨ ਕਿ ਸਾਰੇ ਔਗੁਣ ਮੇਰੇ ਅੰਦਰ ਵੱਸਦੇ ਹਨ ਅਤੇ ਜੇ ਕੋਈ ਮੈਨੂੰ ਗੁਣ ਦੇਣਾ ਚਾਹੇ, ਮੈਂ ਉਸ ਨੂੰ ਵਾਪਸ ਕਰ ਦਿੰਦਾ ਹਾਂ ਅਰਥਾਤ ਮਨਮੁਖ ਦੀ ਬਿਰਤੀ ਇਸ ਤਰ੍ਹਾਂ ਦੀ ਹੁੰਦੀ ਹੈ। ਅਖੀਰਲੀ ਪੰਕਤੀ ਵਿਚ ਕਹਿੰਦੇ ਹਨ, ਲੱਸਣ ਵਿਚੋਂ ਕਸਤੂਰੀ ਦੀ ਖੁਸ਼ਬੋ ਨਹੀਂ ਆ ਸਕਦੀ।

ਇਹ ਲੇਖ ਲਿਖਣ ਦਾ ਮੇਰਾ ਕੋਈ ਇਰਾਦਾ ਨਹੀਂ ਸੀ ਪਰ ਸ਼ਿਵ ਸੈਨਾ ਅਤੇ ਹੋਰ ਹਿੰਦੂਤਵੀ ਅਨਸਰ ਜੋ ਕੁਝ ਮਹਾਰਾਸ਼ਟਰ ਅਤੇ ਬਾਕੀ ਸੂਬਿਆਂ ਵਿਚ ਕਰ ਰਹੇ ਹਨ, ਉਸ ਦੀ ਲਾਗ ਉਹ ਗੁਰੂ ਵਰੋਸਾਈ ਧਰਤੀ ਪੰਜਾਬ ਨੂੰ ਵੀ ਲਾਉਣੀ ਚਾਹੁੰਦੇ ਹਨ। ਅਖਬਾਰਾਂ ਵਿਚ ਖਬਰ ਛਪੀ ਹੈ ਕਿ ਸ਼ਿਵ ਸੈਨਾ ਦੀ ਪੰਜਾਬ ਇਕਾਈ ਨੇ ਲੰਘੇ ਬੁੱਧਵਾਰ ਇਹ ਐਲਾਨ ਕੀਤਾ ਹੈ ਕਿ ਜੋ ਵੀ ਕੋਈ ਫਿਲਮ ਅਦਾਕਾਰ ਆਮਿਰ ਖਾਨ ਨੂੰ ਉਸ ਦੇ 'ਅਸਹਿਣਸ਼ੀਲਤਾ' ਪ੍ਰਤੀ ਦਿੱਤੇ ਬਿਆਨ ਲਈ ਥੱਪੜ ਮਾਰੇਗਾ ਤਾਂ ਉਸ ਨੂੰ ਹਰ ਇੱਕ ਥੱਪੜ ਲਈ ਇੱਕ ਲੱਖ ਰੁਪਿਆ ਇਨਾਮ ਦਿੱਤਾ ਜਾਵੇਗਾ। ਆਮਿਰ ਖਾਨ ਆਪਣੀ ਕਿਸੇ ਫਿਲਮ ਦੀ ਸ਼ੂਟਿੰਗ ਸਬੰਧੀ ਲੁਧਿਆਣਾ ਵਿਚ ਐਮ ਬੀ ਡੀ ਰੈਡੀਸਨ ਬਲੂ ਵਿਚ ਠਹਿਰਿਆ ਹੋਇਆ ਸੀ ਤੇ ਸ਼ਿਵ ਸੈਨਾ ਦੇ ਕਾਰਕੁਨ ਇਥੇ ਉਸ ਦੇ ਖਿਲਾਫ ਵਿਖਾਵਾ ਕਰ ਰਹੇ ਸੀ। ਉਨ੍ਹਾਂ ਨੇ ਆਮਿਰ ਖਾਨ ਖਿਲਾਫ ਭੱਦੀ ਸ਼ਬਦਾਵਲੀ ਵੀ ਵਰਤੀ ਅਤੇ ਉਸ ਦੀਆਂ ਫੋਟੋਆਂ ਵੀ ਸਾੜੀਆਂ। ਸ਼ਿਵ ਸੈਨਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਰਾਜੀਵ ਟੰਡਨ ਨੇ ਇਹ ਦਾਅਵਾ ਕੀਤਾ ਹੈ ਅਤੇ ਕਿਹਾ ਹੈ, "ਉਹ ਮੈਨੇਜਰ ਅਤੇ ਹੋਟਲ ਦੇ ਕਾਰਿੰਦਿਆਂ, ਉਸ ਦੀ ਫਿਲਮ ਦੇ ਯੂਨਿਟ ਮੈਂਬਰਾਂ ਨੂੰ ਇਹ ਮੌਕਾ ਦਿੰਦਾ ਹੈ ਕਿ ਜੋ ਵੀ ਕੋਈ ਇਹ ਕਰੇਗਾ, ਉਸ ਨੂੰ ਇੱਕ ਥੱਪੜ ਲਈ ਇੱਕ ਲੱਖ ਰੁਪਿਆ ਦਿੱਤਾ ਜਾਵੇਗਾ।"

ਆਮਿਰ ਖਾਨ ਨੇ ਨਵੰਬਰ 2015 ਵਿਚ ਆਪਣੀਆਂ ਭਾਵਨਾਵਾਂ ਅਖਬਾਰ 'ਇੰਡੀਅਨ ਐਕਸ ਪ੍ਰੈਸ' ਵਲੋਂ ਆਯੋਜਤ ਇੱਕ ਸਮਾਗਮ ਸਮੇਂ ਭਾਰਤ ਵਿਚ ਵਧ ਰਹੀ 'ਅਸਹਿਣਸ਼ੀਲਤਾ' 'ਤੇ ਪ੍ਰਗਟ ਕੀਤੀਆਂ ਸਨ ਕਿ ਪਿਛਲੇ ਸੱਤ ਅੱਠ ਮਹੀਨੇ ਤੋਂ ਮੁਲਕ ਦਾ ਮਾਹੌਲ ਅਸਹਿਣਸ਼ੀਲ ਹੋ ਗਿਆ ਹੈ ਅਤੇ ਉਸ ਦੀ ਪਤਨੀ ਆਪਣੇ ਲਈ, ਬੱਚੇ ਲਈ ਚਿੰਤਤ ਹੈ ਕਿ ਕੀ ਉਨ੍ਹਾਂ ਨੂੰ ਕਿਧਰੇ ਮੁਲਕ ਤੋਂ ਬਾਹਰ ਚਲੇ ਜਾਣਾ ਚਾਹੀਦਾ ਹੈ।

ਭਾਰਤ ਦੇ ਵਿਗੜ ਰਹੇ ਮਾਹੌਲ ਦੀ ਚਿੰਤਾ ਇਕੱਲੇ ਆਮਿਰ ਖਾਨ ਨੂੰ ਨਹੀਂ ਹੈ, ਇਹ ਹਰ ਦਾਨਿਸ਼ਮੰਦ ਭਾਰਤੀ ਸ਼ਹਿਰੀ ਨੂੰ ਹੈ ਕਿ ਹਿੰਦੂਤਵ ਦੀਆਂ ਮੁੱਦਈ ਧਿਰਾਂ ਮੁਲਕ ਦਾ ਮਾਹੌਲ ਖਰਾਬ ਕਰ ਰਹੀਆਂ ਹਨ ਅਤੇ ਇਹ ਵੀ ਸੋਚਦੀਆਂ ਹਨ ਕਿ ਇਹ ਮਾਹੌਲ ਉਦੋਂ ਤੋਂ ਜ਼ਿਆਦਾ ਖਰਾਬ ਹੋਣ ਲੱਗਾ ਹੈ ਜਦੋਂ ਤੋਂ ਮੋਦੀ ਸਰਕਾਰ ਭਾਵ ਭਾਰਤੀ ਜਨਤਾ ਪਾਰਟੀ ਕੇਂਦਰ ਵਿਚ ਸੱਤਾ 'ਤੇ ਕਾਬਜ਼ ਹੋਈ ਹੈ। ਪਿਛਲੇ ਸਮੇਂ ਵਿਚ ਜੋ ਘਟਨਾਵਾਂ ਹੋਈਆਂ ਹਨ, ਉਨ੍ਹਾਂ ਤੋਂ ਸਭ ਹੀ ਫਿਕਰਮੰਦ ਹਨ ਜਿਵੇਂ ਕਿ ਦਾਦਰੀ ਨੇੜੇ ਪਿੰਡ ਬਿਸਾਹੜਾ 'ਚ ਅਖਲਾਕ ਨਾਂ ਦੇ ਮੁਸਲਮਾਨ ਨੂੰ ਕੁੱਟ ਕੁੱਟ ਕੇ ਮਾਰ ਦੇਣਾ ਕਿ ਉਸ ਦੇ ਘਰ ਗਊ ਦਾ ਮਾਸ ਬਣਿਆ ਹੈ; ਸੁਧੇਂਦਰ ਕੁਲਕਰਨੀ ਦੇ ਮੂੰਹ 'ਤੇ ਕਾਲਾ ਰੰਗ ਫੇਰਨਾ ਆਦਿ।

ਖਬਰਾਂ ਅਨੁਸਾਰ ਕੰਨੜ ਵਿਦਵਾਨ ਕਲਬੁਰਗੀ ਦੀ ਹੱਤਿਆ ਦੇ ਸਬੰਧ ਵਿਚ ਪੁਲਿਸ ਵਲੋਂ ਹਿੰਦੂ ਜਥੇਬੰਦੀਆਂ ਦੇ ਗਰਮ ਖਿਆਲੀਆਂ ਦੀ ਸ਼ੱਕੀ ਭੂਮਿਕਾ 'ਤੇ ਜਾਂਚ ਕੀਤੀ ਜਾ ਰਹੀ ਸੀ। ਮਹਾਰਾਸ਼ਟਰ ਦੇ ਦੋ ਤਰਕਸ਼ੀਲ ਆਗੂਆਂ ਨਰੇਂਦਰ ਦਾਭੋਲਕਰ ਤੇ ਗੋਬਿੰਦ ਪਨਸਾਰੇ ਦਾ ਕਤਲ ਹਿੰਦੂ ਕੱਟੜਪੰਥੀਆਂ ਵਲੋਂ ਕੀਤਾ ਗਿਆ। ਫਰੀਦਾਬਾਦ ਵਿਚ ਦਲਿਤ ਪਰਿਵਾਰ ਨੂੰ ਅੱਗ ਲਾ ਦਿੱਤੀ ਗਈ ਜਿਸ ਵਿਚ ਦੋ ਬੱਚਿਆਂ ਦੀ ਮੌਤ ਹੋ ਗਈ। ਅਖਬਾਰੀ ਅੰਕੜਿਆਂ ਅਨੁਸਾਰ ਸਾਲ 2015 ਦੇ ਪਹਿਲੇ ਛੇ ਮਹੀਨਿਆਂ ਵਿਚ ਦੰਗਿਆਂ ਦੀਆਂ 330 ਘਟਨਾਵਾਂ ਹੋਈਆਂ ਜਿਨ੍ਹਾਂ ਵਿਚ 51 ਬੰਦਿਆਂ ਦੀ ਮੌਤ ਹੋ ਗਈ ਅਤੇ 1092 ਬੰਦੇ ਜ਼ਖਮੀ ਹੋਏ। ਇਨ੍ਹਾਂ ਸਭ ਘਟਨਾਵਾਂ ਦੇ ਰੋਸ ਵਿਚ ਮੁਲਕ ਭਰ ਦੇ ਲੇਖਕਾਂ, ਬੁੱਧੀਜੀਵੀਆਂ ਵਲੋਂ ਸਾਹਿਤ ਅਕਾਦਮੀ ਦੇ ਪੁਰਸਕਾਰ ਅਤੇ ਹੋਰ ਸਰਕਾਰੀ ਮਾਨ-ਸਨਮਾਨ ਵਾਪਸ ਕਰਨ ਦਾ ਸਿਲਸਿਲਾ ਵੱਡੀ ਪੱਧਰ 'ਤੇ ਚੱਲਿਆ। ਆਮਿਰ ਖਾਨ ਨੇ ਵੀ ਅਜਿਹੀਆਂ ਘਟਨਾਵਾਂ ਦੇ ਮੱਦੇਨਜ਼ਰ ਭਾਰਤ ਦਾ ਮਾਹੌਲ 'ਅਸਹਿਣਸ਼ੀਲ' ਹੋਣ ਦਾ ਖਦਸ਼ਾ ਪ੍ਰਗਟ ਕੀਤਾ ਹੈ। ਹੁਣ ਤੱਕ ਜਿੰਨੇ ਵੀ ਸਾਹਿਤਕਾਰਾਂ, ਕਲਾਕਾਰਾਂ, ਬੁੱਧੀਜੀਵੀਆਂ ਜਾਂ ਹੋਰ ਹਸਤੀਆਂ ਨੇ ਆਪਣੇ ਮਾਨ-ਸਨਮਾਨ ਵਾਪਸ ਕੀਤੇ ਹਨ, ਸਭ ਨੇ ਹੀ ਇਸ ਰੋਸ ਵਜੋਂ ਕੀਤੇ ਹਨ। ਇਸ ਦੀ ਪਹਿਲ ਹਿੰਦੀ ਕਹਾਣੀਕਾਰ ਉਦੈ ਪ੍ਰਕਾਸ਼ ਨੇ ਸਾਹਿਤ ਅਕਾਦਮੀ ਦਾ ਪੁਰਸਕਾਰ ਮੋੜ ਕੇ ਕੀਤੀ।

ਨੈਣ ਤਾਰਾ ਸਹਿਗਲ ਨੇ ਆਪਣਾ ਸਨਮਾਨ ਮੋੜਦੇ ਸਮੇਂ ਕਿਹਾ ਹੈ ਕਿ ਉਹ ਵਿਰੋਧੀ ਵਿਚਾਰ ਰੱਖਣ ਖਿਲਾਫ ਵਧ ਰਹੀ ਅਸਹਿਣਸ਼ੀਲਤਾ ਤੇ 'ਦਹਿਸ਼ਤ ਦੇ ਰਾਜ' ਖਿਲਾਫ ਪ੍ਰਧਾਨ ਮੰਤਰੀ ਦੀ ਚੁੱਪ ਦੇ ਰੋਸ ਵਜੋਂ ਆਪਣਾ ਸਨਮਾਨ ਵਾਪਸ ਕਰ ਰਹੀ ਹੈ। ਇਸੇ ਤਰ੍ਹਾਂ ਬੂਟਾ ਸਿੰਘ ਵਲੋਂ ਅਰੁੰਧਤੀ ਰਾਏ ਦੀ ਲਿਖਤ ਦਾ ਅਨੁਵਾਦ ਛਪਿਆ ਹੈ ਜੋ ਅਸਹਿਣਸ਼ੀਲਤਾ ਤੋਂ ਵੀ ਅੱਗੇ ਦੀ ਗੱਲ ਕਰਦਾ ਹੈ। ਉਹ ਕਹਿੰਦੀ ਹੈ ਕਿ ਪਹਿਲੀ ਗੱਲ ਕੁੱਟ ਕੁੱਟ ਕੇ ਮਾਰ ਦੇਣ, ਜਿਉਂਦਾ ਜਲਾ ਦੇਣ, ਗੋਲੀਆਂ ਨਾਲ ਭੁੰਨ ਦੇਣ ਜਾਂ ਕਤਲੇਆਮ ਲਈ 'ਅਸਹਿਣਸ਼ੀਲਤਾ' ਲਫਜ਼ ਇਸਤੇਮਾਲ ਕਰਨਾ ਸਹੀ ਨਹੀਂ ਹੈ। ਦੂਜੀ ਗੱਲ, ਸਾਨੂੰ ਪਹਿਲਾਂ ਹੀ ਇਹ ਭਿਣਕ ਸੀ, ਕੀ ਹੋਣ ਜਾ ਰਿਹਾ ਹੈ। ਲਿਹਾਜ਼ਾ, ਮੈਂ ਇਹ ਦਾਅਵਾ ਨਹੀਂ ਕਰ ਸਕਦੀ ਕਿ ਇਸ ਸਰਕਾਰ ਦੇ ਪੂਰੇ ਜੋਸ਼-ਓ-ਖਰੋਸ਼ ਨਾਲ ਭਾਰੀ ਬਹੁ ਮੱਤ ਲੈ ਕੇ ਸੱਤਾਧਾਰੀ ਹੋਣ ਤੋਂ ਬਾਅਦ ਜੋ ਕੁਝ ਵੀ ਹੋ ਰਿਹਾ ਹੈ, ਉਸ ਨੂੰ ਵੇਖ ਕੇ ਮੈਂ ਹੈਰਾਨ ਪ੍ਰੇਸ਼ਾਨ ਹਾਂ। ਤੀਜੀ ਗੱਲ, ਇਹ ਖੌਫਨਾਕ ਕਤਲ ਬਹੁਤ ਹੀ ਡੂੰਘੀ ਮਰਜ਼ ਦੀਆਂ ਮਹਿਜ਼ ਬਾਹਰੀ ਅਲਾਮਤਾਂ ਹਨ। ਜ਼ਿੰਦਗੀ ਜਿਉਣਾ ਹੀ ਨਰਕ ਬਣਾ ਦਿੱਤਾ ਗਿਆ ਹੈ। ਸਮੁੱਚੀ ਵੱਸੋਂ (ਕਰੋੜਾਂ ਦਲਿਤ, ਆਦਿਵਾਸੀ, ਮੁਸਲਮਾਨ ਤੇ ਈਸਾਈ) ਖੌਫ ਦੇ ਸਾਏ ਹੇਠ ਜਿਉਣ ਲਈ ਮਜਬੂਰ ਹਨ। ਕਦੋਂ ਅਤੇ ਕਿਥੇ ਹਮਲਾ ਹੋ ਜਾਵੇ, ਪਤਾ ਨਹੀਂ!

ਜਸਵੰਤ ਸਿੰਘ ਸ਼ਾਦ ਦੇ ਲੇਖ ਅਨੁਸਾਰ ਪੰਜਾਬ ਦੇ ਸਾਬਕਾ ਡੀ.ਜੀ.ਪੀ. ਜੂਲੀਓ ਰਿਬੇਰੋ ਨੇ ਵੀ ਇਹ ਖਦਸ਼ਾ ਪ੍ਰਗਟ ਕੀਤਾ ਹੈ, "ਮੋਦੀ ਸਰਕਾਰ ਬਣਨ ਤੋਂ ਬਾਅਦ ਸ਼ਾਂਤੀਪੂਰਨ ਢੰਗ ਨਾਲ ਰਹਿ ਰਹੀਆਂ ਘੱਟ ਗਿਣਤੀਆਂ ਉਪਰ ਫਿਰਕੂ ਹਮਲੇ ਵਧ ਗਏ ਹਨ, ਇਕ ਇਸਾਈ ਹੋਣ ਦੇ ਨਾਤੇ ਮੈਂ ਅੱਜ ਆਪਣੇ ਦੇਸ 'ਚ ਅਜਨਬੀ ਤੇ ਡਰਿਆ ਹੋਇਆ ਮਹਿਸੂਸ ਕਰਦਾ ਹਾਂ।" ਇਹੀ ਨਹੀਂ, 94 ਬੰਗਾਲੀ ਲੇਖਕਾਂ ਤੇ ਬੁੱਧੀਜੀਵੀਆਂ ਨੇ ਰਾਸ਼ਟਰਪਤੀ ਪ੍ਰਣਵ ਮੁਖਰਜੀ ਨੂੰ ਪੱਤਰ ਲਿਖ ਕੇ ਦਾਦਰੀ ਹੱਤਿਆਕਾਂਡ ਤੇ ਤਰਕਸ਼ੀਲਾਂ ਉਤੇ ਹਮਲਿਆਂ ਦੇ ਮਾਮਲੇ ਵਿਚ ਦਖਲ ਦੇਣ ਲਈ ਕਿਹਾ। ਰਾਸ਼ਟਰਪਤੀ ਨੇ 19 ਅਕਤੂਬਰ ਨੂੰ ਆਪਣੇ ਜੱਦੀ ਕਸਬੇ ਸੂਰੀ ਵਿਚ ਇੱਕ ਸਮਾਗਮ ਦੌਰਾਨ ਇਹ ਸਵਾਲ ਉਠਾਇਆ, "ਕੀ ਮੁਲਕ ਵਿਚ ਵਿਰੋਧੀ ਵਿਚਾਰ ਸਹਿਣ ਦੀ ਸ਼ਕਤੀ ਮੁੱਕ ਗਈ ਹੈ?"



ਰਾਜੀਵ ਟੰਡਨ

ਰਾਜੀਵ ਟੰਡਨ ਨੂੰ ਇਹ ਪੁੱਛਣਾ ਬਣਦਾ ਹੈ ਕਿ 'ਅਸਹਿਣਸ਼ੀਲਤਾ' ਹੋਰ ਕਿਸ ਨੂੰ ਕਹਿੰਦੇ ਹਨ? ਪਾਕਿਸਤਾਨ ਦਾ ਨਾਮਵਰ ਗਾਇਕ ਗੁਲਾਮ ਅਲੀ ਪਹਿਲਾਂ ਕਈ ਵਾਰ ਭਾਰਤ ਵਿਚ ਸਮੇਤ ਮੁੰਬਈ ਦੇ ਆਪਣੇ ਪ੍ਰੋਗਰਾਮ ਦੇ ਚੁੱਕਾ ਹੈ। ਉਸ ਨੇ ਸਵਰਗੀ ਜਗਜੀਤ ਸਿੰਘ ਦੀ ਚੌਥੀ ਵਰਸੀ 'ਤੇ ਸਮਾਗਮ ਵਿਚ ਸ਼ਾਮਲ ਹੋਣ ਆਉਣਾ ਸੀ। ਗੁਲਾਮ ਅਲੀ ਤੇ ਜਗਜੀਤ ਸਿੰਘ ਨਿੱਘੇ ਦੋਸਤੀ ਸਨ। ਸ਼ਿਵ ਸੈਨਾ ਨੇ ਸਵਰਗੀ ਗਜ਼ਲਗੋ ਜਗਜੀਤ ਸਿੰਘ ਦੀ ਵਰਸੀ 'ਤੇ ਗੁਲਾਮ ਅਲੀ ਨੂੰ ਮੁੰਬਈ ਆਉਣ ਤੋਂ ਰੋਕਿਆ।

ਦੋ ਪਾਕਿਸਤਾਨੀ ਕਲਾਕਾਰਾਂ ਫਵਾਦ ਖਾਨ ਅਤੇ ਮਾਹਿਰਾ ਖਾਨ ਦੀਆਂ ਹਿੰਦੀ ਵਿਚ ਫਿਲਮਾਂ ਬਣੀਆਂ ਹਨ ਅਤੇ ਸ਼ਿਵ ਸੈਨਾ ਨੇ ਕਿਹਾ ਹੈ ਕਿ ਉਨ੍ਹਾਂ ਦੀਆਂ ਫਿਲਮਾਂ ਮਹਾਂਰਾਸ਼ਟਰ ਵਿਚ ਨਹੀਂ ਚੱਲਣ ਦਿੱਤੀਆਂ ਜਾਣਗੀਆਂ ਅਤੇ ਨਾ ਹੀ ਇਨ੍ਹਾਂ ਅਦਾਕਾਰਾਂ ਨੂੰ ਸੂਬੇ ਵਿਚ ਪ੍ਰਚਾਰ ਕਰਨ ਦੇਣਗੇ। ਜੇ ਰਾਜਪਾਲ ਵਰਗੇ ਅਹੁਦੇ 'ਤੇ ਬੈਠਾ ਬੰਦਾ ਇਹ ਬਿਆਨ ਦੇ ਰਿਹਾ ਹੈ ਕਿ 'ਹਿੰਦੁਸਤਾਨ ਹਿੰਦੂਆਂ ਲਈ ਹੈ' ਅਤੇ 'ਭਾਰਤ ਵਿਚ ਮੁਸਲਮਾਨ ਕਿਤੇ ਵੀ ਜਾਣ ਨੂੰ ਆਜ਼ਾਦ ਹਨ' ਤਾਂ ਕੀ ਇਹ 'ਅਸਹਿਣਸ਼ੀਲਤਾ' ਨਹੀਂ ਹੈ?

ਰਿਜ਼ਰਵ ਬੈਂਕ ਦੇ ਗਵਰਨਰ ਰਘੂਰਾਮ ਰਾਜਨ, ਇਨਫੋਸਿਸ ਦੇ ਬਾਨੀ ਐਨ. ਆਰ. ਨਰਾਇਣਮੂਰਤੀ ਵਰਗੇ ਕਾਰੋਬਾਰੀ ਆਗੂ ਦੇਸ਼ ਵਿਚ ਵਧ ਰਹੀ ਅਸਹਿਣਸ਼ੀਲਤਾ ਖਿਲਾਫ ਬਿਆਨ ਦੇ ਚੁੱਕੇ ਹਨ। ਬਿਹਾਰ ਵਿਚ ਭਾਰਤੀ ਜਨਤਾ ਪਾਰਟੀ ਦੀ ਹਾਰ ਨੂੰ ਸਭ ਨੇ ਇਸੇ ਰੌਂ ਵਿਚ ਆਂਕਿਆ ਹੈ ਕਿ ਬਿਹਾਰ ਦੀ ਜਨਤਾ ਨੇ ਸਮਾਜ ਵਿਚ ਵੰਡੀਆਂ ਪਾਉਣ ਵਾਲੀਆਂ ਅਤੇ ਅਸਹਿਣਸ਼ੀਲ ਤਾਕਤਾਂ ਨੂੰ ਹਰਾਇਆ ਹੈ।

ਆਮਿਰ ਖਾਨ ਇਕ ਕਲਾਕਾਰ ਹੈ, ਅਦਾਕਾਰ ਹੈ ਅਤੇ ਹਿੰਦੁਸਤਾਨੀ ਸ਼ਹਿਰੀ ਹੈ। ਹਰ ਸ਼ਹਿਰੀ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਸੰਵਿਧਾਨਕ ਹੱਕ ਹੈ, ਭਾਰਤ ਟੰਡਨ ਵਰਗਿਆਂ ਦੀ ਇਜ਼ਾਰੇਦਾਰੀ ਨਹੀਂ ਹੈ। ਆਮਿਰ ਖਾਨ ਅਦਾਕਾਰ ਹੋਣ ਦੇ ਨਾਲ ਨਾਲ ਇਕ ਬਹੁਤ ਹੀ ਸੰਵੇਦਨਸ਼ੀਲ ਸ਼ਹਿਰੀ ਵੀ ਹੈ। ਪਿਛਲੇ ਸਮੇਂ ਵਿਚ ਉਸ ਦਾ 'ਟਾਕ ਸ਼ੋ' 'ਸਤਿਅ ਮੇਵ ਜੈਯਤੇ' ਸਟਾਰ ਨੈਟਵਰਕ ਦੇ ਸਾਰੇ ਚੈਨਲਾਂ 'ਤੇ ਅਤੇ ਦੂਰ ਦਰਸ਼ਨ 'ਤੇ ਇਕੱਠਿਆਂ ਟੈਲੀਕਾਸਟ ਹੁੰਦਾ ਰਿਹਾ ਹੈ ਜਿਸ ਦਾ ਮਾਟੋ ਸੀ 'ਮੁਮਕਿਨ ਹੈ' ਅਤੇ ਇਸ ਸ਼ੋਅ ਵਿਚ ਸੰਵੇਦਨਸ਼ੀਲ ਵਿਸ਼ਿਆਂ 'ਤੇ ਉਸ ਦੀਆਂ ਅੱਖਾਂ ਵਿਚਲੇ ਹੰਝੂ ਸਾਫ ਨਜ਼ਰ ਆਉਂਦੇ ਹਨ। ਇਹ ਸ਼ੋਅ ਮੁੱਖ ਤੌਰ 'ਤੇ ਹਿੰਦੀ ਵਿਚ ਹੋਣ ਦੇ ਨਾਲ ਨਾਲ ਅੱਠ ਪ੍ਰਾਂਤਕ ਬੋਲੀਆਂ ਜਿਵੇਂ ਬੰਗਾਲੀ, ਮਲਿਆਲਮ, ਤੈਲਗੂ, ਤਾਮਿਲ, ਮਰਾਠੀ, ਗੁਜਰਾਤੀ ਆਦਿ ਵਿਚ ਇੱਕੋ ਸਮੇਂ ਰੀਲੇ ਹੁੰਦਾ ਰਿਹਾ ਹੈ।

ਇਹ ਸ਼ੋਅ ਸਮਾਜ ਦੇ ਬਹੁਤ ਹੀ ਸੰਵੇਦਨਸ਼ੀਲ ਵਿਸ਼ਿਆਂ ਜਿਵੇਂ ਬੁਢਾਪਾ, ਗਰਭ ਵਿਚ ਕੁੜੀਆਂ ਨੂੰ ਮਾਰਨਾ, ਇੱਜ਼ਤ ਖਾਤਰ ਖੂਨ, ਬਲਾਤਕਾਰ, ਸੜਕਾਂ ਹਾਦਸਿਆਂ, ਪਾਣੀ ਦੀ ਸਮੱਸਿਆ, ਸ਼ਰਾਬਨੋਸ਼ੀ ਨੂੰ ਹਟਾਉਣ ਲਈ ਸਹਾਇਤਾ, ਮਾਨਸਿਕ ਤੌਰ 'ਤੇ ਪਿੱਛੇ ਰਹਿ ਗਏ ਲੋਕਾਂ ਦੀ ਸਹਾਇਤਾ, ਘਰੇਲੂ ਹਿੰਸਾ, ਬੱਚਿਆਂ ਦਾ ਸੈਕਸੁਅਲ ਸੋਸ਼ਣ, ਰਾਜਨੀਤੀ ਦਾ ਅਪਰਾਧੀਕਰਨ, ਛੂਆ ਛੂਤ ਆਦਿ ਨਾਲ ਸਬੰਧਤ ਸੀ, ਜਿਸ ਦਾ ਮਕਸਦ ਸਮਾਜ ਵਿਚ ਇਨ੍ਹਾਂ ਸਮੱਸਿਆਵਾਂ ਪ੍ਰਤੀ ਚੇਤਨਾ ਪੈਦਾ ਕਰਨਾ ਸੀ। ਇਸ ਸ਼ੋ ਵਿਚ ਸਬੰਧਤ ਵਿਸ਼ਿਆਂ ਨਾਲ ਉਨ੍ਹਾਂ ਲੋਕਾਂ ਦੀਆਂ ਪ੍ਰਾਪਤੀਆਂ ਨੂੰ ਵੀ ਅੱਗੇ ਲਿਆਂਦਾ ਗਿਆ ਜਿਹੜੇ ਬਹੁਤੀ ਵਾਰ ਅਣਗੌਲੇ ਰਹਿ ਜਾਂਦੇ ਹਨ ਤਾਂ ਕਿ ਦੇਖਣ ਵਾਲਿਆਂ ਨੂੰ ਆਪਣਾ ਟੀਚਾ ਪ੍ਰਾਪਤ ਕਰਨ ਵਿਚ ਹੌਸਲਾ ਮਿਲ ਸਕੇ। ਇਸ ਦਾ ਮਕਸਦ ਆਮ ਸ਼ਹਿਰੀਆਂ ਨੂੰ ਆਪਣੇ ਦੇਸ਼ ਪ੍ਰਤੀ ਕਾਨੂੰਨੀ ਅਤੇ ਹੋਰ ਸਬੰਧਤ ਜਾਣਕਾਰੀ ਦੇ ਕੇ ਸ਼ਕਤੀਸ਼ਾਲੀ ਬਣਾਉਣਾ ਅਤੇ ਕਾਰਜ ਕਰਨ ਲਈ ਪ੍ਰੇਰਨਾ ਵੀ ਸੀ। ਇਸ ਟਾਕ ਸ਼ੋਅ ਲੜੀ ਤੋਂ ਬਾਅਦ ਕਈ ਗੱਲਾਂ ਵਿਚ ਤਬਦੀਲੀ ਵੀ ਆਈ। ਸਬੰਧਤ ਐਨ.ਜੀ.ਓ. ਨੂੰ ਕਰੋੜਾਂ ਰੁਪਿਆ ਇਕੱਠਾ ਹੋਇਆ ਅਤੇ ਬਹੁਤ ਸਲਾਹਣਾ ਹੋਈ।

ਆਮਿਰ ਖਾਨ ਮੌਲਾਨਾ ਅਬੁੱਲ ਕਲਾਮ ਆਜ਼ਾਦ ਦੇ ਖਾਨਦਾਨ ਵਿਚੋਂ ਹੈ ਜੋ ਵੱਡਾ ਵਿਦਵਾਨ ਸੀ ਅਤੇ ਕਈ ਬੋਲੀਆਂ ਜਾਣਦਾ ਸੀ। ਪੱਤਰਕਾਰ ਹੋਣ ਨਾਤੇ ਉਹ ਲਗਾਤਾਰ ਅੰਗਰੇਜ਼ਾਂ ਦੀਆਂ ਲੋਕ-ਵਿਰੋਧੀ ਨੀਤੀਆਂ ਖਿਲਾਫ ਲਿਖਦਾ ਰਿਹਾ ਜਿਸ ਕਰਕੇ ਉਸ ਨੂੰ ਕਲਕੱਤੇ ਤੋਂ ਬਾਹਰ ਕੱਢਣ ਦਾ ਫੈਸਲਾ ਸਰਕਾਰ ਨੇ ਕੀਤਾ। ਜੇਲ੍ਹ ਅਤੇ ਹਾਊਸ-ਅਰੈਸਟ ਦੇ ਬਾਵਜੂਦ ਉਸ ਨੇ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦੀ ਵਿਰੋਧਤਾ ਨਹੀਂ ਛੱਡੀ। ਮੁਸਲਿਮ ਹੋਣ ਦੇ ਬਾਵਜੂਦ ਉਹ ਜਿਨਾਹ ਦੀਆਂ ਨੀਤੀਆਂ ਦਾ ਵਿਰੋਧ ਕਰਦਾ ਰਿਹਾ। ਉਸ ਨੂੰ ਦੋ ਵਾਰ 1923 ਤੇ 1940 ਵਿਚ ਕਾਂਗਰਸ ਦਾ ਪ੍ਰਧਾਨ ਵੀ ਚੁਣਿਆ ਗਿਆ। ਭਾਰਤ ਦੀ ਆਜ਼ਾਦੀ ਤੋਂ ਬਾਅਦ ਉਸ ਨੂੰ ਪਹਿਲਾ ਸਿੱਖਿਆ ਮੰਤਰੀ ਬਣਾਇਆ ਗਿਆ। ਮੌਤ ਉਪਰੰਤ ਉਸ ਨੂੰ ਭਾਰਤ ਰਤਨ ਦੇ ਖਿਤਾਬ ਨਾਲ ਵੀ ਨਿਵਾਜਿਆ ਗਿਆ।

ਰਹੀ ਗੱਲ ਸ਼ਿਵ ਸੈਨਾ ਕਾਰਕੁਨ ਟੰਡਨ ਦੀ, ਉਸ ਦੇ ਪੁਰਖਿਆਂ ਨੇ ਆਜ਼ਾਦੀ ਦੀ ਲੜਾਈ ਵਿਚ ਕਿੰਨਾ ਕੁ ਹਿੱਸਾ ਪਾਇਆ ਹੈ? ਸ਼ਿਵ ਸੈਨਾ ਦੇ ਕਾਰਕੁਨਾਂ ਨੇ ਇੱਕ ਜਾਂ ਦੂਜੇ ਮਸਲੇ 'ਤੇ ਖਰੂਦੱਲ ਪਾਉਣ ਤੋਂ ਬਿਨਾਂ ਮੁਲਕ ਲਈ ਹੋਰ ਕੀ ਕੀਤਾ ਹੈ? ਸੋਸ਼ਲ ਮੀਡੀਆ 'ਤੇ ਨਸ਼ਰ ਹੋਈ ਇੱਕ ਇੰਟਰਵਿਊ ਵਿਚ ਆਮਿਰ ਖਾਨ ਨੇ ਕਿਹਾ ਹੈ ਕਿ ਉਸ ਨੂੰ ਭਾਰਤੀ ਹੋਣ 'ਤੇ ਮਾਣ ਹੈ ਅਤੇ ਉਹ ਭਾਰਤ ਛੱਡ ਕੇ ਕਿਧਰੇ ਨਹੀਂ ਜਾਵੇਗਾ। ਨਾਲ ਹੀ ਇਹ ਵੀ ਕਿਹਾ ਹੈ ਕਿ ਉਹ ਆਪਣੇ ਪ੍ਰਗਟ ਕੀਤੇ ਵਿਚਾਰਾਂ ਨਾਲ ਹੁਣ ਵੀ ਸਹਿਮਤ ਹੈ, ਪਿੱਛੇ ਨਹੀਂ ਹਟਿਆ।

## ਸੁ ਥਾਉ ਸਚੁ ਮਨੁ ਨਿਰਮਲੁ ਹੋਇ

**ਗਉੜੀ ਗੁਆਰੇਰੀ ਮਹਲਾ ੩**

ਸੁ ਥਾਉ ਸਚੁ ਮਨੁ ਨਿਰਮਲੁ ਹੋਇ॥
ਸਚਿ ਨਿਵਾਸੁ ਕਰੇ ਸਚੁ ਸੋਇ॥
ਸਚੀ ਬਾਣੀ ਜੁਗ ਚਾਰੇ ਜਾਪੈ॥
ਸਭੁ ਕਿਛੁ ਸਾਚਾ ਆਪੇ ਆਪੈ॥੧॥
ਕਰਮੁ ਹੋਵੈ ਸਤਸੰਗਿ ਮਿਲਾਏ॥
ਹਰਿ ਗੁਣ ਗਾਵੈ ਬੈਸਿ ਸੁ ਥਾਏ॥੧॥ ਰਹਾਉ॥
ਜਲਉ ਇਹ ਜਿਹਵਾ ਦੂਜੈ ਭਾਇ॥
ਹਰਿ ਰਸੁ ਨ ਚਾਖੈ ਫੀਕਾ ਆਲਾਇ॥
ਬਿਨੁ ਬੂਝੇ ਤਨੁ ਮਨੁ ਫੀਕਾ ਹੋਇ॥
ਬਿਨੁ ਨਾਵੈ ਦੁਖੀਆ ਚਲਿਆ ਰੋਇ॥੨॥
ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ॥
ਗੁਰ ਕਿਰਪਾ ਤੇ ਸਚਿ ਸਮਾਇ॥
ਸਾਚੇ ਰਾਤੀ ਗੁਰ ਸਬਦੁ ਵੀਚਾਰ॥
ਅੰਮ੍ਰਿਤੁ ਪੀਵੈ ਨਿਰਮਲ ਧਾਰ॥੩॥
ਨਾਮਿ ਸਮਾਵੈ ਜੋ ਭਾਡਾ ਹੋਇ॥
ਊਂਧੈ ਭਾਂਡੈ ਟਿਕੈ ਨ ਕੋਇ॥
ਗੁਰ ਸਬਦੀ ਮਨਿ ਨਾਮਿ ਨਿਵਾਸੁ॥
ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ॥੪॥

ਗੁਰਦੇਵ ਜੀ ਆਖਦੇ ਹਨ, ਉਹ ਸਤਿਸੰਗ ਵਾਲਾ ਥਾਂ ਸੱਚਾ ਥਾਂ ਹੈ, ਉਥੇ ਬੈਠ ਕੇ ਜੀਵ ਦਾ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਸਦਾ ਹੀ ਥਿਰ ਅਟੱਲ ਰਹਿਣ ਵਾਲੇ ਮਿਹਰਵਾਨ ਪ੍ਰਭੂ ਵਿਚ ਜੀਵ ਦਾ ਮਨ ਨਿਵਾਸ ਕਰਦਾ ਹੈ। ਸਤਿਸੰਗ ਦੀ ਬਰਕਤ ਨਾਲ ਜੀਵ ਉਸ ਸਦਾ ਅਟੱਲ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ। ਸਤਿਸੰਗ ਵਿਚ ਬੈਠ ਕੇ ਪ੍ਰਭੂ ਦੀ ਬਾਣੀ ਦੀ ਸਿਫਤ ਸਾਲਾਹ ਕਰ ਕੇ ਜੀਵ ਚਹੁੰਆਂ ਜੁੱਗਾਂ 'ਚ ਜਾਣਿਆ ਜਾਂਦਾ ਹੈ ਅਤੇ ਜਾਣ ਲੈਂਦਾ ਹੈ ਕਿ ਪ੍ਰਭੂ ਸਭ ਕੁਝ ਆਪਣੇ ਆਪ ਤੋਂ ਹੀ ਬਣਾ ਰਿਹਾ ਹੈ।

ਕਰਮੁ ਹੋਵੈ ਸਤਸੰਗਿ ਮਿਲਾਏ॥
ਹਰਿ ਗੁਣ ਗਾਵੈ ਬੈਸਿ ਸੁ ਥਾਏ॥੧॥ ਰਹਾਉ॥

ਗੁਰੂ ਅਮਰਦਾਸ ਰਹਾਉ ਦੀ ਪੰਕਤੀ ਵਿਚ ਆਖਦੇ ਹਨ, ਹੇ ਭਾਈ! ਜਿਸ ਜੀਵ ਉਤੇ ਉਸ ਮਿਹਰਵਾਨ ਪ੍ਰਭੂ ਦੀ ਕ੍ਰਿਪਾ ਹੋਵੇ, ਉਹ ਉਸ ਨੂੰ ਸਤਿਸੰਗ ਵਿਚ ਮਿਲਾ ਲੈਂਦਾ ਹੈ; ਹਰਿ ਗੁਣ ਗਾਵੈ ਬੈਸਿ ਸੁ ਥਾਏ, ਫਿਰ ਉਸ ਥਾਂ, ਭਾਵ ਸਤਿਸੰਗ ਵਿਚ ਬੈਠ ਕੇ ਉਹ ਵੱਡੇ ਭਾਗਾਂ ਵਾਲਾ ਜੀਵ, ਜਗਤ ਦੇ ਉਸ ਮਾਲਕ ਪਰਮਾਤਮਾ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦਾ ਹੈ।

ਜਲਉ ਇਹ ਜਿਹਵਾ ਦੂਜੈ ਭਾਇ॥
ਹਰਿ ਰਸੁ ਨ ਚਾਖੈ ਫੀਕਾ ਆਲਾਇ॥
ਬਿਨੁ ਬੂਝੇ ਤਨੁ ਮਨੁ ਫੀਕਾ ਹੋਇ॥
ਬਿਨੁ ਨਾਵੈ ਦੁਖੀਆ ਚਲਿਆ ਰੋਇ॥੨॥

ਗੁਰਦੇਵ ਜੀ ਆਖਦੇ ਹਨ, ਸੜ ਜਾਵੇ ਇਹ ਜੀਭ ਜੋ ਦੁਨੀਆਂ ਦੇ ਹੋਰ-ਹੋਰ ਸੁਆਦਾਂ ਵਿਚ ਹੀ ਲੱਗੀ ਰਹਿੰਦੀ ਹੈ ਅਤੇ ਪ੍ਰਭੂ ਦੇ ਨਾਮ ਦਾ ਸੁਆਦ ਨਹੀਂ ਚੱਖਦੀ, ਤੇ ਨਿੰਦਿਆਂ ਚੁਗਲੀ ਦੇ ਫਿੱਕੇ ਬੋਲ ਬੋਲਣ ਵਿਚ ਹੀ ਲੱਗੀ ਰਹਿੰਦੀ ਹੈ। ਹੇ ਭਾਈ! ਪ੍ਰਭੂ ਦੇ ਨਾਮ ਦਾ ਸੁਆਦ ਸਮਝਣ ਤੋਂ ਬਿਨਾਂ ਜੀਵ ਦਾ ਮਨ ਫਿੱਕਾ ਹੋ ਜਾਂਦਾ ਹੈ ਅਤੇ ਪ੍ਰਭੂ ਪ੍ਰੇਮ ਤੋਂ ਬਿਨਾਂ ਤਨ ਵੀ ਫਿੱਕਾ ਹੋ ਜਾਂਦਾ ਹੈ। ਨਾਮ ਤੋਂ ਵਾਂਝੇ ਰਹਿ ਕੇ ਜੀਵ, ਦੁਖੀ ਜੀਵਨ ਬਤੀਤ ਕਰਦਾ ਹੈ ਅਤੇ ਦੁਖੀ ਹੀ ਸੰਸਾਰ ਤੋਂ ਤੁਰ ਜਾਂਦਾ ਹੈ।

ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ॥
ਗੁਰ ਕਿਰਪਾ ਤੇ ਸਚਿ ਸਮਾਇ॥
ਸਾਚੇ ਰਾਤੀ ਗੁਰ ਸਬਦੁ ਵੀਚਾਰ॥
ਅੰਮ੍ਰਿਤੁ ਪੀਵੈ ਨਿਰਮਲ ਧਾਰ॥੩॥

ਗੁਰਬਾਣੀ ਗਿਆਨ

ਜਿਸ ਵਡਭਾਗੇ ਜੀਵ ਦੀ ਜੀਭਾ ਨੇ ਹਰੀ ਨਾਮ ਦਾ ਸੁਆਦ ਚੱਖ ਲਿਆ, ਉਹ ਆਤਮਿਕ ਅਡੋਲਤਾ ਅਤੇ ਪ੍ਰਭੂ ਦੇ ਪ੍ਰੇਮ ਵਿਚ ਸਦਾ ਲਈ ਮਗਨ ਹੋ ਜਾਂਦਾ ਹੈ। ਗੁਰੂ ਦੀ ਕਿਰਪਾ ਨਾਲ ਉਸ ਦੀ ਜੀਭਾ ਸਦਾ ਹੀ ਅਟੱਲ ਰਹਿਣ ਵਾਲੇ ਮਾਲਕ ਪ੍ਰਭੂ ਦੀ ਸਿਫਤ ਸਾਲਾਹ ਵਿਚ ਲੱਗੀ ਰਹਿੰਦੀ ਹੈ। ਫਿਰ ਗੁਰੂ ਦਾ ਸ਼ਬਦ ਹੀ ਉਸ ਜੀਵ ਲਈ ਉਸ ਦਾ ਵਿਚਾਰ ਬਣ ਜਾਂਦਾ ਹੈ। ਅੰਮ੍ਰਿਤੁ ਪੀਵੈ ਨਿਰਮਲ ਧਾਰ, ਫਿਰ ਉਹ ਜੀਵ ਆਤਮਿਕ ਜੀਵਨ ਦੇਣ ਵਾਲੇ ਨਾਮ ਰੂਪੀ ਜਲ ਦੀ ਨਿਰਮਲ ਧਾਰ ਪੀਂਦਾ ਹੈ।

ਨਾਮਿ ਸਮਾਵੈ ਜੋ ਭਾਡਾ ਹੋਇ॥
ਊਂਧੈ ਭਾਂਡੈ ਟਿਕੈ ਨ ਕੋਇ॥
ਗੁਰ ਸਬਦੀ ਮਨਿ ਨਾਮਿ ਨਿਵਾਸੁ॥
ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ॥੪॥

ਹੇ ਭਾਈ! ਗੁਰੂ ਦੀ ਕ੍ਰਿਪਾ ਨਾਲ ਜਿਹੜਾ ਹਿਰਦੇ ਰੂਪੀ ਭਾਂਡਾ ਸ਼ੁੱਧ ਹੋ ਜਾਂਦਾ ਹੈ, ਉਹ ਪ੍ਰਭੂ ਦੇ ਨਾਮ ਵਿਚ ਹੀ ਸਮਾ ਜਾਂਦਾ ਹੈ; ਊਂਧੈ ਭਾਂਡੈ ਟਿਕੈ ਨਾ ਕੋਇ, ਪਰ ਪ੍ਰਭੂ ਨਾਲੋਂ ਟੁੱਟੇ ਹੋਏ ਮੂਧੇ ਪਏ ਭਾਂਡੇ ਵਿਚ, ਹਿਰਦੇ ਵਿਚ ਕੋਈ ਵਸਤੂ, ਕੋਈ ਗੁਣ ਨਹੀਂ ਟਿਕ ਸਕਦਾ। ਗੁਰੂ ਦੇ ਪਵਨ ਸ਼ਬਦ ਦੀ ਬਰਕਤ ਨਾਲ ਹੀ ਜੀਵ ਦੇ ਮਨ ਵਿਚ ਪ੍ਰਭੂ ਦੇ ਨਾਮ ਦਾ ਨਿਵਾਸ ਹੋ ਸਕਦਾ ਹੈ। ਹੇ ਨਾਨਕ! ਉਸ ਜੀਵ ਦਾ ਹਿਰਦਾ ਹੀ ਸੱਚਾ ਸੁੱਚਾ ਭਾਂਡਾ ਹੈ ਜਿਸ ਨੂੰ ਪ੍ਰਭੂ ਦੀ ਸਿਫਤ ਸਾਲਾਹ ਦੀ ਬਾਣੀ ਦੀ ਪਿਆਸ ਲਗਦੀ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਸੁੱਚੀ ਵਸੀਅਤ ਦੀਆਂ ਬਰਕਤਾਂ

**ਮੂੰਹ ਆਈ ਬਾਤ**



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮਾਪੇ ਜਨਮ ਦਿੰਦਿਆਂ ਹੀ ਇਸ ਜਹਾਨੋਂ ਤੁਰਦੇ ਬਣੇ। ਮਾਂ-ਬਾਪ ਨੂੰ ਕਿਸੇ ਨੇ ਦੁੱਧ ਵਿਚ ਕੁਝ ਘੋਲ ਕੇ ਪਿਆ ਦਿੱਤਾ ਕਿ ਉਹ ਤੜਫ-ਤੜਫ ਕੇ ਮਰ ਗਏ। ਚਾਚਿਆਂ ਨੇ ਮੈਨੂੰ ਗੋਦ ਦਾ ਸਹਾਰਾ ਦੇਣ ਤੋਂ ਨਾਂਹ ਕਰ ਦਿੱਤੀ। ਦਾਦਾ ਬਹੁਤ ਰੋਇਆ, ਪਰ ਉਸ ਦੀ ਪੇਸ਼ ਨਾ ਗਈ। ਅਖੀਰ ਮੈਨੂੰ ਨਾਨਕਿਆਂ ਨੇ ਬੁੱਕਲ ਵਿਚ ਲੈ ਲਿਆ। ਮੇਰੇ ਮਾਮੇ ਦਾ ਪੁੱਤ ਮੇਰਾ ਹਾਣੀ ਸੀ। ਮਾਮੀ ਨੇ ਸਾਨੂੰ ਦੋਵਾਂ ਨੂੰ ਦੁੱਧ ਚੁੰਘਾਇਆ। ਨਾਨੇ ਤੇ ਨਾਨੀ ਨੇ ਮਾਮੀ ਨੂੰ ਕਿਹਾ ਹੋਇਆ ਸੀ, "ਤੂੰ ਆਪ ਰੱਜ ਕੇ ਖਾਇਆ-ਪੀਆ ਕਰ, ਤਾਂ ਕਿ ਦੋਵੇਂ ਦੁੱਧ ਖੁਣੋਂ ਰੋਣ ਨਾ।" ਮਾਮੀ ਭਲੇ ਘਰ ਦੀ ਜਾਈ ਸੀ ਜਿਸ ਨੇ ਹਮੇਸ਼ਾ ਮੈਨੂੰ ਗੋਦ ਚੁੱਕਣ ਦੀ ਪਹਿਲ ਕੀਤੀ।

ਮਾਮਿਆਂ ਦਾ ਕੰਮ-ਕਾਜ ਤੋਂ ਬਸ ਗੁਜ਼ਾਰਾ ਠੀਕ ਚੱਲੀ ਜਾਂਦਾ ਸੀ। ਉਨ੍ਹਾਂ ਦਾ ਏਕਾ ਸੋਨੇ 'ਤੇ ਸੁਹਾਗਾ ਸੀ। ਨਾਨਾ ਸਤਿਯੁਗੀ ਬੰਦਾ ਸੀ ਕੋਈ। ਚਾਰੇ ਮਾਮੇ ਉਸ ਦੇ ਸਾਹਾਂ ਵਿਚ ਸਾਹ ਭਰਦੇ ਸਨ। ਮੈਂ ਨਾਨਕਿਆਂ ਦੇ ਵਿਹੜੇ ਵਿਚ ਪਲਦਾ ਗਿਆ ਤੇ ਮਾਮੇ ਆਪੋ-ਆਪਣੀ ਵਾਰੀ ਘੋੜੀ ਚੜ੍ਹਦੇ ਗਏ, ਚਾਰੇ ਮਾਮੇ ਵਿਆਹੇ ਗਏ। ਮੇਰੀ ਮਾਮੀ-ਮਾਂ ਨੇ ਕੋਈ ਹੋਰ ਨਿਆਣਾ ਨਾ ਜੰਮਿਆ। ਉਸ ਕੋਲ ਪੁੱਤਾਂ ਦੀ ਜੋੜੀ ਜੁ ਸੀ! ਪਰਿਵਾਰ ਵੱਡਾ ਹੁੰਦਾ ਗਿਆ। ਨਾਨੇ ਦੀ ਬੋਹੜ ਵਾਲੀ ਛਾਂ ਥੱਲੇ ਸਾਰੇ ਖੁਸ਼ ਸਨ। ਮਾਮੀ ਦੱਸਦੀ, "ਤੇਰੇ ਆਉਣ ਤੋਂ ਬਾਅਦ ਹੀ ਆਪਣਾ ਕੰਮ-ਕਾਰ ਵਧਣ ਲੱਗਿਆ ਸੀ।" ਮਾਮੇ ਖੇਤੀ ਵਿਚੋਂ ਹੀ ਕਿਰਸਾਂ ਕਰ ਕੇ ਜ਼ਮੀਨ ਖਰੀਦ ਲੈਂਦੇ। ਹੌਲੀ-ਹੌਲੀ ਟਰੈਕਟਰ-ਟਰਾਲੀ ਆ ਗਏ। ਸਕੂਟਰ-ਮੋਟਰਸਾਈਕਲ ਵੀ ਆ ਗਏ। ਅਸੀਂ ਸਕੂਲੇ ਜਾਣ ਲੱਗੇ। ਨਾਨਾ ਖੁਸ਼ ਸੀ, ਪਰ ਕਦੇ-ਕਦੇ ਮੇਰੀ ਮਾਂ ਜਾਏ ਪਿਓ ਨੂੰ ਯਾਦ ਕਰ ਕੇ ਮਨ ਭਰ ਲੈਂਦਾ। ਮੇਰੇ ਦਾਦਕਿਆਂ ਵੱਲੋਂ ਕਿਸੇ ਨੇ ਮੇਰੇ ਵੱਲੀਂ ਕਦੀ ਤੱਕਿਆ ਨਹੀਂ ਸੀ, ਪਰ ਮੇਰਾ ਦਾਦਾ ਚੋਰੀਉਂ ਆ ਕੇ ਮਿਲ ਜਾਂਦਾ। ਇਸ ਗੱਲ ਦਾ ਪਤਾ ਮੈਨੂੰ ਗੱਭਰੂ ਹੋਏ ਤੋਂ ਹੀ ਲੱਗਾ। ਦਰਅਸਲ, ਮੇਰਾ ਨਾਨਾ ਤੇ ਦਾਦਾ, ਦੋਵੇਂ ਜਵਾਨੀ ਵਿਚ ਇਕੱਠੇ ਕਬੱਡੀ ਖੇਡਦੇ ਰਹੇ ਸਨ। ਨਾਨੇ ਦੀ ਭੈਣ ਸਾਡੇ ਪਿੰਡ ਹੀ ਵਿਆਹੀ ਹੋਈ ਸੀ। ਉਹੀ ਮੇਰੀ ਮਾਂ ਦਾ ਰਿਸ਼ਤਾ ਲੈ ਕੇ ਗਈ ਸੀ। ਨਾਨੇ ਦਾ ਸਾਡੇ ਪਿੰਡ ਬਹੁਤ ਆਉਣ-ਜਾਣ ਸੀ। ਇਸੇ ਮਿੱਤਰਤਾ ਕਰਕੇ ਨਾਨਾ ਮੇਰਾ ਦਾਦੇ ਨੂੰ ਮਿਲਣ ਤੋਂ ਨਾ ਰੋਕਦਾ। ਮੇਰਾ ਦਾਦਾ ਆਪਣੇ ਪੁੱਤਾਂ ਕੋਲੋਂ ਮੇਰੇ ਪਾਲਣ-ਪੋਸ਼ਣ ਦਾ ਹੱਕ ਵੀ ਨਾ ਲੈ ਸਕਿਆ। ਦੂਜੀ ਗੱਲ, ਦਾਦਾ ਡਰਦਾ ਸੀ ਕਿ ਜੇ ਪਿਆਰਾ ਦਾਦਕੀਂ ਪਲਿਆ ਤਾਂ ਇਸ ਨੂੰ ਕੋਈ ਮਾਰ ਨਾ ਦੇਵੇ।

ਮੈਂ ਗੱਭਰੂ ਹੋ ਗਿਆ। ਸਮਾਂ ਚਲਦਾ ਗਿਆ। ਮਾਮਿਆਂ ਨੇ ਬੈਠ ਕੇ ਵੰਡ-ਵੰਡਾਈ ਲਈ ਨਾਨੇ ਨੂੰ ਪੁੱਛਿਆ। ਨਾਨੇ ਨੇ ਸਾਫ ਕਹਿ ਦਿੱਤਾ, "ਜਿੰਨਾ ਚਿਰ ਪਿਆਰਾ ਤੇ ਸਿੰਗਾਰਾ ਵਿਆਹੇ ਨਹੀਂ ਜਾਂਦੇ, ਤੁਸੀਂ ਅੱਡ ਨਹੀਂ ਹੋ ਸਕਦੇ।" ਸਾਰੇ ਚੁੱਪ ਹੋ ਗਏ। ਮੇਰੀਆਂ ਤਿੰਨਾਂ ਮਾਮੀਆਂ ਨੂੰ ਵੀ ਪਤਾ ਲੱਗ ਗਿਆ ਸੀ ਕਿ ਪਿਆਰਾ ਉਨ੍ਹਾਂ ਦੀ ਜੇਠਾਣੀ ਦਾ ਅਸਲੀ ਪੁੱਤ ਨਹੀਂ, ਇਹ ਤਾਂ ਘਰ ਦਾ ਦੋਹਤਾ ਹੈ; ਪਰ ਉਨ੍ਹਾਂ ਮੇਰੇ ਨਾਲ ਦਗੈਜੀ ਨਹੀਂ ਸੀ ਕੀਤੀ।

ਮੈਂ ਸ਼ਹਿਰ ਕਾਲਜ ਦਾਖਲ ਹੋ ਗਿਆ। ਪੜ੍ਹਾਈ ਵਿਚ ਹੁਸ਼ਿਆਰ ਸਾਂ, ਪੜ੍ਹ-ਲਿਖ ਕੇ ਕੁਝ ਬਣਨਾ ਚਾਹੁੰਦਾ ਸਾਂ, ਪਰ ਪਤਾ ਹੀ ਨਾ ਲੱਗਾ ਕਿ ਕਦੋਂ ਇਸ਼ਕ ਦਾ ਓ ਅ ਪੜ੍ਹਿਆ ਗਿਆ। ਨਾਲ ਪੜ੍ਹਦੀ ਸਿੰਮੀ ਨਾਲ ਅੱਖ ਲੜ ਗਈ। ਉਹ ਅਮਰੀਕਾ ਦੀ ਜੰਮਪਲ ਸੀ, ਪਰ ਆਪਣੇ ਮਾਪਿਆਂ ਦੇ ਕਹਿਣ 'ਤੇ ਉਹ ਪਿੰਡ ਰਹਿ ਕੇ ਕਾਲਜ ਪੜ੍ਹਦੀ ਸੀ। ਫਿਰ ਦੋਵੇਂ ਵਿਹਲੇ ਸਮੇਂ ਮਿਲਣ ਲੱਗੇ। ਸਿੰਮੀ ਦੀ ਹਰ ਮਿਲਣੀ ਦੀ ਕਹਾਣੀ ਮੈਂ ਆਪਣੀ ਮਾਮੀ-ਮਾਂ ਨੂੰ ਦੱਸਦਾ। ਜਿਸ ਦਿਨ ਮੈਨੂੰ ਸਿੰਮੀ ਦਾ ਅਮਰੀਕਨ ਸਿਟੀਜ਼ਨ ਹੋਣ ਦਾ ਪਤਾ ਲੱਗਾ, ਮੈਂ ਬਹੁਤ ਉਦਾਸ ਹੋਇਆ। ਮਾਮੀ-ਮਾਂ ਨਾਲ ਗੱਲ ਕੀਤੀ, ਉਹ ਕਹਿੰਦੀ, "ਪਿਆਰਿਆ! ਜੇ ਤੇਰਾ ਪਿਆਰ ਸੱਚਾ ਹੋਇਆ ਤਾਂ ਉਹ ਤੈਨੂੰ ਛੱਡ ਕੇ ਨਹੀਂ ਜਾਂਦੀ। ਜੇ ਉਹ ਵਿਆਹ ਨੂੰ 'ਹਾਂ' ਕਰਦੀ ਹੈ, ਤਾਂ ਮੈਂ ਇੱਧਰ ਆਪੇ ਸਾਂਭ ਲਊਂ।"

ਪੜ੍ਹਾਈ ਪੂਰੀ ਹੋਈ ਤਾਂ ਸਿੰਮੀ ਦੇ ਵਿਆਹ ਦੀ ਗੱਲ ਤੁਰੀ। ਮੇਰਾ ਜ਼ਿਕਰ ਹੋ ਗਿਆ। ਸਿੰਮੀ ਦੇ ਮਾਪੇ ਜਿਪਸੀ ਲੈ ਕੇ ਪਿੰਡ ਆ ਗਏ। ਮੇਰੇ ਨਾਨੇ ਨੇ ਮੇਰਾ ਦਾਦਾ ਵੀ ਸੱਦ ਲਿਆ।

ਨਾਨੇ ਨੇ ਨਿੱਕੀ-ਨਿੱਕੀ ਗੱਲ ਵੀ ਬੜੀ ਸਿਆਣਪ ਨਾਲ ਸਿੰਮੀ ਦੇ ਮਾਪਿਆਂ ਨੂੰ ਸੁਣਾ ਦਿੱਤੀ। ਕਿਸੇ ਗੱਲ ਦਾ ਕੋਈ ਲੁਕੋ ਨਾ ਰੱਖਿਆ। ਸਿੰਮੀ ਦੇ ਮਾਮੇ ਮੰਨ ਗਏ। ਵਿਆਹ ਰੱਖ ਦਿੱਤਾ। ਘਰ ਵਿਚ ਵਿਚਾਰਾਂ ਹੋਣ ਲੱਗੀਆਂ ਕਿ ਪਿਆਰੇ ਦੇ ਚਾਚੇ-ਚਾਚੀਆਂ ਨੂੰ ਵਿਆਹਾਂ ਵਿਚ ਸੱਦਿਆ ਜਾਵੇ ਕਿ ਨਾ। ਸਾਰਿਆਂ ਦਾ ਉਤਰ ਨਾਂਹ ਵਿਚ ਸੀ, ਪਰ ਨਾਨਾ ਕਹਿੰਦਾ, "ਅਸੀਂ ਉਨ੍ਹਾਂ ਨੂੰ ਸੱਦਾ ਦੇਵਾਂਗੇ। ਬਾਕੀ ਉਨ੍ਹਾਂ ਦੀ ਮਰਜ਼ੀ ਆਉਣ ਜਾਂ ਨਾ ਆਉਣ।"

ਨਾਨੇ ਦੀ ਆਖੀ ਸਿਰ ਮੱਥੇ ਸੀ। ਸੱਦਾ ਪੱਤਰ ਭੇਜਿਆ ਗਿਆ, ਪਰ ਦਾਦੇ ਤੋਂ ਬਿਨਾਂ ਕੋਈ ਨਾ ਆਇਆ। ਮਾਮੇ-ਮਾਮੀਆਂ ਨੇ ਵਿਆਹ ਵਿਚ ਰੱਜ ਕੇ ਖਰਚ ਕੀਤਾ ਤੇ ਖੁਸ਼ੀ ਮਨਾਈ। ਦਾਦੇ ਤੇ ਨਾਨੇ ਦੇ ਤੁਰਲੇ ਵਾਲੀ ਪੱਗ ਤੇ ਹੱਥਾਂ ਵਿਚ ਕੋਕੇ ਜੜੇ ਖੂੰਡੇ ਸਨ। ਮਾਮੀ-ਮਾਂ ਨੇ ਦੋਸੜਾਂ ਲੈ ਕੇ ਪਾਣੀ ਵਾਰ ਕੇ ਪੀਤਾ। ਮਾਮੀ-ਮਾਂ ਦੇ ਸਬਰ ਦਾ ਪਿਆਲਾ ਉਛਲ ਗਿਆ। ਉਹ ਮੇਰੀ ਮਾਂ ਪਾਲੋ ਨੂੰ ਯਾਦ ਕਰ ਕੇ ਰੋ ਪਈ, 'ਪਾਲੋ! ਭੈਣ ਮੇਰੀਏ... ਆ ਜਾ ਦੇਖ, ਸਾਡਾ ਪੁੱਤ ਸਾਡੀ ਨੂੰਹ ਨੂੰ ਵਿਆਹ ਕੇ ਲਿਆਇਆ।'

ਸਾਰਿਆਂ ਨੇ ਅੱਖਾਂ ਗਿੱਲੀਆਂ ਕਰ ਕੇ ਮਾਂ ਦੀ ਮੌਜੂਦਗੀ ਨੂੰ ਪ੍ਰਵਾਨ ਕਰ ਲਿਆ ਸੀ। ਮੈਨੂੰ ਕਦੇ ਮਾਂ ਦੀ ਘਾਟ ਮਹਿਸੂਸ ਨਹੀਂ ਹੋਈ ਸੀ, ਨਾ ਹੀ ਕਦੇ ਮਾਮੀ-ਮਾਂ ਨੇ ਮਹਿਸੂਸ ਹੋਣ ਦਿੱਤੀ ਸੀ।

ਚਾਚਿਆਂ ਤੋਂ ਛੁੱਟ ਸਾਰੇ ਪਾਸੇ ਮੇਰੇ ਵਿਆਹ ਦੀਆਂ ਖੁਸ਼ੀਆਂ ਦੇ ਵਾਜੇ ਵੱਜੇ। ਦਾਦਾ ਸਿੰਮੀ ਲਈ ਵਾਲੀਆਂ ਤੇ ਮੇਰੇ ਲਈ ਛਾਪ ਲੈ ਕੇ ਆਇਆ ਸੀ। ਬਾਕੀ ਮਾਮੀਆਂ ਨੇ ਤਾਂ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਸਿੰਮੀ ਮੇਰੇ ਕੋਲ ਚਾਰ ਮਹੀਨੇ ਰਹੀ ਤੇ ਫਿਰ ਅਮਰੀਕਾ ਆ ਗਈ। ਇਕ ਸਾਲ ਬਾਅਦ ਮੇਰੀ ਵੀ ਤਿਆਰੀ ਹੋ ਗਈ। ਸਿੰਮੀ ਮੈਨੂੰ ਪਿੰਡੋਂ ਲੈਣ ਗਈ। ਮਾਮੀਆਂ ਨੇ ਚਾਵਾਂ ਨਾਲ ਸਿੰਮੀ ਨੂੰ ਲੱਦ ਦਿੱਤਾ। ਵਿਛੜਨ ਵੇਲੇ ਸਾਰੇ ਰੋਣ ਲੱਗੇ। ਮਾਮੀ-ਮਾਂ ਤਾਂ ਮੈਨੂੰ ਹਿੱਕ ਨਾਲੋਂ ਲਾਹੇ ਨਾ। ਚੌਵੀ ਸਾਲ ਨਾਨਕੇ ਪਿੰਡ ਰਹਿ ਕੇ ਮੈਂ ਸਿੰਮੀ ਨਾਲ ਅਮਰੀਕਾ ਆ ਗਿਆ। ਇਥੇ ਆ ਕੇ ਦਿਲ ਨਾ ਲੱਗੇ। ਸਿੰਮੀ ਮੈਨੂੰ ਫਿਰ ਮਹੀਨੇ ਲਈ ਪਿੰਡ ਲੈ ਗਈ। ਮੈਂ ਸਾਰਿਆਂ ਨੂੰ ਮਿਲ ਕੇ ਬਹੁਤ ਖੁਸ਼ ਹੋਇਆ। ਨਾਨੇ ਨੇ ਕਿਹਾ, "ਪਿਆਰਿਆ! ਹੁਣ ਤੂੰ ਉਥੇ ਦਿਲ ਲਾ ਕੇ ਕੰਮ ਕਰੀਂ। ਆਹ ਮਾਮਿਆਂ ਦੇ ਪੁੱਤ-ਧੀਆਂ ਸਾਰੇ ਅਮਰੀਕਾ ਸੱਦਣੇ ਹਨ। ਨਾਲੇ ਤੇਰੇ ਚਾਚਿਆਂ ਦਾ ਕੰਮ ਬਹੁਤਾ ਸੂਤ ਨਹੀਂ, ਤੂੰ ਉਨ੍ਹਾਂ ਬਾਰੇ ਵੀ ਸੋਚਣਾ ਹੈ। ਨਹੁੰਆਂ ਤੋਂ ਮਾਸ ਵੱਖ ਨਹੀਂ ਹੁੰਦਾ।" ਮੈਂ ਨਾਨੇ ਦੇ ਗੋਡੇ ਫੜ ਲਏ, "ਧੰਨ ਆ ਤੂੰ ਨਾਨਾ ਜਿਸ ਵਿਚ ਇੰਨੀ ਨਿਮਰਤਾ ਤੇ ਪਿਆਰ ਹੈ।"

ਨਾਨੇ ਦੀਆਂ ਆਖੀਆਂ ਗੱਲਾਂ ਲੜ ਬੰਨ੍ਹ ਕੇ ਸਿੰਮੀ ਨਾਲ ਵਾਪਸ ਆ ਗਿਆ। ਟਰੱਕ ਦਾ ਲਾਇਸੰਸ ਲੈ ਕੇ ਦਿਨ-ਰਾਤ ਇਕ ਕਰ ਦਿੱਤੇ। ਪਹਿਲਾਂ ਸਾਲੀ ਦਾ ਰਿਸ਼ਤਾ ਸਿੰਗਾਰੇ ਨੂੰ ਕਰਵਾਇਆ। ਫਿਰ ਬਾਕੀ ਸਾਰੇ ਵਾਰੀ-ਵਾਰੀ ਸੱਦ ਲਏ। ਮਾਮਿਆਂ ਦੇ ਸਾਰੇ ਧੀਆਂ-ਪੁੱਤ ਅਮਰੀਕਾ ਆ ਗਏ। ਸਾਨੂੰ ਪਰਮਾਤਮਾ ਨੇ ਦੋ ਪੁੱਤਰਾਂ ਦੀ ਦਾਤ ਬਖਸ਼ ਦਿੱਤੀ। ਮੇਰਾ ਸਹੁਰਾ ਪਰਿਵਾਰ ਵੀ ਸਿੰਮੀ ਦੀ ਪਸੰਦ ਤੋਂ ਪੂਰਾ ਖੁਸ਼ ਸੀ।

ਖੁਸ਼ੀ ਨਾਲ ਗਮੀ ਵੀ ਹਮਸਫਰ ਬਣ ਤੁਰਦੀ ਹੈ। ਨਾਨੀ ਸਵਰਗਵਾਸ ਹੋ ਗਈ। ਮੈਂ ਪਿੰਡ ਗਿਆ। ਫਿਰ ਖਬਰ ਆਈ ਕਿ ਨਾਨਾ ਬਿਮਾਰ ਰਹਿੰਦਾ ਹੈ, ਮਿਲਣ ਲਈ ਕਹਿੰਦਾ ਹੈ। ਮੈਂ ਝੱਟ ਪਿੰਡ ਪਹੁੰਚ ਗਿਆ। ਇਕ ਹਫ਼ਤਾ ਨਾਨੇ ਕੋਲ ਰਿਹਾ। ਬੜੀਆਂ ਸਿਆਣੀਆਂ ਗੱਲਾਂ ਦੀ ਵਸੀਅਤ ਮੇਰੇ ਨਾਂ ਕਰਵਾ ਗਿਆ। ਸਵੇਰੇ ਚਾਹ ਦਾ ਪਿਆਲਾ ਪੀ ਕੇ ਧੁੱਪੇ ਸੌਂ ਗਿਆ ਤੇ ਮੁੜ ਨਾ ਉਠਿਆ। ਮੜ੍ਹੀਆਂ ਵਿਚ ਤਿਲ ਸੁੱਟਣ ਜਿੰਨੀ ਥਾਂ ਵੀ ਨਹੀਂ ਸੀ।

ਸਾਡਾ ਪਰਿਵਾਰ ਹੀ ਨਹੀਂ, ਸਾਰਾ ਪਿੰਡ ਰੋਇਆ। ਨਾਨੇ ਨੂੰ ਤੋਰ ਕੇ ਮੈਂ ਵਾਪਸ ਆ ਗਿਆ। ਨਾਨੇ ਦੀਆਂ ਕਹੀਆਂ ਗੱਲਾਂ ਵਾਰ-ਵਾਰ ਦਿਮਾਗ ਵਿਚ ਘੁੰਮਦੀਆਂ ਰਹਿੰਦੀਆਂ। ਮੈਂ ਕਮਾਈ ਕਰਦਾ ਗਿਆ। ਘਰ ਖਰੀਦ ਲਿਆ। ਸਿੰਮੀ ਦੀ ਵਧੀਆ ਜੌਬ ਸੀ। ਮਾਮਿਆਂ ਦੇ ਧੀਆਂ-ਪੁੱਤ ਆਪੋ-ਆਪਣੀ ਥਾਂ ਖੁਸ਼ ਸਨ। ਹੁਣ ਚਾਚਿਆਂ ਦੇ ਧੀਆਂ-ਪੁੱਤ ਅਮਰੀਕਾ ਵਾੜਨੇ ਸੀ। ਇਕ ਦਿਨ ਮੈਂ ਆਪਣੇ ਸਹੁਰੇ ਨਾਲ ਸਲਾਹ ਕੀਤੀ ਕਿ ਆਪਣੇ ਚਾਚੇ ਦਾ ਪੁੱਤ ਅਮਰੀਕਾ ਸੱਦਣਾ ਹੈ। ਉਹ ਹੈਰਾਨ ਹੋਇਆ, "ਤੇਰਾ ਦਿਮਾਗ ਤਾਂ ਸਹੀ ਹੈ। ਜਿਨ੍ਹਾਂ ਨੇ ਤੈਨੂੰ ਦੁੱਧ ਚੁੰਘਦੇ ਨੂੰ ਘਰੋਂ ਕੱਢ ਦਿੱਤਾ, ਉਨ੍ਹਾਂ ਦੇ ਪੁੱਤ ਨੂੰ ਤੂੰ ਅਮਰੀਕਾ ਵਾੜੇਂਗਾ?" ਬਸ, ਸਭ ਦਾ ਇਕੋ ਨਜ਼ਰੀਆ ਸੀ, ਪਰ ਨਾਨੇ ਦਾ ਸਭ ਤੋਂ ਵੱਖਰਾ ਸੀ। ਮਾਮੇ-ਮਾਮੀਆਂ ਸਮੇਤ ਅਠਾਰਾਂ ਜੀਅ ਅਮਰੀਕਾ ਆ ਚੁੱਕੇ ਸਨ। ਮੈਂ ਚਾਚੇ ਦਾ ਪੁੱਤ ਸੱਦਣ ਲਈ ਪਿੰਡ ਗਿਆ। ਦਾਦੇ ਰਾਹੀਂ ਚਾਚਿਆਂ ਨੂੰ ਮਿਲਿਆ। ਉਨ੍ਹਾਂ ਨੂੰ ਯਕੀਨ ਨਾ ਆਵੇ ਕਿ ਪਿਆਰਾ ਸਾਡਾ ਇਥੋਂ ਤੱਕ ਵੀ ਸੋਚ ਸਕਦਾ ਹੈ। ਇਕ ਚਾਚਾ ਤਾਂ ਇਹ ਵੀ ਕਹਿ ਗਿਆ ਕਿ 'ਇਹਨੇ ਸਾਡਾ ਪੁੱਤ ਮਰਵਾ ਦੇਣਾ ਹੈ।' ਉਹ ਸ਼ਾਇਦ ਆਪਣੀ ਥਾਂ ਠੀਕ ਸਨ ਕਿ ਅਸੀਂ ਇਸ ਨੂੰ ਗੋਦੀ ਨਹੀਂ ਦਿੱਤੀ ਤੇ ਇਹ ਸਾਡੇ ਪੁੱਤ ਨੂੰ ਅਮਰੀਕਾ ਕਿਵੇਂ ਲੈ ਜਾਵੇਗਾ? ਪਰ ਨਹੀਂ, ਗੁੜ੍ਹਤੀ ਵਿਚ ਮਿਲੀਆਂ ਸੁਗਾਤਾਂ ਹੀ ਬਾਅਦ ਵਿਚ ਵੰਡੀਆਂ ਜਾਂਦੀਆਂ ਹਨ।

ਦਾਦਕਿਆਂ ਵੱਲੋਂ ਹੁੰਗਾਰਾ ਮਿਲਣ ਤੋਂ ਬਾਅਦ ਮੈਂ ਸਿੱਧੇ-ਅਸਿੱਧੇ ਢੰਗ ਨਾਲ ਉਨ੍ਹਾਂ ਨੂੰ ਅਮਰੀਕਾ ਸੱਦ ਲਿਆ। ਚਾਚਿਆਂ ਦੇ ਸਾਰੇ ਧੀ-ਪੁੱਤ ਅਮਰੀਕਾ ਆ ਚੁੱਕੇ ਸਨ। ਕਾਰਾਂ ਦੇ ਲਾਇਸੰਸ ਦਿਵਾ ਕੇ ਕੰਮਾਂ 'ਤੇ ਵੀ ਲਵਾ ਦਿੱਤੇ। ਹੁਣ ਮੈਂ ਚਾਚਿਆਂ ਦਾ 'ਸਾਡਾ ਪਿਆਰਾ' ਬਣ ਗਿਆ।

ਨਾਨਕਿਆਂ ਤੇ ਦਾਦਕਿਆਂ ਦੀ ਟੁੱਟੀ ਗੰਢਣ ਲਈ ਮੈਂ ਮਾਮੇ ਦੀ ਧੀ ਦਾ ਰਿਸ਼ਤਾ ਚਾਚੇ ਦੇ ਮੁੰਡੇ ਨੂੰ ਕਰਨ ਦੀ ਸਲਾਹ ਦਿੱਤੀ। ਸਾਰਿਆਂ ਨੇ ਨਾਂਹ-ਪੱਖੀ ਹੁੰਗਾਰਾ ਭਰਿਆ, ਪਰ ਮੇਰੀ ਮਾਮੀ-ਮਾਂ ਨੇ ਹਾਂ ਕਰ ਦਿੱਤੀ। ਫਿਰ ਅਸੀਂ ਚਾਚਿਆਂ ਨਾਲ ਸਲਾਹ ਕੀਤੀ ਤਾਂ ਉਹ ਝੱਟ ਮੰਨ ਗਏ। ਮੇਰੇ ਨਾਨਕਿਆਂ-ਦਾਦਕਿਆਂ ਦੇ ਲੋਕ ਹੈਰਾਨ ਸਨ ਕਿ ਪਿਆਰਾ ਕੀ ਕਰੀ ਜਾਂਦਾ ਹੈ! ਅਸੀਂ ਪਿੰਡ ਜਾ ਕੇ ਵਿਆਹ ਕਰ ਆਏ। ਮੈਂ ਦਾਦਕਿਆਂ ਦੇ ਬੰਦਿਆਂ ਨੂੰ ਮਿਲਿਆ, ਉਨ੍ਹਾਂ ਮੇਰੇ ਮੋਢੇ 'ਤੇ ਹੱਥ ਰੱਖ ਕੇ ਸ਼ਾਬਾਸ਼ ਦਿੱਤੀ, ਹਰ ਘਰ ਮੇਰੇ ਵਰਗਾ ਪੁੱਤਰ ਹੋਣ ਦੀ ਕਾਮਨਾ ਕੀਤੀ। ਭੁੱਖ-ਦੁੱਖ ਨਾਲ ਲੜਦੇ ਚਾਚੇ ਅਮਰੀਕਾ ਦੀਆਂ ਪਾਰਕਾਂ ਵਿਚ ਉਚੀ-ਉਚੀ ਹੱਸਦੇ ਦੇਖ ਕੇ ਮੈਂ ਮਨ ਵਿਚ ਹੈਰਾਨ ਹੁੰਦਾ ਸੀ ਕਿ ਰੱਬ ਕਿਹੋ ਜਿਹੀਆਂ ਤਕਦੀਰਾਂ ਲਿਖਦਾ ਹੈ!

ਮੈਨੂੰ ਨਾਨੇ ਦੀ ਵਸੀਅਤ ਯਾਦ ਆ ਗਈ। ਉਹ ਕਹਿੰਦਾ ਸੀ, "ਪਿਆਰਿਆ! ਤੇਰੇ ਚਾਚੇ-ਚਾਚੀਆਂ ਤੈਨੂੰ ਸਾਂਭਣ ਤੋਂ ਮੁੱਕਰ ਗਏ ਸਨ, ਉਹ ਆਪਣੀ ਥਾਂ ਠੀਕ ਹੋ ਸਕਦੇ ਹਨ, ਪਰ ਅਸੀਂ ਤੈਨੂੰ ਸਾਂਭ ਲਿਆ, ਸਾਡਾ ਫਰਜ਼ ਵੀ ਬਣਦਾ ਸੀ। ਜੇ ਸਾਰੀ ਉਮਰ ਮੈਂ ਤੇਰੇ ਕੋਰੇ ਕਾਗਜ਼ ਵਰਗੇ ਦਿਲ 'ਤੇ ਚਾਚਿਆਂ ਵਿਰੁਧ ਨਫ਼ਰਤ ਲਿਖਦਾ ਰਹਿੰਦਾ, ਤਾਂ ਸ਼ਾਇਦ ਤੂੰ ਜਿਉਂਦਾ ਨਾ ਰਹਿ ਸਕਦਾ। ਤੂੰ ਬਦਲੇ ਦੀ ਅੱਗ ਨਾਲ ਉਨ੍ਹਾਂ ਨੂੰ ਸਾੜ ਦਿੰਦਾ ਤੇ ਖੁਦ ਵੀ ਸੜ ਜਾਂਦਾ। ਜੇ ਤੂੰ ਬਦਲੇ ਵਿਚ ਉਨ੍ਹਾਂ ਦਾ ਕੋਈ ਨੁਕਸਾਨ ਕਰ ਜਾਂਦਾ, ਤਾਂ ਤੇਰੇ ਅਤੇ ਉਨ੍ਹਾਂ ਵਿਚ ਫਰਕ ਕੀ ਰਹਿ ਜਾਣਾ ਸੀ? ਮੈਂ ਤੈਨੂੰ ਬਦਲੇ ਵਿਚ ਮਰਨ ਨਹੀਂ ਦੇਣਾ ਚਾਹੁੰਦਾ ਸੀ। ਚਾਚਿਆਂ ਨੂੰ ਪਿਆਰ ਨਾਲ ਜਿੱਤ, ਉਹ ਤੇਰੇ ਪੈਰ ਫੜ ਲੈਣਗੇ। ਮਾਮੇ ਵੀ ਤੇਰੇ ਹਨ ਤੇ ਚਾਚੇ ਵੀ ਬਗਾਨੇ ਨਹੀਂ। ਮੇਰੇ ਮਰਨ ਤੋਂ ਬਾਅਦ ਦਿਲ ਨਹੀਂ ਛੱਡਣਾ। ਜੋ ਕਿਹਾ, ਉਹ ਪੂਰਾ ਕਰੀਂ।" ਨਾਨਾ ਇਹ ਕਹਿੰਦਾ ਅੱਖਾਂ ਮੀਟ ਗਿਆ।

ਇਕ ਦਿਨ ਮਾਮੇ ਚਾਚੇ ਸਾਰੇ ਇਕੱਠੇ ਹੋ ਗਏ। ਚਾਚੇ ਕਹਿੰਦੇ, "ਪਿਆਰਿਆ! ਜੋ ਅਸੀਂ ਤੇਰੇ ਨਾਲ ਕੀਤਾ, ਉਸ ਲਈ ਮੁਆਫ਼ੀ ਮੰਗਣੀ ਤਾਂ ਮੁਆਫ਼ੀ ਸ਼ਬਦ ਦੀ ਤੌਹੀਨ ਹੈ, ਪਰ ਅਸੀਂ ਫਿਰ ਵੀ ਭੁੰਜੇ ਬਹਿ ਕੇ ਮੁਆਫ਼ੀ ਮੰਗਦੇ ਹਾਂ।" ਸਾਰੇ ਧਾਹੀਂ ਰੋ ਪਏ। ਮੈਂ ਸਭ ਨੂੰ ਗਲੇ ਲਾਇਆ ਤੇ ਹੌਸਲਾ ਦਿੱਤਾ।

ਫਿਰ ਪਿੰਡੋਂ ਖਬਰ ਆਈ ਕਿ ਦਾਦਾ ਸਵਰਗਵਾਸ ਹੋ ਗਿਆ। ਉਸ ਦੀ ਵਸੀਅਤ ਦੇਖੀ, ਉਹ ਸਾਰੀ ਜ਼ਮੀਨ ਤੇ ਘਰ ਮੇਰੇ ਨਾਂ ਲਾ ਗਿਆ ਸੀ। ਮੈਨੂੰ ਦਾਦੇ 'ਤੇ ਗੁੱਸਾ ਆਇਆ ਕਿ ਉਸ ਨੇ ਇਹ ਕਿਉਂ ਕੀਤਾ! ਫਿਰ ਚਾਚਿਆਂ ਨੇ ਕਿਹਾ, "ਬਾਪੂ ਨੇ ਸਾਡੇ ਕਹਿਣ 'ਤੇ ਹੀ ਵਸੀਅਤ ਲਿਖਾਈ ਸੀ। ਜੇ ਤੂੰ ਸਾਨੂੰ ਆਪਣਾ ਸਮਝ ਕੇ ਅਮਰੀਕਾ ਸੱਦ ਸਕਦਾ ਹੈਂ, ਤਾਂ ਅਸੀਂ ਤੈਨੂੰ ਆਪਣਾ ਸਮਝ ਕੇ ਇੰਨਾ ਵੀ ਨਹੀਂ ਕਰ ਸਕਦੇ! ਜੇ ਤੈਨੂੰ ਅਸੀਂ ਨਿੱਕੇ ਹੁੰਦੇ ਨੂੰ ਘਰੋਂ ਧੱਕਿਆ ਸੀ ਤਾਂ ਅੱਜ ਤੈਨੂੰ ਅਸੀਂ ਆਪਣੇ ਦਿਲਾਂ 'ਚ ਵਾੜ ਲਿਆ ਹੈ। ਅੱਜ ਤੂੰ ਫਿਰ ਇਸ ਪਿੰਡ ਦਾ ਪੁੱਤ-ਪੋਤਰਾ ਬਣ ਗਿਆ ਹੈਂ।" ਮੈਂ ਰੋਂਦੇ ਨੇ ਚਾਚਿਆਂ ਦੇ ਪੈਰ ਫੜ ਲਏ।

## ਕਾਵਿ-ਕਿਆਰੀ

### ਅਸੀਂ ਚਾਨਣ ਦੇ ਵਾਰਸ

ਅਕ੍ਰਿਤਘਣੋ, ਫਰੇਬੀਓ,
ਕੀ ਸੋਚਿਆ ਤੁਸਾਂ,
ਚਾਨਣ ਨੂੰ ਜ਼ਿਬਾਹ ਕਰ ਲਵੋਗੇ।
ਸਾਡੇ ਇਸ਼ਟ, ਸਾਡੇ ਗੁਰੂ,
ਗ੍ਰੰਥ ਸਾਹਿਬ ਜੀ ਦੀ ਬੇਅਦਬੀ,
ਭੁੱਲ ਜਾਊ,
ਤੁਸੀਂ ਉਥੇ ਨਹੀਂ ਪਹੁੰਚ ਸਕਦੇ।
ਕਦੀ ਕੋਈ ਚਾਨਣ ਦੇ
ਟੋਟੇ ਕਰ ਸਕਿਆ!
ਦੇਹੀ ਕਾਚੀ ਕਾਗਦੁ ਮਿਕਦਾਰਾ॥

ਕਾਗਜ਼ ਦੀ ਸੀਮਾ ਹੈ।
ਵਕਤ ਨਾਲ ਜਰਜਰਾ ਹੋ ਜਾਂਦੈ,
ਗੁਰੂ ਦੇ ਸਰੂਪ ਬਿਰਧ ਹੋ ਜਾਂਦੇ ਨੇ।
ਪਰ ਗੁਰੂ ਗ੍ਰੰਥ ਸਾਹਿਬ
ਸਿਰਫ ਸਰੂਪ ਨਹੀਂ,
ਇਹ ਇੱਕ ਸਿਧਾਂਤ ਹੈ।
ਰੂਹੇ ਰਵਾਂ ਹੈ, ਜੀਵਨ ਜਾਚ ਹੈ।
ਇੱਕ ਫਲਸਫਾ ਹੈ,
ਪਰਮੇਸੁਰ ਦਾ ਥਾਨ ਹੈ।
ਇੱਕ ਰੂਹਾਨੀ ਸੋਚ,
ਤੇ ਪੂਰਨ ਬ੍ਰਹਮ ਗਿਆਨ ਹੈ।

ਨਾਸ਼ੁਕਰਿਓ, ਇਹ ਉਹ ਚਾਨਣ ਹੈ,
ਜੋ ਤੁਹਾਡਾ ਵੀ ਰਾਹ ਦਸੇਰਾ ਹੈ।
ਜਿਹਦੇ ਵਿਚ ਸਭ ਜਾਤਾਂ,
ਸਭ ਨਸਲਾਂ, ਕੌਮਾਂ, ਧਰਮਾਂ,
ਸਰਬ ਖਲਕਤ ਦਾ ਅਭਿਨੰਦਨ ਹੈ।
ਜਿਸ ਘਰ ਦੇ
ਚਾਰ ਦਿਸ਼ਾਵੀਂ ਦਰਵਾਜ਼ੇ ਨੇ।
ਜਿਹਦੇ ਵਿਚ
ਸਰਬੱਤ ਦੇ ਭਲੇ ਦੀ ਅਰਦਾਸ ਹੈ।
ਤੁਸੀਂ ਆਪਣੇ ਆਪ ਨੂੰ ਕਿਨ
ਤਿੰਨਾਂ ਤੇਰਾਂ ਵਿਚ ਗਿਣਦੇ ਹੋ।
ਤੁਸੀਂ ਕਿਹੜੇ ਪਾਵੇ ਨਾਲ
ਆਪਣਾ ਕਾਲ ਬੰਨ ਆਏ ਹੋ।
ਤੁਸੀਂ ਕੀ ਸਾਬਤ ਕਰਨਾ ਚਾਹੁੰਦੇ ਜੇ।

ਆਂਹਦੇ ਨੇ, ਜਦ ਕੁੱਤੇ ਦੀ
ਮੌਤ ਆਉਣੀ ਹੁੰਦੀ ਹੈ...।
ਅਸੀਂ ਗਫਲਤ ਦੀ ਨੀਂਦਰ ਸੌਂ ਗਏ ਸਾਂ।
ਆਉ, ਜਾਗੀਏ ਤੇ
ਆਪਣੇ ਅੰਦਰੀਂ ਬਹੁਕਰ ਮਾਰੀਏ।
ਆਪਣੇ ਇਸ਼ਟ ਵਿਚ
ਭਰੋਸਾ ਹੋਰ ਪਕੇਰਾ ਕਰੀਏ।
ਗੁਰੂ ਦੇ ਅਦਬ ਨੂੰ
ਹੋਰ ਸੁਰੱਖਿਅਤ ਤੇ ਉਚੇਰਾ ਕਰੀਏ।
ਇੱਕ ਜੁੱਟ ਹੋ ਕੇ ਦੋਖੀਆਂ ਨੂੰ
ਉਨ੍ਹਾਂ ਦੀ ਥਾਂ ਦਿਖਾਈਏ।
ਆਉ, ਪ੍ਰਣ ਕਰੀਏ।

*-ਮਨਜੀਤ ਕੌਰ ਸੇਖੋਂ*
*ਫੋਨ: 916-690-2379*

---

### ਟੱਪੇ

ਮੰਦੀਆਂ ਅਫਵਾਹਾਂ ਨੇ।
ਵਤਨਾਂ ਦੇ ਵਿਚ ਝੁੱਲੀਆਂ,
ਅੱਜ ਤੱਤੀਆਂ ਹਵਾਵਾਂ ਨੇ।

ਇਹ ਕੀਕਣ ਬਾਤ ਬਣੀ।
ਸ਼ੀਂਹ ਦੀ ਸੁਰੱਖਿਆ ਨੂੰ,
ਗਿੱਦੜਾਂ ਦੀ ਫੌਜ ਤਣੀ।

ਮੁਆਫ਼ੀ ਵੀ ਚਾਂਦੀ ਏ।
ਖੋਟੀ ਜੇ ਨਿਕਲੇ,
ਏਹ ਮੁੜ ਵੀ ਜਾਂਦੀ ਏ।

ਜਥੇ ਉਲਝੇ ਖਹਿ ਖਹਿ ਕੇ।
ਜਥੇਦਾਰ ਹੁਕਮ ਲਿਖੇ,
ਭੋਰੇ ਦੇ ਵਿਚ ਬਹਿ ਕੇ।

ਬੇਤਖਤੇ ਰਹਿ ਗਏ ਨੇ।
ਜਿਨ੍ਹੀ ਨੇ ਸਜਾਏ ਸੀ,
ਉਨ੍ਹੀ ਨੇ ਲੈ ਲਏ ਨੇ।

ਕੀ ਭਾਣੇ ਵਰਤ ਰਹੇ।
ਦੁੱਲਿਆਂ ਤੇ ਜੱਗਿਆਂ ਦੇ,
ਧੜ ਰੁੱਖਾਂ 'ਚੋਂ ਲਟਕ ਰਹੇ।

ਨੇ ਮਰਦਾਂ ਦੇ ਧੰਦੇ।
ਛੱਡੋ ਸਰਦਾਰਾਂ ਨੂੰ,
ਹੁਣ ਆਪ ਬਣੋ 'ਬੰਦੇ'।

*-ਕੁਲਬੀਰ ਪੱਡਾ*

---

### ਮਾਂ ਦਾ ਕਰਜ

ਜੋ ਵੀ ਮਾਂ ਨੇ ਕੀਤਾ ਸਭ ਕੁਝ
ਮੈਂ ਉਹ ਕਰ ਇਕ ਵਾਰ ਨ੍ਹੀਂ ਸਕਿਆ।
ਮਾਂ ਦੇ ਸਿਰ ਕਰਜ ਬੜੇ ਨੇ
ਮੈਂ ਉਹ ਕਦੇ ਉਤਾਰ ਨ੍ਹੀਂ ਸਕਿਆ।

ਦੁੱਖ ਤਕਲੀਫਾਂ ਸੱਭੇ ਘਰ ਦੀਆਂ
ਹੱਸ ਹੱਸ ਕੇ ਉਹ ਜਰ ਲੈਂਦੀ ਸੀ।
ਰੱਬ ਜਾਣਦਾ ਇਹ ਸਭ ਗੱਲਾਂ
ਮਾਂ ਕਿੰਦਾਂ ਹੀ ਕਰ ਲੈਂਦੀ ਸੀ।
ਏਦਾਂ ਦਾ ਮੈਂ ਕਰੜਾ ਜੇਰਾ
ਕਦੇ ਵੀ ਕਰ ਇਕ ਵਾਰ ਨ੍ਹੀਂ ਸਕਿਆ।

ਗੋਦੀ ਵਿਚ ਲਿਟਾ ਕੇ ਮੈਨੂੰ
ਚੁੱਲ੍ਹਾ ਉਸ ਤਪਾਉਣਾ।
ਜਾਂ ਫਿਰ ਚੁੱਕ ਗਦੇੜੀ ਉਤੇ
ਝਾੜੂ-ਪੋਚਾ ਲਾਉਣਾ।
ਤੀਲਾ-ਤੀਲਾ ਬਿਖਰੇ ਘਰ ਨੂੰ
'ਕੱਠਾ ਕਰ ਇਕ ਵਾਰ ਨ੍ਹੀਂ ਸਕਿਆ।

ਉਹਦਾ ਕੀ ਸੀ, ਉਹ ਰੱਬ ਸੀ
ਸਭ ਕੁਝ ਰਹੀ ਲੁਟਾਉਂਦੀ।
ਆਪਣੇ ਮੂੰਹ ਦੀ ਬੁਰਕੀ ਕੱਢ ਕੇ
ਮੇਰੇ ਮੂੰਹ ਰਹੀ ਪਾਉਂਦੀ।
ਉਸ ਦੇ ਭੁੱਖੇ ਢਿੱਡ ਦੀ ਯਾਰੋ
ਸੁਣ ਮੈਂ ਕਦੇ ਪੁਕਾਰ ਨ੍ਹੀਂ ਸਕਿਆ।

ਚਾਰ ਕੁ ਲਫਜ਼ਾਂ ਨੂੰ ਲਿਖ ਦੇਣਾ
ਖਿਚ ਕੇ ਚਾਰ ਲਕੀਰਾਂ।
ਕਾਸ਼! ਕਿਤੇ ਮੈਂ ਲਿਖ ਸਕਦਾ ਜੇ
ਮਾਂ ਦੀਆਂ ਵੀ ਤਕਦੀਰਾਂ।
ਪਰ ਇੰਨੀ ਕਲਮ 'ਚ ਤਾਕਤ ਕਿੱਥੇ
ਕੋਰੇ ਕਾਗਜ਼ ਪਾੜ ਨ੍ਹੀਂ ਸਕਿਆ।
ਇਕ ਪਛਤਾਵਾ ਉਮਰਾਂ ਤਾਈਂ
ਜੋ ਵੀ ਉਹ ਕਰ 'ਗੀ।
ਸਭ ਕੁਝ ਬਣਿਆ 'ਪਵਨ' ਗਿੱਲਾਂ ਦਾ
ਬਣਿਆ ਨਹੀਂ ਹਮਦਰਦੀ।
ਮੈਂ ਇਹ ਪੀੜਾਂ ਮਨ ਦੇ ਉਤੇ
'ਕੱਲਾ ਕਦੇ ਸਹਾਰ ਨ੍ਹੀਂ ਸਕਿਆ।

*-ਪਵਨ ਗਿੱਲਾਂ ਵਾਲਾ*
*ਫੋਨ: 604-615-9877*

---

### ਪੂਰਕ

ਤੂੰ ਚਾਹੇ ਲੱਖਾਂ
ਨਕਲੀ ਖਿਡੌਣਿਆਂ ਨਾਲ
ਮਨ ਪਰਚਾ ਲੈ, ਸੇਜ ਸਜਾ ਲੈ
ਕੱਪੜਿਆਂ ਦਾ ਅਕਾਰ ਘਟਾ ਲੈ
ਆਪਣੇ ਆਪ ਨੂੰ ਸ਼ੋਅ ਰੂਮ 'ਚ ਸਜਾ ਲੈ
ਵਪਾਰ ਦਾ ਸਾਧਨ ਬਣਾ ਲੈ
ਆਧੁਨਿਕ ਨਾਰੀ
ਜਾਂ ਕੁਝ ਹੋਰ ਅਖਵਾ ਲੈ
ਐਪਰ ਜ਼ਿੰਦਗੀ 'ਚ ਰਹਿਣੀ
ਸਦੀਵੀ ਸਾਥੀ ਦੀ ਲੋੜ
ਪੂਰੀ ਜੋ ਕਰੇ ਜੀਵਨ ਦੀ ਹਰ ਥੋੜ
ਫਿਰ ਇਸ ਥੋੜ ਵਿਚੋਂ
ਪੈਦਾ ਹੋਣਾ ਇਹ
ਅਹਿਸਾਸ ਵੀ ਜ਼ਰੂਰੀ ਹੈ
ਮਰਦ ਔਰਤ ਬਿਨਾਂ ਨਹੀਂ ਪੂਰਾ,
ਤੇ ਔਰਤ ਮਰਦ ਬਿਨਾਂ ਅਧੂਰੀ ਹੈ।

*-ਨੀਲਮ ਸੈਣੀ, ਕੈਲੀਫੋਰਨੀਆ*

Punjab Times

# 'ਬਾਬਾ ਵੇ ਕਲਾ ਮਰੋੜ' ਵਾਲੀ ਮਾਈ ਮੋਹਣੋ ਜਗਮੋਹਨ ਕੌਰ

**ਬਰਸੀ 'ਤੇ ਵਿਸ਼ੇਸ਼**

ਪੰਜਾਬੀ ਸਰੋਤਿਆਂ ਦੇ ਦਿਲਾਂ 'ਤੇ ਲੰਮਾ ਸਮਾਂ ਰਾਜ ਕਰਨ ਵਾਲੀ ਪ੍ਰਸਿਧ ਗਾਇਕਾ ਜਗਮੋਹਨ ਕੌਰ, ਜਿਸ ਨੂੰ ਕੇ. ਦੀਪ ਗੀਤਾਂ ਵਿਚ 'ਮਾਈ ਮੋਹਣੋ' ਕਹਿ ਕੇ ਪੁਕਾਰਦਾ ਸੀ, ਦਾ ਜਨਮ 16 ਅਪਰੈਲ 1948 ਵਿਚ ਜ਼ਿਲ੍ਹਾ ਰੋਪੜ ਦੇ ਪਿੰਡ ਬੂਰਮਾਜਰਾ ਵਿਚ ਪਿਤਾ ਸ. ਗੁਰਬਚਨ ਸਿੰਘ ਦੇ ਘਰ ਮਾਤਾ ਪ੍ਰਕਾਸ਼ ਕੌਰ ਦੀ ਕੁੱਖੋਂ ਹੋਇਆ। ਪੜ੍ਹਾਈ ਪੂਰੀ ਕਰਨ ਉਪਰੰਤ ਜਗਮੋਹਨ ਕੌਰ

ਸ਼ਮਸ਼ੇਰ ਸਿੰਘ ਸੋਹੀ
ਫੋਨ: 91-98764-74671

ਸਕੂਲ ਵਿਚ ਅਧਿਆਪਕ ਵੀ ਲੱਗੀ। ਉਸ ਨੇ ਮਹਾਨ ਸੰਗੀਤਕਾਰ ਐਸ. ਮਹਿੰਦਰ ਕੋਲੋਂ ਗਾਇਕੀ ਦੀ ਤਾਲੀਮ ਹਾਸਲ ਕੀਤੀ। ਆਪਣੇ ਪਹਿਲੇ ਸਟੇਜੀ ਗੀਤ 'ਪਹਿਲਾਂ ਜੰਗ ਜਿੱਤ ਕੇ ਆ' ਨਾਲ ਗਾਇਕੀ ਦੀ ਸ਼ੁਰੂਆਤ ਕਰਨ ਵਾਲੀ ਜਗਮੋਹਨ ਕੌਰ ਦਾ ਜਦੋਂ ਕੇ. ਦੀਪ ਨਾਲ ਮੇਲ ਹੋਇਆ ਤਾਂ 2 ਫਰਵਰੀ 1969 ਨੂੰ ਇਹ ਜੋੜੀ ਵਿਆਹ ਬੰਧਨ ਵਿਚ ਬੱਝ ਗਈ। ਇਸ ਜੋੜੀ ਦੇ ਘਰ ਧੀ ਗੁਰਪ੍ਰੀਤ ਕੌਰ (ਬਿੱਲੀ) ਤੇ ਪੁੱਤਰ ਰਾਜੇ ਨੇ ਜਨਮ ਲਿਆ।

ਪੰਜਾਬੀ ਗੀਤਾਂ ਵਿਚ ਕਾਮੇਡੀ ਨੂੰ ਜਗਮੋਹਨ ਕੌਰ ਅਤੇ ਕੇ. ਦੀਪ (ਕੁਲਦੀਪ ਸਿੰਘ) ਨੇ ਹੀ ਲਿਆਂਦਾ। ਮਾਈ ਮੋਹਣੋ ਤੇ ਪੋਸਤੀ ਦੇ ਪਾਤਰ ਸਿਰਜ ਕੇ ਇਸ ਜੋੜੀ ਨੇ ਪੰਜਾਬੀ ਪੇਂਡੂ ਲੋਕਾਂ ਦੇ ਦਿਲਾਂ 'ਤੇ ਲੰਮਾ ਸਮਾਂ ਰਾਜ ਕੀਤਾ। ਜਗਮੋਹਨ ਕੌਰ ਨੂੰ ਕੇ. ਦੀਪ ਵੱਲੋਂ ਸਟੇਜੀ ਪ੍ਰੋਗਰਾਮਾਂ ਤੇ ਰੁਮਾਂਟਿਕ ਅੰਦਾਜ਼ ਵਿਚ 'ਮਾਈ ਮੋਹਣੋ' ਕਹਿ ਕੇ ਬਲਾਉਣਾ, ਸਾਰੀ ਦੁਨੀਆਂ ਵਿਚ ਜਗਮੋਹਨ ਕੌਰ ਦੇ ਨਾਂ ਨੂੰ ਅਮਰ ਕਰ ਗਿਆ।

ਕੇ. ਦੀਪ ਤੇ ਜਗਮੋਹਨ ਕੌਰ ਦੀ ਆਵਾਜ਼ ਵਿਚ ਪਹਿਲਾ ਦੋਗਾਣਾ 'ਮੇਰੀ ਗੱਲ ਸੁਣੋ ਸਰਦਾਰ ਜੀ' ਰਿਕਾਰਡ ਹੋਇਆ। ਇਸ ਜੋੜੀ ਦੀ ਆਵਾਜ਼ ਵਿਚ ਰਿਕਾਰਡ ਪੋਸਤੀ ਦੁਬਈ 'ਚ, ਪੋਸਤੀ ਕੈਨੇਡਾ 'ਚ, ਪੋਸਤੀ ਅਮਰੀਕਾ 'ਚ, ਪੋਸਤੀ ਲੰਡਨ 'ਚ, ਪੋਸਤੀ ਮੇਮਾਂ 'ਚ, ਪੋਸਤੀ ਕਬਰਾਂ 'ਚ, ਪੋਸਤੀ ਥਾਣੇ 'ਚ, ਇਸ਼ਕ ਤਮਾਸ਼ਾ, ਨਵੇਂ ਪੁਆੜੇ ਪੈ ਗਏ, ਹਾਕ ਮਾਰੀ ਮਿੱਤਰਾਂ ਨੇ, ਆਓ ਨੱਚੀਏ, ਅੱਖ ਲੜ ਗਈ, ਕਿਸ਼ਤਾਂ ਵਿਚ ਵਿਆਹ, ਫਿਲਮੀ ਸਿਤਾਰੋਂ ਕੇ ਰੰਗ, ਅਮਰੀਕਾ ਦੀ ਸ਼ਾਮ-ਪੰਜਾਬੀਆਂ ਦੇ ਨਾਮ, ਅੱਜ ਵੀ ਸਰੋਤੇ ਪਸੰਦ ਕਰਦੇ ਹਨ।

ਜਗਮੋਹਨ ਕੌਰ ਨੇ ਵਿਦੇਸ਼ਾਂ ਵਿਚ ਵੀ ਪ੍ਰੋਗਰਾਮ ਕੀਤੇ। ਉਹ ਪੰਜਾਬ ਦੀ ਪਹਿਲੀ ਗਾਇਕਾ ਸੀ ਜਿਸ ਦੀ ਬੀ.ਬੀ.ਸੀ. ਲੰਡਨ ਵੱਲੋਂ ਲਾਈਵ ਵੀਡੀਓ ਰਿਕਾਰਡ ਕੀਤੀ ਗਈ। ਕੇ. ਦੀਪ ਤੋਂ ਇਲਾਵਾ ਜਗਮੋਹਨ ਕੌਰ ਨੇ ਪੰਜਾਬ ਦੇ ਪ੍ਰਸਿੱਧ ਕਲਾਕਾਰਾਂ ਕਰਨੈਲ ਗਿੱਲ, ਰੰਗਾ ਸਿੰਘ ਮਾਨ, ਹਰਜੀਤ ਗਿੱਲ, ਤਰਸੇਮ ਮਾਨ ਨਾਲ ਵੀ ਗੀਤ ਰਿਕਾਰਡ ਕਰਵਾਏ। ਇਸ ਜੋੜੀ ਦੇ ਕਾਮੇਡੀ ਭਰਪੂਰ ਗੀਤ ਡਾਕਟਰ ਦੀ ਦਵਾਈ ਦਾ ਕੰਮ ਕਰ ਜਾਂਦੇ ਸਨ। ਕੇ. ਦੀਪ ਵੱਲੋਂ ਗੀਤਾਂ ਵਿਚ ਮੂੰਹ ਨਾਲ ਸਾਜ ਵਜਾਉਣਾ ਤੇ ਜਗਮੋਹਨ ਦਾ ਬੁਲੰਦ



*ਜਗਮੋਹਨ ਕੌਰ*

ਆਵਾਜ਼ ਵਿਚ ਗਾਉਣਾ, ਇਸ ਜੋੜੀ ਦੇ ਕਾਮੇਡੀ ਭਰਪੂਰ ਗੀਤਾਂ ਦੇ ਹਿੱਟ ਹੋਣ ਦਾ ਵੱਡਾ ਕਾਰਨ ਸੀ। ਪੰਜਾਬੀ ਸਰੋਤਿਆਂ ਦਾ ਪਿਆਰ ਤਾਂ ਇਸ ਜੋੜੀ ਨੂੰ ਮਿਲਿਆ ਹੀ, ਕਈ ਸਨਮਾਨ ਵੀ ਮਿਲੇ।

ਜਗਮੋਹਣ ਕੌਰ ਨੇ ਅਮਰ ਸਿੰਘ ਚਮਕੀਲਾ, ਸ਼ਿਵ ਕੁਮਾਰ ਬਟਾਲਵੀ, ਅੰਮ੍ਰਿਤਾ ਪ੍ਰੀਤਮ, ਬਾਬਾ ਬੱਲ੍ਹੇ ਸ਼ਾਹ, ਪ੍ਰੋ. ਮੋਹਨ ਸਿੰਘ, ਦੇਵ ਥਰੀਕੇਵਾਲਾ, ਜਸਵੰਤ ਸੰਦੀਲਾ, ਇੰਦਰਜੀਤ ਹਸਨਪੁਰੀ, ਸ਼ਮਸ਼ੇਰ ਸੰਧੂ, ਬਾਬੂ ਸਿੰਘ ਮਾਨ, ਚਮਨ ਲਾਲ ਸ਼ੁਗਲ, ਸਨਮੁੱਖ ਸਿੰਘ ਅਜ਼ਾਦ, ਹਾਕਮ ਬਖਤੜੀਵਾਲਾ, ਭਿੰਦਰ ਡੱਬਵਾਲੀ, ਚੰਨ ਗੁਰਾਇਆਂ ਵਾਲਾ, ਪ੍ਰੀਤਮ ਬਾਲਾ, ਚੰਨ ਜੰਡਿਆਲਵੀ, ਸਾਜਨ ਰਾਏਕੋਟੀ, ਚਤਰ ਸਿੰਘ ਪਰਵਾਨਾ, ਗੁਰਭਜਨ ਗਿੱਲ, ਗੁਰਦੇਵ ਸਿੰਘ ਮਾਨ, ਜਸਵੀਰ ਢਿੱਲੋਂ ਤੇ ਕਈ ਹੋਰ ਸਿਰਮੌਰ ਗੀਤਕਾਰਾਂ ਦੇ ਗੀਤ ਗਾਏ।

ਜਗਮੋਹਨ ਕੌਰ ਦੇ ਗਾਏ ਸੋਲੋ ਗੀਤ ਤੇ ਦੋਗਾਣੇ 'ਬਾਬੂ ਵੇ ਅੱਡ ਹੁੰਨੀ ਆਂ, ਆ ਜਾ ਨੀ ਆ ਜਾ ਪਰਦੇਸਣੇ', ਮਾੜੇ ਦੀ ਜਨਾਨੀ ਹੁੰਦੀ ਭਾਬੀ ਸਭ ਦੀ, ਹਾਲੇ ਦੁੱਧ ਨੂੰ ਜਾਗ ਨਹੀਂ ਲਾਇਆ, ਯਾਦ ਤੇਰੀ ਆਵੇ ਸੱਜਣਾਂ ਵੇ ਮੈਂ ਚਰਖੇ ਤੰਦ ਪਾਵਾਂ, ਲੱਗ ਗਈ ਨਜ਼ਰ ਪੰਜਾਬ ਨੂੰ, ਕਾਂਵਾਂ ਵੇ ਸੁਣ ਕਾਂਵਾਂ ਕਿੱਥੇ ਮੱਲੀਆਂ ਸੱਜਣਾਂ ਥਾਂਵਾਂ, ਮੱਛੀ ਨੇ ਫੜ ਲਿਆ ਮੁੱਛ ਦਾ ਵਾਲ, ਸੂਰਜੇ ਦਾ ਨਗ ਜੜਿਆ, ਕੰਢੇ ਉਤੇ ਮਹਿਰਮਾ ਵੇ ਮੈਂ ਕਦੋਂ ਦੀ ਖੜੀ, ਗੁੱਡੀ ਵਾਂਗੂੰ ਅੱਜ ਮੈਨੂੰ ਸੱਜਣਾਂ ਉਡਾਈ ਜਾ, ਮੇਰੀ ਕੀਹਨੇ ਖਿੱਚ ਲਈ ਪਤੰਗ ਵਾਲੀ ਡੋਰ, ਸੁੱਤੀ ਨਾ ਜਗਾਈ ਨਣਦੇ, ਬਾਣੀਏ ਨੀ ਕਦੇ ਵੀ ਵਿਆਜ ਛੱਡਦੇ, ਸਹੁਰੇ ਘਰ ਕੰਮ ਕੀ ਜਵਾਈ ਨੰਗ ਦਾ, ਮੇਰਾ ਰੁੱਸੜਾ ਯਾਰ ਨ੍ਹੀਂ ਮੰਨਦਾ ਮੈਂ ਕਿਹਨੂੰ ਆਖਾਂ, ਮੇਰੇ ਨੱਚਦੀ ਕੇ ਖੁੱਲ੍ਹ ਗਏ ਵਾਲ ਭਾਬੀ ਮੇਰੀ ਗੁੱਤ ਕਰ ਦੇ, ਬਾਬਾ ਵੇ ਕਲਾ ਮਰੋੜ, ਤੁਸਾਂ ਨੂੰ ਮਾਣ ਵਤਨਾਂ ਦਾ, ਘੜਾ ਵੱਜਦਾ ਘੜੋਲੀ ਵੱਜਦੀ, ਤੂੰਬਾ ਵੱਜਦਾ ਨਾ ਬਿਨ ਤਾਰ ਕੁੜੇ, ਘੁੰਡ ਵਿਚ ਨਹੀਂ ਲੁਕਦੇ ਸੱਜਣਾਂ ਨੈਣ ਕੁਆਰੇ, ਦੋ ਬਲਦ ਟੱਲੀਆਂ ਵਾਲੇ, ਨੀਂ ਮੈਂ ਕਮਲੀ ਯਾਰ ਦੀ ਕਮਲੀ, ਹਰੀਆਂ ਕਣਕਾਂ ਹਰੀਆਂ ਪੈਲੀਆਂ, ਗੱਭਰੂ ਨੂੰ ਮਾਰਦਾ ਠਰਕ ਨਾਰ ਦਾ, ਤੂੰ ਵੀ ਮੁਟਿਆਰ ਮੈਂ ਜਵਾਨ ਚੰਨੀਏ, ਨੱਢੀਆਂ ਦੇ ਵਿਚ ਮੇਰੀ ਉਠਣੀ ਬੈਠਣੀ, ਦਿਓਰਾ ਵੇ ਭਲਿਆ ਮਾਣਸਾ ਦਰਾਣੀ ਕਾਹਤੋਂ ਕੁੱਟੀ, ਖੇਤੋਂ ਘਰ ਨੂੰ ਲਵਾ ਦੇ ਵੇ ਟੈਲੀਫੋਨ ਹਾਣੀਆਂ ਆਦਿ ਬਹੁਤ ਮਕਬੂਲ ਹੋਏ।

ਮਾਈ ਮੋਹਣੋ ਅਖਾੜਿਆਂ ਵਿਚ ਬਹੁਤ ਹੀ ਜੋਸ਼ੀਲੇ ਅੰਦਾਜ਼ ਵਿਚ ਮਿਰਜਾ ਗਾਇਆ ਕਰਦੀ ਸੀ ਜੋ ਹੋਰ ਕੋਈ ਨਹੀਂ ਗਾ ਸਕਦਾ। ਜਗਮੋਹਨ ਕੌਰ ਦਾ ਗਾਇਆ ਸੁੱਚਾ ਸੂਰਮਾ, ਜੱਗਾ, ਪੂਰਨ ਭਗਤ, ਸੱਸੀ ਪੁੰਨੂੰ, ਛੱਲਾ, ਹੀਰ ਦੀ ਕਲੀ, ਸੋਹਣੀ ਮਹੀਂਵਾਲ, ਮਿਰਜਾ ਸਾਹਿਬਾਂ, ਕਿਸ਼ਨਾ ਮੌੜ ਤੇ ਰੱਤੀ ਨੂੰ ਅੱਜ ਵੀ ਸਰੋਤੇ ਪਸੰਦ ਕਰਦੇ ਹਨ। ਧਾਰਮਿਕ ਗਾਇਕੀ ਦੀ ਗੱਲ ਕਰੀਏ ਤਾਂ ਉਹ ਆਪਣੀ ਹਰ ਸਟੇਜ ਦੀ ਸ਼ੁਰੂਆਤ ਇਕ ਧਾਰਮਿਕ ਗੀਤ ਨਾਲ ਕਰਦੀ ਸੀ। ਉਸ ਦੇ ਗਾਏ ਧਾਰਮਿਕ ਗੀਤ ਚੰਨਾਂ 'ਚੋਂ ਚੰਨ ਗੁਜਰੀ ਦਾ ਚੰਨ, ਅਨੰਦਪੁਰ ਲਾਇਆ ਸੰਗਤੇ ਗੁਰੂ ਕਲਗੀਆਂ ਵਾਲੇ ਹੋਲਾ, ਕਲਗੀਧਰ ਪ੍ਰੀਤਮ ਪਿਆਰੇ ਨੂੰ, ਸਰਸਾ ਨਦੀ ਦੇ ਖੂਨੀ ਪਾਣੀਆਂ, ਬਾਬਾ ਦੀਪ ਸਿੰਘ ਸੂਰਮਾ, ਘਾਟ ਵੈਰੀਆਂ ਨੂੰ ਮੌਤ ਦੇ ਉਤਾਰਦਾ ਜੀ ਆਦਿ ਗੀਤ ਅੱਜ ਵੀ ਸਰੋਤਿਆਂ ਦੇ ਮਨਾਂ ਵਿਚ ਵੱਸੇ ਹੋਏ ਹਨ।

ਸੰਨ 1995 ਵਿਚ ਪੀਲੀਏ ਦੀ ਬਿਮਾਰੀ ਨਾਲ ਜਗਮੋਹਨ ਕੌਰ ਦੀ ਸਿਹਤ ਖਰਾਬ ਹੋ ਗਈ। ਅਖੀਰ 6 ਦਸੰਬਰ 1997 ਨੂੰ ਅਨੇਕਾਂ ਯਾਦਗਾਰ ਗੀਤ ਪੰਜਾਬੀ ਸਰੋਤਿਆਂ ਦੀ ਝੋਲੀ ਪਾਉਣ ਵਾਲੀ ਮਾਈ ਮੋਹਣੋ ਆਪਣੇ ਲੱਖਾਂ ਸਰੋਤਿਆਂ ਨੂੰ ਛੱਡ ਕੇ ਤੁਰ ਗਈ। ਰਹਿੰਦੀ ਦੁਨੀਆਂ ਤੱਕ ਉਸ ਦੇ ਗਾਏ ਗੀਤ ਸਰੋਤਿਆਂ ਦੇ ਚੇਤਿਆਂ ਵਿਚ ਵੱਸੇ ਰਹਿਣਗੇ।



*ਗਿਆਨੀ ਜ਼ੈਲ ਸਿੰਘ ਨਾਲ ਜਗਮੋਹਨ ਕੌਰ*



*ਧਰਮਿੰਦਰ ਨਾਲ ਜਗਮੋਹਨ ਕੌਰ ਤੇ ਕੇ. ਦੀਪ*

# ਹਾਜੀ ਬਾਬਾ ਸਲਾਮ

ਮੈਂ ਜਿਸ ਪਿੰਡ ਦਾ ਜੰਮਪਲ ਹਾਂ, ਉਥੇ ਬਹੁਤੀ ਵਸੋਂ ਸਿੱਖਾਂ ਦੀ ਸੀ ਅਤੇ ਕੁਝ ਘਰ ਖਤਰੀਆਂ, ਬ੍ਰਾਹਮਣਾਂ, ਮਹਿਰਿਆਂ ਦੇ ਸਨ। ਕੁਝ ਘਰ ਮੁਸਲਮਾਨਾਂ ਦੇ ਵੀ ਸਨ ਜਿਨ੍ਹਾਂ ਵਿਚ ਮੋਚੀ, ਮੁਸੱਲੀ, ਤੇਲੀ, ਹਜਾਮ, ਜੁਲਾਹੇ, ਲਲਾਰੀ ਸਨ। ਇੱਕ ਮੁਹੱਲਾ ਕਸ਼ਮੀਰੀ ਮੁਸਲਮਾਨਾਂ ਦਾ ਵੀ ਸੀ। ਮੈਂ ਜਦੋਂ ਸਕੂਲੇ ਜਾਂਦਾ ਤਾਂ ਰਸਤੇ ਵਿਚ ਹਾਜੀ ਬਾਬਾ ਲਲਾਰੀ ਦੀ ਦੁਕਾਨ ਆਉਂਦੀ ਸੀ ਜੋ ਰੰਗ ਕਰਨ ਵਾਲੇ ਵੱਡੇ ਸਾਰੇ ਪਿੱਤਲ ਦੇ ਬਾਟੇ ਵਿਚ ਕੱਪੜੇ ਪਾ ਕੇ ਰੰਗਦਾ ਹੁੰਦਾ ਸੀ। ਗੋਲ ਗਲਮੇ

ਰਵੇਲ ਸਿੰਘ ਇਟਲੀ
ਫੋਨ: 3272382827

ਵਾਲਾ ਖੱਦਰ ਦਾ ਚੋਗੇ ਵਰਗਾ ਲੰਮਾ ਕੁਰਤਾ, ਸਿਰ 'ਤੇ ਸਫੈਦ ਗੋਲ ਪੱਗ, ਖੱਦਰ ਦਾ ਤਹਿਮਤ, ਚੌੜਾ ਚੱਘਰਾ ਚਿਹਰਾ, ਲਬਾਂ ਤੋਂ ਹੇਠਾਂ ਦੀਆਂ ਕਤਰੀਆਂ ਮੁੱਛਾਂ, ਲੰਮੀ ਗੋਲ ਕਤਰਾਵੀਂ ਦਾੜ੍ਹੀ, ਮੋਟੀਆਂ ਕਾਲੀਆਂ ਅੱਖਾਂ ਅਤੇ ਡਾਢਾ ਮਿੱਠ-ਬੋਲੜਾ। ਬੱਚਿਆਂ ਨੂੰ ਵੇਖ ਕੇ ਖੁਸ਼ ਹੋਣ ਵਾਲਾ ਹਾਜੀ ਬਾਬਾ ਸਾਨੂੰ ਸਭ ਨੂੰ ਬੜਾ ਚੰਗਾ ਲਗਦਾ ਸੀ।

ਅਸੀਂ ਸਕੂਲ ਜਾਂਦੇ ਕੋਲੋਂ ਲੰਘਦੇ ਜਦ ਉਸ ਨੂੰ 'ਹਾਜੀ ਬਾਬਾ ਸਲਾਮ, ਹਾਜੀ ਬਾਬਾ ਸਲਾਮ' ਕਹਿੰਦੇ ਤਾਂ ਉਹ ਵੀ ਸਭ ਨੂੰ ਖੁਸ਼ ਹੋ ਕੇ 'ਵਾ ਲੇਕਮ ਇਸਲਾਮ' ਬੱਚਿਓ ਕਹਿ ਕੇ ਬੜਾ ਖੁਸ਼ ਹੁੰਦਾ। ਸਾਡੇ ਵਿਚ ਸਾਰੇ ਧਰਮਾਂ ਦੇ ਬੱਚੇ ਹੁੰਦੇ। ਕਿਸੇ ਨੇ ਖਤਨੇ ਕਰਾਏ ਹੁੰਦੇ, ਕੋਈ ਮੋਨਾ ਹੁੰਦਾ, ਕਿਸੇ ਦੇ ਸਿਰ 'ਤੇ ਜੂੜਾ ਹੁੰਦਾ ਅਤੇ ਕਿਸੇ ਦੇ ਬੋਦੀ ਪਰ ਹਾਜੀ ਬਾਬਾ ਸਾਰਿਆਂ ਨੂੰ ਇੱਕੋ ਜਿੰਨਾ ਪਿਆਰ ਕਰਦਾ।


ਇੱਕ ਦਿਨ ਸਕੂਲੋਂ ਮੁੜਦਿਆਂ ਜਦੋਂ ਮੈਂ ਇਕੱਲਾ ਹੀ ਗਲ ਵਿਚ ਫੱਟੀ-ਬਸਤਾ ਪਾਈ ਹਾਜੀ ਬਾਬੇ ਦੀ ਦੁਕਾਨ ਅੱਗੋਂ ਲੰਘਿਆ ਤਾਂ ਉਹ ਆਪਣਾ ਕੰਮ ਮੁਕਾ ਕੇ ਪਿੱਪਲ ਦੀ ਛਾਂਵੇਂ ਮੰਜੇ 'ਤੇ ਆਰਾਮ ਕਰ ਰਿਹਾ ਸੀ, ਮੈਂ ਰੋਜ਼ ਵਾਂਗ ਉਸ ਨੂੰ ਜਦ 'ਹਾਜੀ ਬਾਬਾ ਸਲਾਮ' ਕਹੀ ਤਾਂ ਉਹ ਮੰਜੀ ਤੋਂ ਉਠਿਆ ਤੇ ਮੈਨੂੰ ਇਕੱਲੇ ਨੂੰ ਧੁੱਪ ਵਿਚ ਖਲੋਤਾ ਵੇਖ ਕੇ ਬੜੇ ਪਿਆਰ ਨਾਲ ਕਹਿਣ ਲੱਗਾ, ਛਾਂਵੇਂ ਆ ਜਾ ਪੁਤਰਾ, ਧੁਪ ਬੜੀ ਏ। ਅੱਜ ਤੂੰ ਇਕੱਲਾ ਕਿਉਂ ਪਿੱਛੇ ਰਹਿ ਗਿਐਂ? ਮੈਂ ਚੁੱਪ ਚਾਪ ਖਲੋ ਕੇ ਉਸ ਦੇ ਮੂੰਹੋਂ 'ਵਾ ਲੇਕਮ ਇਸਲਾਮ' ਸੁਣਨ ਦੀ ਉਡੀਕ ਕਰ ਰਿਹਾ ਸਾਂ ਪਰ ਉਹ ਧੁੱਪ 'ਚ ਖੜੇ ਨੂੰ ਵੇਖ ਮੇਰੇ ਵੱਲ ਆਇਆ ਤੇ ਬੜੇ ਪਿਆਰ ਨਾਲ ਗੋਦ ਵਿਚ ਬਿਠਾ ਕੇ ਮਿੱਠੀਆਂ ਮਿੱਠੀਆਂ ਗੱਲਾਂ ਕਰਨ ਲੱਗ ਪਿਆ। ਇਹ ਵੇਖ ਕੇ ਅੰਦਰੋਂ ਉਸ ਦੀ ਘਰ ਵਾਲੀ ਆ ਕੇ ਕਹਿਣ ਲੱਗੀ, ਇਸ ਸਿੱਖਾਂ ਦੇ ਬੱਚੇ ਨੂੰ ਗੋਦੀ ਵਿਚ ਕਿਉਂ ਬਿਠਾ ਲਿਆ ਜੇ, ਘਰ ਜਾਣ ਦਿਓ ਐਵੇਂ ਇਸ ਦੇ ਮਾਂ ਬਾਪ ਗੁੱਸੇ ਹੋਣਗੇ; ਨਾਲੇ ਸਾਡਾ ਇਨ੍ਹਾਂ ਨਾਲ ਕੀ ਵਾਸਤਾ!

ਇਹ ਸੁਣ ਕੇ ਹਾਜੀ ਬਾਬਾ ਆਪਣੀ ਘਰ ਵਾਲੀ ਨੂੰ ਬੜੇ ਧੀਰਜ ਨਾਲ ਕਹਿਣ ਲੱਗਾ, ਭਾਗਾਂ ਵਾਲੀਏ ਅੱਲਾ ਦੀ ਜ਼ਾਤ ਹੈ। ਇਸ ਵਿਚ ਧਰਮ ਵਾਲੀ ਕਿਹੜੀ ਗੱਲ ਹੈ? ਇਹ ਬੱਚੇ ਤਾਂ ਸਾਰਿਆਂ ਦੇ ਸਾਂਝੇ ਹੁੰਦੇ ਹਨ। ਵੇਖ ਖਾਂ, ਧੁੱਪ ਨਾਲ ਕਿਵੇਂ ਇਸ ਦਾ ਮੂੰਹ ਲਾਲ ਸੂਹਾ ਹੋਇਆ ਪਿਐ।

ਫਿਰ ਥੋੜ੍ਹੀ ਦੇਰ ਕੋਲ ਬਿਠਾ ਕੇ ਹਾਜੀ ਬਾਬੇ ਨੇ ਕਿਹਾ, ਜਾ ਬੱਚਾ ਘਰ ਜਾ, ਮਾਂ ਉਡੀਕਦੀ ਹੋਊ। ਘਰ ਗਿਆ ਤਾਂ ਬੇਬੇ ਮੈਨੂੰ ਵੇਖ ਕੇ ਦੌੜੀ ਦੌੜੀ ਆਈ ਤੇ ਕੁੱਛੜ ਚੁੱਕ ਕੇ ਪੁੱਛਣ ਲੱਗੀ, ਬੇਟਾ ਅੱਜ ਬੜੀ ਦੇਰ ਕਰ ਦਿੱਤੀ, ਮੈਨੂੰ ਤਾਂ ਬਹੁਤ ਫਿਕਰ ਹੋ ਗਿਆ ਸੀ ਤੇਰਾ। ਇੰਨੀ ਦੇਰ ਕਿਉਂ ਲਾ ਦਿੱਤੀ? ਮੈਂ ਕਿਹਾ, ਬੇਬੇ ਮੈਂ ਅੱਜ ਪਿੱਛੇ ਇਕੱਲਾ ਰਹਿ ਗਿਆ ਸਾਂ, ਧੁੱਪ ਬੜੀ ਸੀ, ਹਾਜੀ ਬਾਬੇ ਨੇ ਮੈਨੂੰ ਆਪਣੇ ਕੋਲ ਬਿਠਾ ਲਿਆ ਤੇ ਬੜਾ ਪਿਆਰ ਕੀਤਾ। ਫਿਰ ਕਹਿਣ ਲੱਗਾ, ਜਾ ਹੁਣ ਘਰ ਜਾ ਤੇਰੀ ਮਾਂ ਉਡੀਕਦੀ ਹੋਊ। ਬੇਬੇ ਹਾਜੀ ਬਾਬਾ ਮੈਨੂੰ ਬੜਾ ਚੰਗਾ ਲਗਦਾ ਹੈ। ਉਸ ਦੀ ਗੋਦ ਵਿਚ ਬੈਠ ਕੇ ਅੱਜ ਮੈਨੂੰ ਬੜਾ ਚੰਗਾ ਲੱਗਾ।

ਬੇਬੇ ਬੋਲੀ, ਰੱਬ ਲੰਮੀ ਉਮਰ ਕਰੇ ਉਸ ਦੀ, ਹਾਜੀ ਬਾਬਾ ਹੈ ਹੀ ਬੜਾ ਚੰਗਾ। ਮੈਂ ਪੁਛਿਆ, ਬੇਬੇ ਭਲਾ ਹਾਜੀ ਬਾਬੇ ਨੂੰ ਹਾਜੀ ਬਾਬਾ ਕਿਉਂ ਕਹਿੰਦੇ ਨੇ? ਬੇਬੇ ਨੇ ਦੱਸਿਆ, ਪੁੱਤਰ ਹਾਜੀ ਬਾਬਾ ਮੱਕੇ ਰੱਬ ਦੇ ਘਰ ਹੱਜ 'ਤੇ ਦਰਸ਼ਨ ਕਰਨ ਲਈ ਹਰ ਵਾਰ ਜਾਂਦਾ ਹੈ। ਮੈਂ ਪੁੱਛਿਆ, ਬੇਬੇ ਭਲਾ ਹੱਜ ਕੀ ਹੁੰਦਾ ਹੈ? ਆਖਣ ਲੱਗੀ, ਰੱਬ ਦੇ ਘਰ ਜਾਣ ਦੀ ਯਾਤਰਾ ਨੂੰ ਹੱਜ ਕਹਿੰਦੇ ਹਨ। ਮੈਂ ਕਿਹਾ, ਬੇਬੇ ਮੈਂ ਵੀ ਜ਼ਰੂਰ ਰੱਬ ਦੇ ਘਰ ਦੀ ਯਾਤਰਾ ਕਰਨ ਜਾਊਂਗਾ। ਸਾਡੇ ਰੱਬ ਦਾ ਘਰ ਵੀ ਕਿਤੇ ਹੋਵੇਗਾ ਹੀ ਨਾ? ਬੇਬੇ ਬੋਲੀ, ਹਾਂ ਹੈ ਪੁੱਤਰ ਸਾਡੇ ਵੀ ਗੁਰੂ ਬਾਬੇ ਨਾਨਕ ਦਾ ਘਰ, ਨਨਕਾਣਾ ਸਾਹਿਬ। ਮੈਂ ਵੀ ਤੈਨੂੰ ਐਤਕਾਂ ਉਸ ਪਵਿਤਰ ਅਸਥਾਨ ਦੀ ਯਾਤਰਾ 'ਤੇ ਲੈ ਜਾਊਂ। ਵੇਖੀਂ ਦਰਸ਼ਨ ਕਰਕੇ ਤੂੰ ਕਿੰਨਾ ਖੁਸ਼ ਹੋਵੇਂਗਾ।

ਮੈਂ ਕਿਹਾ, ਤੇ ਫਿਰ ਮੈਨੂੰ ਵੀ ਸਾਰੇ ਹਾਜੀ



ਬਾਬਾ ਸਲਾਮ ਕਿਹਾ ਕਰਨਗੇ। ਬੇਬੇ ਮੈਨੂੰ ਪਿਆਰ ਨਾਲ ਗਲ ਲਾ ਕੇ ਬੋਲੀ, ਨਹੀਂ ਮੇਰੇ ਲਾਡਲੇ, ਵੇਖੀਂ ਤੂੰ ਬਾਬੇ ਦੇ ਦਰਸ਼ਨ ਕਰਕੇ ਕਿੰਨਾ ਖੁਸ਼ ਹੋਵੇਂਗਾ। ਮੈਂ ਤਾਂ ਪਹਿਲਾਂ ਹੀ ਸਤਿਗੁਰ ਬਾਬੇ ਨਾਨਕ ਦੀ ਆਗਿਆ ਲੈ ਕੇ ਤੇਰਾ ਨਾਂ ਗੁਰਦਰਸ਼ਨ ਸਿੰਘ ਰਖਿਆ ਸੀ। ਤੂੰ ਜਦ ਵੱਡਾ ਹੋ ਕੇ ਪੜ੍ਹ-ਲਿਖ ਕੇ ਵੱਡਾ ਆਦਮੀ ਬਣੇਂਗਾ ਤਾਂ ਲੋਕ ਤੈਨੂੰ ਹਾਜੀ ਬਾਬਾ ਨਹੀਂ, ਸਰਦਾਰ ਗੁਰਦਰਸ਼ਨ ਸਿੰਘ ਕਿਹਾ ਕਰਨਗੇ। ਹਾਜੀ ਬਾਬੇ ਵਰਗੇ ਨੇਕ ਬੰਦੇ ਕਿਤੇ ਵਿਰਲੇ ਹੀ ਮਿਲਦੇ ਹਨ ਜੋ ਸਭ ਨਾਲ ਇਕੋ ਜਿਹਾ ਪਿਆਰ ਕਰਦੇ ਨੇ, ਤੂੰ ਹਾਜੀ ਬਾਬੇ ਨੂੰ ਸਲਾਮ ਕਹਿਣੀ ਨਾ ਭੁੱਲੀਂ।

ਹਾਜੀ ਬਾਬਾ ਜਦੋਂ ਵੀ ਕਦੇ ਗੁਰਦੁਆਰੇ ਅੱਗੋਂ ਲੰਘਦਾ ਤਾਂ ਬੜੇ ਸਤਿਕਾਰ ਨਾਲ ਸਿਰ ਨਿਵਾ ਕੇ ਲੰਘਦਾ ਤੇ ਜਦੋਂ ਵੀ ਗੁਰੂ ਨਾਨਕ ਦਾ ਪ੍ਰਕਾਸ਼ ਪੁਰਬ ਮਨਾਉਂਦੀਆਂ ਸੰਗਤਾਂ ਦਾ ਜਲੂਸ ਉਸ ਕੋਲੋਂ ਲੰਘਦਾ ਤਾਂ ਉਹ ਕੁਝ ਨਾ ਕੁਝ ਆਪਣਾ ਹਿੱਸਾ ਜ਼ਰੂਰ ਪਾਉਂਦਾ, ਅਤੇ ਕਹਿੰਦਾ ਬਾਬਾ ਨਾਨਕ ਵੀ ਤਾਂ ਸਭ ਦਾ ਸਾਂਝਾ ਅੱਲ੍ਹਾ ਦਾ ਨੂਰ ਸੀ, ਉਹ ਵੀ ਤਾਂ ਜ਼ਿਆਰਤ ਕਰਨ ਮੱਕੇ ਗਿਆ ਸੀ, ਜਿੱਥੇ ਜਾ ਕੇ ਉਸ ਨੇ ਅਨੋਖੇ ਅੰਦਾਜ਼ ਨਾਲ ਇਹ ਦੱਸਣ ਦਾ ਯਤਨ ਕੀਤਾ ਸੀ ਕਿ ਰੱਬ ਸਿਰਫ ਮੱਕੇ ਵਿਚ ਹੀ ਨਹੀਂ, ਹਰ ਥਾਂ ਮੌਜੂਦ ਹੈ। ਰਮਜ਼ਾਨ ਦੇ ਰੋਜ਼ਿਆਂ ਦੀ ਸਮਾਪਤੀ 'ਤੇ ਹਾਜੀ ਬਾਬਾ ਜ਼ਕਾਤ ਦੇ ਤੌਰ ਰੱਖੇ ਪੈਸਿਆਂ ਵਿਚੋਂ ਸਾਨੂੰ ਸਕੂਲ ਜਾਂਦਿਆਂ ਨੂੰ ਬੜੇ ਪਿਆਰ ਨਾਲ ਕੋਲ ਬੁਲਾ ਕੇ ਇਕ ਇਕ ਪੈਸਾ ਵੰਡਦਾ। ਉਦੋਂ ਇਕ ਪੈਸੇ ਦੀ ਵੀ ਕੀਮਤ ਸੀ। ਇੱਕ ਪੈਸੇ ਨਾਲ ਮੂੰਗਫਲੀ ਤੇ ਰਿਓੜੀਆਂ ਦੀ ਝੋਲੀ ਭਰ ਜਾਂਦੀ।

ਪਹਿਲੇ ਸਮਿਆਂ ਵਿਚ ਰੰਗੀਆਂ ਰੰਗਾਈਆਂ ਪੱਗਾਂ-ਦੁਪੱਟੇ ਨਹੀਂ ਸਨ ਮਿਲਦੇ ਤੇ ਇਨ੍ਹਾਂ ਨੂੰ ਮਨ ਪਸੰਦ ਰੰਗ ਲਲਾਰੀ ਹੀ ਰੰਗਦੇ। ਰੰਗਾਈ ਦਾ ਬਹੁਤਾ ਕੰਮ ਹਾਜੀ ਬਾਬੇ ਕੋਲ ਹੀ ਆਉਂਦਾ। ਇੱਕ ਦਿਨ ਬੇਬੇ ਇੱਕ ਪੱਗ ਰੰਗਣ ਲਈ ਹਾਜੀ ਬਾਬੇ ਨੂੰ ਦੇ ਆ ਆਈ। ਰੰਗੀ ਪੱਗ ਲੈਣ ਮੈਂ ਵੀ ਬੇਬੇ ਨਾਲ ਗਿਆ। ਪੱਗ ਫੜਾਉਂਦਾ ਹੋਇਆ ਹਾਜੀ ਬਾਬਾ ਬੋਲਿਆ, ਧੀਏ ਇਹ ਪੱਗ ਕਿਸ ਲਈ ਰੰਗਾਈ ਏ? ਬੇਬੇ ਕਹਿਣ ਲੱਗੀ, ਬਾਬਾ ਇਹ ਪੱਗ ਪਹਿਲੀ ਵਾਰ ਮੈਂ ਆਪਣੇ ਇਸ ਪੁੱਤਰ ਦੇ ਸਿਰ 'ਤੇ ਬੰਨਣੀ ਏ, ਉਹ ਮੁਸਕਰਾਉਂਦਿਆਂ ਮੇਰੇ ਮੂੰਹ ਵੱਲ ਵੇਖ ਬੋਲਿਆ, ਹੱਛਾ ਇਸ ਨਿੱਕੇ ਸਰਦਾਰ ਦੇ ਸਿਰ ਬੰਨਣੀ ਏ! ਬੇਬੇ ਜ਼ੋਰ ਲਾ ਰਹੀ ਪਰ ਹਾਜੀ ਬਾਬੇ ਨੇ ਰੰਗਾਈ ਦੇ ਪੈਸੇ ਨਹੀਂ ਲਏ। ਕਹਿਣ ਲੱਗਾ, ਜਿਉਂਦਾ ਰਹੇ, ਸਾਰੀ ਉਮਰ ਇਨ੍ਹਾਂ ਦੀਆਂ ਪੱਗਾਂ ਹੀ ਰੰਗਣੀਆਂ। ਇਹ ਦੌਲਤ ਤਾਂ ਆਉਂਦੀ ਜਾਂਦੀ ਰਹਿਣੀ ਹੈ, ਸਾਰਾ ਸੰਸਾਰ ਸੁਖੀ ਵੱਸੇ-ਰੱਸੇ, ਅੱਲ੍ਹਾ ਸਭ 'ਤੇ ਮਿਹਰ ਰੱਖੇ। ਨਾਲੇ ਬੀਬੀ ਯਾਦ ਰੱਖੀਂ, ਇਹ ਤੇਰਾ ਬੱਚਾ ਬੜੇ ਮੁਕੱਦਰ ਵਾਲਾ ਹੋਸੀ, ਇਸ ਦਾ ਮੂੰਹ ਨਾ ਫਿਟਕਾਰੀਂ, ਇਸ ਨੂੰ ਚੰਗਾ ਚੋਖਾ ਪੜ੍ਹਾਵੀਂ।

ਦੂਸਰੇ ਦਿਨ ਬੇਬੇ ਨੇ ਗੁਰਦੁਆਰੇ ਜਾ ਕੇ ਭਾਈ ਜੀ ਤੋਂ ਅਰਦਾਸ ਕਰਵਾਈ। ਫੌਜੀ ਚਾਚੇ ਤੋਂ ਪੱਗ ਬੰਨਵਾ ਕੇ ਜਦ ਮੈਂ ਸਕੂਲ ਗਿਆ ਤਾਂ ਕੋਲੋਂ ਲੰਘਦੇ ਨੂੰ ਹਾਜੀ ਬਾਬਾ ਮੇਰੇ ਸਿਰ 'ਤੇ ਪੱਗ ਬੱਝੀ ਵੇਖ ਕੇ ਖੁਸ਼ ਹੋ ਰਿਹਾ ਸੀ। ਮੈਂ ਰੋਜ਼ ਵਾਂਗ ਉਸ ਨੂੰ ਜਦ 'ਹਾਜੀ ਬਾਬਾ ਸਲਾਮ' ਕਿਹਾ ਤਾਂ ਉਹ 'ਸਤਿ ਸ੍ਰੀ ਅਕਾਲ ਨਿੱਕੇ ਸਰਦਾਰ ਜੀ' ਕਹਿੰਦਾ 'ਇਸਲਾਮਾ ਲੇਕਮ' ਕਹਿ ਕੇ ਇੱਕ ਅਨੋਖੀ ਅਦਾ ਨਾਲ ਸਰਬ ਸਾਂਝੀਵਾਲਤਾ ਦੇ ਰੰਗ ਵਿਚ ਮਹਿਕ ਘੋਲ ਰਿਹਾ ਸੀ।

ਦੇਸ਼ ਦੀ ਵੰਡ ਵੇਲੇ ਜਦ ਅੱਲ੍ਹਾ ਹੂ ਅਕਬਰ, ਬੋਲੇ ਸੋ ਨਿਹਾਲ ਦੇ ਨਾਹਰਿਆਂ ਨੇ ਹਾਜੀ ਬਾਬੇ ਨੂੰ ਬੇਆਰਾਮ ਕਰ ਛੱਡਿਆ। ਉਸ ਦਾ ਜਦ ਵੀ ਨਮਾਜ਼ ਦਾ ਵੇਲਾ ਹੁੰਦਾ, ਇਨ੍ਹਾਂ ਨਾਹਰਿਆਂ ਦਾ ਸ਼ੋਰ ਉਸ ਦੇ ਮਨ ਨੂੰ ਬੇਆਰਾਮ ਕਰ ਦਿੰਦਾ। ਜਦੋਂ ਰਾਤੋ ਰਾਤ ਪਿੰਡ ਦੇ ਕਈ ਲੋਕ ਆਪਣਾ ਸਭ ਕੁਝ ਉਸੇ ਤਰ੍ਹਾਂ ਧਰਿਆ ਧਰਾਇਆ ਤੇ ਬੂਹੇ ਖੁਲ੍ਹੇ ਛੱਡ ਕੇ ਆਪਣੀਆਂ ਜਾਨਾਂ ਬਚਾਉਣ ਲਈ ਆਪਣੀ ਜੰਮਣ ਭੋਇੰ ਤੋਂ ਦੇਸ਼ ਨਿਕਾਲਾ ਲੈ ਕੇ ਜਾ ਰਹੇ ਸਨ ਤਾਂ ਹਾਜੀ ਬਾਬਾ ਮਨੁੱਖਤਾ ਦਾ ਦਰਦ ਆਪਣੇ ਸੀਨੇ ਵਿਚ ਦਬਾ ਕੇ ਉਨ੍ਹਾਂ ਲੋਕਾਂ ਵੱਲ ਵੇਖ ਰਿਹਾ ਸੀ ਜਿਨ੍ਹਾਂ ਨੂੰ ਹਾਜੀ ਬਾਬੇ ਨੇ ਕਦੇ ਧਰਮ ਜਾਂ ਜਾਤ ਨਾਲ ਜੋੜ ਕੇ ਨਹੀਂ ਸੀ ਵੇਖਿਆ। ਅਸੀਂ ਇਸ ਕਾਫਿਲੇ ਵਿਚ ਸਭ ਤੋਂ ਪਿੱਛੇ ਰਹਿ ਗਏ ਸਾਂ, ਦਿਨ ਚੜ੍ਹ ਚੁਕਾ ਸੀ। ਮੈਂ ਜਦ ਬੇਬੇ ਦੀ ਉਂਗਲੀ ਫੜੀ ਪਿੱਛੇ ਮੁੜ ਕੇ ਵੇਖਿਆ ਤਾਂ ਹਾਜੀ ਬਾਬਾ ਮਨੁੱਖਤਾ ਦੇ ਇਸ ਘਾਣ ਨੂੰ ਬੜੇ ਹੀ ਭਰੇ ਮਨ ਨਾਲ ਵੇਖ ਰਿਹਾ ਸੀ। ਮੈਂ ਉਸ ਕੋਲੋਂ ਲੰਘਦੇ ਨੂੰ ਪਹਿਲਾਂ ਵਾਂਗ 'ਹਾਜੀ ਬਾਬਾ ਸਲਾਮ' ਕਿਹਾ ਤਾਂ ਉਸ ਦੀ 'ਵਾ ਲੇਕਮ ਇਸਲਾਮ' ਖੋਰੇ ਆਪਣਾ ਵਤਨ ਛੱਡ ਕੇ ਜਾਂਦੇ ਲੋਕਾਂ ਦੀ ਦੌੜ ਭੱਜ ਦੇ ਰੌਲੇ ਵਿਚ ਗੁਆਚ ਗਈ। ਬੇਬੇ ਕਹਿ ਰਹੀ ਸੀ, ਹੁਣ ਹਾਜੀ ਬਾਬੇ ਦਾ ਖਿਆਲ ਛੱਡ ਤੇ ਕਾਫਿਲੇ ਦੇ ਨਾਲ ਰਲੀਏ। ਅੱਜ ਮੈਂ ਜਦ ਵੀ ਦੇਸ਼ ਦੀ ਵੰਡ ਦੇ ਕਾਲੇ ਦਿਨਾਂ ਨੂੰ ਯਾਦ ਕਰਦਾ ਹਾਂ ਤਾਂ ਸਰਬ ਸਾਂਝੀਵਾਲਤਾ ਦੀ ਮੂਰਤ ਹਾਜੀ ਬਾਬਾ ਆਪ ਮੁਹਾਰੇ ਮੇਰੇ ਖਿਆਲਾਂ ਵਿਚ ਉਭਰ ਆਉਂਦਾ ਹੈ।

# ਲੋਟੇ ਦੀ ਲੁੜਕਣ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਭਾਰਤ ਅਤੇ ਇਸ ਦੇ ਗੁਆਂਢੀ ਦੇਸ਼ਾਂ ਵਿਚ ਸਦੀਆਂ ਤੋਂ ਮਲਤਿਆਗ ਪਿਛੋਂ ਸਫਾਈ ਲਈ ਪਾਣੀ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਇਸ ਕਿਰਿਆ ਨੂੰ ਪੰਜਾਬੀ ਵਿਚ ਹੱਥਪਾਣੀ ਕਰਨਾ ਕਿਹਾ ਜਾਂਦਾ ਹੈ। ਅੱਜ ਕਲ੍ਹ ਇਸ ਮਕਸਦ ਲਈ ਆਮ ਤੌਰ 'ਤੇ ਮੱਗ ਜਾਂ ਟੀਨ ਦੇ ਡੱਬੇ ਦੀ ਵਰਤੋਂ ਕੀਤੀ ਜਾਂਦੀ ਹੈ। ਕਈ ਥਾਂਵਾਂ, ਖਾਸ ਤੌਰ 'ਤੇ ਮੁਸਲਮਾਨੀ ਇਲਾਕਿਆਂ ਵਿਚ ਲੋਟੇ ਤੋਂ ਵੀ ਇਹ ਕੰਮ ਲਿਆ ਜਾਂਦਾ ਹੈ। ਇਸਲਾਮ ਵਿਚ ਲਿੰਗਿਕ ਸਵੱਛਤਾ ਧਾਰਮਕ ਸੰਸਕਾਰ ਵੀ ਹੈ। ਪਾਕਿਸਤਾਨ ਦੇ ਪਾਖਾਨਿਆਂ ਵਿਚ ਲੋਟੇ ਦੀ ਵਿਆਪਕਤਾ ਦੇਖ ਕੇ ਇਕ ਵਾਰ ਕਿਸੇ ਵਿਦੇਸ਼ੀ ਨੇ ਆਪਣੇ ਗਾਈਡ ਨੂੰ ਪੁਛਿਆ, 'ਤੁਹਾਡੀਆਂ ਟਾਇਲਟਾਂ ਵਿਚ ਚਾਹ ਦੀ ਕੇਤਲੀ ਕਿਉਂ ਪਈ ਹੁੰਦੀ ਹੈ?'

ਗੁਰੂ, ਭਗਤ ਤੇ ਸੂਫੀ ਧਾਰਮਕ ਪਖੰਡਾਂ ਤੇ ਕਰਮਕਾਂਡ ਦੇ ਕਟੜ ਵਿਰੋਧੀ ਅਤੇ ਪ੍ਰੇਮ-ਭਗਤੀ ਦੇ ਮਾਰਗੀ ਸਨ। ਇਸ ਲਈ ਉਹ ਤਮਾਮ ਫਿਰਕਿਆਂ ਦੇ ਅਨੁਯਾਈਆਂ ਦੀਆਂ ਦਿਖਾਵੇ ਮਾਤਰ ਧਾਰਮਕ ਰਹਿਤਾਂ ਜਿਵੇਂ ਧੋਤੀ, ਖਿੰਥਾ, ਤਿਲਕ, ਜਨੇਊ, ਚਿੱਪੀ, ਟਿੱਕਾ, ਮੁਸੱਲਾ ਆਦਿ ਪਾਉਣ ਨੂੰ ਫੋਕੀ ਪਾਰਸਾਈ ਸਮਝਦੇ ਸਨ। ਇਨ੍ਹਾਂ ਰਹਿਤਾਂ ਵਿਚ ਲੋਟਾ ਵੀ ਆਉਂਦਾ ਹੈ ਜੋ ਬਹੁਤਾ ਸਰੀਰਕ ਸਵੱਛਤਾ ਲਈ ਨਹੀਂ ਸਗੋਂ ਦਿਖਾਵੇ ਵਜੋਂ ਰੱਖਿਆ ਜਾਂਦਾ ਹੈ ਤੇ ਇਸ ਤਰ੍ਹਾਂ ਇਹ ਦੰਭ ਦਾ ਪ੍ਰਤੀਕ ਬਣਦਾ ਹੈ। ਭਗਤ ਕਬੀਰ ਆਖਦੇ ਹਨ:

ਗਜ ਸਾਢੇ ਤੈ ਤੈ ਧੋਤੀਆ
ਤਿਹਰੇ ਪਾਇਨਿ ਤਗ॥
ਗਲੀ ਜਿਨ੍ਹਾ ਜਪਮਾਲੀਆ
ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ
ਬਾਨਾਰਸਿ ਕੇ ਠਗ॥

ਬੁਲ੍ਹੇ ਸ਼ਾਹ ਤਾਂ, "ਫੂਕ ਮੁਸੱਲਾ ਭੰਨ ਸੁਟ ਲੋਟਾ, ਨਾ ਫੜ ਤਸਬੀ ਕਾਸਾ ਸੋਟਾ" ਕਹਿ ਕੇ ਗੱਲ ਸਿਰੇ ਹੀ ਲਾ ਦਿੰਦੇ ਹਨ।

ਪੰਜਾਬੀ ਨਿਰੁਕਤਕਾਰ ਗ. ਸ. ਰਿਆਲ ਨੇ ਆਪਣੀ ਪੁਸਤਕ 'ਸ਼ਬਦਾਂ ਦੀ ਪੈੜ' ਵਿਚ ਲੋਟਾ ਸ਼ਬਦ ਦਾ ਸਰੋਤ ਗਰੀਕ ਭਾਸ਼ਾ ਵਿਚ ਲਭਿਆ ਹੈ। ਉਨ੍ਹਾਂ ਅਨੁਸਾਰ ਗਰੀਕ ਵਿਚ ਇਸ ਦਾ ਰੂਪ ਹੈ ਲਊਟਰ (louter). ਇਉਂ ਲਗਦਾ ਹੈ ਕਿ ਰਿਆਲ ਸਾਹਿਬ ਨੇ ਕਿਤੇ ਗਲਤੀ ਖਾਧੀ ਹੈ। ਇਹ ਸ਼ਬਦ ਪੁਰਾਣੀ ਗਰੀਕ ਵਿਚ ਤਸਲੇ ਜਿਹੇ ਬਰਤਨ ਲਈ ਵਰਤਿਆ ਜਾਂਦਾ ਰਿਹਾ ਹੈ। ਪੁਰਾਣੀ ਗਰੀਕ ਦਾ ਇਕ ਸ਼ਬਦ ਲਊਟਰੋਨ ਹੈ ਜਿਸ ਦਾ ਅਰਥ ਇਸ਼ਨਾਨ ਜਾਂ ਇਸ਼ਨਾਨ ਘਰ, ਗੁਸਲਖਾਨਾ ਬਣਦਾ ਹੈ। ਲੋਟੇ ਵਰਗੇ ਬਰਤਨ ਲਈ ਗਰੀਕ ਵਿਚ Loutrophoros ਸ਼ਬਦ ਹੈ ਜਿਸ ਨੂੰ ਫੜਨ ਲਈ ਦੋ ਮੁੱਠੇ ਲੱਗੇ ਹੁੰਦੇ ਹਨ। ਲਾਟਰੋਫੋਰਸ ਵਿਚ ਪਾਣੀ ਪਾ ਕੇ ਲਾੜੇ ਤੇ ਲਾੜੀ ਨੂੰ ਇਸ਼ਨਾਨ ਕਰਾਇਆ ਜਾਂਦਾ ਸੀ। ਦੁਰਭਾਗਵੱਸ ਜੇ ਕੋਈ ਵਿਆਹ ਹੋਣ ਤੋਂ ਪਹਿਲਾਂ ਹੀ ਮਰ ਜਾਂਦਾ ਤਾਂ ਉਸ ਦੇ ਨਾਲ ਹੀ ਇਹ ਭਾਂਡਾ ਵੀ ਦਫ਼ਨਾ ਦਿੱਤਾ ਜਾਂਦਾ ਸੀ। ਇਸ ਸ਼ਬਦ ਦੀ ਲੋਟੇ ਜਿਹੇ ਬਰਤਨ ਲਈ ਵਰਤੋਂ ਆਧੁਨਿਕ ਹੈ ਕਿਉਂਕਿ ਇਸ ਦਾ ਸ਼ਾਬਦਿਕ ਅਰਥ ਜਲ-ਵਾਹਕ ਬਣਦਾ ਹੈ: loutron =



ਪਾਣੀ, phero = ਢੋਣਾ। ਪੰਜਾਬੀ ਵਿਚ ਇਸ ਆਸ਼ੇ ਲਈ ਸਭ ਤੋਂ ਨੇੜੇ ਦਾ ਸ਼ਬਦ ਝਿਉਰ ਹੈ। ਗੌਰਤਲਬ ਹੈ ਕਿ loutron ਦਾ ਪਾਣੀ ਵਾਲਾ ਅਰਥ ਨਹਾਉਣ-ਧੋਣ ਦੇ ਪ੍ਰਸੰਗ ਵਿਚ ਹੀ ਹੈ। ਇਸ ਦੇ ਮੂਲ 'leu' ਵਿਚ ਧੋਣ ਦੇ ਭਾਵ ਹਨ। ਬਹੁਤਾ ਦੂਰ ਤੱਕ ਨਾ ਜਾਈਏ, ਅੰਗਰੇਜ਼ੀ ਲੈਟਰੀਨ ਅਤੇ ਲੈਵੇਟੋਰੀ ਜਿਹੇ ਸ਼ਬਦ ਇਸੇ ਮੂਲ ਤੋਂ ਆ ਰਹੇ ਹਨ ਜਿਨ੍ਹਾਂ ਨੂੰ ਅਸੀਂ ਟੱਟੀਖਾਨਾ, ਪਾਖਾਨਾ, ਧੋਣ-ਕਮਰਾ ਆਦਿ ਕਹਿ ਸਕਦੇ ਹਾਂ। ਲੈਵੇਟੋਰੀ ਦਾ ਮੁਖ ਅਰਥ ਪਾਖਾਨੇ ਵਿਚ ਲੱਗਾ ਹੱਥ ਧੋਣ ਵਾਲਾ ਤਸਲਾ ਹੀ ਹੈ ਜਾਂ ਜਿਸ ਨੂੰ ਅਸੀਂ ਪੰਜਾਬੀ ਬੇਸਿਨੀ ਜਾਂ ਸਿੰਕ ਦੇ ਨਾਂ ਨਾਲ ਵਧੇਰੇ ਜਾਣਦੇ ਹਾਂ। ਇਸ ਤਰ੍ਹਾਂ ਅਸੀਂ ਲੋਟੇ ਦੇ ਸੰਕਲਪ ਦੇ ਨੇੜੇ ਤੇੜੇ ਪਹੁੰਚ ਜਾਂਦੇ ਹਾਂ ਤੇ 'ਟਾਇਲਟਾਂ ਵਿਚ ਕੇਤਲੀ' ਵਾਲੇ ਪ੍ਰਸ਼ਨ ਪੁੱਛਣ ਵਾਲੇ ਵਿਦੇਸ਼ੀ ਨੂੰ ਦੱਸਿਆ ਜਾ ਸਕਦਾ ਸੀ ਕਿ ਇਹ ਦੇਸੀ ਲੈਵੇਟੋਰੀ ਹੈ!

ਪਰ ਹੈਰਾਨੀ ਦੀ ਗੱਲ ਹੈ ਕਿ ਰਿਆਲ ਸਾਹਿਬ ਦੀ 'ਸ਼ਬਦਾਂ ਦੀ ਪੈੜ' ਤੋਂ ਦੋ ਦਹਾਕੇ ਤੋਂ ਵੀ ਵਧ ਅਰਸੇ ਪਿਛੋਂ ਛਪੇ ਉਨ੍ਹਾਂ ਦੇ ਨਿਰੁਕਤ ਕੋਸ਼ ਵਿਚ ਲੋਟਾ ਸ਼ਬਦ ਦਾ ਇੰਦਰਾਜ ਹੀ ਨਹੀਂ ਹੈ। ਸੰਭਵ ਹੈ ਕਿ ਬਾਅਦ ਵਿਚ ਉਨ੍ਹਾਂ ਨੂੰ ਆਪ ਹੀ ਇਸ ਸ਼ਬਦ ਦੇ ਗਰੀਕ ਪਿਛੋਕੜ ਬਾਰੇ ਸ਼ੰਕਾ ਪੈਦਾ ਹੋ ਗਈ ਹੋਵੇ। ਗਰੀਕ ਤੋਂ ਸਾਡੀਆਂ ਭਾਸ਼ਾਵਾਂ ਵਿਚ ਕੁਝ ਸ਼ਬਦ ਆਏ ਹਨ ਜਿਵੇਂ ਕਾਨੂੰਨ, ਫਲਸਫਾ, ਮਿਕਨਾਤੀਸ ਆਦਿ। ਪਰ ਲੋਟੇ ਦਾ ਤਥਾਕਥਿਤ louter ਨਾਲ ਜੋੜਿਆ ਸਬੰਧ ਧੁਨੀ ਸਮਾਨਤਾ ਕਾਰਨ ਸੰਜੋਗੀ ਲਗਦਾ ਹੈ। ਬਹੁਤ ਸਾਰੇ ਅੰਗਰੇਜ਼ੀ ਕੋਸ਼ਾਂ ਵਿਚ ਲੋਟਾ ਸ਼ਬਦ ਮਿਲਦਾ ਹੈ ਪਰ ਵਾਲ ਦੀ ਖੱਲ ਉਧੇੜਦੇ ਕਿਸੇ ਅੰਗਰੇਜ਼ੀ ਕੋਸ਼ਕਾਰ ਜਾਂ ਨਿਰੁਕਤਕਾਰ ਨੇ ਇਸ ਦੇ ਗਰੀਕ ਪਿਛੋਕੜ ਦੀ ਗੱਲ ਨਹੀਂ ਕੀਤੀ, ਆਮ ਤੌਰ 'ਤੇ ਸਭ ਇਸ ਨੂੰ ਹਿੰਦੀ ਦਾ ਸ਼ਬਦ ਹੀ ਦੱਸਦੇ ਹਨ। ਨਾਲੇ ਗਰੀਕ ਤੋਂ ਸਾਡੀਆਂ ਭਾਸ਼ਾਵਾਂ ਵਿਚ ਬਹੁਤੇ ਸ਼ਬਦ ਅਰਬੀ ਫਾਰਸੀ ਰਾਹੀਂ ਆਏ ਹਨ ਪਰ ਇਨ੍ਹਾਂ ਭਾਸ਼ਾਵਾਂ ਵਿਚ ਲੋਟਾ ਸ਼ਬਦ ਮੌਜੂਦ ਹੀ ਨਹੀਂ ਹੈ।

ਬਹੁਤ ਸਾਰੇ ਸਰੋਤਾਂ ਨੇ ਲੋਟਾ ਸ਼ਬਦ ਦੀ ਵਿਉਤਪਤੀ 'ਲੁਟ' ਧਾਤੂ ਤੋਂ ਦੱਸੀ ਹੈ। ਇਸ ਧਾਤੂ ਵਿਚ ਲੋਟਣ, ਲੁੜਕਣ ਜਿਹੇ ਭਾਵ ਹਨ। ਕਬੂਤਰ ਆਦਿ ਦੀ ਲੋਟਣੀ, ਲੋਟ-ਪੋਟ ਆਦਿ ਸ਼ਬਦ ਇਸੇ ਤੋਂ ਬਣੇ ਹਨ। ਪਰ ਅਜਿਤ ਵਡਨੇਰਕਰ ਨੇ ਇਸ ਗੱਲ ਵੱਲ ਧਿਆਨ ਦੁਆਇਆ ਹੈ ਕਿ ਲੁਟ-ਧਾਤੂ ਵਿਚ ਉਲਟਣ, ਉਲਟਾਉਣ, ਲੁੜਕਾਉਣ ਢਾਹੁਣ ਜਾਂ ਕਹਿ ਲਵੋ ਉਪਰਲੀ ਥੱਲੇ ਕਰਨ ਦੇ ਭਾਵ ਹਨ। ਬੇਸ਼ੱਕ ਲੋਟਾ ਖਾਸ ਤੌਰ 'ਤੇ ਬੇਪੇਂਦਾ ਹੇਠੋਂ ਗੋਲ ਤੇ ਉਭਰਵਾਂ ਹੁੰਦਾ ਹੈ ਪਰ ਇਸ ਦੇ ਘੁੰਮਣ ਦੀ ਕਿਰਿਆ ਨੂੰ ਲੋਟਣਾ ਜਾਂ ਲੁੜਕਣਾ ਅਰਥਾਤ ਆਪਣੀ ਸਥਿਤੀ ਤੋਂ ਉਲਟੇ ਹੋ ਜਾਣਾ ਨਹੀਂ ਕਿਹਾ ਜਾ ਸਕਦਾ। ਕਬੂਤਰ ਲੋਟਣੀ ਦੌਰਾਨ ਆਪਣੇ ਸਰੀਰ ਨੂੰ ਬਿਲਕੁਲ ਉਲਟਾ ਲੈਂਦਾ ਹੈ। ਪਰ ਲੋਟਾ ਭਾਵੇਂ ਬੇਪੇਂਦਾ ਹੀ ਹੋਵੇ, ਉਲਟਦਾ ਨਹੀਂ। ਜੇ ਅਜਿਹਾ ਹੋਵੇ ਤਾਂ ਇਸ ਦੀ ਭਾਂਡੇ ਦੇ ਤੌਰ 'ਤੇ ਵਰਤੋਂ ਹੀ ਨਹੀਂ ਹੋ ਸਕਦੀ ਕਿਉਂਕਿ ਲੋਟਣ ਨਾਲ ਪਾਣੀ ਤਾਂ ਡੁਲ੍ਹ ਜਾਵੇਗਾ। ਹਾਂ ਲੋਟਾ ਡੋਲਦਾ ਜਾਂ ਗੋਲ ਗੋਲ ਘੁੰਮਦਾ ਜ਼ਰੂਰ ਹੈ। ਲਾਟੂ ਸ਼ਬਦ ਤੋਂ ਇਸ ਦਾ ਪਰਿਣਾਮ ਮਿਲਦਾ ਹੈ। ਮਧਾਣੀ ਦੇ ਸਿਰੇ 'ਤੇ ਲੱਗੇ ਚਾਰ ਦੰਦਿਆਂ ਵਾਲੇ ਪੁਰਜ਼ੇ ਨੂੰ ਲਾਟੂ ਕਿਹਾ ਜਾਂਦਾ ਹੈ ਜੋ ਘੁੰਮ ਘੁੰਮ ਕੇ ਦਹੀਂ ਵਿਚੋਂ ਮੱਖਣ ਕੱਢਦਾ ਹੈ। 'ਲਾਟੂ ਮਾਧਾਣੀਆ ਅਨਗਾਹ' (ਗੁਰੂ ਨਾਨਕ ਦੇਵ)। ਲਾਟੂ ਇਕ ਘੁੰਮਣ ਵਾਲਾ ਖਿਡੌਣਾ ਵੀ ਹੈ ਜਿਸ ਦੇ ਦੁਆਲੇ ਇਕ ਛੋਟੇ ਜਿਹੇ ਦੀ ਟੱਲੀ ਲਪੇਟ ਕੇ ਇਸ ਨੂੰ ਘੁੰਮਾਇਆ ਜਾਂਦਾ ਹੈ। ਛੋਟੇ ਦੀ ਮਾਰ ਨਾਲ ਚੱਲਣ ਕਰਕੇ ਇਸ ਨੂੰ ਗਧਾ ਵੀ ਕਿਹਾ ਜਾਂਦਾ ਹੈ। ਲੱਟੂ ਵੀ ਇਸੇ ਸ਼ਬਦ ਦਾ ਰੁਪਾਂਤਰ ਹੈ, ਕਿਸੇ 'ਤੇ ਲੱਟੂ ਹੋਣਾ ਇਕ ਮੁਹਾਵਰਾ ਵੀ ਹੈ। ਇਸ ਤੋਂ ਹੀ ਲਟਬੌਰਾ ਸ਼ਬਦ ਬਣਿਆ ਹੈ। ਸੋ ਇਕ ਭਾਂਡੇ ਦੇ ਤੌਰ 'ਤੇ ਲੋਟੇ ਦਾ 'ਲੁਟ' ਧਾਤੂ ਤੋਂ ਬਣਿਆ ਹੋਣ ਦੀ ਗੱਲ ਬਹੁਤੀ ਤਾਰਕਿਕ ਨਹੀਂ ਲਗਦੀ। ਉਂਜ ਆਮ ਤੌਰ 'ਤੇ ਸਾਰੇ ਭਾਂਡੇ ਜਿਵੇਂ ਘੜਾ, ਚਾਟੀ, ਤੌਂਤੀ, ਕੜਾਹੀ ਆਦਿ ਥੱਲਿਉਂ ਗੋਲ ਹੀ ਹੁੰਦੇ ਹਨ, ਫਿਰ ਉਨ੍ਹਾਂ ਨੂੰ ਲੋਟਾ ਕਿਉਂ ਨਹੀਂ ਕਿਹਾ ਗਿਆ?

ਲੋਟਾ ਸ਼ਬਦ ਦੀ ਲੁੜਕਣ ਜਿਹੀ ਕਿਰਿਆ ਨਾਲ ਸਬੰਧਤ ਹੋਣ ਦੀ ਪੁਸ਼ਟੀ ਲਈ ਇਕ ਹੋਰ ਤੱਥ ਹੈ। ਅੰਗਰੇਜ਼ੀ ਵਿਚ ਛੋਟੇ ਗਲਾਸ ਲਈ ਇਕ ਸ਼ਬਦ ਹੈ ਟੰਬਲਰ (tumbler) ਜੋ tumble ਤੋਂ ਬਣਿਆ ਹੈ। ਟੰਬਲ ਦਾ ਅਰਥ ਵੀ ਲੁੜਕਣਾ, ਪੁੱਠਾ ਡਿਗਣਾ, ਪਟਕਣਾ, ਰੁੜ੍ਹਨਾ ਆਦਿ ਹੈ। ਇਹ ਸ਼ਬਦ ਸਤ੍ਹਾਰਵੀਂ ਸਦੀ ਵਿਚ ਪ੍ਰਚਲਿਤ ਹੋਇਆ। ਉਦੋਂ ਟੰਬਲਰ ਧਾਤ ਦੇ ਬਣੇ ਹੁੰਦੇ ਸਨ, ਆਕਾਰ ਕੱਪ ਜਿਡਾ ਹੁੰਦਾ ਸੀ ਤੇ ਹੇਠੋਂ ਭਾਰੇ ਤੇ ਗੋਲ ਹੁੰਦੇ ਸਨ, ਸਮਝੋ ਬੇਪੇਂਦੇ ਲੋਟੇ ਵਰਗੇ। ਸ਼ਰਾਬ ਜਾਂ ਪਾਣੀ ਨਾਲ ਭਰੇ ਇਹ ਟੰਬਲਰ ਮੇਜ਼ 'ਤੇ ਰੱਖਣ ਸਾਰ ਲੁੜਕ ਜਾਂਦੇ ਹੋਣਗੇ ਤੇ ਵਿਚ ਪਏ ਪੀਣ ਪਦਾਰਥ ਉਛਲ ਕੇ ਡੁਲ੍ਹ ਜਾਂਦੇ ਹੋਣਗੇ। ਪਰ ਇਸ ਜ਼ਮਾਨੇ 'ਚ ਮਿਲਦੇ ਟੰਬਲਰਾਂ ਦੀ ਬਣਤਰ ਤੋਂ ਜਾਪਦਾ ਹੈ ਕਿ ਬਹੁਤੇ ਲੁੜਕਣਸ਼ੀਲ ਨਹੀਂ ਸਨ। ਇਕ ਹੋਰ ਉਲਟ ਵਿਆਖਿਆ ਅਨੁਸਾਰ ਇਸ ਦੇ ਪੇਂਦੇ ਜਾਣ ਬੁਝ ਕੇ ਭਾਰੀ ਬਣਾਏ ਜਾਂਦੇ ਸਨ ਤਾਂ ਜੁ ਹਿਲਾਉਣ ਨਾਲ ਆਪਣੇ ਆਪ ਸਿੱਧੇ ਹੋ ਜਾਣ।

ਕੁਲਕਰਣੀ ਦੇ ਮਰਾਠੀ ਕੋਸ਼ ਵਿਚ ਲੋਟਾ ਦੀ ਵਿਉਤਪਤੀ ਸੰਸਕ੍ਰਿਤ ਲੋਸ਼ਟ ਤੋਂ ਦੱਸੀ ਗਈ ਹੈ। ਲੋਸ਼ਟ ਦਾ ਅਰਥ ਹੈ, ਢੇਰ ਲਾਉਣਾ। ਇਸ ਤੋਂ ਬਣੇ ਲੋਸ਼ਟੂ ਦਾ ਅਰਥ ਢੇਲਾ ਹੈ। ਪਰ ਲੋਟਾ ਕੋਈ ਢੇਰ ਨਹੀਂ ਹੈ। ਬਹੁਤ ਸਾਰੇ ਸਰੋਤ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਲੋਟਾ ਧਾਤ ਦਾ ਹੀ ਬਣਿਆ ਭਾਂਡਾ ਹੈ ਭਾਵੇਂ ਬਾਅਦ ਵਿਚ ਮਿੱਟੀ ਦੇ ਅਜਿਹੇ ਭਾਂਡੇ ਨੂੰ ਵੀ ਲੋਟਾ ਕਿਹਾ ਜਾਣ ਲੱਗਾ। ਮਰਾਠੀ ਦੇ ਇਕ ਵਿਦਵਾਨ ਦ. ਤ. ਭੌਂਸਲੇ ਅਨੁਸਾਰ ਲੋਟਾ ਸ਼ਬਦ ਕੰਨੜ ਭਾਸ਼ਾ ਦੇ ਲੋਟੋ ਤੋਂ ਬਣਿਆ ਪਰ ਇਹ ਨਹੀਂ ਦੱਸਿਆ ਕਿ ਲੋਟੋ ਕਿਥੋਂ ਆਇਆ। ਉਸ ਨੇ ਲੋਟਾ ਸ਼ਬਦ ਦੇ 'ਲੋਹਘਟ' ਤੋਂ ਵਿਕਸਤ ਹੋਣ ਦੀ ਸੰਭਾਵਨਾ ਵੀ ਦੱਸੀ ਹੈ ਪਰ ਉਸ ਦੀ ਵੋਟ ਕੰਨੜ ਲੋਟੋ ਲਈ ਹੈ। ਲੋਹਘਟ (ਲੋਹਾ+ਘਟ) ਤੋਂ ਲੋਟਾ ਬਣੇ ਹੋਣ ਦੀ ਗੱਲ ਮਨ ਨੂੰ ਲਗਦੀ ਹੈ ਕਿਉਂਕਿ ਇਸ ਨਾਲ ਧੁਨੀ ਵੀ ਰਲਦੀ ਹੈ ਤੇ ਅਰਥ ਵੀ। ਇਥੇ ਲੋਹੇ ਤੋਂ ਭਾਵ ਧਾਤ ਹੈ ਤੇ ਘਟ ਤੋਂ ਭਾਵ ਘੜਾ ਹੈ। ਘੜਾ ਸ਼ਬਦ ਦਾ ਪੂਰਬਲਾ ਰੂਪ ਵੀ ਘਟ ਜਾਂ ਘਟਕ ਹੈ। ਲੋਹ ਸ਼ਬਦ ਬਾਰੇ ਬਹੁਤ ਪਹਿਲਾਂ ਲਿਖਿਆ ਜਾ ਚੁੱਕਾ ਹੈ। ਪ੍ਰਸੰਗਵਸ ਇਹ ਵੀ ਦੱਸ ਦੇਈਏ ਕਿ ਲੁਹਾਂਡਾ ਸ਼ਬਦ ਵਿਚ ਵੀ ਲੋਹੇ ਦਾ ਦਖਲ ਹੈ: ਲੁਹਾਂਡਾ = ਲੋਹ +ਭਾਂਡਾ।

# ਹਿੰਦੀ, ਹਿੰਦੁਸਤਾਨ=ਭਾਰਤ, ਪਾਕਿਸਤਾਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਅਸਾਮ ਦੇ ਰਾਜਪਾਲ ਪੀ ਬੀ ਅਚਾਰੀਆ ਨੇ ਭਾਰਤ ਕੇਵਲ ਹਿੰਦੂਆਂ ਦਾ ਕਹਿ ਕੇ ਅਤਿਅੰਤ ਬੇਸਮਝੀ ਦਾ ਸਬੂਤ ਦਿੱਤਾ ਹੈ। ਜਾਪਦਾ ਹੈ ਕਿ ਉਸ ਨੇ ਆਜ਼ਾਦ ਭਾਰਤ ਦਾ ਸੰਵਿਧਾਨ ਨਹੀਂ ਪੜ੍ਹਿਆ ਜਿਸ ਦੀ ਉਹ ਸਹੁੰ ਚੁੱਕ ਕੇ ਰਾਜਪਾਲ ਬਣਿਆ ਹੈ। ਉਹ ਸਰ ਮੁਹੰਮਦ ਇਕਬਾਲ, ਜਿਸ ਨੇ ਇਥੋਂ ਦੇ ਵਸਨੀਕਾਂ ਦੀ ਸ਼ਾਨ 'ਚ ਲਿਖਿਆ ਸੀ, ਨੂੰ ਵੀ ਭੁੱਲ ਗਿਆ ਲੱਗਦਾ ਹੈ:

ਹਿੰਦੀ ਹੈਂ ਹਮ ਵਤਨ ਹੈ ਹਿੰਦੁਸਤਾਂ ਹਮਾਰਾ

ਏਡੀ ਉਚੀ ਪਦਵੀ 'ਤੇ ਬਿਰਾਜਮਾਨ ਪੀ ਬੀ ਆਚਾਰੀਆ ਨੂੰ ਤਾਂ ਸ਼ਾਇਦ ਇਹ ਵੀ ਨਹੀਂ ਪਤਾ ਕਿ ਨਰਿੰਦਰ ਮੋਦੀ ਦੀ ਸਰਕਾਰ ਨੇ ਵੀ 26 ਨਵੰਬਰ ਦਾ ਦਿਨ ਸੰਵਿਧਾਨ ਦਿਵਸ ਵਜੋਂ ਮਨਾਇਆ ਹੈ। ਸੰਨ 1949 ਦੀ 26 ਨਵੰਬਰ ਨੂੰ ਭਾਰਤ ਦੇ ਅਜੋਕੇ ਸੰਵਿਧਾਨ ਨੂੰ ਪ੍ਰਵਾਨ ਕੀਤਾ ਸੀ ਜੋ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ।

ਜੇ ਸੱਚ ਪੁੱਛੋ ਤਾਂ ਆਪਣੇ ਆਪ ਨੂੰ 'ਹਿੰਦੀ' ਕਹਿਣ ਵਾਲਾ ਇਕਬਾਲ ਵੀ ਅਚਾਰੀਆ ਵਾਂਗ ਮੁਹੰਮਦ ਅਲੀ ਜਿਨਾਹ ਦੇ ਪਿੱਛੇ ਲੱਗ ਕੇ 1947 ਤੋਂ ਬਹੁਤ ਪਹਿਲਾਂ ਆਪਣੇ ਲਿਖੇ ਨੂੰ ਹੇਠਲੇ ਵਾਕ ਵਿਚ ਬਦਲ ਚੁੱਕਾ ਸੀ:

ਮੁਸਲਮ ਹੈਂ ਹਮ
ਵਤਨ ਹੈ ਸਾਰਾ ਜਹਾਂ ਹਮਾਰਾ।

...ਤੇ ਹੁਣ ਸ਼ਾਇਦ ਇਹ ਪੀ ਬੀ ਅਚਾਰੀਆ ਦੀ ਵਾਰੀ ਸੀ।

ਅਸੀਂ ਅਸਾਮ ਦੇ ਮੁੱਖ ਮੰਤਰੀ ਤਰੁਨ ਗੋਗੋਈ ਦੇ ਸਹਿਜ ਦੇ ਵਾਰੇ ਵਾਰੇ ਜਾਂਦੇ ਹਾਂ ਜਿਸ ਨੇ ਆਪਣੇ ਰਾਜ ਤੋਂ ਆਚਾਰੀਆ ਨੂੰ ਚਲਦੇ ਕਰਨ ਦੀ ਵੱਡੀ ਮੰਗ ਨਹੀਂ ਮੰਗੀ। ਚਾਹੀਦਾ ਤਾਂ ਇਹ ਹੈ ਕਿ ਅਜਿਹੇ ਬੇਸਮਝ ਬੰਦੇ ਨੂੰ ਕਿਸੇ ਵੀ ਅਜਿਹੀ ਪਦਵੀ 'ਤੇ ਨਹੀਂ ਰੱਖਣਾ ਚਾਹੀਦਾ ਜਿਸ ਉਤੇ ਬੈਠ ਕੇ ਉਹ ਦੁਨੀਆਂ ਭਰ ਦੇ ਹਿੰਦੂਆਂ ਨੂੰ ਸੱਦਾ ਦੇ ਸਕੇ ਕਿ ਭਾਰਤ ਨੂੰ ਆਪਣਾ ਦੇਸ਼ ਸਮਝਣ ਤੇ ਏਧਰ ਨੂੰ ਚਾਲੇ ਪਾ ਲੈਣ।

ਜੇ ਭੂਗੋਲ ਤੇ ਇਤਿਹਾਸ ਦੇ ਅਣਜਾਣਪੁਣੇ ਨੂੰ ਨਾ ਵੀ ਰਿੜਕੀਏ ਤਾਂ ਉਸ ਨੂੰ ਭਾਰਤ ਦੇ ਸੰਵਿਧਾਨ ਦੀ ਜਾਣਕਾਰੀ ਤਾਂ ਨਹੀਂ ਭੁੱਲੀ ਜਿਸ ਦੀ ਸਹੁੰ ਖਾ ਕੇ ਉਸ ਨੇ ਰਾਜਪਾਲ ਦੀ ਪਦਵੀ ਸੰਭਾਲੀ ਸੀ। ਸੈਕੂਲਰ ਸੰਵਿਧਾਨ ਦੇ ਸਹੁੰ ਚੁੱਕਣ ਵਾਲੇ ਵਿਅਕਤੀ ਤੋਂ ਇਹ ਸ਼ਬਦ ਸੁਣਨੇ ਕਿੰਨੇ ਹਾਸੋਹੀਣੇ ਹਨ ਕਿ ਮੁਸਲਮਾਨ ਨੂੰ ਪੂਰੀ ਖੁੱਲ੍ਹ ਹੈ ਕਿ ਉਹ ਜਿੱਥੇ ਜੀ ਕਰੇ ਚਲੇ ਜਾਣ।



ਪੀ ਬੀ ਅਚਾਰੀਆ

**ਮਹੀਪ ਸਿੰਘ ਦਿੱਲੀ ਤੇ ਮਨਮੀਤ ਸਿੰਘ ਭੁੱਲਰ ਦੇ ਤੁਰ ਜਾਣ 'ਤੇ:** ਮੈਨੂੰ ਉਘੇ ਲੇਖਕ ਮਹੀਪ ਸਿੰਘ ਤੇ ਕੈਲਗਰੀ (ਕੈਨੇਡਾ) ਦੇ ਨੌਜਵਾਨ ਵਿਧਾਇਕ ਮਨਮੀਤ ਸਿੰਘ ਭੁੱਲਰ ਦੇ ਤੁਰ ਜਾਣ ਨੇ ਬੜਾ ਉਦਾਸ ਕੀਤਾ। ਮਹੀਪ ਸਿੰਘ ਮੇਰਾ ਦਿੱਲੀ ਰਹਿਣ ਸਮੇਂ ਮਿੱਤਰ ਸੀ ਜਿੱਥੇ ਮੈਂ ਜ਼ਿੰਦਗੀ ਦਾ ਅਤਿਅੰਤ ਉਪਜਾਊ ਭਾਗ ਜੀਵਿਆ। ਮਨਮੀਤ ਸਿੰਘ ਭੁੱਲਰ ਅਜਿਹਾ ਹੋਣਹਾਰ ਨੌਜਵਾਨ ਸੀ ਜਿਸ ਨੇ ਕੈਨੇਡਾ ਦੇ ਸਿਆਸੀ ਜੀਵਨ ਵਿਚ ਵੱਡੀਆਂ ਮੱਲਾਂ ਮਾਰਨੀਆਂ ਸਨ। ਉਸ ਦੀ ਮੌਤ ਵੀ ਉਸ ਵੇਲੇ ਹੋਈ ਜਦੋਂ ਉਹ ਰਸਤੇ ਵਿਚ ਫਸੇ ਉਸ ਡਰਾਈਵਰ ਨੂੰ ਜਿੱਲ੍ਹਣ ਵਿਚੋਂ ਨਿਕਲਣ ਦਾ ਢੰਗ ਤਰੀਕਾ ਦੱਸ ਰਿਹਾ ਸੀ ਜਿਸ ਨੂੰ ਉਹ ਉਕਾ ਹੀ ਨਹੀਂ ਸੀ ਜਾਣਦਾ।

ਹਿੰਦੀ ਅਤੇ ਪੰਜਾਬੀ ਦੇ ਪਾਠਕਾਂ ਲਈ ਮਹੀਪ ਸਿੰਘ ਓਪਰਾ ਨਾਂ ਨਹੀਂ ਜਿਸ ਨੂੰ ਦਰਜਨਾਂ ਪੁਸਤਕਾਂ ਦਾ ਰਚੈਤਾ ਹੋਣ ਪਿਛੋਂ ਹਰਵਿੰਦਰ ਸਿੰਘ ਹੰਸਪਾਲ ਵਲੋਂ ਸਥਾਪਿਤ ਕੀਤੀ ਵਰਲਡ ਪੰਜਾਬੀ ਕਾਨਫਰੰਸ ਵਿਚ ਉਸ ਦੇ ਮੋਢੇ ਨਾਲ ਮੋਢਾ ਡਾਹ ਕੇ ਕੰਮ ਕੀਤਾ। ਦਿੱਲੀ ਦੇ 15 ਅਗਸਤ ਤੇ 26 ਜਨਵਰੀ ਵਾਲੇ ਮਹਾਨ ਸਮਾਗਮਾਂ ਉਤੇ ਹਿੰਦੀ 'ਚ ਕੁਮੈਂਟਰੀ ਕਰਨ ਵਾਲਾ ਕੋਈ ਹੋਰ ਪੰਜਾਬ ਤਾਂ ਕੀ ਪੂਰੇ ਭਾਰਤ ਵਿਚ ਨਹੀਂ ਸੀ। ਮਹੀਪ ਸਿੰਘ ਤੇ ਮਨਮੀਤ ਸਿੰਘ ਦੋਵੇਂ ਕੇਸਾਧਾਰੀ ਤੇ ਪਗੜੀਧਾਰੀ ਸਿੱਖ ਸਨ। ਪਹਿਲਾ 85 ਵਰ੍ਹੇ ਦਾ ਸੀ ਤੇ ਦੂਜਾ 35 ਦਾ। ਦੋਵਾਂ ਦੀ ਉਮਰ ਵਿਚ ਅੱਧੀ ਸਦੀ ਦਾ ਅੰਤਰ ਸੀ ਤੇ ਕਾਰਜ ਖੇਤਰ ਵਿਚ ਹਜ਼ਾਰਾਂ ਮੀਲਾਂ ਦੀ ਦੂਰੀ। ਕੁਦਰਤ ਨੇ ਆਪਣਾ ਮਾਰੂ ਹਥਿਆਰ ਵਰਤ ਕੇ ਦੋਵਾਂ ਨੂੰ ਇੱਕ ਦੂਜੇ ਦੇ ਸਾਨੀ ਬਣਾ ਦਿੱਤਾ। ਇਸ ਭਾਣੇ ਨੂੰ ਮੰਨਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ।

**ਗੁੜ ਖਾਵੀਂ ਪੂਣੀ ਕੱਤੀਂ:** ਹਰਿਆਣਾ ਦੇ ਜੀਂਦ ਜ਼ਿਲ੍ਹੇ ਤੋਂ ਆਈਆਂ ਮੀਡੀਆ ਰਿਪੋਰਟਾਂ ਸਾਨੂੰ ਪੰਜਾਬ ਦੇ ਉਨ੍ਹਾਂ ਸਮਿਆਂ ਵਿਚ ਲੈ ਵੜੀਆਂ ਹਨ ਜਦ ਗਰੀਬ ਕਿਸਾਨੀ ਤਾਂ ਕੀ ਰੱਜੇ-ਪੁੱਜੇ ਲੋਕ ਵੀ ਧੀਆਂ ਨੂੰ ਜੰਮਦੀਆਂ ਨੂੰ ਮਾਰ ਦਿੰਦੇ ਸਨ। ਨਤੀਜੇ ਵਜੋਂ ਪੁੰਨ ਦੇ ਵਿਆਹਵਾਂ ਤੋਂ ਬਿਨਾਂ ਵੱਟੇ-ਸੱਟੇ ਦੇ ਵਿਆਹ ਹੀ ਨਹੀਂ, ਮੁੱਲ ਦੇ ਵਿਆਹ ਵੀ ਘੱਟ ਨਹੀਂ ਸਨ। ਇਸ ਸਭ ਕਾਸੇ ਦੀਆਂ ਜੜ੍ਹਾਂ ਉਸ ਰੀਤ ਵਿਚ ਸਨ ਜੋ ਮਾਪਿਆਂ ਨੇ ਧੀਆਂ ਮਾਰਨ ਲਈ ਅਪਨਾ ਰੱਖੀ ਸੀ। ਉਹ ਨਵ ਜੰਮੀ ਬਾਲੜੀ ਨੂੰ ਮਿੱਟੀ ਵਿਚ ਦਫਨਾਉਣ ਤੋਂ ਪਹਿਲਾਂ ਉਸ ਦੇ ਮੂੰਹ ਵਿਚ ਗੁੜ ਦੀ ਰੋੜੀ ਪਾ ਕੇ ਉਹਦੇ ਹੱਥ ਰੂੰ ਦੀ ਪੂਣੀ ਫੜਾ ਕੇ ਕਹਿ ਛਡਦੇ ਸਨ:

ਗੁੜ ਖਾਵੀਂ ਪੂਣੀ ਕੱਤੀਂ।
ਆਪ ਨਾ ਆਵੀਂ ਵੀਰਾਂ ਨੂੰ ਘੱਤੀਂ।

ਅੱਜ ਦੀਆਂ ਧੀਆਂ ਤਾਂ ਪੜ੍ਹ-ਲਿਖ ਕੇ ਵੀਰਾਂ ਦੇ ਬਰਾਬਰ ਕੰਮ ਕਰਦੀਆਂ ਤੇ ਬਰਾਬਰ ਦਾ ਜੀਵਨ ਜਿਉਂਦੀਆਂ ਹਨ। ਮੇਰਾ ਜਨਮ ਅਣਵੰਡੇ ਤੋਂ ਵੱਡ ਆਕਾਰੀ ਪੰਜਾਬ ਵਿਚ ਹੋਇਆ। ਅਸੀਂ ਉਸ ਪੰਜਾਬ ਦੀਆਂ ਰਹੁ ਰੀਤਾਂ ਨੂੰ ਬਹੁਤ ਪਿੱਛੇ ਛੱਡ ਆਏ ਹਾਂ। ਸਾਡੇ ਹਰਿਆਣਵੀ ਭਰਾ ਸਾਥੋਂ ਏਨੇ ਪਿੱਛੇ ਹਨ, ਕਦੀ ਸੋਚਿਆ ਵੀ ਨਹੀਂ ਸੀ। ਉਪਰ ਵਾਲਾ ਇਨ੍ਹਾਂ ਨੂੰ ਸੁਮੱਤ ਬਖਸ਼ੇ।

**ਅੰਤਿਕਾ:** ਸੁਰਜੀਤ ਪਾਤਰ

ਪੈਸਾ ਧੇਲਾ, ਜੱਗ ਝਮੇਲਾ,
ਰੌਣਕ ਮੇਲਾ, ਮੈਂ ਮੇਰੀ
ਸਿਵਿਆਂ ਕੋਲੋਂ ਕਾਹਲੀ ਕਾਹਲੀ
ਲੰਘੇ ਗੱਲਾਂ ਕਰਦੇ ਲੋਕ।
ਜਿਹੜੀ ਰੁੱਤ ਨੂੰ 'ਉਮਰਾ' ਕਹਿੰਦੇ,
ਉਸ ਦੀ ਠੰਢ ਵੀ ਕੈਸੀ ਹੈ
ਜਿਸ ਦਿਨ ਤੀਕ ਸਿਵਾ ਨਾ ਸੇਕਣ,
ਰਹਿਣ ਵਿਚਾਰੇ ਠਰਦੇ ਲੋਕ।
ਇਹ ਇੱਕ ਧੁਖਦਾ ਰੁੱਖ ਆਇਆ ਹੈ,
ਇਹ ਆਈ ਧੁਨ ਮਾਤਮ ਦੀ
ਇਨ੍ਹਾਂ ਲਈ ਦਰਵਾਜ਼ੇ ਖੋਲ੍ਹੋ,
ਇਹ ਤਾਂ ਆਪਣੇ ਘਰ ਦੇ ਲੋਕ।

## ਉਹ ਮੁਲਕ ਆਜ਼ਾਦ ਨਹੀਂ

ਹੱਕਾਂ ਲਈ ਜਿੱਥੇ ਲੜਨਾ ਪੈਂਦੈ
ਸੱਚ ਕਹਿਣ 'ਤੇ ਮਰਨਾ ਪੈਂਦੈ
ਬੇਦੋਸ਼ੇ, ਮਜ਼ਲੂਮਾਂ ਦੀ,
ਸੁਣਦਾ ਕੋਈ ਆਵਾਜ਼ ਨਹੀਂ।
ਉਹ ਮੁਲਕ ਆਜ਼ਾਦ ਨਹੀਂ,
ਉਹ ਲੋਕ ਆਜ਼ਾਦ ਨਹੀਂ।

ਜਿੱਥੇ ਖਾਣ ਵਾਲੇ ਸੱਤਵਾਦੀ ਨੇ
ਤੇ ਬਚਾਉਣ ਵਾਲੇ ਅਤਿਵਾਦੀ ਨੇ
ਫਾਂਸੀ ਲਗਦੀ ਸੱਚ ਨੂੰ ਏ,
ਝੂਠ ਦੇ ਖੁੱਲ੍ਹਦੇ ਪਾਜ ਨਹੀਂ।

ਜਿੱਥੇ ਧਰਮ ਦੇ ਨਾਂ 'ਤੇ ਲੁੱਟਦੇ ਨੇ
ਰਾਖੇ ਹੀ ਲੋਕਾਂ ਨੂੰ ਕੁੱਟਦੇ ਨੇ
ਕਾਨੂੰਨ ਵੀ ਅੰਨਾ ਬੋਲਾ ਏ,
ਸੁਣਦਾ ਕੋਈ ਫਰਿਆਦ ਨਹੀਂ।

ਜਿੱਥੇ ਮਿਹਨਤੀ ਭੁੱਖੇ ਮਰਦੇ ਨੇ
ਤੇ ਲੀਡਰ ਵਿਹਲੇ ਪਲਦੇ ਨੇ
ਨਿੱਤ ਹੁੰਦੇ ਰੋਸ ਮੁਜ਼ਾਹਰੇ ਨੇ,
ਪਰ ਲੱਭਦਾ ਕੋਈ ਇਲਾਜ ਨਹੀਂ।

'ਦਵਿੰਦਰਾ' ਜੇ ਆਜ਼ਾਦ ਕਹਾਉਣਾ ਏ
ਪੈਣਾ ਸਾਰਾ ਹਨੇਰ ਮੁਕਾਉਣਾ ਏ
ਬਿਨਾ ਜੰਗਾਂ ਜਿੱਤੀਆਂ ਦੇ,
ਮਿਲਦੇ ਸਿਰ ਨੂੰ ਤਾਜ ਨਹੀਂ।
ਉਹ ਮੁਲਕ ਆਜ਼ਾਦ ਨਹੀਂ,
ਉਹ ਲੋਕ ਆਜ਼ਾਦ ਨਹੀਂ।

-ਦਵਿੰਦਰ ਸਿੰਘ ਸੇਖੋਂ
ਫਿਨਿਕਸ, ਐਰੀਜ਼ੋਨਾ।

ਉਰਦੂ ਕਹਾਣੀ

# ਤੋਹਫਾ

***ਕਹਾਣੀ 'ਤੋਹਫਾ' ਮਨੁੱਖ ਦੇ ਦਿਲ-ਦਰਿਆ ਦੀਆਂ ਗਹਿਰਾਈਆਂ ਅੰਦਰ ਮਾਰੀ ਗਈ ਮਾਮੂਲੀ ਜਿਹੀ ਝਾਤੀ ਹੈ। ਉਰਦੂ ਨਾਮਾਨਿਗਾਰ ਅਨਵਰ ਫਰਹਾਦ ਨੇ ਇਨ੍ਹਾਂ ਗਹਿਰਾਈਆਂ ਦਾ ਬਿਰਤਾਂਤ ਸੁਣਾਉਣ ਲਈ ਜਿਹੜੀ ਕਹਾਣੀ ਬੁਣੀ ਹੈ, ਉਹ ਹੌਲੀ-ਹੌਲੀ ਇਉਂ ਖੁੱਲ੍ਹਦੀ ਹੈ ਜਿਵੇਂ ਗੁਲਾਬ ਦੀਆਂ ਪੱਤੀਆਂ ਖੁੱਲ੍ਹਣ ਨਾਲ ਮਹਿਕ, ਅਛੋਪਲੇ ਜਿਹੇ ਆਲੇ-ਦੁਆਲੇ ਫੈਲਦੀ ਜਾਂਦੀ ਹੈ। -ਸੰਪਾਦਕ***

ਅਲਬਰਟ ਅਤੇ ਨਾਰਮਾ ਨਿਊ ਯਾਰਕ ਵਿਚ ਛੋਟੇ ਜਿਹੇ ਅਪਾਰਟਮੈਂਟ ਵਿਚ ਰਹਿੰਦੇ ਸਨ। ਅਲਬਰਟ ਦੰਦਾਂ ਦਾ ਡਾਕਟਰ ਸੀ ਤੇ ਪ੍ਰੈਕਟਿਸ ਬਸ ਗੁਜ਼ਾਰੇ ਜੋਗੀ ਹੀ ਸੀ।

ਨਾਰਮਾ ਸੋਹਣੀ ਸੀ। ਉਹ ਹਰ ਮਹੀਨੇ ਦੇ ਅਖੀਰਲੇ ਸ਼ੁੱਕਰਵਾਰ ਆਪਣੀ ਬੁੱਢੀ ਮਾਸੀ ਨੂੰ ਮਿਲਣ ਬਾਲਟੀਮੋਰ ਜਾਂਦੀ। ਇਕ ਰਾਤ ਉਥੇ ਕੱਟ ਕੇ ਅਗਲੇ ਦਿਨ ਸ਼ਾਮੀ ਮੁੜ ਆਉਂਦੀ। ਅਲਬਰਟ ਨੂੰ ਪਤਾ ਸੀ ਕਿ ਮਾਸੀ ਮਾਰਗਰੇਟ ਬਾਲਟੀਮੋਰ ਰਹਿੰਦੀ ਹੈ ਅਤੇ ਇਹ ਵੀ ਪਤਾ ਸੀ ਕਿ ਨਾਰਮਾ ਮਾਸੀ ਨੂੰ ਬੜਾ ਪਿਆਰ ਕਰਦੀ ਹੈ। ਮਹੀਨੇ ਵਿਚ ਇਕ ਵਾਰ ਨਾਰਮਾ ਨੂੰ ਜਾਣ ਤੋਂ ਰੋਕਣ ਦਾ ਕੋਈ ਕਾਰਨ ਨਹੀਂ ਸੀ।

ਇਕ ਵਾਰ ਅਲਬਰਟ ਨੇ ਨਾਰਮਾ ਨੂੰ ਪੁੱਛਿਆ, "ਜੇ ਮੈਂ ਤੇਰੇ ਨਾਲ ਨਾ ਜਾ ਸਕਾਂ ਤਾਂ ਤੈਨੂੰ ਕੋਈ ਗਿਲਾ ਤਾਂ ਨਾ ਹੋਊ?"

"ਨਹੀਂ ਡਾਰਲਿੰਗ!" ਨਾਰਮਾ ਨੇ ਪਿਆਰ ਨਾਲ ਕਿਹਾ ਸੀ, "ਮੈਨੂੰ ਤੁਹਾਡੇ ਰੁਝੇਵਿਆਂ ਦਾ ਪਤਾ ਹੈ। ਉਂਜ ਵੀ ਮਾਰਗਰੇਟ ਤੇਰੀ ਨਹੀਂ, ਮੇਰੀ ਮਾਸੀ ਹੈ।"

**ਅਨਵਰ ਫਰਹਾਦ**
**ਅਨੁਵਾਦ: ਸੁਰਜੀਤ ਸਿੰਘ ਪੰਛੀ**

ਇੰਜ ਨਾਰਮਾ ਦਾ ਆਉਣ-ਜਾਣ ਚੱਲਦਾ ਗਿਆ। ਅਸਲ ਵਿਚ ਮਾਸੀ ਨੂੰ ਮਿਲਣ ਦਾ ਤਾਂ ਇਕ ਬਹਾਨਾ ਸੀ। ਨਾਰਮਾ ਬਹੁਤਾ ਸਮਾਂ ਨੌਜਵਾਨ ਕਰਨਲ ਨਾਲ ਬਤੀਤ ਕਰਦੀ। ਉਹ ਕੁਆਰਾ ਤੇ ਬਹੁਤ ਅਮੀਰ ਸੀ ਅਤੇ ਬਾਲਟੀਮੋਰ ਤੋਂ ਰਤਾ ਹਟ ਕੇ ਇਕ ਸੁੰਦਰ ਮਕਾਨ ਵਿਚ ਰਹਿੰਦਾ ਸੀ। ਉਹ ਸਾਲ ਵਿਚ ਕੇਵਲ ਬਾਰਾਂ ਵਾਰੀ ਮਿਲਦੇ। ਨਾ ਕਿਸੇ ਨੂੰ ਇਨ੍ਹਾਂ 'ਤੇ ਸ਼ੱਕ ਹੋਇਆ ਅਤੇ ਨਾ ਹੀ ਉਹ ਦੋਵੇਂ ਇਕ-ਦੂਜੇ ਦੇ ਸਾਥ ਵਿਚ ਅੱਕੇ, ਸਗੋਂ ਪਹਿਲਾਂ ਨਾਲੋਂ ਵੀ ਵੱਧ ਗਰਮਜੋਸ਼ੀ ਨਾਲ ਮਿਲਦੇ।

ਹਰ ਵਾਰ ਕਰਨਲ ਰੇਲਵੇ ਸਟੇਸ਼ਨ ਦੇ ਬਾਹਰ ਨਾਰਮਾ ਦੀ ਉਡੀਕ ਕਰਦਾ ਮਿਲਦਾ। ਨਾਰਮਾ ਨੂੰ ਦੇਖਦਿਆਂ ਹੀ ਉਸ ਦਾ ਚਿਹਰਾ ਖਿੜ੍ਹ ਜਾਂਦਾ। ਇਸੇ ਤਰ੍ਹਾਂ ਅੱਠ ਸਾਲ ਬੀਤ ਗਏ।

ਕ੍ਰਿਸਮਸ ਵਿਚ ਦੋ ਦਿਨ ਰਹਿੰਦੇ ਸਨ। ਨਾਰਮਾ ਬਾਲਟੀਮੋਰ ਦੇ ਸਟੇਸ਼ਨ ਤੇ ਨਿਊ ਯਾਰਕ ਜਾਣ ਵਾਲੀ ਗੱਡੀ ਉਡੀਕ ਰਹੀ ਸੀ। ਇਸ ਵਾਰੀ ਵੀ ਕਰਨਲ ਨਾਲ ਮਿਲਾਪ ਬੜਾ ਸਰੂਰ ਭਰਪੂਰ ਰਿਹਾ ਸੀ। ਹਰ ਵਾਰ ਕਰਨਲ ਤੋਂ ਵੱਖ ਹੋਣ ਪਿਛੋਂ ਕਈ ਦਿਨਾਂ ਤੱਕ ਪਿਆਰ ਦਾ ਖੁਮਾਰ ਨਾਰਮਾ ਦੇ ਦਿਲੋ-ਦਿਮਾਗ 'ਤੇ ਛਾਇਆ ਰਹਿੰਦਾ। ਕਰਨਲ ਨਾ ਕੇਵਲ ਇਕ ਵਧੀਆ ਸ਼ਖਸੀਅਤ ਸੀ, ਉਸ ਦੀ ਗੱਲ-ਕੱਥ ਵੀ ਬੇਹੱਦ ਰੌਚਿਕ ਸੀ। ਉਹ ਔਰਤਾਂ ਨੂੰ ਫਸਾਉਣ ਵਿਚ ਪੂਰਾ ਮਾਹਿਰ ਸੀ। ਇਸ ਦੇ ਉਲਟ ਨਾਰਮਾ ਦਾ ਪਤੀ ਠੰਢਾ ਅਤੇ ਚੁੱਪ ਰਹਿਣਾ ਆਦਮੀ ਸੀ। ਉਸ ਦੇ ਪਿਆਰ ਵਿਚ ਉਹ ਨਿੱਘ ਨਹੀਂ ਸੀ ਜੋ ਕਰਨਲ ਵਿਚ ਸੀ। ਇਸੇ ਕਰਕੇ ਨਾਰਮਾ ਅਪਾਰਟਮੈਂਟ ਵਿਚ ਆਮ ਕਰ ਕੇ ਪੜ੍ਹਨ ਵਿਚ ਖੁੱਭੀ ਰਹਿੰਦੀ।

"ਮਾਫ਼ ਕਰਨਾ ਮੈਡਮ!" ਆਵਾਜ਼ ਸੁਣ ਕੇ ਖਿਆਲਾਂ ਵਿਚ ਡੁਬੀ ਨਾਰਮਾ ਤ੍ਰਭਕੀ। ਸਾਹਮਣੇ ਕਰਨਲ ਦਾ ਨੌਕਰ ਖੜ੍ਹਾ ਸੀ। ਉਹਨੇ ਵੱਡਾ ਸਾਰਾ ਡੱਬਾ ਉਸ ਵੱਲ ਵਧਾਉਂਦਿਆਂ ਕਿਹਾ, "ਕਰਨਲ ਨੇ ਤੁਹਾਡੇ ਲਈ ਇਹ ਤੋਹਫਾ ਭੇਜਿਆ ਹੈ।"

"ਓਹ!" ਨਾਰਮਾ ਦਾ ਚਿਹਰਾ ਖੁਸ਼ੀ ਨਾਲ ਚਮਕ ਪਿਆ, "ਇਸ ਵਿਚ ਕੀ ਐ ਟੇਡ? ਉਨ੍ਹਾਂ ਕੋਈ ਸੁਨੇਹਾ ਵੀ ਦਿੱਤੈ?"

"ਨਹੀਂ।" ਟੇਡ ਨੇ ਨਾਂਹ ਵਿਚ ਸਿਰ ਹਿਲਾਇਆ ਤੇ ਡੱਬਾ ਉਸ ਨੂੰ ਫੜਾ ਕੇ ਮੁੜ ਗਿਆ।

ਟ੍ਰੇਨ ਆਉਣ ਤੱਕ ਉਹ ਉਸ ਡੱਬੇ ਨੂੰ ਉਲਟ-ਪੁਲਟ ਕੇ ਦੇਖਦੀ ਰਹੀ। ਟ੍ਰੇਨ ਵਿਚ ਸਵਾਰ ਹੁੰਦਿਆਂ ਹੀ ਨਾਰਮਾ ਵਾਸ਼ਰੂਮ ਗਈ। ਜੋਸ਼ ਤੇ ਖੁਸ਼ੀ ਨਾਲ ਉਸ ਦੇ ਸਰੀਰ ਵਿਚ ਝਰਨਾਹਟ ਹੋ ਰਹੀ ਸੀ। ਉਸ ਨੇ ਸੋਚਿਆ, ਸ਼ਾਇਦ ਕਰਨਲ ਨੇ ਕ੍ਰਿਸਮਸ ਦਾ ਤੋਹਫ਼ਾ ਭੇਜਿਆ ਹੈ। ਅਨੁਮਾਨ ਲਾਉਣ ਦਾ ਯਤਨ ਕਰਾਂਗੀ। ਰੰਗ ਬਾਰੇ ਕਿਆਸ ਕਰਾਂਗੀ। ਦੇਖਾਂ ਤਾਂ ਸਹੀ, ਮੇਰਾ ਅਨੁਮਾਨ ਕਿੰਨਾ ਕੁ ਠੀਕ ਹੈ ਅਤੇ ਇਹ ਸਾਮਾਨ ਪਤਾ ਨਹੀਂ ਕਿੰਨਾ ਬਹੁਮੁੱਲਾ ਹੋਵੇਗਾ?"

ਉਹਨੇ ਅੱਖਾਂ ਬੰਦ ਕਰ ਲਈਆਂ ਤੇ ਕੰਬਦੇ ਹੱਥਾਂ ਨਾਲ ਡੱਬੇ ਦਾ ਢੱਕਣ ਚੁੱਕਿਆ। ਆਪਣਾ ਇਕ ਹੱਥ ਅੰਦਰ ਪਾ ਕੇ ਟੋਹਣ ਲੱਗੀ। ਉਸ ਦੀਆਂ ਉਂਗਲਾਂ ਕਿਸੇ ਨਰਮ ਚੀਜ਼ ਨੂੰ ਛੂਹੀਆਂ।

"ਓ ਮਾਈ ਗਾਡ", ਉਹ ਬੁੜਬੁੜਾਈ, "ਨਹੀਂ...ਮੈਂ ਸੁਪਨਾ ਦੇਖ ਰਹੀ ਹਾਂ।" ਉਹਨੇ ਇਕਦਮ ਅੱਖਾਂ ਖੋਲ੍ਹੀਆਂ ਅਤੇ ਹੈਰਾਨੀ ਨਾਲ ਡੱਬੇ ਵਿਚ ਪਿਆ ਕੋਟ ਦੇਖਣ ਲੱਗੀ। ਫਿਰ ਉਹਨੇ ਕਾਲਰ ਤੋਂ ਫੜ ਕੇ ਝਟਕੇ ਨਾਲ ਕੋਟ ਡੱਬੇ ਵਿਚੋਂ ਕੱਢ ਲਿਆ। ਫਰ ਦੀਆਂ ਮੋਟੀਆਂ ਤਹਿਆਂ ਖੁੱਲ੍ਹਣ ਦੀ ਸਰਸਰਾਹਟ ਦੀ ਮੱਧਮ ਜਿਹੀ ਆਵਾਜ਼ ਨੇ ਉਸ ਦੇ ਕੰਨਾਂ ਵਿਚ ਜਿਵੇਂ ਰਸ ਘੋਲ ਦਿੱਤਾ। ਉਹ ਦੋਵੇਂ ਹੱਥਾਂ ਨਾਲ ਕੋਟ ਖੋਲ੍ਹ ਕੇ ਘੂਰਨ ਲੱਗੀ। ਫਰ ਦਾ ਕੋਟ ਇਸ ਕਦਰ ਸੁੰਦਰ ਅਤੇ ਬਹੁਮੁੱਲਾ ਸੀ ਕਿ ਨਾਰਮਾ ਨੂੰ ਆਪਣਾ ਸਾਹ ਰੁਕਦਾ ਲੱਗਿਆ।

ਮਨਕ ਦੇ ਫਰ ਦਾ ਇੰਨਾ ਕੀਮਤੀ ਕੋਟ ਉਸ ਨੇ ਜ਼ਿੰਦਗੀ ਵਿਚ ਕਦੇ ਨਹੀਂ ਸੀ ਦੇਖਿਆ। "ਇਹ ਮਨਕ ਹੀ ਹੈ?" ਉਹ ਬੇਭਰੋਸਗੀ ਵਿਚ ਬੁੜਬੁੜਾਈ, "ਉਹ...ਸੱਚੀਂ! ਇਹ ਮਨਕ ਹੈ ਅਤੇ ਇਸ ਦਾ ਰੰਗ ਵੀ ਕਿੰਨਾ ਸੁੰਦਰ ਹੈ।"

ਫਰ ਦਾ ਰੰਗ ਪੂਰਾ ਕਾਲਾ ਸੀ। ਪਹਿਲਾਂ ਤਾਂ ਉਹ ਇਹੋ ਸਮਝੀ ਸੀ ਕਿ ਇਹ ਕਾਲਾ ਫਰ ਹੈ, ਪਰ ਖਿੜਕੀ ਨੇੜੇ ਹੋ ਕੇ ਜਦੋਂ ਧਿਆਨ ਨਾਲ ਦੇਖਿਆ ਤਾਂ ਉਹ ਨੀਲਾ ਲੱਗਿਆ। ਪੱਕੀ ਗੱਲ... ਇਹ ਫਰ ਕਾਲਾ, ਨਹੀਂ ਨੀਲਾ ਸੀ। ਉਹਨੇ ਕਾਹਲੀ ਨਾਲ ਫਰ 'ਤੇ ਨਜ਼ਰ ਮਾਰੀ ਜਿਸ ਉਤੇ 'ਜੰਗਲੀ ਲੇਬਾਰਡਰ ਮਨਕ' ਲਿਖਿਆ ਹੋਇਆ ਸੀ। ਲੇਬਲ 'ਤੇ ਨਾ ਕੋਈ ਨਿਸ਼ਾਨ ਸੀ ਅਤੇ ਨਾ ਹੀ ਕਿਸੇ ਕੰਪਨੀ ਜਾਂ ਦੁਕਾਨ ਦਾ ਪਤਾ ਸੀ।

"ਸ਼ਾਇਦ ਇਹ ਕਰਨਲ ਦਾ ਹੀ ਕੰਮ ਸੀ।" ਉਹਨੇ ਧੜਕਦੇ ਦਿਲ ਨਾਲ ਸੋਚਿਆ। ਚਲਾਕ ਕਰਨਲ ਨੇ ਆਪਣਾ ਕੋਈ ਨਿਸ਼ਾਨ ਨਹੀਂ ਸੀ ਛੱਡਿਆ। ਇਕ ਤਰ੍ਹਾਂ ਤਾਂ ਚੰਗਾ ਹੀ ਸੀ। ਫਿਰ ਉਹਨੇ ਸੋਚਿਆ, ਇਹ ਕੋਟ ਕਿੰਨੇ ਦਾ ਹੋਵੇਗਾ? ਘੱਟ ਤੋਂ ਘੱਟ ਦਸ ਹਜ਼ਾਰ ਡਾਲਰ... ਸ਼ਾਇਦ ਇਸ ਤੋਂ ਵੀ ਵੱਧ।

ਉਹ ਚਾਹੁੰਦਿਆਂ ਵੀ ਕੋਟ ਤੋਂ ਨਜ਼ਰ ਨਾ ਹਟਾ ਸਕੀ। ਫਿਰ ਉਹ ਕਾਹਲੀ ਨਾਲ ਆਪਣਾ ਲਾਲ ਕੋਟ ਲਾਹ ਕੇ ਮਨਕ ਦਾ ਕੋਟ ਪਾਉਣ ਲੱਗੀ। ਉਸ ਦਾ ਸਾਹ ਚੜ੍ਹ ਗਿਆ। ਫਰ ਬੇਹੱਦ ਨਰਮ ਅਤੇ ਮੋਟਾ ਸੀ। ਉਹਨੂੰ ਯਾਦ ਆਇਆ ਕਿ ਕਿਸੇ ਨੇ ਉਹਨੂੰ ਦੱਸਿਆ ਸੀ ਕਿ ਫਰ ਦੇ ਕੋਟ ਦੀ ਆਸਤੀਨ 'ਚ ਮਾਦਾ ਦੀ ਖੱਲ ਲੱਗੀ ਹੁੰਦੀ ਹੈ ਅਤੇ ਬਾਕੀ ਸਾਰਾ ਕੋਟ ਨਰ ਦੀ ਖੱਲ ਦਾ ਬਣਿਆ ਹੁੰਦਾ ਹੈ।

ਗੂੜ੍ਹੇ ਰੰਗ ਦਾ ਫਰ ਦਾ ਕੋਟ ਉਸ ਦੇ ਸਰੀਰ 'ਤੇ ਇਉਂ ਫਿੱਟ ਆ ਗਿਆ, ਜਿਵੇਂ ਨਾਪ ਲੈ ਕੇ ਬਣਾਇਆ ਹੋਵੇ। ਉਹਨੇ ਸ਼ੀਸ਼ੇ ਵਿਚ ਆਪਣਾ ਅਕਸ ਦੇਖਿਆ ਅਤੇ ਉਸ ਦੀਆਂ ਅੱਖਾਂ ਖੁਸ਼ੀ ਨਾਲ ਅੱਡੀਆਂ ਗਈਆਂ। ਉਹ ਕੋਟ ਵਿਚ ਬਹੁਤ ਸੁੰਦਰ ਲੱਗਦੀ ਸੀ। ਸੋਚਣ ਲੱਗੀ, "ਜਦੋਂ ਕੋਟ ਪਾ ਕੇ ਘਰੋਂ ਬਾਹਰ ਨਿਕਲਾਂਗੀ ਤਾਂ ਆਦਮੀ ਮੁੜ-ਮੁੜ ਕੇ ਉਹਨੂੰ ਦੇਖਣ ਲਈ ਮਜਬੂਰ ਹੋ ਜਾਣਗੇ।" ਅਚਾਨਕ ਉਹਨੂੰ ਲਿਫ਼ਾਫਾ ਯਾਦ ਆ ਗਿਆ। ਉਹਨੇ ਕਾਹਲੀ ਨਾਲ ਲਿਫ਼ਾਫ਼ਾ ਚੁੱਕ ਕੇ ਖੋਲ੍ਹ ਲਿਆ। ਇਕ ਪਰਚਾ ਅੰਦਰੋਂ ਮਿਲਿਆ ਜੋ ਪੜ੍ਹਨ ਲੱਗੀ। ਲਿਖਿਆ ਸੀ,

"ਪਿਆਰੀ ਨਾਰਮਾ,

ਇਕ ਵਾਰ ਤੂੰ ਕਿਹਾ ਸੀ ਕਿ ਤੈਨੂੰ ਮਨਕ ਦਾ ਫਰ ਕੋਟ ਬਹੁਤ ਪਸੰਦ ਹੈ। ਮੈਂ ਤੇਰੀ ਇੱਛਾ ਪੂਰੀ ਕਰ ਦਿੱਤੀ ਹੈ। ਮੈਨੂੰ ਦੱਸਿਆ ਗਿਆ ਹੈ ਕਿ ਇਹ ਵਧੀਆ ਫਰ ਦਾ ਕੋਟ ਹੈ। ਮੇਰੇ ਵੱਲੋਂ ਅਤਿਅੰਤ ਪਿਆਰ ਅਤੇ ਨੇਕ ਇੱਛਾਵਾਂ ਨਾਲ ਇਹ ਅਲਵਿਦਾਈ ਤੋਹਫ਼ਾ ਪ੍ਰਵਾਨ ਕਰੋ। ਮੈਂ ਅੱਗੇ ਤੋਂ ਤੈਨੂੰ ਕਦੇ ਨਹੀਂ ਮਿਲ ਸਕਾਂਗਾ, ਕਿਉਂਕਿ ਮੈਂ ਵਿਆਹ ਦਾ ਫੈਸਲਾ ਕਰ ਲਿਆ ਹੈ। ਸਦਾ ਲਈ। ਰੱਬ ਰਾਖਾ।"

"ਓਹ...", ਨਾਰਮਾ ਦੇ ਦਿਲ ਨੂੰ ਝਟਕਾ ਲੱਗਾ। ਇਸ ਖਿਆਲ ਨਾਲ ਉਹਨੂੰ ਦੁੱਖ ਵੀ ਹੋ ਰਿਹਾ ਸੀ ਕਿ ਉਹ ਹੁਣ ਕਰਨਲ ਨੂੰ ਕਦੇ ਨਹੀਂ ਮਿਲ ਸਕੇਗੀ। ਉਹਨੇ ਛੇਤੀ ਹੀ ਆਪਣੀਆਂ ਭਾਵਨਾਵਾਂ ਨੂੰ ਕਾਬੂ ਕਰ ਲਿਆ ਅਤੇ ਬੜੇ ਪਿਆਰ ਨਾਲ ਫਰ 'ਤੇ ਹੱਥ ਫੇਰਨ ਲੱਗੀ। ਫਿਰ ਚਿੱਠੀ ਪਾੜਨ ਦੇ ਇਰਾਦੇ ਨਾਲ ਮੋੜੀ ਤਾਂ ਪਿਛੇ ਵੀ ਕੁਝ ਲਿਖਿਆ ਹੋਇਆ ਦੇਖਿਆ। ਉਹਨੇ ਪੜ੍ਹਿਆ,

"ਤੇਰਾ ਪਤੀ ਜ਼ਰੂਰ ਕੋਟ ਬਾਰੇ ਪੁੱਛੇਗਾ। ਉਹਨੂੰ ਕਹਿ ਦੇਣਾ ਕਿ ਇਹ ਕੋਟ ਤੇਰੀ ਮਾਸੀ ਨੇ ਤੈਨੂੰ ਕ੍ਰਿਸਮਸ ਦਾ ਤੋਹਫ਼ਾ ਦਿੱਤਾ ਹੈ।"

ਨਾਰਮਾ ਨੇ ਆਪਣੇ ਬੁੱਲ੍ਹ ਘੁੱਟ ਲਏ। ਸੋਚਣ ਲੱਗੀ, ਮਾਸੀ ਮਾਰਗਰੇਟ ਦੇ ਕੋਲ ਐਨਾ ਧਨ ਕਿਥੇ ਐ ਕਿ ਆਪਣੀ ਭਾਣਜੀ ਨੂੰ ਐਨਾ ਕੀਮਤੀ ਕੋਟ ਖਰੀਦ ਕੇ ਦੇ ਸਕੇ। ਉਸ ਦੇ ਪਤੀ ਨੇ ਜ਼ਰੂਰ ਪੁੱਛਣਾ ਹੈ ਕਿ ਇਹ ਕਿਥੋਂ ਮਿਲਿਆ ਹੈ। ਮਾਸੀ ਦਾ ਬਹਾਨਾ ਨਹੀਂ ਚੱਲ ਸਕਦਾ ਪਰ ਪਤਾ ਲੱਗਣ ਤੋਂ ਬਚਣ ਲਈ ਕੋਈ ਨਾ ਕੋਈ ਬਹਾਨਾ ਤਾਂ ਬਣਾਉਣਾ ਹੀ ਹੋਵੇਗਾ। ਅਚਾਨਕ ਉਹ ਪਰੇਸ਼ਾਨ ਹੋ ਗਈ। ਇਸ ਤਰ੍ਹਾਂ ਸੁੰਦਰ ਅਤੇ ਬਹੁਮੁੱਲਾ ਕੋਟ ਪਾਉਣ ਦੀ ਖੁਸ਼ੀ ਵਿਚ ਉਹ ਇਸ ਜ਼ਰੂਰੀ ਗੱਲ ਨੂੰ ਤਾਂ ਪੂਰੀ ਤਰ੍ਹਾਂ ਭੁੱਲ ਹੀ ਗਈ ਸੀ।

ਦੋ ਘੰਟੇ ਪਿਛੋਂ ਉਹ ਨਿਊ ਯਾਰਕ ਪਹੁੰਚਣ ਵਾਲੀ ਸੀ। ਉਸ ਤੋਂ ਦਸ ਮਿੰਟ ਪਿਛੋਂ ਉਹ ਆਪਣੇ ਅਪਾਰਟਮੈਂਟ ਵਿਚ ਹੋਵੇਗੀ, ਜਿਥੇ ਉਸ ਦਾ ਪਤੀ ਉਹਦੀ ਉਡੀਕ ਕਰ ਰਿਹਾ ਹੋਵੇਗਾ। ਕੋਟ ਦੇਖ ਕੇ ਅਲਬਰਟ ਵੀਹ ਸਵਾਲ ਕਰ ਸਕਦਾ ਹੈ, ਪਰ ਉਸ ਕੋਲ ਕੋਈ ਉਤਰ ਨਹੀਂ ਸੀ ਕਿ ਐਨਾ ਕੀਮਤੀ ਕੋਟ ਕਿਥੋਂ ਮਿਲਿਆ ਹੈ। ਨਾਰਮਾ ਸੋਚਣ ਲੱਗੀ, ਸ਼ਾਇਦ ਕਰਨਲ ਨੇ ਜਾਣ-ਬੁੱਝ ਕੇ ਮੁਸੀਬਤ ਵਿਚ ਪਾਉਣ ਲਈ ਇਹ ਤੋਹਫ਼ਾ ਦਿੱਤਾ ਸੀ। ਉਹ ਜਾਣਦਾ ਸੀ ਕਿ ਮਾਸੀ ਮਾਰਗਰੇਟ ਉਸ ਨੂੰ ਇਹੋ ਜਿਹਾ ਤੋਹਫ਼ਾ ਨਹੀਂ ਦੇ ਸਕਦੀ। ਕੁਝ ਵੀ ਸੀ, ਹੁਣ ਉਹ ਇਸ ਕੋਟ ਤੋਂ ਵਾਂਝੀ ਹੋਣ ਦਾ ਖਿਆਲ ਵੀ ਨਹੀਂ ਕਰ ਸਕਦੀ ਸੀ।



"ਕੁਝ ਸੋਚਣਾ ਪਵੇਗਾ", ਉਹ ਸ਼ੀਸ਼ੇ ਵਿਚ ਆਪਣਾ ਅਕਸ ਦੇਖ ਕੇ ਪੱਕੇ ਇਰਾਦੇ ਨਾਲ ਬੁੜਬੁੜਾਈ। ਉਹਨੇ ਸੋਚਿਆ ਕਿ ਉਹ ਇਸ ਤੋਂ ਪਹਿਲਾਂ ਵੀ ਅਲਬਰਟ ਨੂੰ ਮੂਰਖ ਬਣਾਉਂਦੀ ਰਹੀ ਹੈ, ਤੇ ਉਹਨੂੰ ਕਰਨਲ ਅਤੇ ਆਪਣੇ ਸਬੰਧ ਦੀ ਭਿਣਕ ਵੀ ਨਹੀਂ ਪੈਣ ਦਿੱਤੀ।

ਨਾਰਮਾ ਕੋਈ ਸਕੀਮ ਸੋਚਣ ਲੱਗੀ। ਟ੍ਰੇਨ ਤੋਂ ਉਤਰ ਕੇ ਉਹ ਤੇਜ਼ ਚੱਲਦੀ ਸਟੇਸ਼ਨ ਤੋਂ ਬਾਹਰ ਨਿਕਲੀ। ਉਸ ਨੇ ਲਾਲ ਕੋਟ ਪਹਿਨਿਆ ਹੋਇਆ ਸੀ ਅਤੇ ਗੱਤੇ ਦੇ ਡੱਬੇ ਨੂੰ ਘੁੱਟ ਕੇ ਫੜਿਆ ਹੋਇਆ ਸੀ। ਉਹਨੇ ਟੈਕਸੀ ਨੂੰ ਇਸ਼ਾਰੇ ਨਾਲ ਬੁਲਾਇਆ।

"ਡਰਾਈਵਰ!" ਉਸ ਨੇ ਕਿਹਾ, "ਤੈਨੂੰ ਸਾਮਾਨ ਗਹਿਣੇ ਰੱਖਣ ਵਾਲੀ ਕਿਸੇ ਅਜਿਹੀ ਦੁਕਾਨ ਦਾ ਪਤੈ, ਜੋ ਇਸ ਸਮੇਂ ਖੁੱਲ੍ਹੀ ਹੋਵੇ?"

ਡਰਾਈਵਰ ਨੇ ਉਸ ਵੱਲ ਦੇਖ ਕੇ ਕਿਹਾ, "ਛੇਵੀਂ ਸਟਰੀਟ 'ਤੇ ਕਈ ਦੁਕਾਨਾਂ ਖੁੱਲ੍ਹੀਆਂ ਹੋਣਗੀਆਂ।"

"ਮੈਨੂੰ ਕਿਸੇ ਦੁਕਾਨ 'ਤੇ ਲੈ ਚੱਲ।" ਨਾਰਮਾ ਨੇ ਕਿਹਾ ਅਤੇ ਕਾਹਲੀ ਨਾਲ ਅੰਦਰ ਬੈਠ ਗਈ। ਥੋੜ੍ਹੇ ਸਮੇਂ ਪਿਛੋਂ ਟੈਕਸੀ ਇਕ ਦੁਕਾਨ ਸਾਹਮਣੇ ਜਾ ਰੁਕੀ ਜਿਸ ਉਤੇ "ਲੇਕ ਪਾਨ ਬਰੋਕਰ" ਦਾ ਬੋਰਡ ਲੱਗਾ ਹੋਇਆ ਸੀ। ਨਾਰਮਾ ਟੈਕਸੀ 'ਚੋਂ ਬਾਹਰ ਨਿਕਲੀ ਅਤੇ ਡਰਾਈਵਰ ਨੂੰ ਕਿਹਾ, "ਮੇਰੀ ਉਡੀਕ ਕਰ, ਮੈਂ ਹੁਣੇ ਆਈ।"

ਕਾਊਂਟਰ 'ਤੇ ਮੋਟਾ ਆਦਮੀ ਬੈਠਾ ਸੀ। ਨਾਰਮਾ ਨੂੰ ਆਉਂਦਿਆਂ ਦੇਖ ਕੇ ਉਹਨੇ ਐਨਕ ਠੀਕ ਕੀਤੀ ਅਤੇ ਮੁਸਕਰਾ ਕੇ ਕਿਹਾ, "ਦੱਸੋ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ?"

"ਅਸਲ ਵਿਚ ਮੇਰੇ ਕੋਲੋਂ ਮੂਰਖਤਾ ਹੋ ਗਈ ਹੈ।" ਨਾਰਮਾ ਨੇ ਡੱਬਾ ਕਾਊਂਟਰ 'ਤੇ ਰੱਖ ਕੇ ਧੀਮੇ ਜਿਹੇ ਕਿਹਾ।

"ਕੀ ਮਤਲਬ? ਮੈਂ ਸਮਝਿਆ ਨਹੀਂ ਬੇਗ਼ਮ।" ਮੋਟੇ ਨੇ ਫਿਰ ਐਨਕ ਠੀਕ ਕਰਦਿਆਂ ਉਹਨੂੰ ਧਿਆਨ ਨਾਲ ਦੇਖਿਆ।

"ਮੈਂ ਬਹੁਤ ਪਰੇਸ਼ਾਨ ਹਾਂ...ਮੇਰਾ ਪਰਸ ਗੁਆਚ ਗਿਆ ਹੈ, ਅੱਜ ਸਨਿਚਰਵਾਰ ਹੈ, ਐਤਵਾਰ ਤੱਕ ਬੈਂਕ ਵੀ ਬੰਦ ਰਹਿਣਗੇ। ਮੈਨੂੰ ਹਫ਼ਤੇ ਲਈ ਕੁਝ ਰਕਮ ਦੀ ਲੋੜ ਹੈ।" ਨਾਰਮਾ ਨੇ ਕਿਹਾ ਤੇ ਡੱਬੇ 'ਤੇ ਬੰਨ੍ਹੀ ਰੀਬਨ ਖੋਲ੍ਹਣ ਲੱਗੀ।

"ਮੈਨੂੰ ਤੁਹਾਡਾ ਪਰਸ ਗੁਆਚਣ ਦਾ ਅਫ਼ਸੋਸ ਹੈ, ਬੇਗਮ।" ਮੋਟੇ ਨੇ ਰਸਮੀ ਤੌਰ 'ਤੇ ਕਿਹਾ।

ਨਾਰਮਾ ਅਣਸੁਣੀ ਕਰਦਿਆਂ ਬੋਲੀ, "ਮੈਨੂੰ ਬਹੁਤੀ ਰਕਮ ਦੀ ਲੋੜ ਨਹੀਂ, ਕੇਵਲ ਐਤਵਾਰ ਤੱਕ ਖਰਚ ਚਾਹੀਦਾ ਹੈ...ਇਹ ਕੋਟ ਮੈਂ ਤੁਹਾਡੇ ਕੋਲ ਗਹਿਣੇ ਰੱਖਣਾ ਚਾਹੁੰਦੀ ਹਾਂ। ਐਤਵਾਰ ਨੂੰ ਰਕਮ ਦੇ ਕੇ ਆਪਣਾ ਕੋਟ ਲੈ ਜਾਵਾਂਗੀ।"

ਮੋਟਾ ਚੁੱਪ-ਚਾਪ ਡੱਬੇ ਵੱਲ ਵੇਖਦਾ ਰਿਹਾ। ਨਾਰਮਾ ਨੇ ਕੋਟ ਕੱਢਿਆ ਤਾਂ ਉਹਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਉਹ ਕੀਮਤੀ ਕੋਟ ਸੀ। ਉਹ ਉਸ ਦੇ ਹੱਥੋਂ ਕੋਟ ਫੜ ਕੇ ਪਰਖਣ ਲੱਗਾ।

"ਜੇ ਮੇਰੇ ਕੋਲ ਕੋਈ ਘੜੀ ਜਾਂ ਮੁੰਦਰੀ ਹੁੰਦੀ ਤਾਂ ਕੋਟ ਦੀ ਥਾਂ ਉਹ ਗਹਿਣੇ ਰੱਖਦੀ।" ਨਾਰਮਾ ਨੇ ਕਿਹਾ, "ਪਰ ਇਸ ਸਮੇਂ ਮੇਰੇ ਕੋਲ ਕੋਟ ਤੋਂ ਬਿਨਾਂ ਕੁਝ ਨਹੀਂ।"

"ਕੋਟ ਤਾਂ ਨਵਾਂ ਲੱਗਦੈ!" ਮੋਟਾ ਕੋਟ ਨੂੰ ਉਲਟ-ਪਲਟ ਕੇ ਦੇਖਦਿਆਂ ਬੋਲਿਆ।

"ਹਾਂ, ਬਿਲਕੁੱਲ ਨਵਾਂ ਹੈ ਪਰ ਮੈਂ ਕਿਹਾ ਐ ਨਾ...ਮੈਨੂੰ ਕੇਵਲ ਐਤਵਾਰ ਤੱਕ ਕੁਝ ਰਕਮ ਚਾਹੀਦੀ ਐ, ਫਿਰ ਮੈਂ ਆ ਕੇ ਇਹ ਲੈ ਜਾਵਾਂਗੀ।"

"ਤੁਹਾਨੂੰ ਕਿੰਨੀ ਰਕਮ ਦੀ ਲੋੜ ਐ?"

"ਕੇਵਲ ਪੰਜਾਹ ਡਾਲਰ।"

"ਮੈਂ ਤੁਹਾਨੂੰ ਪੰਜਾਹ ਡਾਲਰ ਦੇਣ ਲਈ ਤਿਆਰ ਹਾਂ।"

"ਕੋਟ ਦਾ ਮੁੱਲ ਇਸ ਰਕਮ ਤੋਂ ਸੈਂਕੜੇ ਗੁਣਾ ਹੈ, ਮੈਨੂੰ ਭਰੋਸਾ ਹੈ ਕਿ ਮੇਰੇ ਮੁੜਨ ਤੱਕ ਤੁਸੀਂ ਇਸ ਨੂੰ ਪੂਰੀ ਤਰ੍ਹਾਂ ਧਿਆਨ ਨਾਲ ਰੱਖੋਗੇ।" ਨਾਰਮਾ ਨੇ ਕਿਹਾ।

"ਮੈਂ ਆਪਣੀ ਜ਼ਿੰਮੇਵਾਰੀ ਸਮਝਦਾਂ, ਮੈਡਮ।" ਉਹਨੇ ਕਿਹਾ। ਰਸੀਦ ਬੁੱਕ ਕਾਊਂਟਰ 'ਤੇ ਰੱਖਦਿਆਂ ਪੈਨ ਚੁੱਕ ਕੇ ਉਹਨੇ ਪੁੱਛਿਆ, "ਨਾਂ?"

"ਨਾਂ ਅਤੇ ਪਤਾ ਲਿਖਣ ਦੀ ਲੋੜ ਨਹੀਂ ਹੈ।" ਨਾਰਮਾ ਕਾਹਲੀ ਨਾਲ ਬੋਲੀ।

ਮੋਟਾ ਇਕ ਪਲ ਰੁਕ ਗਿਆ ਅਤੇ ਐਨਕ ਦੇ ਉਪਰ ਦੀ ਦੇਖਣ ਲੱਗਾ। ਪੈਨ ਰਸੀਦ ਦੇ ਖਾਨੇ 'ਤੇ ਝੁਕਿਆ ਹੋਇਆ ਸੀ।

"ਨਾਂ ਅਤੇ ਪਤਾ ਲਿਖਵਾਉਣਾ ਜ਼ਰੂਰੀ ਹੈ?" ਨਾਰਮਾ ਨੇ ਪੁੱਛਿਆ।

"ਜ਼ਰੂਰਤ ਤਾਂ ਹੈ...ਜੇ ਕੋਈ ਕਿਸੇ ਕਾਰਨ ਆਪਣਾ ਨਾਂ-ਪਤਾ ਨਾ ਲਿਖਵਾਉਣਾ ਚਾਹੇ, ਤਾਂ ਅਸੀਂ ਜ਼ਿਦ ਨਹੀਂ ਕਰਦੇ।" ਉਹਨੇ ਪੈਨ ਇਕ ਪਾਸੇ ਰੱਖਦਿਆਂ ਕਿਹਾ।

"ਅਸਲ ਵਿਚ ਮੈਂ ਇਨ੍ਹਾਂ ਵੇਰਵਿਆਂ ਵਿਚ ਜਾਣਾ ਨਹੀਂ ਚਾਹੁੰਦੀ। ਕੁਝ ਜ਼ਾਤੀ ਗੱਲ ਹੈ।"

"ਇਸ ਹਾਲਤ ਵਿਚ ਤੁਹਾਨੂੰ ਰਸੀਦ ਸੰਭਾਲ ਕੇ ਰੱਖਣੀ ਹੋਵੇਗੀ।"

"ਜ਼ਰੂਰ, ਮੈਂ ਸੰਭਾਲ ਕੇ ਰੱਖਾਂਗੀ।"

"ਸ਼ਾਇਦ ਤੁਹਾਨੂੰ ਪਤਾ ਹੋਵੇ, ਜੇ ਨਹੀਂ ਤਾਂ ਮੈਂ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਨਾਂ ਤੇ ਪਤੇ ਬਿਨਾਂ ਕੋਈ ਵੀ ਇਹ ਰਸੀਦ ਦਿਖਾ ਕੇ ਸਾਮਾਨ ਲਿਜਾ ਸਕਦਾ ਹੈ, ਕੇਵਲ ਰਸੀਦ ਨੰਬਰ ਦੇ ਆਧਾਰ 'ਤੇ। ਰਸੀਦ 'ਤੇ ਕੋਟ ਬਾਰੇ ਵੀ ਨਾ ਲਿਖਾਂ?"

"ਨਹੀਂ, ਇਸ ਦੀ ਵੀ ਲੋੜ ਨਹੀਂ।" ਨਾਰਮਾ ਨੇ ਕਿਹਾ, "ਕੇਵਲ ਰਕਮ ਲਿਖ ਕੇ ਰਸੀਦ ਮੈਨੂੰ ਦੇ ਦੇਵੋ, ਜਿਹੜੇ ਤੁਸੀਂ ਮੈਨੂੰ ਦੇ ਰਹੇ ਹੋ...ਪੰਜਾਹ ਡਾਲਰ।"

"ਮੇਰੀ ਸਲਾਹ ਹੈ ਕਿ ਤੁਸੀਂ ਰਸੀਦ 'ਤੇ ਕੋਟ ਬਾਰੇ ਲਿਖਵਾ ਹੀ ਲਵੋ। ਸ਼ਾਇਦ ਤੁਹਾਨੂੰ ਇਹ ਰਸੀਦ ਵੇਚਣੀ ਪੈ ਜਾਵੇ।"

"ਇਸ ਨੂੰ ਵੇਚਣ ਦਾ ਮੇਰਾ ਕੋਈ ਇਰਾਦਾ ਨਹੀਂ ਐ।"

"ਹੋ ਸਕਦੈ ਅਜਿਹੇ ਹਾਲਾਤ ਬਣ ਜਾਣ। ਬਹੁਤ ਸਾਰੇ ਲੋਕਾਂ ਨਾਲ ਇਸ ਤਰ੍ਹਾਂ ਹੋ ਚੁੱਕੈ।"

"ਤੂੰ ਬੇਅਰਥ ਗੱਲਾਂ ਵਿਚ ਮੇਰਾ ਸਮਾਂ ਨਸ਼ਟ ਕਰ ਰਿਹਾ ਏਂ।" ਨਾਰਮਾ ਨੇ ਕੁਝ ਕੌੜੀ ਤਰ੍ਹਾਂ ਕਿਹਾ, "ਮੈਂ ਕੰਗਾਲ ਨਹੀਂ ਹੋ ਗਈ ਹਾਂ, ਮੇਰਾ ਕੇਵਲ ਪਰਸ ਗੁੰਮਿਆ ਹੈ। ਬੱਸ ਬੈਂਕ ਖੁੱਲ੍ਹਣ ਤੱਕ ਦੀ ਗੱਲ ਐ।"

ਦੁਕਾਨਦਾਰ ਨੇ ਪਲਕਾਂ ਝੁਕਾਈਆਂ, "ਜਿਵੇਂ ਤੁਹਾਡੀ ਮਰਜ਼ੀ, ਤੁਸੀਂ ਕੋਟ ਦੇ ਮਾਲਕ ਹੋ।"

ਅਚਾਨਕ ਨਾਰਮਾ ਦੇ ਦਿਮਾਗ ਵਿਚ ਬੇਸੁਆਦਾ ਜਿਹਾ ਖਿਆਲ ਆਇਆ। ਉਹਨੇ ਦੁਕਾਨਦਾਰ ਨੂੰ ਪੁੱਛਿਆ, "ਜੇ ਮੈਂ ਇਸ ਰਸੀਦ 'ਤੇ ਆਪਣੇ ਕੋਟ ਦਾ ਵੇਰਵਾ ਨਾ ਲਿਖਵਾਵਾਂ, ਤਾਂ ਇਸ ਗੱਲ ਦੀ ਕੀ ਜ਼ਮਾਨਤ ਹੈ ਕਿ ਤੁਸੀਂ ਰਸੀਦ ਦੇਖ ਕੇ ਮੇਰਾ ਕੋਟ ਹੀ ਦੇਵੋਗੇ ਅਤੇ ਕੋਈ ਹੋਰ ਚੀਜ਼ ਨਹੀਂ ਦੇਵੋਗੇ?"

"ਅਸੀਂ ਇਹ ਵੇਰਵਾ ਆਪਣੇ ਰਜਿਸਟਰ ਵਿਚ ਜ਼ਰੂਰ ਲਿਖਦੇ ਹਾਂ।"

"ਪਰ ਮੇਰੇ ਕੋਲ ਤਾਂ ਕੇਵਲ ਰਸੀਦ ਦਾ ਨੰਬਰ ਹੋਵੇਗਾ। ਜੇ ਤੁਸੀਂ ਕੋਈ ਹੋਰ ਚੀਜ਼ ਦੇਣੀ ਚਾਹੀ, ਤਾਂ ਮੈਂ ਕੀ ਸਬੂਤ ਦੇਵਾਂਗੀ ਕਿ ਮੈਂ ਕੋਟ ਜਮ੍ਹਾਂ ਕਰਵਾਇਆ ਸੀ?"

"ਚੰਗਾ ਇਹੀ ਹੈ ਕਿ ਤੁਸੀਂ ਰਸੀਦ 'ਤੇ ਆਪਣੇ ਸਾਮਾਨ ਦਾ ਵੇਰਵਾ ਲਿਖਵਾ ਲਵੋ।" ਮੋਟੇ ਦੁਕਾਨਦਾਰ ਦੇ ਬੁੱਲ੍ਹਾਂ 'ਤੇ ਤਲਖੀ ਸੀ।

"ਓਹ...ਨਹੀਂ ਨਹੀਂ", ਉਹ ਕਾਹਲੀ ਨਾਲ ਬੋਲੀ, "ਮੈਨੂੰ ਤੁਹਾਡੇ 'ਤੇ ਭਰੋਸਾ ਹੈ।"

ਦੁਕਾਨਦਾਰ ਨੇ ਰਕਮ ਦੇ ਖਾਨੇ ਵਿਚ ਪੰਜਾਹ ਡਾਲਰ ਲਿਖੇ ਅਤੇ ਅੱਧੀ ਰਸੀਦ ਪਾੜ ਕੇ ਉਸ ਦੇ ਹਵਾਲੇ ਕਰ ਦਿੱਤੀ।

"ਇਸ 'ਤੇ ਤਿੰਨ ਪ੍ਰਤੀਸ਼ਤ ਮਹੀਨਾ ਵਿਆਜ ਲੱਗੂ।" ਉਹਨੇ ਕਿਹਾ।

"ਹਾਂ, ਠੀਕ ਐ...ਧੰਨਵਾਦ, ਕੋਟ ਸੰਭਾਲ ਕੇ ਰੱਖਣਾ।" ਨਾਰਮਾ ਨੇ ਕਿਹਾ ਅਤੇ ਪੰਜਾਹ ਡਾਲਰ ਲੈ ਕੇ ਦੁਕਾਨ ਵਿਚੋਂ ਬਾਹਰ ਨਿਕਲ ਆਈ। ਬਾਹਰ ਟੈਕਸੀ ਉਸ ਦੀ ਉਡੀਕ ਵਿਚ ਖੜ੍ਹੀ ਸੀ। ਥੋੜ੍ਹੇ ਹੀ ਮਿੰਟਾਂ ਪਿਛੋਂ ਉਹ ਆਪਣੇ ਘਰ ਸੀ।

"ਅਲਬਰਟ ਡਾਰਲਿੰਗ!" ਉਹ ਬਹੁਤ ਪਿਆਰ ਨਾਲ ਆਪਣੇ ਪਤੀ ਵੱਲ ਵਧੀ, "ਮੈਂ ਆ ਗਈ, ਤੂੰ ਮੈਨੂੰ ਯਾਦ ਕਰ ਰਿਹਾ ਸੀ?" ਉਹਨੇ ਬਾਹਰੀ ਪਿਆਰ ਪ੍ਰਗਟ ਕੀਤਾ।

ਅਲਬਰਟ ਨੇ ਨਰਮੀ ਨਾਲ ਉਸ ਨੂੰ ਵੱਖ ਕਰਦਿਆਂ ਕਿਹਾ, "ਅੱਜ ਤੈਨੂੰ ਕੁਝ ਦੇਰ ਹੋ ਗਈ?"

"ਹਾਂ ਡਾਰਲਿੰਗ! ਥੋੜ੍ਹੀ ਜਿਹੀ ਦੇਰ ਹੋ ਗਈ ਹੈ।" ਉਹਨੇ ਆਮ ਵਾਂਗ ਕਿਹਾ, "ਮਾਸੀ ਨੇ ਤੁਹਾਨੂੰ ਪਿਆਰ ਘੱਲਿਆ ਹੈ ਅਤੇ ਕਿਹਾ ਸੀ ਕਿ ਉਹ ਤੁਹਾਨੂੰ ਕ੍ਰਿਸਮਸ ਕਾਰਡ ਜ਼ਰੂਰ ਭੇਜੇਗੀ ਪਰ ਮੈਨੂੰ ਪਤਾ ਹੈ, ਸਦਾ ਵਾਂਗ ਇਸ ਵਾਰ ਵੀ ਭੁੱਲ ਜਾਵੇਗੀ, ਉਫ...ਤ੍ਰੇਹ ਦੇ ਮਾਰਿਆਂ ਮੇਰਾ ਦਮ ਨਿਕਲਦਾ ਜਾਂਦਾ ਹੈ। ਤੁਸੀਂ ਵੀ ਕੁਝ ਪੀਵੋਗੇ?"

"ਮੈਂ ਲਿਆਉਨਾਂ।" ਆਖ ਅਲਬਰਟ ਫਰਿਜ਼ ਵੱਲ ਗਿਆ।

ਨਾਰਮਾ ਉਸ ਨੂੰ ਦੇਖ ਕੇ ਆਪਣੇ ਦਸਤਾਨੇ ਲਾਹੁਣ ਲੱਗੀ। ਕਰਨਲ ਦੇ ਟਾਕਰੇ ਉਹ ਮੱਧਰੇ ਕੱਦ ਦਾ ਸੀ। ਖਾਸ ਕਰ ਕੇ ਜਦੋਂ ਉਹ ਕਰਨਲ ਨੂੰ ਮਿਲ ਕੇ ਆਉਂਦੀ, ਤਾਂ ਉਹਨੂੰ ਆਪਣਾ ਪਤੀ ਹੋਰ ਵੀ ਮਧਰਾ ਲੱਗਦਾ। ਕਰਨਲ ਲੰਬੇ ਕੱਦ ਅਤੇ ਤਕੜੇ ਜੁੱਸੇ ਦਾ ਸੀ। ਉਸ ਦੇ ਸਰੀਰ 'ਚੋਂ ਹਰ ਸਮੇਂ ਮਨਮੋਹਣੀ ਖੁਸ਼ਬੂ ਆਉਂਦੀ ਸੀ, ਜਦੋਂ ਕਿ ਅਲਬਰਟ ਦੇ ਸਾਥ ਨਾਲ ਉਹਨੂੰ ਹਸਪਤਾਲ ਯਾਦ ਆ ਜਾਂਦਾ।

"ਪਿਛਲੀ ਰਾਤ ਕਿਵੇਂ ਬਤੀਤ ਕੀਤੀ, ਡਾਰਲਿੰਗ?" ਨਾਰਮਾ ਨੇ ਉਸ ਤੋਂ ਮਾਰਕੋਨੀ ਦਾ ਗਲਾਸ ਲੈ ਕੇ ਸੋਫ਼ੇ 'ਤੇ ਬੈਠਦਿਆਂ ਪੁੱਛਿਆ।

*(ਬਾਕੀ ਅਗਲੇ ਸਫੇ 'ਤੇ)*

"ਮੈਂ ਆਪਣੇ ਕਲੀਨਿਕ ਵਿਚ ਹੀ ਸੀ", ਉਸ ਨੇ ਉਤਰ ਦਿੱਤਾ, "ਓਥੇ ਮੈਂ ਆਪਣੇ ਥੋੜ੍ਹੇ ਜਿਹੇ ਔਜ਼ਾਰ ਠੀਕ ਕੀਤੇ ਅਤੇ ਹਿਸਾਬ-ਕਿਤਾਬ ਦੇਖਦਾ ਰਿਹਾ।"

"ਤੁਸੀਂ ਐਨਾ ਕੰਮ ਕਿਉਂ ਕਰਦੇ ਹੋ?" ਉਹ ਪਿਆਰ ਨਾਲ ਬੋਲੀ, "ਤੁਸੀਂ ਔਜ਼ਾਰ ਕਿਸੇ ਮਕੈਨਿਕ ਨੂੰ ਵੀ ਦੇ ਸਕਦੇ ਸੀ।"

"ਮੈਂ ਆਪਣੇ ਔਜ਼ਾਰ ਆਪ ਹੀ ਠੀਕ ਕਰਨਾ ਪਸੰਦ ਕਰਦਾ ਹਾਂ।" ਅਲਬਰਟ ਨੇ ਮੁਸਕਰਾ ਕੇ ਕਿਹਾ, "ਇਹ ਮੁੱਢ ਤੋਂ ਹੀ ਮੇਰੀ ਆਦਤ ਅਤੇ ਰੋਜ਼ ਦਾ ਕੰਮ ਐ।"

"ਮੈਂ ਜਾਣਦੀ ਆਂ ਡਾਰਲਿੰਗ! ਤੁਹਾਨੂੰ ਆਪਣਾ ਕੰਮ ਆਪ ਕਰ ਕੇ ਖੁਸ਼ੀ ਹੁੰਦੀ ਐ। ਤੁਹਾਡੇ ਕੋਲ ਵਧੀਆ ਸੰਦ ਹਨ ਪਰ ਮੈਂ ਨਹੀਂ ਚਾਹੁੰਦੀ, ਤੁਸੀਂ ਇੰਨੀ ਮਿਹਨਤ ਕਰੋ। ਆਪਣਾ ਹਿਸਾਬ-ਕਿਤਾਬ ਮਿਸ ਰੋਜ਼ੀ ਤੋਂ ਕਿਉਂ ਨਹੀਂ ਠੀਕ ਕਰਵਾਉਂਦੇ? ਇਹ ਉਹਦੀ ਜ਼ਿੰਮੇਵਾਰੀ ਨਹੀਂ?"

"ਇਹ ਕੰਮ ਓਹੀ ਕਰਦੀ ਹੈ ਪਰ ਬਿੱਲ ਆਦਿ ਤਾਂ ਮੈਂ ਹੀ ਬਣਾਉਣੇ ਹੁੰਦੇ ਨੇ। ਉਹਨੂੰ ਨਹੀਂ ਪਤਾ ਕਿ ਕਿਹੜਾ ਅਮੀਰ ਹੈ, ਕਿਸ ਗਾਹਕ ਨੂੰ ਕਿੰਨੇ ਡਾਲਰਾਂ ਦਾ ਬਿੱਲ ਭੇਜਣਾ ਚਾਹੀਦੈ। ਇਹ ਸਭ ਕੁਝ ਤਾਂ ਮੈਨੂੰ ਹੀ ਦੇਖਣਾ ਪੈਂਦਾ ਹੈ।"

"ਇਹ ਬਹੁਤ ਵਧੀਆ ਮਾਰਕੋਨੀ ਹੈ।" ਨਾਰਮਾ ਨੇ ਘੁੱਟ ਭਰ ਕੇ ਗਲਾਸ ਮੇਜ਼ 'ਤੇ ਰੱਖਦਿਆਂ ਕਿਹਾ। ਫਿਰ ਉਹਨੇ ਆਪਣਾ ਬੈਗ ਖੋਲ੍ਹ ਕੇ ਬੁੱਲ੍ਹ ਪੂੰਝਣ ਲਈ ਰੁਮਾਲ ਕੱਢਿਆ। ਇਹਦੇ ਨਾਲ ਰਸੀਦ ਵੀ ਨਿਕਲ ਆਈ। "ਓਹ, ਇਹ ਦੇਖੋ ਅਲਬਰਟ!" ਉਹ ਰਸੀਦ ਚੁੱਕ ਕੇ ਬੋਲੀ, "ਮੈਂ ਤੁਹਾਨੂੰ ਦੱਸਣਾ ਭੁੱਲ ਗਈ ਕਿ ਇਹ ਰਸੀਦ ਮੈਨੂੰ ਟੈਕਸੀ ਵਿਚੋਂ ਮਿਲੀ ਐ। ਪਤਾ ਨਹੀਂ ਕੌਣ ਸੁੱਟ ਗਿਆ। ਇਸ 'ਤੇ ਇਕ ਨੰਬਰ ਲਿਖਿਆ ਹੋਇਐ। ਸ਼ਾਇਦ ਕਿਸੇ ਲਾਟਰੀ ਆਦਿ ਦਾ ਹੈ। ਇਸੇ ਕਰ ਕੇ ਮੈਂ ਇਹਨੂੰ ਆਪਣੇ ਬੈਗ ਵਿਚ ਰੱਖ ਲਿਆ ਸੀ।"

ਅਲਬਰਟ ਉਸ ਤੋਂ ਰਸੀਦ ਲੈ ਕੇ ਇਉਂ ਪਰਖਣ ਲੱਗਾ ਜਿਵੇਂ ਕਿਸੇ ਗਾਹਕ ਦਾ ਦੰਦ ਦੇਖ ਰਿਹਾ ਹੋਵੇ। ਥੋੜ੍ਹੇ ਪਲਾਂ ਪਿਛੋਂ ਉਸ ਨੇ ਧੀਮੀ ਆਵਾਜ਼ ਵਿਚ ਕਿਹਾ, "ਤੈਨੂੰ ਪਤਾ ਇਹ ਕੀ ਐ?"

"ਨਹੀਂ ਡੀਅਰ...ਪਰ ਮੇਰਾ ਖਿਆਲ ਐ ਕਿ ਇਹ ਕਿਸੇ ਲਾਟਰੀ ਆਦਿ ਦੀ ਟਿਕਟ ਹੋਵੇਗੀ।"

"ਇਹ ਗਹਿਣੇ ਰੱਖੀ ਚੀਜ਼ ਦੀ ਰਸੀਦ ਐ।"

"ਗਹਿਣੇ ਦੀ ਰਸੀਦ?"

"ਹਾਂ, ਸਾਮਾਨ ਗਹਿਣੇ ਰੱਖਣ ਦੀ ਰਸੀਦ। ਇਸ 'ਤੇ ਦੁਕਾਨ ਦਾ ਨਾਂ-ਪਤਾ ਵੀ ਲਿਖਿਆ ਹੋਇਐ। ਦੁਕਾਨ ਛੇਵੀਂ ਸਟਰੀਟ 'ਤੇ ਹੈ।"

"ਓਹ...ਮੈਂ ਤਾਂ ਸਮਝੀ ਸੀ ਕਿ ਇਹ ਕਿਸੇ ਲਾਟਰੀ ਦੀ ਟਿਕਟ ਹੈ।" ਨਾਰਮਾ ਉਦਾਸ ਜਿਹੀ ਬੋਲੀ।

"ਉਦਾਸ ਹੋਣ ਦੀ ਲੋੜ ਨਹੀਂ," ਅਲਬਰਟ ਨੇ ਕਿਹਾ, "ਹੋ ਸਕਦੈ ਇਹ ਰਸੀਦ ਸਾਡੇ ਵਾਸਤੇ ਲਾਟਰੀ ਦੀ ਟਿਕਟ ਸਾਬਤ ਹੋਵੇ।"

"ਉਹ ਕਿਵੇਂ ਡਾਰਲਿੰਗ?"

"ਦੇਖ, ਇਸ ਰਸੀਦ 'ਤੇ ਕਿਸੇ ਦਾ ਨਾਂ-ਪਤਾ ਨਹੀਂ। ਕੋਈ ਵੀ ਉਸ ਦੁਕਾਨ 'ਤੇ ਜਾ ਕੇ ਇਹ ਰਸੀਦ ਦੇ ਕੇ ਸਾਮਾਨ ਲੈ ਸਕਦਾ ਹੈ।" ਨਾਰਮਾ ਧਿਆਨ ਨਾਲ ਪਤੀ ਦੀਆਂ ਗੱਲਾਂ ਸੁਣਦੀ ਰਹੀ।

"ਤੇਰਾ ਮਤਲਬ ਹੈ ਕਿ ਉਹ ਕੋਈ ਕੀਮਤੀ ਚੀਜ਼ ਹੋ ਸਕਦੀ ਹੈ?" ਉਸ ਨੇ ਪੁੱਛਿਆ।

"ਹੋ ਸਕਦੈ, ਘੱਟ ਤੋਂ ਘੱਟ ਸਾਨੂੰ ਦੇਖਣਾ ਜ਼ਰੂਰ ਚਾਹੀਦੈ। ਇਸ 'ਤੇ ਪੰਜਾਹ ਡਾਲਰ ਲਿਖੇ ਹਨ। ਇਹ ਤਾਂ ਸਾਫ਼ ਗੱਲ ਐ ਕਿ ਗਹਿਣੇ ਰੱਖੀ ਜਾਣ ਵਾਲੀ ਚੀਜ਼ ਜ਼ਰੂਰ ਕੀਮਤੀ ਹੋਵੇਗੀ।"

"ਮਤਲਬ ਪੰਜਾਹ ਡਾਲਰ ਦੀ?" ਨਾਰਮਾ ਨੇ ਮਾਸੂਮੀਅਤ ਨਾਲ ਪੁੱਛਿਆ।

"ਤੂੰ ਬਹੁਤ ਭੋਲੀ ਏਂ," ਅਲਬਰਟ ਨੇ ਧੀਮੀ ਮੁਸਕਾਨ ਨਾਲ ਕਿਹਾ, "ਇਸ ਤਰ੍ਹਾਂ ਦੁਕਾਨਦਾਰ ਗਹਿਣੇ ਰੱਖੀ ਜਾਣ ਵਾਲੀ ਚੀਜ਼ ਦੇ ਅਸਲੀ ਮੁੱਲ ਦੇ ਦਸਵੇਂ ਹਿੱਸੇ ਤੋਂ ਵੱਧ ਰਕਮ ਨਹੀਂ ਦਿੰਦੇ।"

"ਉਹੀ...ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ।" ਉਹ ਹੈਰਾਨੀ ਨਾਲ ਬੋਲੀ।

"ਡੀਅਰ! ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਤੈਨੂੰ ਪਤਾ ਨਹੀਂ।" ਅਲਬਰਟ ਨੇ ਨਰਮੀ ਨਾਲ ਕਿਹਾ, "ਹੁਣ ਮੇਰੀ ਗੱਲ ਧਿਆਨ ਨਾਲ ਸੁਣ, ਕਿਉਂਕਿ ਰਸੀਦ ਦੇ ਮਾਲਕ ਦਾ ਨਾਂ-ਪਤਾ ਨਹੀਂ ਹੈ। ਸੋ, ਇਹ ਰਸੀਦ ਜਿਸ ਕੋਲ ਹੋਵੇਗੀ, ਓਸੇ ਨੂੰ ਮਾਲਕ ਸਮਝਿਆ ਜਾਵੇਗਾ।"

"ਪਰ ਕੁਝ ਨਾ ਕੁਝ ਤਾਂ ਲਿਖਿਆ ਹੋਵੇਗਾ ਕਿ ਇਸ ਰਸੀਦ ਦਾ ਸਬੰਧ ਕਿਸ ਨਾਲ ਹੈ।"

"ਨਹੀਂ, ਕੁਝ ਨਹੀਂ ਲਿਖਿਆ," ਅਲਬਰਟ ਨੇ ਰਸੀਦ ਦੇਖਦਿਆਂ ਕਿਹਾ, "ਕੁਝ ਲੋਕ ਇਵੇਂ ਹੀ ਕਰਦੇ ਹਨ। ਉਹ ਨਹੀਂ ਚਾਹੁੰਦੇ ਕਿ ਲੋਕਾਂ ਨੂੰ ਪਤਾ ਲੱਗੇ ਕਿ ਇਨ੍ਹਾਂ ਨੇ ਕੋਈ ਚੀਜ਼ ਗਹਿਣੇ ਰੱਖ ਕੇ ਕਰਜ਼ਾ ਲਿਆ ਹੈ। ਉਹ ਇਸ ਨੂੰ ਸ਼ਰਮ ਦੀ ਗੱਲ ਸਮਝ ਸਕਦੇ ਹਨ। ਪੱਕੀ ਗੱਲ, ਇਹ ਰਸੀਦ ਹੁਣ ਸਾਡੀ ਐ?"

"ਤੁਹਾਡਾ ਮਤਲਬ ਇਹ ਰਸੀਦ ਮੇਰੀ ਐ," ਨਾਰਮਾ ਕਾਹਲੀ ਨਾਲ ਬੋਲੀ, "ਇਹ ਮੈਨੂੰ ਲੱਭੀ ਐ ਨਾ।"

"ਇਸ ਵਿਚ ਕੀ ਫ਼ਰਕ ਪੈਂਦੈ, ਡੀਅਰ।" ਅਲਬਰਟ ਨੇ ਪਿਆਰ ਨਾਲ ਕਿਹਾ, "ਕੀ ਮੇਰੇ ਤੇ ਤੇਰੇ ਵਿਚ ਫਰਕ ਐ? ਜ਼ਰੂਰੀ ਗੱਲ ਇਹ ਐ ਕਿ ਹੁਣ ਅਸੀਂ ਕਦੀ ਵੀ ਜਾ ਕੇ ਪੰਜਾਹ ਡਾਲਰ ਬਦਲੇ ਉਹ ਚੀਜ਼ ਲੈ ਸਕਦੇ ਹਾਂ।"

"ਉਹ ਕੀ ਚੀਜ਼ ਹੋ ਸਕਦੀ ਐ, ਡਾਰਲਿੰਗ?"

"ਇਸ ਬਾਰੇ ਰਸੀਦ 'ਤੇ ਕੁਝ ਨਹੀਂ ਲਿਖਿਆ।"

"ਅਜੀਬ ਗੱਲ ਹੈ! ਚੀਜ਼ ਸਾਡੀ ਹੋ ਚੁੱਕੀ ਐ, ਪਰ ਸਾਨੂੰ ਪਤਾ ਨਹੀਂ ਉਹ ਹੈ ਕੀ?" ਨਾਰਮਾ ਖੁਸ਼ੀ ਨਾਲ ਬੋਲੀ।

"ਕੁਝ ਵੀ ਹੋ ਸਕਦੀ ਐ...ਅੰਗੂਠੀ, ਘੜੀ, ਕੋਈ ਕੀਮਤੀ ਗਹਿਣਾ।"

"ਜੇ ਉਹ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਵੀ ਸੁੰਦਰ ਚੀਜ਼ ਹੋਈ ਤਾਂ ਕਿੰਨਾ ਸੁਆਦ ਆਊ, ਅਲਬਰਟ ਡਾਰਲਿੰਗ! ਮੇਰਾ ਮਤਲਬ ਕੋਈ ਪੁਰਾਣੀ ਚੀਜ਼ ਜਾਂ ਕੋਈ ਹੋਰ ਖਜ਼ਾਨਾ।"

"ਦੇਖੀਏ ਕੀ ਨਿਕਲਦਾ ਹੈ!"

"ਲਿਆਓ ਰਸੀਦ ਮੈਨੂੰ ਦਿਖਾਵੋ, ਕੱਲ੍ਹ ਐਤਵਾਰ ਐ। ਮੈਂ ਸਵੇਰੇ ਹੀ ਦੁਕਾਨ 'ਤੇ ਜਾ ਕੇ ਉਹ ਚੀਜ਼ ਲੈ ਆਊਂ।" ਨਾਰਮਾ ਨੇ ਕਿਹਾ।

"ਮੇਰਾ ਵਿਚਾਰ ਐ, ਮੇਰਾ ਜਾਣਾ ਠੀਕ ਰਹੂ।"

"ਨਹੀਂ, ਮੈਂ ਆਪ ਜਾਊਂਗੀ।"

"ਮੈ ਕਿਹਾ ਨਾ, ਮੈਂ ਕਲਿਨਿਕ ਜਾਂਦਿਆਂ ਉਹ ਚੀਜ਼ ਲੈ ਲੂੰਗਾ।"

"ਓਹ...ਡਾਰਲਿੰਗ। ਇਹ ਰਸੀਦ ਮੈਨੂੰ ਮਿਲੀ ਐ, ਪਲੀਜ਼ ਇਹ ਕੰਮ ਮੈਨੂੰ ਹੀ ਕਰਨ ਦਿਓ...ਕਿੰਨਾ ਸੁਆਦ ਆਵੇਗਾ।" ਉਹ ਟੁਣਕ ਕੇ ਬੋਲੀ।

"ਤੂੰ ਇਨ੍ਹਾਂ ਦੁਕਾਨਦਾਰਾਂ ਨੂੰ ਨਹੀਂ ਜਾਣਦੀ, ਡੀਅਰ।" ਅਲਬਰਟ ਨੇ ਸਮਝਾਉਂਦਿਆਂ ਕਿਹਾ, "ਉਹ ਤੈਨੂੰ ਧੋਖਾ ਵੀ ਦੇ ਸਕਦੇ ਨੇ।"

"ਮੈਂ ਐਨੀ ਨਾਦਾਨ ਵੀ ਨਹੀਂ," ਨਾਰਮਾ ਤਲਖੀ ਨਾਲ ਬੋਲੀ, "ਪਲੀਜ਼ ਇਹ ਰਸੀਦ ਮੈਨੂੰ ਦੇਵੋ।"

"ਇਸ ਤੋਂ ਬਿਨਾਂ ਤੇਰੇ ਕੋਲ ਪੰਜਾਹ ਡਾਲਰ ਵੀ ਚਾਹੀਦੇ ਨੇ," ਅਲਬਰਟ ਨੇ ਔਖਿਆਂ ਹੋ ਕੇ ਕਿਹਾ, "ਪੰਜਾਹ ਡਾਲਰ ਦਿੱਤੇ ਬਿਨਾਂ ਇਹ ਚੀਜ਼ ਕਦੇ ਨਹੀਂ ਲਈ ਜਾ ਸਕਦੀ।"

"ਇੰਨੀ ਰਕਮ ਹੈ ਮੇਰੇ ਕੋਲ।"

"ਫਿਰ ਵੀ ਇਹ ਕੰਮ ਮੈਂ ਕਰਨਾ ਚਾਹੁੰਦਾ ਹਾਂ।"

"ਕਿਉਂ ਅਲਬਰਟ? ਇਹ ਰਸੀਦ ਮੈਨੂੰ ਮਿਲੀ ਐ, ਇਹ ਮੇਰੀ ਐ। ਇਸ ਦੇ ਬਦਲੇ ਜਿਹੜੀ ਵੀ ਚੀਜ਼ ਮਿਲੂ, ਉਹ ਮੇਰੀ ਹੋਊ।"

"ਪੱਕੀ ਗੱਲ, ਉਹ ਚੀਜ਼ ਤੇਰੀ ਐ ਡੀਅਰ। ਇਸ ਵਿਚ ਪਰੇਸ਼ਾਨੀ ਵਾਲੀ ਕਿਹੜੀ ਗੱਲ ਐ।"

"ਮੈਂ ਪਰੇਸ਼ਾਨ ਨਹੀਂ ਹਾਂ ਡਾਰਲਿੰਗ।" ਉਹਨੇ ਆਪਣੇ ਆਪ ਨੂੰ ਸੰਭਾਲਦੇ ਹੋਏ ਨਰਮੀ ਨਾਲ ਕਿਹਾ, "ਬੱਸ ਖੁਸ਼ੀ ਤੇ ਉਤਸ਼ਾਹ ਨਾਲ ਮੇਰਾ ਇਹ ਹਾਲ ਹੋ ਰਿਹਾ ਹੈ।"

"ਤੂੰ ਇਹ ਨਹੀਂ ਸੋਚਿਆ ਕਿ ਉਹ ਚੀਜ਼ ਮਰਦਾਨਾ ਵੀ ਹੋ ਸਕਦੀ ਹੈ।" ਅਲਬਰਟ ਨੇ ਕਿਹਾ, "ਕੇਵਲ ਔਰਤਾਂ ਹੀ ਤਾਂ ਚੀਜ਼ਾਂ ਗਹਿਣੇ ਨਹੀਂ ਰੱਖਦੀਆਂ ਨਾ।"

"ਜੇ ਕੋਈ ਅਜਿਹੀ ਚੀਜ਼ ਹੋਈ ਤਾਂ ਮੈਂ ਕ੍ਰਿਸਮਸ ਦੇ ਤੋਹਫ਼ੇ ਦੇ ਰੂਪ ਵਿਚ ਤੈਨੂੰ ਦੇ ਦੂੰਗੀ।" ਨਾਰਮਾ ਨੇ ਕਾਹਲੀ ਨਾਲ ਕਿਹਾ, "ਪਰ ਜੇ ਕੋਈ ਜ਼ਨਾਨਾ ਕਿਸਮ ਦੀ ਚੀਜ਼ ਹੋਈ ਤਾਂ ਉਹ ਮੇਰੀ ਹੋਵੇਗੀ।"

"ਮਨਜ਼ੂਰ ਹੈ," ਅਲਬਰਟ ਨੇ ਕਿਹਾ, "ਇਹ ਤਾਂ ਫੈਸਲਾ ਹੋ ਗਿਆ। ਇਸ ਤਰ੍ਹਾਂ ਕਰਦੇ ਹਾਂ ਕਿ ਐਤਵਾਰ ਨੂੰ ਆਪਾਂ ਦੋਵੇਂ ਇਕੱਠੇ ਹੀ ਦੁਕਾਨ 'ਤੇ ਚੱਲਾਂਗੇ, ਠੀਕ ਐ?"

"ਨਹੀਂ," ਉਹ ਮੁਰਦਾ ਜਿਹੀ ਆਵਾਜ਼ ਵਿਚ ਬੋਲੀ, "ਮੈਂ ਤੁਹਾਡੇ ਨਾਲ ਨਹੀਂ ਜਾਵਾਂਗੀ।"

"ਆਖਰ ਇਹਦੇ ਵਿਚ ਹਰਜ਼ ਕੀ ਐ?"

"ਇਥੇ ਠਹਿਰ ਕੇ ਉਡੀਕ ਕਰਨੀ ਮੇਰੇ ਲਈ ਸੌਖੀ ਨਹੀਂ। ਜੇ ਉਹ ਕੋਈ ਅਜਿਹੀ ਚੀਜ਼ ਹੋਈ ਜੋ ਸਾਡੇ ਦੋਵਾਂ ਲਈ ਬੇਕਾਰ ਹੋਵੇ, ਫਿਰ?"

"ਇਹ ਤੂੰ ਬੜੀ ਪਤੇ ਦੀ ਗੱਲ ਕੀਤੀ ਐ," ਅਲਬਰਟ ਨੇ ਕਾਹਲੀ ਨਾਲ ਕਿਹਾ, "ਜੇ ਉਹ ਪੰਜਾਹ ਡਾਲਰ ਤੋਂ ਘੱਟ ਮੁੱਲ ਦੀ ਹੋਈ ਤਾਂ ਉਹਨੂੰ ਓਥੇ ਹੀ ਛੱਡ ਆਵਾਂਗਾ।"

"ਪਰ ਤੁਸੀਂ ਤਾਂ ਕਿਹਾ ਸੀ ਕਿ ਉਹ ਚੀਜ਼ ਪੰਜਾਹ ਡਾਲਰ ਤੋਂ ਦਸ ਗੁਣਾਂ ਬਹੁਤੀ...ਭਾਵ ਪੰਜ ਸੌ ਡਾਲਰ ਦੀ ਵੀ ਹੋ ਸਕਦੀ ਐ।"

"ਹੋ ਸਕਦੀ ਐ," ਅਲਬਰਟ ਨੇ ਮੱਥਾ ਖੁਰਕਦਿਆਂ ਕਿਹਾ, "ਫਿਕਰ ਨਾ ਕਰ ਡੀਅਰ। ਮੈਨੂੰ ਭਰੋਸਾ ਐ ਕਿ ਉਹ ਇਸ ਤੋਂ ਬਹੁਤ ਕੀਮਤੀ ਹੋਵੇਗੀ।"

"ਓ ਡਾਰਲਿੰਗ! ਮੈਥੋਂ ਐਨੀ ਦੇਰ ਉਡੀਕ ਕਿਵੇਂ ਹੋਵੇਗੀ? ਕਿੰਨੀ ਅਜੀਬ ਗੱਲ ਐ?"

"ਬਿਲਕੁਲ ਠੀਕ," ਅਲਬਰਟ ਨੇ ਰਸੀਦ ਜੇਬ ਵਿਚ ਪਾਉਂਦਿਆਂ ਕਿਹਾ, "ਇਸ ਵਿਚ ਕੋਈ ਸ਼ੱਕ ਨਹੀਂ।"

---

ਐਤਵਾਰ ਨੂੰ ਨਾਸ਼ਤੇ ਪਿਛੋਂ ਨਾਰਮਾ ਪਤੀ ਨਾਲ ਦਰਵਾਜ਼ੇ ਤੱਕ ਗਈ। ਉਸ ਨੂੰ ਤੋਰਦਿਆਂ ਪਿਆਰ ਨਾਲ ਕਿਹਾ, "ਤੁਸੀਂ ਬਹੁਤ ਮਿਹਨਤ ਕਰਦੇ ਹੋ ਡਾਰਲਿੰਗ। ਐਨਾ ਕੰਮ ਨਾ ਕਰਿਆ ਕਰੋ।"

"ਬੇਫਿਕਰ ਰਹੋ, ਮੈਂ ਕਲਿਨਿਕ ਵਿਚ ਆਰਾਮ ਵੀ ਕਰ ਲੈਂਨਾਂ।"

"ਛੇ ਵਜੇ ਤੱਕ ਘਰ ਆ ਜਾਣਾ।"

"ਆ ਜਾਊਂਗਾ।"

"ਤੁਹਾਨੂੰ ਪਾਨ ਬਰੋਕਰ ਦੀ ਦੁਕਾਨ ਤੱਕ ਜਾਣ ਦਾ ਸਮਾਂ ਮਿਲ ਜਾਵੇਗਾ?"

"ਓ ਹੋ! ਮੈਂ ਤਾਂ ਉਕਾ ਹੀ ਭੁੱਲ ਗਿਆ। ਡੀਅਰ! ਚੰਗਾ ਹੋਇਆ ਤੂੰ ਯਾਦ ਕਰਾ ਦਿੱਤਾ। ਮੈਂ ਟੈਕਸੀ ਲੈ ਕੇ ਪਹਿਲਾਂ ਉਥੇ ਜਾਊਂ, ਦੁਕਾਨ ਰਾਹ ਵਿਚ ਹੀ ਪੈਂਦੀ ਐ।"

"ਰਸੀਦ ਤਾਂ ਸੰਭਾਲ ਕੇ ਰੱਖੀ ਐ?"

ਅਲਬਰਟ ਨੇ ਜੇਬ ਫੋਲਦਿਆਂ ਕਿਹਾ, "ਹਾਂ! ਰਸੀਦ ਜੇਬ ਵਿਚ ਐ।"

"ਤੇਰੇ ਕੋਲੇ ਪੰਜਾਹ ਡਾਲਰ ਤਾਂ ਹੈਗੇ ਨੇ?"

"ਹਾਂ, ਐਨੀ ਰਕਮ ਤਾਂ ਹੈਗੀ।"

"ਡਾਰਲਿੰਗ," ਉਹ ਨੇੜੇ ਆ ਕੇ ਟਾਈ ਦੀ ਗੰਢ ਠੀਕ ਕਰਦਿਆਂ ਬੋਲੀ, "ਜੇ ਉਹ ਕੋਈ ਅਜਿਹੀ ਚੀਜ਼ ਹੋਈ ਜੋ ਬਹੁਤ ਸੁੰਦਰ ਅਤੇ ਕੀਮਤੀ ਹੋਵੇ ਤਾਂ ਤੁਸੀਂ ਕਲਿਨਿਕ ਪਹੁੰਚਦਿਆਂ ਹੀ ਮੈਨੂੰ ਫੋਨ ਕਰ ਦੇਵੋਗੇ?"

"ਜੇ ਤੂੰ ਚਾਹੁੰਨੀ ਏਂ ਤਾਂ ਜ਼ਰੂਰ ਕਰ ਦੂੰਗਾ।" ਉਹ ਭਰੋਸੇ ਨਾਲ ਬੋਲਿਆ।

"ਭਰੋਸਾ ਕਰੋ ਡਾਰਲਿੰਗ! ਮੈਂ ਚਾਹੁੰਦੀ ਹਾਂ ਕਿ ਉਹ ਕੋਈ ਅਜਿਹੀ ਚੀਜ਼ ਹੋਵੇ ਜੋ ਮੇਰੇ ਨਾਲੋਂ ਬਹੁਤੀ ਤੁਹਾਡੇ ਕੰਮ ਆ ਸਕੇ। ਮੈਨੂੰ ਬੜੀ ਖੁਸ਼ੀ ਹੋਊ।"

"ਥੈਂਕ ਯੂ ਡੀਅਰ!" ਅਲਬਰਟ ਨੇ ਕਿਹਾ, "ਪਰ ਮੇਰੀ ਇੱਛਾ ਹੈ ਕਿ ਉਹ ਤੇਰੇ ਵਰਤਣ ਵਾਲੀ ਕੋਈ ਚੀਜ਼ ਹੋਵੇ। ਚੰਗਾ, ਹੁਣ ਚੱਲਦਾਂ। ਕਲਿਨਿਕ ਪਹੁੰਚਣ ਵਿਚ ਦੇਰ ਨਾ ਹੋ ਜਾਵੇ।"

ਲਗਭਗ ਘੰਟੇ ਪਿਛੋਂ ਟੈਲੀਫੋਨ ਦੀ ਘੰਟੀ ਵੱਜੀ। ਨਾਰਮਾ ਨੇ ਝਪਟ ਕੇ ਰਸੀਵਰ ਚੁੱਕਿਆ।

"ਮੈਂ ਚੀਜ਼ ਲੈ ਲਈ ਹੈ ਡੀਅਰ।" ਦੂਜੇ ਪਾਸਿਓਂ ਅਲਬਰਟ ਦੀ ਆਵਾਜ਼ ਆਈ।

"ਹੱਛਾ," ਨਾਰਮਾ ਖੁਸ਼ੀ ਨਾਲ ਚੀਕੀ, "ਉਹ ਕੀ ਚੀਜ਼ ਹੈ? ਕੋਈ ਬਹੁਤ ਚੰਗੀ ਅਤੇ ਕੀਮਤੀ ਚੀਜ਼ ਐ?"

"ਬੇਹਦ ਵਧੀਆ।" ਉਹਨੇ ਪਤੀ ਦੀ ਖੁਸ਼ੀ ਭਰੀ ਆਵਾਜ਼ ਸੁਣੀ।

"ਰਤਾ ਉਡੀਕ ਕਰੋ ਡੀਅਰ। ਤੂੰ ਦੇਖੇਂਗੀ ਤਾਂ ਹੈਰਾਨ ਰਹਿ ਜਾਵੇਂਗੀ।"

"ਕੀ ਚੀਜ਼ ਐ? ਪਲੀਜ਼ ਛੇਤੀ ਦੱਸੋ।"

"ਤੂੰ ਬਹੁਤ ਭਾਗਾਂ ਵਾਲੀ ਏਂ ਜਾਨ।"

"ਮੇਰੇ ਕੰਮ ਦੀ ਕੋਈ ਚੀਜ਼ ਐ?"

"ਪੱਕੀ ਤਰ੍ਹਾਂ, ਉਹ ਕੇਵਲ ਤੇਰੇ ਹੀ ਕੰਮ ਦੀ ਚੀਜ਼ ਐ। ਪਤਾ ਨਹੀਂ ਕਿਸ ਮੂਰਖ ਨੇ ਪੰਜਾਹ ਡਾਲਰ ਬਦਲੇ ਗਹਿਣੇ ਰੱਖ ਦਿੱਤੀ।"

"ਉਫ਼ ਡਾਰਲਿੰਗ!" ਨਾਰਮਾ ਨੇ ਕਿਹਾ। ਉਹਦੀ ਆਵਾਜ਼ ਕੰਬ ਰਹੀ ਸੀ, "ਮੇਰਾ ਬੁਰਾ ਹਾਲ ਐ... ਪਲੀਜ਼ ਦੱਸੋ ਉਹ ਕੀ ਚੀਜ਼ ਐ। ਮੈਥੋਂ ਹੁਣ ਸਹਿਆ ਨਹੀਂ ਜਾਂਦਾ।"

"ਤੂੰ ਦੇਖੇਂਗੀ ਤਾਂ ਪਾਗਲ ਹੋ ਜਾਵੇਂਗੀ।" ਅਲਬਰਟ ਜਿਵੇਂ ਉਸ ਦੀ ਅੱਚਵੀ ਦਾ ਸੁਆਦ ਲੈ ਰਿਹਾ ਸੀ।

"ਆਖਰ ਕੀ ਐ?"

"ਆਪ ਹੀ ਅੰਦਾਜ਼ਾ ਲਾਵੋ।" ਅਲਬਰਟ ਨੇ ਸ਼ੋਖੀ ਨਾਲ ਕਿਹਾ।

"ਕੋਈ ਅੰਗੂਠੀ?"

"ਨਹੀਂ।"

"ਨੈਕਲੇਸ।"

"ਗ਼ਲਤ।"

"ਦੱਸ ਦਿਓ ਨਾ।"

"ਚੰਗਾ ਮੈਂ ਤੈਨੂੰ ਇਕ ਇਸ਼ਾਰਾ ਦਿੰਦਾ ਹਾਂ...ਉਹ ਤੇਰੇ ਪਹਿਨਣ ਵਾਲੀ ਚੀਜ਼ ਐ।"

"ਕੋਈ ਅਜਿਹੀ ਚੀਜ਼ ਜੋ ਮੈਂ ਪਹਿਨ ਸਕਦੀ ਹਾਂ...ਹੈਟ ਵਰਗੀ ਕੋਈ ਚੀਜ਼?"

"ਨਹੀਂ, ਹੈਟ ਨਹੀਂ...।" ਅਲਬਰਟ ਨੇ ਹੱਸਦਿਆਂ ਕਿਹਾ।

"ਖੁਦਾ ਦੇ ਵਾਸਤੇ ਅਲਬਰਟ ਤੂੰ ਦੱਸ ਕਿਉਂ ਨਹੀਂ ਦਿੰਦਾ?"

"ਇਸ ਲਈ ਕਿ ਮੈਂ ਤੈਨੂੰ ਸਰਪਰਾਈਜ਼ ਦੇਣਾ ਚਾਹੁੰਦਾ ਹਾਂ, ਜਾਨ! ਸੱਚੀਂ, ਇਹ ਸੁੰਦਰ ਚੀਜ਼ ਹੈ। ਚੰਗਾ, ਮੈਂ ਸ਼ਾਮ ਨੂੰ ਘਰ ਲੈ ਆਊਂ।"

"ਨਹੀਂ, ਮੈਂ ਐਨੀ ਦੇਰ ਉਡੀਕ ਨਹੀਂ ਸਕਦੀ।" ਨਾਰਮਾ ਉਤਾਵਲੀ ਹੋ ਕੇ ਬੋਲੀ, "ਮੈਂ ਹੁਣੇ ਤੁਹਾਡੇ ਕਲਿਨਿਕ ਆ ਰਹੀ ਹਾਂ।"

"ਓ ਨਾਰਮਾ! ਇਥੇ ਨਾ ਆਈਂ।"

"ਕਿਉਂ ਡਾਰਲਿੰਗ! ਇਸ ਵਿਚ ਕੀ ਅੜਿੱਕਾ ਹੈ ਆਖਰ?"

"ਮੈਂ ਬਹੁਤ ਬਿਜ਼ੀ ਹਾਂ ਡੀਅਰ। ਸਾਰਾ ਕੰਮ ਖਿੰਡ ਜਾਵੇਗਾ। ਅੱਜ ਮੈਂ ਉਂਜ ਵੀ ਕਲਿਨਿਕ ਅੱਧਾ ਘੰਟਾ ਲੇਟ ਪਹੁੰਚਿਆ ਹਾਂ।"

"ਠੀਕ ਐ, ਮੈਂ ਲੰਚ ਵੇਲੇ ਆ ਰਹੀ ਹਾਂ।"

"ਮੈਂ ਲੰਚ ਲਈ ਵੀ ਸਮਾਂ ਨਹੀਂ ਕੱਢ ਸਕਾਂਗਾ। ਖੈਰ! ਤੂੰ ਦੋ ਵਜੇ ਤੱਕ ਆ ਜਾ।"

ਇਸ ਤੋਂ ਪਿਛੋਂ ਦਾ ਸਮਾਂ ਨਾਰਮਾ ਨੇ ਖੁਸ਼ੀ ਭਰਪੂਰ ਖਿਆਲਾਂ ਦੇ ਸਵੇਰੇ ਵਿਚ ਹੀ ਗੁਆਚਿਆਂ ਬਤੀਤ ਕੀਤਾ। ਇਹ ਦਿਲ ਹੀ ਦਿਲ ਵਿਚ ਆਪਣੇ ਆਪ ਨੂੰ ਦਾਦ ਵੀ ਦਿੰਦੀ ਰਹੀ ਕਿ ਉਹਨੇ ਆਪਣੀ ਅਕਲ ਨਾਲ ਵਧੀਆ ਵਿਉਂਤ ਬਣਾ ਕੇ ਬੇਹਦ ਕੀਮਤੀ ਕੋਟ 'ਤੇ ਆਪਣੀ ਮਾਲਕੀ ਸਾਬਤ ਕਰ ਦਿੱਤੀ ਸੀ। ਕਦੇ-ਕਦੇ ਉਹ ਆਪਣੇ ਪਤੀ ਦੇ ਭੋਲੇਪਣ, ਨਹੀਂ ਮੂਰਖਤਾ 'ਤੇ ਠਹਾਕਾ ਮਾਰ ਕੇ ਹੱਸ ਲੈਂਦੀ। ਉਸ ਤੋਂ ਰੋਟੀ ਵੀ ਨਹੀਂ ਖਾਧੀ ਗਈ। ਕੇਵਲ ਕਾਫੀ ਪੀ ਕੇ ਵਧੀਆ ਡਰੈਸ ਪਾਈ ਅਤੇ ਇਸ ਖਿਆਲ ਨਾਲ ਤਿਆਰ ਹੋ ਕੇ ਕਲਿਨਿਕ ਵੱਲ ਚੱਲ ਪਈ ਕਿ ਵਾਪਸੀ 'ਤੇ ਫਰ ਕੋਟ ਪਾ ਕੇ ਆਵੇਗੀ।

ਉਹ ਠੀਕ ਦੋ ਵਜੇ ਪਤੀ ਦੀ ਕਲਿਨਿਕ ਪਹੁੰਚ ਗਈ। ਚਿੱਟੇ ਕੋਟ ਵਿਚ ਅਲਬਰਟ ਨੇ ਉਹਨੂੰ ਦੇਖ ਕੇ ਮੁਸਕਰਾਉਂਦਿਆਂ ਕਿਹਾ, "ਮੈਨੂੰ ਪਤਾ ਸੀ ਕਿ ਤੈਥੋਂ ਰਹਿ ਨਹੀਂ ਹੋਣਾ ਅਤੇ ਤੂੰ ਜ਼ਰੂਰ ਆਵੇਂਗੀ।"

"ਅਲਬਰਟ...ਮੈਂ ਬਹੁਤ ਖੁਸ਼ ਹਾਂ।"

"ਖੁਸ਼ੀ ਵਾਲੀ ਗੱਲ ਵੀ ਐ ਡੀਅਰ, ਆਓ।" ਉਹ ਉਸ ਨੂੰ ਆਪਣੇ ਨਾਲ ਲੈ ਕੇ ਸਰਜਰੀ ਰੂਮ ਵਿਚ ਆ ਗਿਆ ਤੇ ਆਪਣੀ ਸਹਾਇਕ ਮਿਸ ਰੋਜ਼ੀ ਨੂੰ ਕਿਹਾ, "ਤੂੰ ਲੰਚ ਲਈ ਜਾ ਸਕਦੀ ਏਂ।"

ਮਿਸ ਰੋਜ਼ੀ ਨੇ ਸੰਦਾਂ ਨੂੰ ਅਸਟਰਲਾਈਜ਼ਰ ਵਿਚ ਰੱਖਦਿਆਂ ਕਿਹਾ, "ਮਿਸਟਰ ਅਲਬਰਟ, ਮੈਂ ਇਹ ਕੰਮ ਨਿਬੇੜ ਕੇ ਲੰਚ ਲਈ ਜਾਵਾਂਗੀ।"

"ਇਹ ਕੰਮ ਵਾਪਸ ਆ ਕੇ ਕਰ ਲੈਣਾ, ਹੁਣ ਤੂੰ ਜਾਹ।" ਉਸ ਨੇ ਕਿਹਾ।

ਜਾਹਰਾ ਤੌਰ 'ਤੇ ਉਹ ਉਸ ਨੂੰ ਕਮਰੇ ਵਿਚੋਂ ਨਿਕਲ ਜਾਣ ਲਈ ਕਹਿ ਰਿਹਾ ਸੀ। ਰੋਜ਼ੀ ਚੁੱਪ-ਚਾਪ ਉਠ ਕੇ ਕਮਰੇ ਵਿਚੋਂ ਨਿਕਲ ਗਈ। ਅਲਬਰਟ ਅਲਮਾਰੀ ਦੇ ਸਾਹਮਣੇ ਆ ਖੜ੍ਹਾ ਹੋਇਆ ਜਿਸ ਵਿਚ ਉਹ ਆਪਣੇ ਕੱਪੜੇ ਲਟਕਾਉਂਦਾ ਹੁੰਦਾ ਸੀ।

"ਨਾਰਮਾ ਡੀਅਰ।" ਉਹਨੇ ਅਲਮਾਰੀ ਵੱਲ ਇਸ਼ਾਰਾ ਕਰਦਿਆਂ ਕਿਹਾ, "ਉਹ ਚੀਜ਼ ਇਸ ਵਿਚ ਹੈ, ਹੁਣ ਤੂੰ ਅੱਖਾਂ ਬੰਦ ਕਰ ਲੈ।"

"ਨਾਰਮਾ ਨੇ ਝੱਟ ਅੱਖਾਂ ਬੰਦ ਕਰ ਲਈਆਂ ਤੇ ਸਾਹ ਰੋਕ ਕੇ ਉਡੀਕਣ ਲੱਗੀ। ਉਸ ਦੇ ਦਿਲ ਦੀ ਧੜਕਣ ਇਕਦਮ ਤੇਜ਼ ਹੋ ਗਈ। ਅਲਮਾਰੀ ਖੁੱਲ੍ਹਣ ਦੀ ਆਵਾਜ਼ ਆਈ, ਫਿਰ ਕੱਪੜਿਆਂ ਦੀ ਸਰਸਰਾਹਟ ਸੁਣੀ।

"ਹੁਣ ਅੱਖਾਂ ਖੋਲ੍ਹ ਡੀਅਰ।" ਅਲਬਰਟ ਨੇ ਕਿਹਾ।

"ਨਹੀਂ," ਉਸ ਨੇ ਕਿਹਾ ਅਤੇ ਅਨੋਖੀ ਤਰ੍ਹਾਂ ਹੱਸ ਪਈ, "ਮੇਰੀ ਹਿੰਮਤ ਜਵਾਬ ਦਿੰਦੀ ਜਾ ਰਹੀ ਐ।"

"ਦੇਖੋ ਤਾਂ ਸਹੀ, ਕਿਹੀ ਵਧੀਆ ਚੀਜ਼ ਐ।"

"ਨਾਰਮਾ ਨੇ ਝਿਜਕਦਿਆਂ ਮੁਸਕਰਾ ਕੇ ਹੌਲੀ ਜਿਹੀ ਪਲਕਾਂ ਵਿਚ ਥੋੜ੍ਹੀ ਦਰਜ ਬਣਾਈ। ਉਹ ਕੇਵਲ ਇਹੀ ਦੇਖ ਸਕੀ ਕਿ ਚਿੱਟਾ ਕੋਟ ਪਹਿਨੀ ਉਸ ਦਾ ਪਤੀ ਦੋਵੇਂ ਹੱਥਾਂ ਵਿਚ ਕੋਈ ਚੀਜ਼ ਲਟਕਾਈ ਖੜ੍ਹਾ ਸੀ।

"ਮਨਕ!" ਉਹਨੂੰ ਆਪਣੇ ਪਤੀ ਦੀ ਆਵਾਜ਼ ਸੁਣੀ, "ਬਿਲਕੁਲ ਅਸਲੀ ਮਨਕ ਦਾ ਫਰ...ਡੀਅਰ।"

ਅਲਬਰਟ ਦੇ ਸ਼ਬਦਾਂ ਵਿਚ ਜਿਵੇਂ ਕੋਈ ਜਾਦੂ ਸੀ। ਨਾਰਮਾ ਨੇ ਇਕਦਮ ਅੱਖਾਂ ਖੋਲ੍ਹ ਦਿੱਤੀਆਂ। ਉਹ ਫਰ ਕੋਟ ਨੂੰ ਆਪਣੇ ਹੱਥ ਵਿਚ ਸਮੇਟਣ ਲਈ ਅੱਗੇ ਵਧੀ। ਅਚਾਨਕ ਉਹ ਠਿਠਕ ਕੇ ਰਹਿ ਗਈ। ਜਿਵੇਂ ਜ਼ਮੀਨ ਨਾਲ ਪੈਰ ਜੁੜ ਗਏ ਹੋਣ। ਉਥੇ ਫਰ ਕੋਟ ਦਾ ਨਾਂ ਨਿਸ਼ਾਨ ਤੱਕ ਨਹੀਂ ਸੀ। ਉਸ ਦੇ ਪਤੀ ਦੇ ਹੱਥ ਵਿਚ ਫਰ ਦਾ ਛੋਟਾ ਜਿਹਾ ਮਖੌਲ ਕਰਨ ਵਾਲਾ ਮਫ਼ਲਰ ਲਟਕ ਰਿਹਾ ਸੀ।

"ਮੁਬਾਰਕ ਹੋਵੇ ਡੀਅਰ।" ਅਲਬਰਟ ਮਫਲਰ ਲਹਿਰਾ ਕੇ ਖੁਸ਼ ਹੋ ਕੇ ਬੋਲਿਆ।

"ਨਾਰਮਾ ਨੇ ਮੂੰਹ 'ਤੇ ਹੱਥ ਰੱਖ ਕੇ ਔਖੀ ਤਰ੍ਹਾਂ ਆਪਣੀ ਚੀਕ ਰੋਕੀ। ਉਹ ਦੋ ਕਦਮ ਪਿੱਛੇ ਹਟ ਗਈ। ਅੱਖਾਂ ਅੱਡ ਕੇ ਮਫਲਰ ਨੂੰ ਘੂਰਨ ਲੱਗੀ। ਅਲਬਰਟ ਨੇ ਪਿਆਰ ਵਿਚ ਭਿੱਜਦਿਆਂ ਕਿਹਾ, "ਕੀ ਗੱਲ ਐ ਜਾਨ! ਤੈਨੂੰ ਮਫਲਰ ਪਸੰਦ ਨਹੀਂ ਆਇਆ?"

ਉਹਨੇ ਇਕ ਵਾਰ ਫਿਰ ਮਫਲਰ ਹਵਾ ਵਿਚ ਲਹਿਰਾਇਆ।

"ਹਾਂ...ਹਾਂ...ਹਾਂ...ਕਿਉਂ ਨਹੀਂ।" ਉਹ ਹਕਲਾਈ, "ਬਹੁਤ ਸੁੰਦਰ, ਬਹੁਤ ਸੁੰਦਰ।"

"ਮੇਰਾ ਖਿਆਲ ਹੈ ਖੁਸ਼ੀ ਨਾਲ ਇਕ ਪਲ ਲਈ ਤੇਰਾ ਸਾਹ ਰੁਕ ਗਿਆ ਸੀ।" ਅਲਬਰਟ ਨੇ ਮੁਸਕਰਾਉਂਦਿਆਂ ਕਿਹਾ।

"ਬ...ਬ...ਬਿਲਕੁਲ।"

"ਪਿਆਰੀ ਚੀਜ਼ ਐ, ਰੰਗ ਵੀ ਬਹੁਤ ਸੁੰਦਰ। ਤੈਨੂੰ ਪਤੈ ਨਾਰਮਾ ਡੀਅਰ, ਇਸ ਮਫਲਰ ਦਾ ਕੀ ਮੁੱਲ ਐ? ਦੋ ਸੌ ਡਾਲਰ।" ਅਲਬਰਟ ਨੇ ਮੰਨ ਲੈਣ ਦੇ ਢੰਗ ਨਾਲ ਕਿਹਾ।

"ਹਾਂ...ਪੱਕੀ ਤਰ੍ਹਾਂ। ਐਨਾ ਮੁੱਲ ਤਾਂ ਇਸ ਦਾ ਹੋਊਗਾ ਹੀ।" ਨਾਰਮਾ ਨੇ ਮੁਰਦਾ ਆਵਾਜ਼ ਵਿਚ ਕਿਹਾ।

"ਇਹਨੂੰ ਪਹਿਨ ਕੇ ਦੇਖ।" ਉਹਦੇ ਪਤੀ ਨੇ ਕਿਹਾ ਅਤੇ ਅੱਗੇ ਵਧ ਮਫਲਰ ਪਤਨੀ ਦੀ ਗਰਦਨ ਦੁਆਲੇ ਲਪੇਟ ਕੇ ਤਿੰਨ ਕਦਮ ਪਿੱਛੇ ਹਟ ਕੇ ਦੇਖਣ ਲੱਗਾ।

"ਬਹੁਤ ਸੁੰਦਰ।" ਉਹ ਖੁਸ਼ੀ ਨਾਲ ਚੀਕਿਆ, "ਤੂੰ ਬਹੁਤ ਸੁੰਦਰ ਲੱਗਦੀ ਏਂ। ਹਰ ਔਰਤ ਦੇ ਮੁਕੱਦਰ ਵਿਚ ਮਨਕ ਕਿੱਥੇ ਹੁੰਦਾ ਹੈ।"

"ਪੱਕੀ ਗੱਲ ਐ, ਨਹੀਂ ਹੁੰਦਾ।" ਉਹਨੇ ਚੱਕਰ ਖਾਂਦੇ ਦਿਮਾਗ ਨਾਲ ਕਿਹਾ।

"ਮੇਰੀ ਇਕ ਗੱਲ ਧਿਆਨ ਨਾਲ ਸੁਣ", ਅਲਬਰਟ ਨੇ ਕਿਹਾ, "ਜਦੋਂ ਤੂੰ ਸ਼ਾਪਿੰਗ ਲਈ ਜਾਵੇਂ ਤਾਂ ਇਹ ਪਹਿਨ ਕੇ ਮੱਤ ਜਾਈਂ। ਨਹੀਂ ਤਾਂ ਲੋਕ ਸਾਨੂੰ ਅਮੀਰ ਸਮਝ ਕੇ ਦੁੱਗਣਾ ਮੁੱਲ ਲਿਆ ਕਰਨਗੇ।"

"ਠੀਕ ਐ, ਨਹੀਂ ਪਹਿਨ ਕੇ ਜਾਵਾਂਗੀ।"

"ਇਹ ਸੁੰਦਰ ਮਫਲਰ ਮੇਰੇ ਵੱਲੋਂ ਕ੍ਰਿਸਮਸ ਦਾ ਤੋਹਫ਼ਾ ਸਮਝ ਲਵੋ। ਇਸ 'ਤੇ ਮੇਰੇ ਪੰਜਾਹ ਡਾਲਰ ਖਰਚ ਹੋਏ ਨੇ। ਮੈਂ ਆਮ ਹਾਲਤ 'ਚ ਐਨੀ ਰਕਮ ਨਹੀਂ ਸੀ ਖਰਚ ਸਕਦਾ। ਹੁਣ ਤੂੰ ਜਾ ਸਕਦੀ ਏਂ। ਮੈਂ ਬਹੁਤ ਸਾਰੇ ਕੰਮ ਕਰਨੇ ਹਨ?"

ਨਾਰਮਾ ਮੁੜੀ ਅਤੇ ਇਸ ਤਰ੍ਹਾਂ ਦਰਵਾਜ਼ੇ ਵੱਲ ਵਧੀ ਜਿਵੇਂ ਨੀਂਦ ਵਿਚ ਤੁਰ ਰਹੀ ਹੋਵੇ। ਉਸ ਦੇ ਪੂਰੇ ਸਰੀਰ ਵਿਚ ਗੁੱਸੇ ਦੇ ਭਾਂਬੜ ਬਲ ਰਹੇ ਸਨ। ਉਸ ਨੇ ਦਿਲ ਹੀ ਦਿਲ ਵਿਚ ਕਿਹਾ, "ਮੈਂ ਉਸ ਮੋਟੇ ਖਵੀਸ਼ ਪਾਨ ਬਰੋਕਰ ਨੂੰ ਕਤਲ ਕਰ ਦੇਵਾਂਗੀ।"

ਉਹਨੇ ਦਿਲ ਹੀ ਦਿਲ ਵਿਚ ਫੈਸਲਾ ਕਰ ਲਿਆ ਕਿ ਉਹ ਸਿੱਧੀ 'ਲੇਕ ਪਾਨ ਬਰੋਕਰ' ਦੀ ਦੁਕਾਨ 'ਤੇ ਜਾਵੇਗੀ ਅਤੇ ਇਹ ਚੀਥੜਾ ਉਹਦੇ ਮੂੰਹ 'ਤੇ ਮਾਰ ਕੇ ਆਪਣਾ ਕੋਟ ਮੰਗੇਗੀ। ਜੇ ਉਹਨੇ ਨਾਂਹ ਕੀਤੀ ਤਾਂ ਉਹਨੂੰ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰੇਗੀ। ਉਹ ਦੰਦ ਪੀਂਹਦੀ ਗੈਲਰੀ ਵਿਚ ਆ ਗਈ।

"ਨਾਰਮਾ ਡੀਅਰ," ਉਹਨੂੰ ਪਿੱਛਿਓਂ ਪਤੀ ਦੀ ਆਵਾਜ਼ ਸੁਣੀ। ਉਹ ਮੁੜ ਕੇ ਉਸ ਵੱਲ ਦੇਖਣ ਲੱਗੀ। "ਮੈਂ ਤੈਨੂੰ ਦੱਸਿਆ ਹੀ ਨਹੀਂ ਕਿ ਅੱਜ ਰਾਤ ਮੈਂ ਰਤਾ ਦੇਰ ਨਾਲ ਘਰ ਆਊਂ। ਕੰਮ ਬਹੁਤ ਐ ਨਾ। ਸ਼ਾਇਦ ਮੈਨੂੰ ਆਉਂਦਿਆਂ 11 ਵੱਜ ਜਾਣ।"

"ਠੀਕ ਐ, ਖੁਦਾ ਹਾਫਿਜ਼।" ਨਾਰਮਾ ਨੇ ਕਿਹਾ ਅਤੇ ਤੁਰ ਗਈ। ਇਸੇ ਸਮੇਂ ਮਿਸ ਰੋਜ਼ੀ ਆਪਣੇ ਕਮਰੇ ਵਿਚੋਂ ਨਿਕਲ ਕੇ ਗੈਲਰੀ ਵਿਚ ਆ ਗਈ।

"ਅੱਜ ਬਹੁਤ ਵਧੀਆ ਦਿਨ ਹੈ, ਮਿਸਿਜ਼ ਅਲਬਰਟ।" ਉਹ ਲਾਗਿਓਂ ਲੰਘਦੀ ਬੋਲੀ। ਉਸ ਦੇ ਬੁੱਲ੍ਹਾਂ 'ਤੇ ਮਨਮੋਹਣੀ ਮੁਸਕਾਨ ਨੱਚ ਰਹੀ ਸੀ। ਖੁਸ਼ਬੂ ਦਾ ਸੁਆਦੀ ਬੁੱਲਾ ਨੱਕ ਨਾਲ ਟਕਰਾਇਆ। ਉਹ ਅੱਖਾਂ ਅੱਡ ਕੇ ਹੈਰਾਨੀ ਅਤੇ ਖੁਸ਼ੀ ਭਰੀਆਂ ਨਜ਼ਰਾਂ ਨਾਲ ਮਿਸ ਰੋਜ਼ੀ ਵੱਲ ਦੇਖ ਰਹੀ ਸੀ।

ਮਿਸ ਰੋਜ਼ੀ ਦੀ ਚਾਲ ਵਿਚ ਅਨੋਖੀ ਠਾਠ ਅਤੇ ਖੁਸ਼ੀ ਸੀ। ਉਸ ਦੇ ਸਰੀਰ 'ਤੇ ਅਤਿਅੰਤ ਸੁੰਦਰ ਅਤੇ ਬਹੁਮੁੱਲਾ ਮਨਕ ਦਾ ਫਰ ਕੋਟ ਸੀ। ਉਹ ਕੋਟ ਜਿਹੜਾ ਕਰਨਲ ਨੇ ਨਾਰਮਾ ਨੂੰ ਵਿਦਾਇਗੀ ਤੋਹਫ਼ੇ ਵਜੋਂ ਦਿੱਤਾ ਸੀ।

# ਕਬੂਤਰਬਾਜ਼

**ਜਰਨੈਲ ਸਿੰਘ ਚੰਦੀ ਨੇ ਕਬੂਤਰਬਾਜ਼ੀ ਬਾਰੇ ਦਿਲਚਸਪ ਕਿੱਸੇ ਇਸ ਲੇਖ ਵਿਚ ਸਾਂਝੇ ਕੀਤੇ ਹਨ ਅਤੇ ਕਬੂਤਰਬਾਜ਼ੀ ਦੇ ਪਿਛੋਕੜ ਬਾਰੇ ਵੀ ਖੁਲਾਸਾ ਕੀਤਾ ਹੈ। ਉਨ੍ਹਾਂ ਮੁਗਲ ਸ਼ਹਿਜ਼ਾਦਿਆਂ ਤੋਂ ਗੱਲ ਅਰੰਭ ਕਰ ਕੇ ਮਾਨਸਾ ਦੇ ਇਕ ਵਡੇ ਜ਼ਿਮੀਦਾਰ ਮਿੱਕੀ ਨਾਲ ਜੋੜ ਦਿੱਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਮਿੱਥਾਂ ਬਾਰੇ ਵੀ ਚਰਚਾ ਕੀਤੀ ਹੈ ਜੋ ਕਬੂਤਰਬਾਜ਼ੀ ਦੇ ਪ੍ਰਸੰਗ ਵਿਚ ਸਮਾਂ ਪਾ ਕੇ ਇਸਲਾਮ ਨਾਲ ਜੁੜ ਗਈਆਂ। -ਸੰਪਾਦਕ**



ਮੁਗਲ ਸ਼ਹਿਜ਼ਾਦਿਆਂ ਦੀ ਹਿੱਕ ਵਿਚ ਦੋ ਅਹਿਮ ਫੁੱਲ ਖਿੜਦੇ ਸਨ-ਜ਼ਖ਼ਮ ਜਾਂ ਇਸ਼ਕ, ਤੇ ਕਬੂਤਰਬਾਜ਼ੀ। ਬਾਬਰ ਦਾ ਪਿਤਾ ਉਮਰ ਸ਼ੇਖ਼ ਮਿਰਜ਼ਾ ਲੋਹੜੇ ਦਾ ਕਬੂਤਰਬਾਜ਼ ਸੀ। ਉਜ਼ਬੇਕਿਸਤਾਨ ਦੀ ਫਚਗਹਾਜਾ ਵੈਲੀ ਵਿਚ ਅਖਸੀ ਉਸ ਦੀ ਰਾਜਧਾਨੀ ਸੀ। ਇਥੇ ਹੀ ਸ਼ਾਹੀ ਮਹਿਲ ਦੀ ਸਿਖਰਲੀ ਮੰਜ਼ਲ ਉਤੇ ਮਿਰਜ਼ੇ ਦੇ ਕਬੂਤਰਾਂ ਦਾ ਖੁੱਡਾ ਸੀ। ਮਹਿਲ ਦੀ ਖੁੱਡੇ ਵਾਲੀ ਬਾਹੀ ਨੂੰ ਤੇਜ਼-ਤਰਾਰ ਪਹਾੜੀ ਨਦੀ ਨੇ ਥੱਲਿਓਂ ਸੰਨ੍ਹ ਲਾਈ ਹੋਈ ਸੀ। 39 ਸਾਲ ਦੀ ਉਮਰ ਵਿਚ ਜ਼ਿੰਦਗੀ ਦੇ ਆਖਰੀ ਦਿਨ ਮਿਰਜ਼ਾ ਕਬੂਤਰਾਂ ਦੇ ਖੁੱਡੇ ਵਿਚ ਸੀ ਕਿ ਅਚਾਨਕ ਹੀ ਮਹਿਲ ਦੀ ਖੁੱਡੇ ਵਾਲੀ ਬਾਹੀ ਨਦੀ ਵਿਚ ਆਣ ਡਿੱਗੀ। ਬਾਬਰ ਨੇ

**ਜਰਨੈਲ ਸਿੰਘ ਚੰਦੀ**
**ਫਰਿਜ਼ਨੋ (ਕੈਲੀਫੋਰਨੀਆ)**
**ਫੋਨ: 559-547-6038**

ਮਿਰਜ਼ੇ ਦੀ ਮੌਤ ਨੂੰ 'ਬਾਬਰਨਾਮਾ' ਵਿਚ ਇਉਂ ਰਿਕਾਰਡ ਕੀਤਾ ਹੈ, 'ਮਿਰਜ਼ਾ ਆਪਣੇ ਕਬੂਤਰਾਂ ਨਾਲ ਉਡ ਗਿਆ ਤੇ ਬਾਜ਼ ਬਣ ਕੇ ਅਸਮਾਨ ਨੂੰ ਚੜ੍ਹ ਗਿਆ।' ਬਾਜ਼ ਬਣ ਕੇ ਉਡਣ ਦਾ ਦ੍ਰਿਸ਼ਟਾਂਤ ਬਾਬਰ, ਮੁਗਲ ਬਾਦਸ਼ਾਹ ਦੇ ਸਤਿਕਾਰ ਲਈ ਵਰਤਦਾ ਹੈ ਤੇ ਉਹਨੂੰ ਕਬੂਤਰਾਂ ਦੇ ਲੈਵਲ 'ਤੇ ਨਹੀਂ ਸੁੱਟਣਾ ਚਾਹੁੰਦਾ।

ਇਸ਼ਕ ਦੇ ਨਾਲ-ਨਾਲ ਬਾਬਰ ਤੋਂ ਪਿਛੋਂ ਦੇ ਮੁਗਲ ਸ਼ਹਿਜ਼ਾਦੇ ਕਬੂਤਰਬਾਜ਼ੀ ਦਾ ਸ਼ੌਕ ਵੀ ਪਾਲਦੇ ਰਹੇ। ਮੁਗਲਾਂ ਦੇ ਹਿੰਦੁਸਤਾਨ ਵਿਚ ਪਹੁੰਚਣ ਤੋਂ ਪਹਿਲਾਂ ਵੀ ਇਹ ਸ਼ੌਕ ਕੇਂਦਰੀ ਏਸ਼ੀਆ ਤੋਂ ਬੰਗਾਲ ਤੱਕ ਪਸਰਿਆ ਹੋਇਆ ਸੀ।

1947 ਦੀ ਵੰਡ ਪਿਛੋਂ ਪੂਰੀ (ਅੱਜ ਕੱਲ੍ਹ ਹਿਸਾਰ ਜ਼ਿਲ੍ਹੇ ਵਿਚ ਸੀ.ਪੀ.ਆਈ. ਦਾ ਸੈਕਟਰੀ ਹੈ), ਜੀਤਾ ਅਤੇ ਮੈਂ, ਬੜੀ ਛੋਟੀ ਉਮਰੇ ਕਬੂਤਰਬਾਜ਼ੀ ਦੀ ਗ੍ਰਿਫਤ ਵਿਚ ਆ ਗਏ। ਤਿੰਨਾਂ ਦੇ ਘਰ ਨੇੜੇ-ਨੇੜੇ ਸਨ। ਜੀਤਾ ਸਾਡੇ ਨਾਲੋਂ ਵੱਡਾ ਸੀ ਤੇ ਅੰਮ੍ਰਿਤਸਰ ਦੇ ਕਾਠੀਆਂ ਵਾਲੇ ਬਾਜ਼ਾਰ ਵਿਚ ਸੋਨੇ ਦੇ ਗਹਿਣੇ ਬਣਾਉਣ ਦਾ ਕੰਮ ਕਰਦਾ ਸੀ। ਸੋਨੇ ਦੇ ਵਪਾਰੀ ਜੀਤੇ ਦੀ ਬੜੀ ਇੱਜ਼ਤ ਕਰਦੇ ਸਨ।

ਅੰਮ੍ਰਿਤਸਰ ਦੇ ਚਾਟੀਵਿੰਡ, ਗਲਵਾਲੀ ਤੇ ਭਗਤਾਂ ਵਾਲੇ ਦਰਵਾਜ਼ਿਆਂ ਦਾ ਪਿਛਲਾ ਪਾਸਾ ਕਬੂਤਰਬਾਜ਼ਾਂ ਨਾਲ ਭਰਿਆ ਪਿਆ ਸੀ। ਇਥੋਂ ਮੁਸਲਮਾਨ ਗੁੱਜਰ ਉਜੜ ਕੇ ਪਾਕਿਸਤਾਨ ਚਲੇ ਗਏ। ਗੁੱਜਰਾਂ ਵਾਲੇ ਬਾਜ਼ਾਰ ਵਿਚ ਮੁਸਲਮਾਨਾਂ ਦੇ ਆਲੀਸ਼ਾਨ ਮਕਾਨ ਸਨ ਤੇ ਬਹੁਤ ਸਾਰੇ ਘਰਾਂ ਵਿਚ ਕਬੂਤਰਾਂ ਦੇ ਖੁੱਡੇ ਸਨ। ਇਸ ਬਾਜ਼ਾਰ ਦੇ ਪਿਛਲੇ ਪਾਸੇ ਦੇਵੀ ਵਾਲੀ ਗਲੀ ਸੀ ਜੋ ਜਨਸੰਘੀ ਹਿੰਦੂਆਂ ਦਾ ਗੜ੍ਹ ਸੀ। ਇਨ੍ਹਾਂ ਜਨਸੰਘੀਆਂ ਨੇ ਮੁਸਲਮਾਨਾਂ ਦੇ ਬਹੁਤ ਸਾਰੇ ਘਰ ਅੱਗ-ਬੁਰਦ ਕਰ ਦਿੱਤੇ ਸਨ। ਇਨ੍ਹਾਂ ਉਜੜੇ ਘਰਾਂ ਦੇ ਕਬੂਤਰਾਂ ਦਾ ਬਣਿਆ ਪਾਕਿਸਤਾਨ, ਅਸਾਂ ਤਿੰਨਾਂ ਨੇ ਅੱਖੀਂ ਵੇਖਿਆ।

ਕਬੂਤਰ ਸੜੇ ਘਰਾਂ ਦੀਆਂ ਕੰਧਾਂ ਵਿਚੋਂ ਉਡਦੇ ਤੇ ਸਿੱਧੇ ਅਸਮਾਨ ਵਿਚ ਗੇੜੇ ਲਾਉਂਦੇ। ਬਹੁਤ ਸਾਰੇ ਤਾਂ ਰੱਠੇ ਕਬੂਤਰਾਂ ਵਿਚ ਰਲ ਗਏ ਅਤੇ ਰੱਠਿਆਂ ਨਾਲ ਰਲ ਕੇ ਸਵੇਰੇ ਸ਼ਹਿਰੋਂ ਬਾਹਰ ਨਹਿਰ ਵੱਲ ਨਿਕਲ ਜਾਂਦੇ ਅਤੇ ਸ਼ਾਮ ਢਲਣ ਤੋਂ ਪਹਿਲਾਂ ਸੜੇ ਘਰੀਂ ਪਰਤਦੇ। ਸ਼ਾਇਰ ਦੇਵ ਠੀਕ ਕਹਿੰਦਾ ਹੈ: 'ਜ਼ਖ਼ਮੀ ਪਰਿੰਦੇ ਘਰੀਂ ਨਹੀਂ ਪਰਤਦੇ', ਪਰ ਜ਼ਿਹਨੀ ਤੌਰ 'ਤੇ ਜ਼ਖ਼ਮੀ ਇਹ ਪਰਿੰਦੇ ਗਮਗੀਨ ਯਾਦਾਂ ਲੈ ਕੇ ਫਿਰ ਢਲਦੀ ਸ਼ਾਮ ਉਜੜੇ ਘਰੀਂ ਮੁੜ ਆਉਂਦੇ। ਸ਼ਾਇਦ ਇਨ੍ਹਾਂ ਨੂੰ ਹੋਰ ਕਿਤੇ ਢੋਈ ਨਹੀਂ ਸੀ। ਜ਼ਿਹਨ ਦਾ ਦਰਦ ਫੋਲਣ ਇਹ ਭੋਲੇ ਪੰਛੀ ਹੋਰ ਕਿਥੇ ਜਾਂਦੇ?

ਇਥੇ ਸੰਸਾਰ ਪ੍ਰਸਿੱਧ ਮਿੱਥ ਦਾ ਜ਼ਿਕਰ ਜ਼ਰੂਰੀ ਹੈ-ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਆਪਣੇ ਕੰਨਾਂ ਨਾਲ ਦਾਣੇ ਦੀਆਂ ਗੁਥਲੀਆਂ ਲਟਕਾ ਕੇ ਰੱਖਦੇ। ਕਬੂਤਰ ਉਨ੍ਹਾਂ ਦੇ ਮੋਢਿਆਂ 'ਤੇ ਬਹਿ ਕੇ ਗੁਥਲੀਆਂ ਵਿਚੋਂ ਚੋਗਾ ਚੁਗ ਲੈਂਦੇ। ਇਥੋਂ ਹੀ ਇਸਲਾਮ ਵਿਚ ਇਹ ਮਿੱਥ ਪ੍ਰਚਲਤ ਹੋ ਗਈ ਕਿ ਇਮਾਮ ਕੋਲ ਕਬੂਤਰ ਖ਼ੁਦਾ ਦਾ ਸੁਨੇਹਾ ਲੈ ਕੇ ਆਉਂਦੇ ਅਤੇ ਉਨ੍ਹਾਂ ਦੇ ਕੰਨਾਂ ਵਿਚ ਦੱਸਦੇ ਹਨ। ਫਿਰ ਇਹ ਪ੍ਰਚਾਰ ਸ਼ੁਰੂ ਹੋ ਗਿਆ ਕਿ ਕੁਰਾਨ ਸ਼ਰੀਫ਼ ਤੇ ਹਦੀਸ, ਪੈਗੰਬਰ ਨੂੰ ਖ਼ੁਦਾ ਦਾ ਕਬੂਤਰਾਂ ਰਾਹੀਂ ਪਹੁੰਚਿਆ ਸੁਨੇਹਾ ਹੀ ਹੈ।

ਉਪਰ ਦੱਸੇ ਤਿੰਨ ਦਰਵਾਜ਼ਿਆਂ ਦੇ ਪਿਛਲਵਾੜੇ ਜਿਹੜੇ ਮਸ਼ਹੂਰ ਖੁੱਡੇ ਸਨ, ਉਨ੍ਹਾਂ ਵਿਚ ਤਾਰਾ ਚੰਦ ਈਸਾਈ, ਮਹਿੰਗੇ ਕਾਲੀ ਬਿੱਲੀ, ਫੱਕਰ ਈਸਾਈ, ਸਵਰਨ, ਬਾਬੇ ਕਬੂਤਰਾਂ ਵਾਲੇ ਅਤੇ ਨਾਜ਼ਰ ਈਸਾਈ ਦੇ ਖੁੱਡੇ ਸਨ। ਸਭ ਤੋਂ ਵੱਧ ਮਸ਼ਹੂਰ ਈਸ਼ਰ ਸਿੰਘ ਵੈਦ ਦਾ ਖੁੱਡਾ ਸੀ ਜਿਸ ਦੇ ਕਬੂਤਰ ਬੇਅੰਤ ਸ਼ਰਤਾਂ ਵਿਚ ਰਾਤ ਨੂੰ ਖੁੱਡੇ ਉਪਰ ਦੀਵੇ ਜਗਾ ਕੇ ਲਾਹੁਣੇ ਪੈਂਦੇ ਅਤੇ ਸਦਾ ਸ਼ਰਤਾਂ ਜਿੱਤਦੇ। ਵੈਦ ਜੀ ਵੈਦਗੀ ਵਿਚ ਮਾਹਿਰ ਸਨ। ਉਨ੍ਹਾਂ ਦੇ ਸ਼ਾਗਿਰਦਾਂ ਵਿਚ ਤਾਰਾ ਚੰਦ, ਮਹਿੰਗਾ ਕਾਲੀ ਬਿੱਲੀ, ਸਵਰਨ ਤੇ ਮੈਂ ਸ਼ਾਮਲ ਸਾਂ।

ਉਸਤਾਦੀ/ਸ਼ਾਗਿਰਦੀ ਦੀ ਇਹ ਰਸਮ ਵੀ ਅਜੀਬੋ ਸੀ, ਤੇ ਸਿਰਫ ਸ਼ਹਿਰੀ ਕਬੂਤਰਬਾਜ਼ਾਂ ਵਿਚ ਪ੍ਰਚਲਤ ਸੀ। ਸ਼ਾਗਿਰਦ ਬਣਨ ਲਈ ਪਹਿਲਾਂ ਉਹ ਕਬੂਤਰਬਾਜ਼ ਲੱਭਣਾ ਪੈਂਦਾ ਜੋ ਖੁਦ ਕਿਸੇ ਪੁਰਾਣੇ ਕਬੂਤਰਬਾਜ਼ ਦਾ ਸ਼ਾਗਿਰਦ ਹੋਵੇ। ਫਿਰ ਲੱਡੂਆਂ ਦਾ ਥਾਲ ਅਤੇ ਪਰਨਾ ਲੈ ਕੇ ਉਸਤਾਦ ਸਾਹਮਣੇ ਹਾਜ਼ਰ ਹੋਣਾ, ਤੇ ਸ਼ਾਗਿਰਦੀ ਲਈ ਬੇਨਤੀ ਕਰਨੀ ਪੈਂਦੀ, ਜੋ ਹਮੇਸ਼ਾ ਸਵੀਕਾਰ ਹੋ ਜਾਂਦੀ।

ਲੱਡੂਆਂ ਦੇ ਥਾਲ ਵਿਚੋਂ ਪੰਜ-ਪੰਜ ਲੱਡੂ, ਉਸਤਾਦ ਬਾਕੀ ਕਬੂਤਰਬਾਜ਼ਾਂ ਨੂੰ ਭੇਜਦਾ ਕਿ ਫਲਾਣਾ ਬੰਦਾ ਉਸ ਦਾ ਸ਼ਾਗਿਰਦ ਬਣ ਗਿਆ ਹੈ। ਇਉਂ ਨਵਾਂ ਸ਼ਾਗਿਰਦ ਕਬੂਤਰਬਾਜ਼ਾਂ ਦੀ ਬਰਾਦਰੀ ਵਿਚ ਸ਼ਾਮਲ ਹੋ ਜਾਂਦਾ।

ਅੰਮ੍ਰਿਤਸਰ ਵਿਚ ਸੰਤਾਲੀ ਤੋਂ ਬਾਅਦ ਸਭ ਤੋਂ ਵੱਧ ਕਬੂਤਰਬਾਜ਼, ਵੈਦ ਈਸ਼ਰ ਸਿੰਘ ਦੇ ਸ਼ਾਗਿਰਦ ਸਨ। ਉਨ੍ਹਾਂ ਆਪਣੀ ਜ਼ਿੰਦਗੀ ਵਿਚ ਕਈ ਰੰਗੀਨੀਆਂ ਵੇਖੀਆਂ ਤੇ ਕਈ ਪਾਪੜ ਵੇਲੇ। ਦਸ-ਬਾਰਾਂ ਸਾਲ ਦੀ ਉਮਰੇ ਉਹ ਆਪਣੇ ਬਜ਼ੁਰਗਾਂ ਨਾਲ ਬਾਗਾਂ ਦੇ ਠੇਕਿਆਂ ਦੇ ਕੰਮ ਵਿਚ ਜੁਟ ਗਏ। ਇਹ ਬਾਗ ਅੱਪਰ ਬਾਰੀ ਦੁਆਬ ਨਹਿਰ ਦੇ ਨਾਲ-ਨਾਲ ਸਨ ਤੇ ਬਹੁਤੇ ਮਸ਼ਹੂਰ ਬਾਗ ਅਮਰੂਦਾਂ ਤੇ ਨਾਖਾਂ ਦੇ ਸਨ। ਇਨ੍ਹਾਂ ਬਾਗਾਂ ਵਿਚ ਤੋਤੇ, ਕਾਂ ਤੇ ਉਲੂ ਉਡਾਉਂਦਿਆਂ ਉਸਤਾਦ ਨੇ ਡੂਮਣੇ ਚੋਣ ਦਾ ਪੈਸਾ-ਕਮਾਊ ਕੰਮ ਵੀ ਸਿੱਖ ਲਿਆ ਅਤੇ ਅੰਮ੍ਰਿਤਸਰ ਵਿਚ ਉਹ ਡੂਮਣੇ ਚੋਣ ਵਾਲੇ ਵਜੋਂ ਮਸ਼ਹੂਰ ਹੋ ਗਏ। ਫਿਰ ਉਨ੍ਹਾਂ ਗਤਕੇਬਾਜ਼ੀ ਵਿਚ ਕਮਾਲ ਦੀ ਮੁਹਾਰਤ ਹਾਸਲ ਕਰ ਲਈ। ਵੈਦਗੀ ਉਨ੍ਹਾਂ ਕਿਵੇਂ ਤੇ ਕਿਥੋਂ ਸਿੱਖੀ, ਇਹ ਰਾਜ਼ ਉਨ੍ਹਾਂ ਕਦੇ ਜ਼ਾਹਰ ਨਾ ਕੀਤਾ। ਲਾਹੌਰ ਅਤੇ ਅੰਮ੍ਰਿਤਸਰ ਦੇ ਸਿੱਖ ਮੇਲਿਆਂ ਵਿਚ ਉਹ ਤਲਵਾਰਾਂ ਤੇ ਕਿਰਚਾਂ ਨਾਲ ਗਤਕੇਬਾਜ਼ੀ ਕਰਨ ਲੱਗ ਪਏ। ਲਾਹੌਰ ਵਿਚ ਇਕ ਵਾਰ ਵਿਸਾਖੀ ਦੇ ਮੇਲੇ ਉਤੇ ਉਨ੍ਹਾਂ ਦਾ ਜੋੜ ਮਲੇ ਜੰਗ ਦੇ ਗੜਬੜ ਸਿੰਘ ਨਾਲ ਪੈ ਗਿਆ। ਗੜਬੜ ਸਿੰਘ ਲਾਹੌਰੀਆਂ ਦਾ ਗਤਕੇ ਦਾ ਵੱਡਾ ਨਾਇਕ ਸੀ। ਗਤਕੇਬਾਜ਼ੀ, ਕਿਰਚਾਂ ਅਤੇ ਢਾਲਾਂ ਨਾਲ ਹੋਣੀ ਸੀ। ਉਸਤਾਦ ਹੋਰੀਂ ਸਰੀਰ ਦੇ ਛੀਂਟਕੇ ਸਨ ਤੇ ਉਨ੍ਹਾਂ ਦਾ ਸਾਰਾ ਸਰੀਰ ਢਾਲ ਪਿੱਛੇ ਲੁਕ ਜਾਂਦਾ ਸੀ। ਲਾਹੌਰ ਵਿਚ ਅੰਮ੍ਰਿਤਸਰੀਆਂ ਤੇ ਲਾਹੌਰੀਆਂ ਦਾ ਖੂੰਡੇ, ਡਾਂਗਾਂ, ਤਲਵਾਰਾਂ, ਕਿਰਚਾਂ, ਬਰਛੀਆਂ ਤੇ ਨੇਜ਼ਿਆਂ ਦਾ ਭੈ-ਭੀਤ ਕਰਨ ਵਾਲਾ ਦ੍ਰਿਸ਼ ਸੀ।

ਮੁਕਾਬਲਾ ਚੱਲਿਆ। ਗੜਬੜ ਸਿੰਘ ਆਪਣੇ ਪਿੱਛੇ ਲਾਹੌਰੀਆਂ ਦੀ ਵੱਡੀ ਭੀੜ ਵੇਖ ਉਛਲ-ਉਛਲ ਪੈਂਦਾ। ਵੈਦ ਹੁਰਾਂ ਨੂੰ ਗਤਕੇਬਾਜ਼ੀ ਦਾ ਸਭ ਤੋਂ ਵੱਡਾ ਗੁਰ 'ਠਰ੍ਹੰਮਾ' ਯਾਦ ਸੀ। ਉਨ੍ਹਾਂ ਠਰ੍ਹੰਮੇ ਤੋਂ ਕੰਮ ਲਿਆ। ਅੱਧੇ ਘੰਟੇ ਪਿਛੋਂ ਗੜਬੜ ਸਿੰਘ ਘਬਰਾਹਟ ਵਿਚ ਸੀ। ਵੈਦ ਹੋਰਾਂ ਦਾਅ ਵੇਖ ਕੇ ਕਿਰਚ ਦਾ ਵਾਰ ਕੀਤਾ ਤੇ ਨਾਲ ਹੀ ਗੜਬੜ ਸਿੰਘ ਦਾ ਗੋਡਾ ਤਬਾਹ ਕਰ ਦਿੱਤਾ। ਸਾਰੇ ਲਾਹੌਰੀ ਇਕੱਠ ਵਿਚ ਮਾਤਮ ਛਾ ਗਿਆ। ਲਾਹੌਰੀਆਂ ਮੰਜਾ ਲਿਆ ਕੇ ਜ਼ਮੀਨ ਉਤੇ ਤੜਫਦੇ ਗੜਬੜ ਸਿੰਘ ਨੂੰ ਚੁੱਕ ਕੇ ਅਖਾੜਾ ਖਾਲੀ ਕਰ ਦਿੱਤਾ। ਉਸ ਦਿਨ ਪਿਛੋਂ ਉਸਤਾਦ ਹੁਰਾਂ ਇਸ ਤੋਂ ਵੀ ਤੋਬਾ ਕਰ ਲਈ।

ਇਸ ਪਿੱਛੋਂ ਸਾਰੇ ਕਾਰਜ ਛੱਡ ਕੇ ਉਸਤਾਦ ਹੋਰੀਂ ਵੈਦਗੀ ਅਤੇ ਕਬੂਤਰਬਾਜ਼ੀ, ਕਬੂਤਰਾਂ ਦੀ ਪਰਵਾਜ਼ ਤੇ ਕਬੂਤਰਾਂ ਦੀਆਂ ਸ਼ਰਤਾਂ ਦੇ ਲੜ ਲੱਗ ਗਏ। ਸ਼ਰਤਾਂ ਦੀ ਵੀ ਪੱਕੀ ਪਰੰਪਰਾ ਸੀ। ਜੇ ਕਿਸੇ ਦਾ ਕੋਈ ਉਸਤਾਦ ਨਾ ਹੁੰਦਾ ਤਾਂ ਉਸ ਨਾਲ ਕੋਈ ਸ਼ਰਤ ਨਾ ਲਾਉਂਦਾ। ਸ਼ਰਤ ਵਿਚ ਪੈਸਿਆਂ ਤੋਂ ਬਿਨਾਂ, ਜਿੱਤੀ ਹੋਈ ਪਾਰਟੀ, ਹਾਰੇ ਹੋਏ ਬੰਦੇ ਦੇ ਚੋਟੀ ਦੇ ਪੰਜ ਕਬੂਤਰ ਜਿਹੜੇ ਉਡ ਕੇ ਹਾਰ ਗਏ ਹੁੰਦੇ, ਲੈ ਜਾਂਦੇ। ਉਸਤਾਦੀ/ਸ਼ਾਗਿਰਦੀ ਤੋਂ ਬਿਨਾਂ ਮਿਥੇ ਹੋਏ ਪੈਸਿਆਂ ਤੇ ਹਾਰੇ ਕਬੂਤਰਾਂ ਦੇ ਮਿਲਣ ਦੀ ਕੋਈ ਗਰੰਟੀ ਨਹੀਂ ਸੀ ਹੁੰਦੀ।

ਕਬੂਤਰਬਾਜ਼, ਸੁੰਦਰ ਭਲਵਾਨ ਲਾਹੌਰੋਂ ਉਜੜ ਕੇ ਅੰਮ੍ਰਿਤਸਰ ਆਇਆ ਸੀ। ਉਹ ਬੜਾ ਨਿੱਘਾ ਤੇ ਸਾਊ ਮਨੁੱਖ ਸੀ। ਲਾਹੌਰ ਵਿਚ ਉਹ ਕਿਸੇ ਮੁਸਲਮਾਨ ਦਾ ਸ਼ਾਗਿਰਦ ਸੀ। ਅੰਮ੍ਰਿਤਸਰ ਦੇ ਅੜਬੰਗ ਕਬੂਤਰਬਾਜ਼, ਭਲਵਾਨ ਨਾਲ ਸ਼ਰਤਾਂ ਲਾਉਣ ਲਈ ਤਿਆਰ ਨਹੀਂ ਸਨ ਕਿ ਇਹਦਾ ਕੋਈ ਉਸਤਾਦ ਨਹੀਂ। ਭਲਵਾਨ ਦੇ ਕਬੂਤਰ ਵੀ ਲੋਹੜੇ ਦੇ ਉਡਾਰੂ ਸਨ।

ਹੌਲੀ-ਹੌਲੀ ਮੈਂ, ਜੀਤਾ ਤੇ ਸਵਰਨ, ਭਲਵਾਨ ਦੇ ਮਿੱਤਰ ਬਣ ਗਏ। ਭਲਵਾਨ ਮਿਲਣ ਗਏ ਕਬੂਤਰਬਾਜ਼ਾਂ ਨੂੰ ਵੇਖ ਕੇ ਡਾਢਾ ਖੁਸ਼ ਹੁੰਦਾ ਤੇ ਬੜੀ ਸੇਵਾ ਕਰਦਾ। ਉਹ ਕਦੇ ਵੀ ਚਾਹ-ਪਾਣੀ ਪੀਤੇ ਬਗੈਰ ਘਰੋਂ ਨਾ ਜਾਣ ਦਿੰਦਾ। ਜੇ ਕਦੇ ਭਲਵਾਨ ਦੀ ਘਰਵਾਲੀ ਘਰ ਨਾ ਹੁੰਦੀ ਤਾਂ ਉਹ ਗੁਆਂਢੀ ਹਲਵਾਈ ਦੇ ਨੌਕਰ ਮੁੰਡੇ ਨੂੰ ਆਵਾਜ਼ ਮਾਰਦਾ ਤੇ ਫਿਰ ਸਾਨੂੰ ਸਾਰਿਆਂ ਨੂੰ ਪੁੱਛਦਾ, "ਦੱਸੋ ਭਈ ਜਵਾਨੋ! ਚਾਹ ਪੀਣੀ ਜੇ ਕਿ ਦੁੱਧ?" ਇਉਂ ਹਲਵਾਈ ਕੋਲੋਂ ਚਾਹ ਮੰਗਾ ਕੇ ਸਾਰਿਆਂ ਨੂੰ ਪਿਲਾਉਂਦਾ। ਫਿਰ ਕਈ ਵਾਰ ਕਹਿ ਦਿੰਦਾ, "ਲਓ ਭਈ ਜਵਾਨੋ! ਚੰਗਾ ਕੀਤਾ ਮਿਲਣ ਆ ਗਏ, ਤੁਹਾਡੇ ਬਹਾਨੇ ਮੇਰਾ ਵੀ ਚਾਹ ਦਾ ਦਾਅ ਲੱਗ ਗਿਆ।"

ਇਕ ਦਿਨ ਜੀਤਾ, ਸਵਰਨ ਤੇ ਮੈਂ, ਭਲਵਾਨ ਨੂੰ ਮਿਲਣ ਗਏ ਤੇ ਕਿਹਾ, "ਭਲਵਾਨ ਜੀ, ਅਸੀਂ ਤੁਹਾਡੇ ਕਬੂਤਰ ਉਡਾ ਕੇ ਦੇਖਣ ਆਏ ਹਾਂ।"

ਗੱਲਬਾਤ ਦੇ ਇਸ ਅੰਦਾਜ਼ ਤੋਂ ਭਲਵਾਨ ਥੋੜ੍ਹਾ ਜਿਹਾ ਭੰਬਲਭੂਸੇ ਵਿਚ ਪੈ ਗਿਆ। ਕਹਿੰਦਾ, "ਜਵਾਨੋ ਇਹ ਕਿਉਂ?" ਅਸੀਂ ਤਿੰਨੇ ਥੋੜ੍ਹੇ ਛਿੱਥੇ ਪੈ ਗਏ। ਫਿਰ ਸਵਰਨ ਨੇ ਥੋੜ੍ਹੇ ਠਰ੍ਹੰਮੇ ਨਾਲ ਕਿਹਾ, "ਭਲਵਾਨ ਜੀ, ਸਾਡਾ ਜੀਅ ਕਰਦਾ ਏ ਕਿ ਤੁਹਾਡੀ ਸ਼ਰਤ ਲਵਾਈਏ। ਅਸਾਂ ਇਹ ਗੱਲ ਉਸਤਾਦ ਹੋਰਾਂ ਦੀ ਦੁਕਾਨ ਉਤੇ ਕੋਈ 10 ਕਬੂਤਰਬਾਜ਼ਾਂ ਦੀ ਹਾਜ਼ਰੀ ਵਿਚ ਪ੍ਰਵਾਨ ਕਰਾ ਲਈ ਸੀ ਕਿ ਸਾਨੂੰ ਭਲਵਾਨ ਹੁਰਾਂ ਦਾ ਬਾਈਕਾਟ ਚੰਗਾ ਨਹੀਂ ਲੱਗਦਾ।"

'ਜਵਾਨੋ' ਭਲਵਾਨ ਹੁਰਾਂ ਦਾ ਤਕੀਆ ਕਲਾਮ ਸੀ। ਕਹਿਣ ਲੱਗੇ, "ਜਵਾਨੋ! ਤੁਸੀਂ ਬੁੱਢੇ ਕਬੂਤਰਬਾਜ਼ਾਂ ਨੂੰ ਮਾਤ ਪਾ ਗਏ ਜੇ। ਹੁਣ ਦੱਸੋ ਸ਼ਰਤ ਮੈਂ ਕੀਹਦੇ ਨਾਲ ਲਾਵਾਂ।" ਸਵਰਨ ਤੇ ਜੀਤੇ ਦਾ ਹਾਸਾ ਭਲਵਾਨ ਨੂੰ ਨੁੱਕਰਾ ਜਿਹਾ ਲੱਗਦਾ। ਦੋਵੇਂ ਕਹਿਣ ਲੱਗੇ, "ਭਲਵਾਨ ਜੀ, ਹੁਣ ਸ਼ਰਤਾਂ ਦਾ ਮੈਦਾਨ ਲਾਹੌਰ ਵਾਂਗ ਸਾਫ ਹੈ। ਸ਼ਰਤ ਲਾਉਣ ਵਾਲਾ ਤੁਸੀਂ ਆਪ ਲੱਭੋ।"

ਉਸਤਾਦ/ਸ਼ਾਗਿਰਦੀ ਦੀ ਫਾਹੀ ਵਿਚ ਫਸੇ ਹੋਏ ਭਲਵਾਨ ਹੋਰੀਂ ਕਬੂਤਰਬਾਜ਼ਾਂ ਨੂੰ ਬਿਲਕੁਲ ਮਿਲਣ ਨਾ ਜਾਂਦੇ। ਜੇ ਕੋਈ ਉਨ੍ਹਾਂ ਨੂੰ ਮਿਲਣ ਆ ਜਾਂਦਾ ਤਾਂ ਸਦਾ ਜੀਅ ਸਦਕੇ ਕਹਿੰਦੇ।

ਤਾਰਾ ਚੰਦ ਨੇ ਇਕ ਦਿਨ ਭਲਵਾਨ ਹੋਰਾਂ ਦੀ ਕਬੂਤਰਬਾਜ਼ ਬਰਾਦਰੀ ਵਿਚ ਸ਼ਮੂਲੀਅਤ ਦੀ ਗੱਲ ਲੱਛੂ ਬਾਣੀਏਂ ਨਾਲ ਕੀਤੀ ਤੇ ਕਿਹਾ ਕਿ ਭਲਵਾਨ ਕੋਈ ਸ਼ਰਤ ਲਾਉਣ ਵਾਲਾ ਲੱਭਦਾ ਫਿਰਦਾ ਏ। ਲੱਛੂ ਤੁਰਤ-ਫੁਰਤ ਸ਼ਰਤ ਲਾਉਣ ਲਈ ਤਿਆਰ ਹੋ ਗਿਆ। ਫਿਰ ਤਾਰਾ ਚੰਦ ਨੂੰ ਕਹਿਣ ਲੱਗਾ ਕਿ ਭਲਵਾਨ ਨੂੰ ਬਹੁਤ ਘੱਟ ਕਬੂਤਰਾਂ ਵਾਲੇ ਜਾਣਦੇ ਨੇ, ਉਹਦਾ ਜੱਜ ਬਣ ਕੇ ਮੇਰੇ ਕੋਠੇ ਉਤੇ ਕੌਣ ਆਊਗਾ। ਤਾਰਾ ਚੰਦ ਨੇ ਮੇਰਾ ਤੇ ਜੀਤੇ ਦਾ ਨਾਂ ਲੈ ਦਿੱਤਾ। ਲੱਛੂ ਬਾਣੀਏਂ ਨੂੰ ਸਾਡੀ ਦੋਹਾਂ ਦੀ ਭਲਵਾਨ ਨਾਲ ਯਾਰੀ ਦਾ ਪਤਾ ਸੀ। ਝੱਟ ਕਹਿਣ ਲੱਗਾ ਕਿ ਮੈਂ ਇਨ੍ਹਾਂ ਅੱਲ੍ਹੜ ਰਫ਼ਿਊਜੀ ਮੁੰਡਿਆਂ ਨੂੰ ਜੱਜ ਨਹੀਂ ਮੰਨਦਾ। ਸਾਡੇ ਦੋਹਾਂ ਵਾਂਗ ਤਾਰਾ ਚੰਦ ਵੀ ਉਸਤਾਦ ਹੋਰਾਂ ਦਾ ਸ਼ਾਗਿਰਦ ਸੀ। ਗੱਲ ਸੁਣ ਕੇ ਤਾਰਾ ਚੰਦ ਦਾ ਪਾਰਾ ਇਕਦਮ ਚੜ੍ਹ ਗਿਆ। ਕਹਿਣ ਲੱਗਾ, "ਲੱਛੂ ਦੋ ਗੱਲਾਂ ਸੁਣ, ਤੇ ਯਾਦ ਰੱਖ... ਪਹਿਲੀ ਇਹ ਕਿ ਦੋਵੇਂ ਪਹਿਲਾਂ ਹੀ ਸ਼ਰਤਾਂ ਵਿਚ ਜੱਜ ਬਣ ਚੁੱਕੇ ਨੇ, ਤੇ ਦੂਜੀ ਇਹ ਕਿ ਜਿਸ ਦਿਨ ਤੂੰ ਇਨ੍ਹਾਂ ਦੋਹਾਂ ਦੇ ਲੱਡੂ ਡੱਕਾਰ ਗਿਓਂ, ਇਹ ਗੱਲ ਤੂੰ ਉਦੋਂ ਕਿਉਂ ਨਾ ਕਹੀ। ਹੁਣ ਮੈਂ ਕਬੂਤਰਬਾਜ਼ਾਂ ਅੱਗੇ ਸ਼ਰਤਾਂ ਵਿਚੋਂ ਤੇਰੇ ਬਾਈਕਾਟ ਦਾ ਮਤਾ ਰੱਖੂੰ।" ਡਰਾਕਲ ਬਾਣੀਆਂ ਇਹ ਸੁਣ ਕੇ ਪਾਣੀਓਂ ਪਤਲਾ ਹੋ ਗਿਆ ਤੇ ਕਹਿਣ ਲੱਗਾ, "ਤਾਰਾ ਚੰਦ ਜੀ, ਮੈਥੋਂ ਗਲਤੀ ਹੋ ਗਈ ਤੇ ਮੈਂ ਇਨ੍ਹਾਂ ਨੌਜਵਾਨਾਂ ਨੂੰ ਜੱਜ ਮੰਨੂਗਾ।"

ਸ਼ਰਤਾਂ ਤੈਅ ਹੋਣ ਅਤੇ ਲੱਗਣ ਵਿਚ ਇਕ ਮਹੀਨੇ ਦਾ ਵਕਫਾ ਹੁੰਦਾ ਹੈ। ਦੋਵੇਂ ਧਿਰਾਂ ਰੋਜ਼ ਕਬੂਤਰ ਉਡਾਉਣੇ ਸ਼ੁਰੂ ਕਰ ਦਿੰਦੀਆਂ ਨੇ ਤਾਂ ਕਿ ਦਮ ਪੱਕ ਜਾਏ। ਉਹ ਆਪੋ-ਆਪਣੇ ਪੰਜ-ਪੰਜ ਕਬੂਤਰ ਮੂੰਹ ਹਨੇਰੇ ਉਡਾ ਦਿੰਦੇ। ਇਉਂ ਕਬੂਤਰ ਹਰ ਦਿਨ ਪਹਿਲੇ ਦਿਨ ਨਾਲੋਂ ਜ਼ਿਆਦਾ ਸਮਾਂ ਉੱਡ ਕੇ ਵਾਪਸ ਆਉਂਦੇ। ਕਈ ਬਹੁਤ ਚੰਗੇ ਕਬੂਤਰ ਤਾਂ ਸੂਰਜ ਚੜ੍ਹਨ ਤੋਂ ਪਹਿਲਾਂ ਦੇ ਉਡਾਏ, ਸੂਰਜ ਡੁੱਬੇ ਤੋਂ ਵੀ ਬਾਅਦ ਘਰੀਂ ਪਰਤਦੇ।

ਸ਼ਰਤ ਵਾਲੇ ਦਿਨ ਦੋਵੇਂ ਪਾਰਟੀਆਂ ਆਪੋ-ਆਪਣੀ ਲੱਕੜ ਦੀ ਮੋਹਰ ਤੇ ਲਾਲ ਸਿਆਹੀ ਲੈ ਕੇ ਵਿਰੋਧੀ ਦੇ ਕੋਠੇ ਉਤੇ ਜਾਂਦੇ ਸਨ। ਉਡਣ ਵਾਲੇ ਪੰਜਾਂ ਕਬੂਤਰਾਂ ਦੇ ਪਰਾਂ ਦੇ ਅੰਦਰਲੇ ਪਾਸੇ ਮੋਹਰ ਲਾ ਦਿੰਦੇ। ਇਸ ਮੋਹਰ ਨਾਲ ਕਿਸੇ ਠੱਗੀ ਦਾ ਮੌਕਾ ਨਹੀਂ ਸੀ ਰਹਿੰਦਾ। ਚਾਰੇ ਜੱਜ ਆਪਣੀਆਂ ਘੜੀਆਂ ਮਿਲਾ ਕੇ ਮਿਥੇ ਹੋਏ ਵਕਤ 'ਤੇ ਕਬੂਤਰ ਉਡਾ ਦਿੰਦੇ ਤੇ ਪੰਜ ਮਿੰਟ ਤਾਈਂ ਢਾਂਗਾ ਫੇਰਦੇ ਰਹਿੰਦੇ ਤਾਂ ਜੋ ਕਬੂਤਰ ਕਾਫੀ ਉਤਾਂਹ ਚੜ੍ਹ ਜਾਣ। ਪੰਜ ਮਿੰਟਾਂ ਪਿੱਛੋਂ ਢਾਂਗਾ ਫੇਰਨਾ ਬੰਦ ਕਰਨਾ ਪੈਂਦਾ।

ਇਹ ਸ਼ਰਤ 1955 ਵਿਚ ਤੈਅ ਹੋਈ। ਉਦੋਂ ਤੱਕ ਵੀ ਮੁਸਲਮਾਨਾਂ ਦੇ ਉਜੜੇ ਕਬੂਤਰ ਰੱਠਿਆਂ ਵਿਚ ਰਲੇ ਹੋਏ ਸੜੇ ਘਰਾਂ ਦੀਆਂ ਕੰਧਾਂ ਵਿਚ ਘਰ ਬਣਾਈ ਕਾਫੀ ਔਖੀ ਜ਼ਿੰਦਗੀ ਬਿਤਾ ਰਹੇ ਸਨ। ਉਹ ਜਿਥੋਂ ਕਿਤੇ ਵੀ ਦਾਣਾ ਲੱਭਦਾ, ਚੁਗ ਕੇ ਤੇ ਸ਼ਹਿਰ ਦੀਆਂ ਗੰਦੀਆਂ ਨਾਲੀਆਂ ਵਿਚੋਂ ਪਾਣੀ ਪੀ ਕੇ ਦਿਨ ਕੱਟਦੇ। ਬਹੁਤ ਵਾਰੀ ਈਸਾਈ ਕਬੂਤਰਬਾਜ਼ ਗਲੀਆਂ ਬਾਜ਼ਾਰਾਂ ਵਿਚ ਉਨ੍ਹਾਂ ਉਪਰ ਨਜ਼ਰ ਰੱਖਦੇ ਤੇ ਹਨੇਰੇ-ਸਵੇਰੇ ਉਨ੍ਹਾਂ ਦੇ ਆਲ੍ਹਣਿਆਂ ਵਿਚੋਂ ਬੋਚ ਕੇ ਹਾਲ ਬਾਜ਼ਾਰ ਵਿਚ ਕਬੂਤਰਾਂ ਦੀਆਂ ਦੁਕਾਨਾਂ 'ਤੇ ਵੇਚ ਆਉਂਦੇ। ਬੋਚ-ਦਬੋਚ ਕੇ ਇਉਂ ਵੇਚੇ ਕਬੂਤਰਾਂ ਦਾ ਨਰਕ ਵਿਚੋਂ ਛੁਟਕਾਰਾ ਹੋ ਜਾਂਦਾ। ਪਾਰਖੂ ਕਬੂਤਰਬਾਜ਼ ਉਨ੍ਹਾਂ ਨੂੰ ਹਾਲ ਬਾਜ਼ਾਰੋਂ ਮੁੱਲ ਲੈ ਜਾਂਦੇ ਤੇ ਇਕ ਵਾਰ ਫਿਰ ਉਨ੍ਹਾਂ ਦੀ ਦੋ ਵੇਲਿਆਂ ਦੀ ਰੋਜ਼ੀ ਤੇ ਸੁੱਚੇ ਪਾਣੀ ਦੀ ਗਰੰਟੀ ਹੋ ਜਾਂਦੀ।

ਖਾਲਸਾ ਕਾਲਜ, ਅੰਮ੍ਰਿਤਸਰ ਜਾਣ ਪਿੱਛੋਂ ਨਾਰਲੀ, ਖਾਲੜੇ ਵਾਲੇ ਪਾਸਿਓਂ ਰਤਨ ਢਿੱਲੋਂ ਮੇਰਾ ਆੜੀ ਬਣ ਗਿਆ। ਪਿੰਡ ਉਹਦਾ ਮਾਹਣੇ ਮੱਲ੍ਹੀਆਂ ਸੀ। ਉਹਨੇ ਬੜੀ ਛੋਟੀ ਉਮਰ ਤੋਂ ਹੀ ਕਬੂਤਰ ਰੱਖੇ ਹੋਏ ਸਨ। ਕਬੂਤਰਾਂ ਨੂੰ ਦਾਣਾ-ਪਾਣੀ ਉਹ ਖੁੱਲ੍ਹਾ ਪਾਉਂਦਾ ਸੀ। ਸਕੂਲ ਜਾਣ ਤੋਂ ਪਹਿਲਾਂ ਆਪਣੀ ਮਾਤਾ ਨੂੰ ਕਹਿ ਜਾਂਦਾ, "ਮਾਤਾ, ਤੂੰ ਰੋਟੀਆਂ ਦੇ ਭੋਰੇ ਕਰ ਛੱਡੀਂ, ਪਰ ਪਾਊਂ ਮੈਂ ਆਪ ਆ ਕੇ ਕਬੂਤਰਾਂ ਨੂੰ।" ਹੌਲੀ-ਹੌਲੀ ਉਹਦੇ ਕਬੂਤਰਾਂ ਨੂੰ ਪਤਾ ਲੱਗ ਗਿਆ ਕਿ ਉਹ ਖਾਲਸਾ ਹਾਈ ਸਕੂਲ ਤੋਂ ਕਿਸ ਵਕਤ ਘਰ ਆਉਂਦਾ ਹੈ। ਕਬੂਤਰਾਂ ਨੂੰ ਜਿਵੇਂ ਘੜੀ ਦਾ ਵਕਤ ਵੇਖਣਾ ਆ ਗਿਆ ਹੋਵੇ। ਉਹ ਉਹਦੇ ਆਉਣ ਸਮੇਂ ਸੜਕ ਵੱਲ ਉਡ-ਉਡ ਜਾਂਦੇ। ਜਦੋਂ ਘਰ ਆਉਂਦਾ ਤਾਂ ਉਹਦੇ ਹੱਥਾਂ ਵਿਚੋਂ ਵੀ ਭੋਰੇ ਖੋਹ ਕੇ ਲੈ ਜਾਂਦੇ।

ਖੈਰ, ਸ਼ਰਤ ਵਾਲਾ ਦਿਨ ਆ ਗਿਆ। ਮੈਂ ਤੇ ਜੀਤਾ ਮਿਥੇ ਹੋਏ ਵਕਤ ਤੋਂ ਰਤਾ ਪਹਿਲਾਂ ਹੀ ਲੱਛੂ ਬਾਣੀਏਂ ਦੇ ਖੁੱਡੇ 'ਤੇ ਪਹੁੰਚ ਗਏ। ਨਵੰਬਰ ਦਾ ਮਹੀਨਾ ਸੀ। ਲੱਛੂ ਨੇ ਸਾਨੂੰ ਦੋਹਾਂ ਨੂੰ ਪੂਰੇ ਇੱਜ਼ਤ ਸਤਿਕਾਰ ਨਾਲ ਖੁੱਡੇ ਦੇ ਨੇੜੇ ਮੰਜਾ ਡਾਹ ਕੇ ਬਿਠਾ ਦਿੱਤਾ। ਫਿਰ ਕਹਿਣ ਲੱਗਾ, "ਜੱਜ ਮਿੱਤਰੋ! ਕਬੂਤਰ ਉਡਾ ਕੇ ਮੈਂ ਬਰੇਕਫਾਸਟ ਦਾ ਇੰਤਜ਼ਾਮ ਕਰੂੰ। ਮੇਰੇ ਕੋਠੇ ਨੂੰ ਆਪਣਾ ਘਰ ਸਮਝੋ। ਤੁਹਾਡੀ ਟਹਿਲ-ਸੇਵਾ ਪੂਰੀ ਹੋਊ।"

ਲੱਛੂ ਨੇ ਆਪਣੇ ਪੰਜ ਇਨਾਮੀ ਕਬੂਤਰ ਖੁੱਡੇ ਵਿਚੋਂ ਕੱਢੇ ਤੇ ਖੁੱਡੇ ਉਪਰਲੀਆਂ ਫੱਟੀਆਂ 'ਤੇ ਬਿਠਾ ਦਿੱਤੇ। ਫਿਰ ਢਾਂਗਾ ਫੜਿਆ ਤੇ ਕਾਲੇ ਰੰਗ ਦਾ ਰੁਮਾਲ ਢਾਂਗੇ ਉਪਰ ਬੰਨ੍ਹ ਦਿੱਤਾ। ਫਿਰ ਸਾਡੇ ਕੋਲੋਂ ਵਕਤ ਪੁੱਛ ਕੇ ਪੂਰੇ ਵਕਤ 'ਤੇ ਕਾਲਾ ਢਾਂਗਾ ਕਬੂਤਰਾਂ ਨੂੰ ਵਿਖਾ ਕੇ ਉਡਾ ਦਿੱਤਾ। ਕੋਈ ਪੰਜ ਕੁ ਮਿੰਟਾਂ ਵਿਚ ਕਬੂਤਰ ਅਸਮਾਨ ਵੱਲ ਚਾਲੇ ਪਾ ਗਏ।

ਲੱਛੂ ਆਪਣੇ ਛੋਟੇ ਭਰਾ ਨੂੰ ਸਾਡੇ ਕੋਲ ਬਿਠਾ ਕੇ ਆਪ ਹਲਵਾਈ ਦੀ ਦੁਕਾਨ ਤੋਂ ਸਾਡਾ ਬਰੇਕਫਾਸਟ ਲੈਣ ਚਲਾ ਗਿਆ। ਭਲਵਾਨ ਦੇ ਕੋਠੇ ਉਹਨੇ ਜਿਹੜੇ ਦੋ ਜੱਜ ਭੇਜੇ, ਉਹ ਲੱਛੂ ਦੇ ਆੜੀ ਸਨ। ਸਾਡਾ ਉਨ੍ਹਾਂ ਨਾਲ ਕੋਈ ਤੁਆਲਕ ਨਹੀਂ ਸੀ। ਲੱਛੂ ਹਲਵਾਈਆਂ ਦੇ ਮੁੰਡੇ ਨੂੰ ਸਾਡਾ ਬਰੇਕਫਾਸਟ ਚੁਕਾ ਕੇ ਕੋਈ ਘੰਟੇ ਵਿਚ ਮੁੜਿਆ। ਉਹ ਪੂਰੀਆਂ, ਛੋਲੇ ਤੇ ਕੜੇ ਵਾਲੇ ਤਿੰਨ ਗਲਾਸ ਲੱਸੀ ਦੇ ਲੈ ਕੇ ਹਾਜ਼ਰ ਹੋਇਆ। ਦੋ ਸਾਡੇ ਤੇ ਤੀਜਾ ਆਪਣੇ ਛੋਟੇ ਭਰਾ ਲਈ। ਅਸਮਾਨ ਵਿਚ ਉਡਦੇ ਕਬੂਤਰ ਵੇਖ ਕੇ ਬੜਾ ਖੁਸ਼ ਹੋਇਆ ਤੇ ਕਹਿਣ ਲੱਗਾ, "ਮੇਰਾ ਖਿਆਲ ਹੈ ਕਿ ਮੇਰੇ ਕਬੂਤਰ ਬਾਜ਼ੀ ਜਿੱਤਣਗੇ।"

ਅਸਾਂ ਬਰੇਕਫਾਸਟ ਛਕਿਆ ਤੇ ਲੱਸੀ ਪੀਤੀ। ਉਨੀ ਦੇਰ ਨੂੰ ਹਲਵਾਈ ਦਾ ਮੁੰਡਾ ਭਾਂਡੇ ਲੈਣ ਆ ਗਿਆ। ਲੱਛੂ ਨੇ ਉਹਨੂੰ ਭਾਂਡੇ ਚੁਕਾ ਕੇ ਕਿਹਾ, "ਘੰਟੇ ਤੱਕ ਚਾਰ ਕੱਪ ਚਾਹ ਦੇ ਲੈ ਕੇ ਆ ਜਾਈਂ।" ਅਸੀਂ ਜ਼ੋਰ ਲਾਇਆ ਕਿ ਚਾਹ ਦੀ ਲੋੜ ਨਹੀਂ। ਲੱਛੂ ਕਹਿਣ ਲੱਗਾ, "ਮੈਂ ਚਾਹ ਤੋਂ ਬਿਨਾਂ ਬਰੇਕਫਾਸਟ ਅਧੂਰਾ ਸਮਝਦਾਂ।"

ਹੁਣ ਅਸੀਂ ਚਾਰੇ ਕਬੂਤਰਾਂ ਵੱਲ ਵੇਖਣ ਲੱਗ ਪਏ। ਕਬੂਤਰਾਂ ਵਾਲੇ ਨੂੰ ਸਾਰੇ ਕਬੂਤਰ ਹਰ ਘੰਟੇ ਪਿੱਛੋਂ ਅਸਮਾਨ ਵਿਚ ਹਾਜ਼ਰ ਵਿਖਾਉਣੇ ਪੈਂਦੇ। ਜੇ ਕੋਈ ਕਬੂਤਰ ਘੰਟੇ ਪਿੱਛੋਂ ਵੀ ਅਸਮਾਨ ਵਿਚ ਨਾ ਦਿੱਸੇ ਤਾਂ ਜੱਜ ਉਸ ਨੂੰ 'ਕੱਟ ਗਿਆ' ਕਰਾਰ ਦੇ ਦਿੰਦੇ। ਜੇ ਕਿਤੇ ਭੁੱਲਿਆ-ਵਿੱਸਰਿਆ ਦੋ-ਤਿੰਨ ਘੰਟੇ ਪਿੱਛੇ ਕਿਤਿਓਂ ਹਾਜ਼ਰ ਹੋ ਜਾਏ ਤਾਂ

*(ਬਾਕੀ ਅਗਲੇ ਸਫੇ 'ਤੇ)*

# ਆਬੂ ਪਰਬਤ ਦੀ ਅਧੂਰੀ ਯਾਤਰਾ

ਇਕ ਸਨੇਹੀ ਪਰਿਵਾਰ ਦੀ ਦੱਸ 'ਤੇ ਬ੍ਰਹਮਕੁਮਾਰੀ ਹੈਡ ਕੁਆਰਟਰ ਮਾਊਂਟ ਆਬੂ ਵਿਖੇ ਸਤੰਬਰ 2012 ਵਿਚ ਇੰਜੀਨੀਅਰਾਂ ਅਤੇ ਵਿਗਿਆਨੀਆਂ ਲਈ ਅਧਿਆਤਮਕ ਸੂਝ ਸਬੰਧੀ ਕਾਨਫਰੰਸ ਵਿਚ ਹਿੱਸਾ ਲੈਣ ਦਾ ਸਬੱਬ ਬਣਿਆ।

ਆਲੇ-ਦੁਆਲੇ ਦੀ ਸਾਫ-ਸਫਾਈ, ਸਾਂਭ-ਸੰਭਾਲ ਅਤੇ ਹਰਿਆਵਲ ਦੇਖ ਕੇ ਮਨ ਬੜਾ ਖੁਸ਼ ਹੋਇਆ। ਪਰ ਇਕ ਸੋਹਣੇ ਬਗੀਚੇ ਵਿਚ ਇਹ ਲਿਖਿਆ ਪੜ੍ਹ ਕੇ ਮੇਰਾ ਉਤਸ਼ਾਹ ਪਿਛਲਖੁਰੀ ਹੋ ਤੁਰਿਆ ਕਿ ਵਾਸਨਾਵਾਂ ਸਭ ਦੁੱਖਾਂ ਦਾ ਕਾਰਨ ਹਨ, ਇਨ੍ਹਾਂ ਨੂੰ ਮਾਰਨ ਨਾਲ ਹੀ ਸ਼ਾਂਤੀ ਮਿਲ ਸਕਦੀ ਹੈ। ਆਪਣਾ ਤਾਂ ਹੁਣ ਤੱਕ ਇਹੀ ਵਿਚਾਰ ਦ੍ਰਿੜ ਹੋਇਆ ਸੀ ਕਿ ਵਾਸਨਾਵਾਂ ਕਰਕੇ ਹੀ ਬੰਦਾ ਸਿਰਜਕ ਹੈ, ਸਿਰਜਕ ਹੋਣ ਕਰਕੇ ਬੰਦਾ, ਬੰਦਾ ਹੈ। ਮੈਨੂੰ ਲੱਗਾ ਕਿ ਇਹ ਭੈਣਾਂ ਕਹਿ ਰਹੀਆਂ ਹਨ ਕਿ



**ਜਸਵੰਤ ਸਿੰਘ ਜ਼ਫ਼ਰ**
ਫੋਨ:91-96461-18208

ਬੰਦਿਆਂ ਵਾਲੇ ਸਾਰੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਆਪਣੇ ਬੰਦਾ ਹੋਣ ਤੋਂ ਹੀ ਖਹਿੜਾ ਛੁਡਾ ਲਵੋ, ਨਾ ਰਹੇਗਾ ਬਾਂਸ, ਨਾ ਵਜੇਗੀ ਬੰਸਰੀ।

ਮੈਂ ਸੋਚਿਆ, ਇਹ ਏਨੇ ਸੋਹਣੇ ਫੁੱਲ ਬਗੀਚੇ ਸਜਾਏ ਹਨ, ਇਹ ਵੀ ਤਾਂ ਅੱਖਾਂ ਦੀ ਵਾਸਨਾ ਤ੍ਰਿਪਤੀ ਲਈ ਹਨ। ਇਸ ਗੱਲੋਂ ਪੁਰਾਣੇ ਨਾਥ ਜੋਗੀ ਵਧੇਰੇ ਇਮਾਨਦਾਰ ਸਨ। ਜੇ ਉਹ ਵਾਸਨਾਵਾਂ ਨੂੰ ਮਾਰਨ ਦੀਆਂ ਕਿਰਿਆਵਾਂ ਕਰਦੇ ਸਨ ਤਾਂ ਉਹ ਸੁੰਦਰ ਬਾਗ ਬਗੀਚਿਆਂ ਅਤੇ ਸੰਗਮਰਮਰੀ ਮਹੱਲਾਂ ਦੀ ਥਾਂ ਪਹਾੜਾਂ ਦੀਆਂ ਕੁੰਦਰਾਂ ਜਾਂ ਜੰਗਲਾਂ 'ਚ ਜਾ ਰਹਿੰਦੇ ਸਨ।

ਆਸ-ਪਾਸ ਪਸਰੀ ਬੇਹਿਸਾਬੀ ਸ਼ਾਂਤੀ ਦੇਖ ਕੇ ਮੈਂ ਵੈਸੇ ਵੀ ਖ਼ੌਫ਼ਜਦਾ ਹੋਣ ਲੱਗਾ। ਨਾ ਕੋਈ ਬੋਲਦਾ, ਨਾ ਕੋਈ ਹੱਸਦਾ ਸੀ, ਸਭ ਗੁੰਮ-ਸੁੰਮ ਜਹੇ ਸਨ। ਸ਼ਰਧਾਲੂ ਬੰਦੇ ਹੋਣ ਦੀ ਥਾਂ ਆਤਮਾਵਾਂ ਬਣੇ ਫਿਰਦੇ ਸਨ। ਸਾਰੇ ਪਾਸੇ ਸਫੈਦ ਰੰਗ ਦੀ ਭਰਮਾਰ ਸੀ। ਇੰਜ ਨਿੱਕਾ ਹੁੰਦਾ ਮੈਂ ਚਿੱਟੇ ਕੱਪੜੇ ਪਹਿਨੀ ਮਕਾਣ ਵਾਲੀਆਂ ਔਰਤਾਂ ਦੀ ਟੋਲੀ ਨੂੰ ਦੇਖ ਕੇ ਡਰਦਾ ਹੁੰਦਾ ਸੀ। ਚਾਹ ਪਾਣੀ ਵਾਲੇ ਹਾਲ ਦੇ ਬਾਹਰ ਸਵਰਗ ਧਾਮ ਦੇ ਦ੍ਰਿਸ਼ ਦੀ ਤਸਵੀਰ ਦੇਖੀ ਜਿਸ ਵਿਚ ਇਕ ਦੇਵਤੇ ਅਤੇ ਦੇਵੀ ਦੀ ਜੋੜੀ ਸੁੰਦਰ ਬਾਗ ਵਿਚ ਬਣੀ ਸੜਕ ਤੇ ਵਿਛੀ ਲਾਲ ਦਰੀ ਤੋਂ ਸ਼ਾਨ ਨਾਲ ਗੁਜ਼ਰ ਰਹੀ ਸੀ, ਜਿਵੇਂ ਆਪਣੇ ਵਿਆਹ ਦੀ ਰੀਸੈਪਸ਼ਨ 'ਤੇ ਲਾੜਾ-ਲਾੜੀ ਤੁਰਦੇ ਹਨ। ਆਸ ਪਾਸ ਦਾਸੀਆਂ ਫੁੱਲਾਂ ਦੀ ਵਰਖਾ ਕਰਦੀਆਂ ਜਾਂ ਹੱਥ ਜੋੜੀ ਖੜ੍ਹੀਆਂ ਸਨ, ਪਿੱਛੇ ਰਾਜਿਆਂ ਦੇ ਮਹੱਲ ਵਰਗੀ ਇਮਾਰਤ ਦਿਸਦੀ ਸੀ। ਮੈਂ ਸਮਝ ਗਿਆ ਕਿ ਪੂਰੇ ਜੀਅ ਜਾਨ ਨਾਲ 4 ਦਿਨ ਦੀ ਚਰਚਾ ਸੁਣਨ ਅਤੇ ਗ੍ਰਹਿਣ ਕਰਨ ਨਾਲ ਅਜਿਹੇ ਸਵਰਗਧਾਮ ਦਾ ਦਾਖਲਾ ਪਾਸ ਮਿਲੇਗਾ। ਆਪਣੇ ਆਪ ਨੂੰ ਕਿਹਾ, ਓ ਬੜੀ ਗਲਤ ਜਗ੍ਹਾ ਆ ਗਿਆਂ ਜਸਵੰਤ ਸਿਆਂ, ਏਨੇ ਦਿਨਾਂ ਦੇ ਖਰਚੇ ਨਾਲ ਮਹਿੰਗਾ ਸੌਦਾ ਕਰ ਲਿਆ ਹੈ। ਫਿਰ ਸੋਚਿਆ, ਓ ਕੋਈ ਗੱਲ ਨਹੀਂ, ਆਪਾਂ ਆਖਰ ਬਾਬੇ ਨਾਨਕ ਦੇ ਕੁਛ ਨਾ ਕੁਛ ਲਗਦੇ ਹਾਂ, ਆਪਣੀਆਂ ਗੱਲਾਂ ਕਾਨਫਰੰਸ ਦੌਰਾਨ ਸੰਵਾਦ ਰੂਪ 'ਚ ਸਾਂਝੀਆਂ ਕਰਾਂਗੇ। ਬਾਬਾ ਜੀ ਵੀ ਤਾਂ ਇਸੇ ਆਬੂ ਪਰਬਤ 'ਤੇ ਜੈਨੀਆਂ ਦੇ ਵੱਡੇ ਕੇਂਦਰ ਵਿਚ ਉਨ੍ਹਾਂ ਨਾਲ ਬਚਨ ਬਿਲਾਸ ਕਰਨ ਆਏ ਹੀ ਸਨ।

ਸ਼ਾਮ ਨੂੰ ਉਦਘਾਟਨੀ ਸੈਸ਼ਨ ਸ਼ੁਰੂ ਹੋਇਆ। 20 ਹਜ਼ਾਰ ਦਰਸ਼ਕਾਂ ਦੀ ਸਮਰੱਥਾ ਵਾਲੇ ਪਿਲਰ ਰਹਿਤ ਡਾਇਮੰਡ ਹਾਲ ਦੀ ਸਟੇਜ 'ਤੇ ਵੱਡੇ ਵੱਡੇ ਬ੍ਰਹਮਕੁਮਾਰ ਅਤੇ ਬ੍ਰਹਮਕੁਮਾਰੀਆਂ ਬੜੇ ਹੀ ਠਾਠ ਨਾਲ ਸਜੇ ਹੋਏ ਸਨ। ਸਭ ਦੇ ਗ਼ਲਾਂ 'ਚ ਸੁਨਹਿਰੀ ਚਮਕੀਲੇ ਹਾਰ ਪਾਏ ਹੋਏ ਸਨ। ਸਾਹਮਣੇ ਪਹਿਲੀਆਂ ਕਤਾਰਾਂ 'ਚ ਦਰਮਿਆਨੇ ਜਾਂ ਛੋਟੇ ਕੁਮਾਰ-ਕੁਮਾਰੀਆਂ ਸਨ। ਪਿੱਛੇ ਇੰਜੀਨੀਅਰਿੰਗ ਅਤੇ ਸਾਇੰਸ ਨਾਲ ਮੱਥਾ ਮਾਰਨ ਵਾਲੇ ਦੋ ਹਜ਼ਾਰ ਕਲਯੁਗੀ ਜੀਵ ਸਨ, ਜਿਨ੍ਹਾਂ ਨੂੰ ਸਰੀਰਾਂ ਤੋਂ ਆਤਮਾਵਾਂ ਬਣਾਇਆ ਜਾਣਾ ਸੀ। ਉਪਰ ਸਜਿਆਂ ਨੇ ਆਪਣੀ ਅਤੇ ਆਪਣੇ ਸੰਸਥਾਨ ਦੀ ਦਿਲ ਖੋਲ੍ਹ ਕੇ ਮਹਿਮਾ ਕੀਤੀ ਅਤੇ ਕਰਾਈ। 5-7 ਮਿੰਟ ਬੋਲਣ ਵਲਿਆਂ ਦੀ ਕਈ ਸਫਿਆਂ 'ਤੇ ਛਪੀ ਜਾਣ-ਪਛਾਣ ਪੜ੍ਹੀ ਗਈ। ਨਵੇਂ ਲੋਕਾਂ 'ਚੋਂ ਬਹੁਤਿਆਂ ਨੂੰ ਹੀਣ ਭਾਵ ਨੇ ਜਕੜਿਆ ਹੋਵੇਗਾ। ਮੈਨੂੰ ਬੜੀ ਕਚਿਆਣ ਜਹੀ ਆਈ। 75 ਸਾਲਾ ਸ਼ਾਨਾਂਮੱਤਾ ਪਿਛੋਕੜ ਦੱਸਣ ਦੇ ਅੰਦਾਜ਼ ਤੋਂ ਇਹੀ ਸੰਦੇਸ਼ ਮਿਲਿਆ ਕਿ ਭਾਗ ਲੈਣ ਵਾਲਿਆਂ ਨੇ ਏਥੇ ਸਿਰਫ ਬ੍ਰਹਮ ਵਿਚਾਰ ਸੁਣਨੀ ਤੇ ਮੰਨਣੀ ਹੈ, ਕੋਈ ਮੇਰੇ ਵਰਗਾ ਆਪਣਾ ਕਮਲ ਨਹੀਂ ਕੁੱਟ ਸਕਦਾ। ਅਗਲਿਆਂ ਦੇ 75 ਸਾਲ ਪੁਰਾਣੇ ਸਿਧਾਂਤਕ ਤਖਤ ਨਾਲ ਕੋਈ ਛੇੜ-ਛਾੜ ਨਹੀਂ ਕਰ ਸਕਦਾ। ਉਦਘਾਟਨੀ ਸਮਾਰੋਹ ਵਿਚ ਹੋਈ ਵਿਚਾਰ-ਚਰਚਾ ਦੇ ਪੱਧਰ ਦਾ ਅਨੁਮਾਨ ਇਸ ਗੱਲੋਂ ਲੱਗ ਸਕਦਾ ਹੈ ਕਿ ਮੰਚ ਸੰਚਾਲਕ ਨੇ ਇੰਦਰਾ ਗਾਂਧੀ ਅਤੇ ਗਿਆਨੀ ਜ਼ੈਲ ਸਿੰਘ ਦੇ ਹਵਾਲੇ ਨਾਲ ਬਣਿਆ ਲਤੀਫਾ ਵੀ ਸੁਣਾਇਆ ਜੋ ਅਸੀਂ ਸਕੂਲ ਪੜ੍ਹਦੇ ਸੁਣਦੇ ਹੁੰਦੇ ਸਾਂ। ਫਰਕ ਸਿਰਫ ਏਨਾ ਸੀ ਕਿ ਇੰਦਰਾ ਗਾਂਧੀ ਲਈ ਸ਼ਬਦ 'ਮੈਡਮ' ਅਤੇ ਜ਼ੈਲ ਸਿੰਘ ਲਈ ਸ਼ਬਦ 'ਸਰਦਾਰ' ਵਰਤਿਆ ਗਿਆ ਜੋ ਅਸੀਂ ਕਦੀ ਨਹੀਂ ਵਰਤਦੇ। ਮੈਨੂੰ ਸਰਦਾਰਾਂ 'ਤੇ ਲਤੀਫੇ ਸੁਣ ਕੇ ਕਦੀ ਗੁੱਸਾ ਨਹੀਂ ਆਉਂਦਾ, ਪਰ ਅੱਜ ਗਿਆਨੀ ਜੀ 'ਤੇ ਬੜਾ ਤਰਸ ਆਇਆ।

ਹਾਲ ਅੰਦਰ ਇਕ ਕੰਧ 'ਤੇ ਵੱਡੇ ਬੈਨਰ ਉਤੇ ਲਿਖਿਆ ਸੀ, ਸੰਪੂਰਨ ਬ੍ਰਹਮਚਾਰ ਹੀ ਸੰਪੂਰਨ ਅਹਿੰਸਾ ਹੈ। ਪੜ੍ਹ ਕੇ ਆਚਾਰੀਆ ਰਜਨੀਸ਼ ਦੀ ਇਕ ਉਕਤੀ ਯਾਦ ਆ ਗਈ ਕਿ ਬ੍ਰਹਮਚਾਰੀ ਅਤੇ ਬਲਾਤਕਾਰੀ 'ਚ ਕੋਈ ਖਾਸ ਫਰਕ ਨਹੀਂ। ਬਲਾਤਕਾਰੀ ਦੂਸਰੇ ਨਾਲ ਧੱਕਾ ਕਰਦਾ ਹੈ ਅਤੇ ਬ੍ਰਹਮਚਾਰੀ ਆਪਣੇ ਆਪ ਨਾਲ। ਹਨ। ਵਾਸਨਾਵਾਂ ਨੂੰ ਇਸ ਹੱਦ ਤੱਕ ਹੀ ਮਾਨਣਾ ਹੈ ਕਿ ਸਰਬੱਤ ਦੇ ਭਲੇ ਅਤੇ ਬਰਾਬਰੀ ਦੇ ਸਿਧਾਂਤ ਦੀ ਉਲੰਘਣਾ ਨਾ ਹੋਵੇ। ਪਹਿਲੀ ਵਾਰ ਮੈਨੂੰ ਸਿੱਖ ਪਰਿਵਾਰ 'ਚ ਪੈਦਾ ਹੋਣ ਦੀ ਡਾਢੀ ਖੁਸ਼ੀ ਹੋਈ, ਜਿਸ ਕਰਕੇ ਮੈਨੂੰ ਬਾਰ੍ਹਵੀਂ ਤੋਂ ਸਤਾਰਵੀਂ ਸਦੀ ਤੱਕ ਰਚੇ ਗਏ ਉਸ ਮਹਾਨ ਸੁਖਨ ਨੂੰ ਜਾਨਣ-ਸਮਝਣ ਦਾ ਮੌਕਾ ਮਿਲਿਆ ਜਿਸ ਨੇ ਅਜਿਹੀ ਸਿਧਾਂਤਕਾਰੀ ਜਗਤ ਸਾਹਮਣੇ ਪੇਸ਼ ਕੀਤੀ। ਆਮ ਬੰਦੇ ਨੂੰ ਮਾਨਤਾ ਅਤੇ ਸਵੈਮਾਣ ਬਖਸ਼ਿਆ।




*ਬ੍ਰਹਮਕੁਮਾਰੀ ਹੈਡ ਕੁਆਰਟਰ ਮਾਊਂਟ ਆਬੂ*

ਧੱਕਾ ਕਰਨ ਨੂੰ ਅਹਿੰਸਾ ਨਹੀਂ, ਹਿੰਸਾ ਕਹੀਦਾ ਹੈ। ਆਪਣੇ ਬਾਬਿਆਂ ਨੇ ਸਹਿਜ ਮਾਰਗ, ਪ੍ਰੇਮ ਮਾਰਗ ਅਤੇ ਗ੍ਰਹਿਸਥ ਮਾਰਗ ਨੂੰ ਪ੍ਰਵਾਨਗੀ ਦੇ ਕੇ ਸਾਡੇ ਜੀਵਨ ਕਿੰਨੇ ਸੁਖਾਲੇ ਰੱਖਣ ਦਾ ਯਤਨ ਕੀਤਾ ਹੈ। ਜੇ ਗੁਰੂ ਸਾਹਿਬ ਕਾਮ 'ਤੇ ਕਾਬੂ ਦੀ ਗੱਲ ਕਰਦੇ ਹਨ ਤਾਂ ਉਸ ਦਾ ਭਾਵ ਹੈ ਕਿ ਇਸ ਦੀ ਪੂਰਤੀ ਲਈ ਕਿਸੇ ਨਾਲ ਜਬਰ ਨਹੀਂ ਕਰਨਾ, ਆਪਣੀ ਵਾਸਨਾ ਪੂਰਤੀ ਲਈ ਕਿਸੇ ਦੇ ਸਰੀਰ 'ਤੇ ਨਾਜਾਇਜ਼ ਕਬਜ਼ਾ ਨਹੀਂ ਕਰਨਾ। ਪਰ ਕਾਮ ਨੂੰ ਉਸ ਹੱਦ ਤੱਕ ਫਨਾਹ ਨਹੀਂ ਕਰਨਾ ਕਿ ਮਨੁੱਖੀ ਨਸਲ ਹੀ ਖਤਮ ਹੋ ਜਾਵੇ। ਕਾਮ ਪੂਰਤੀ ਨਾਲ ਪ੍ਰੇਮ ਨਹੀਂ ਹੋਣਾ ਚਾਹੀਦਾ ਸਗੋਂ ਪ੍ਰੇਮ ਨਾਲ ਕਾਮ ਪੂਰਤੀ ਹੋਣੀ ਚਾਹੀਦੀ ਹੈ। ਕ੍ਰੋਧ ਤੋਂ ਵੀ ਇਸੇ ਲਈ ਵਰਜਿਆ ਹੈ ਕਿ ਦੂਸਰਿਆਂ ਨੂੰ ਆਪਣੇ ਸੁਆਰਥ ਜਾਂ ਹੰਕਾਰ ਕਾਰਨ ਦੁੱਖ ਨਹੀਂ ਦੇਣਾ। ਨਾ ਹੀ ਆਪਣੇ ਲੋਭ ਲਈ ਹੋਰਨਾਂ ਦੇ ਹੱਕ ਮਾਰਨੇ

ਇਸ ਉਦਘਾਟਨੀ ਸੈਸ਼ਨ ਵਿਚ ਬੈਠਿਆਂ ਮੈਂ ਉਵੇਂ ਔਖਾ ਅਤੇ ਬੇਅਰਾਮ ਹੋਇਆ ਜਿਵੇਂ ਬਹੁਤ ਉਚੀ ਆਵਾਜ਼ ਵਿਚ ਡੀ.ਜੇ. ਜਾਂ ਗਾਉਣ ਵਾਲਾ ਲੱਗੇ ਤੋਂ ਕਿਸੇ ਮੈਰਿਜ ਹਾਲ ਵਿਚ ਹੁੰਦਾ ਹਾਂ। ਅਜਿਹੇ ਥਾਂ ਆਪਣੀ ਖੁਸ਼ੀ ਅਤੇ ਮਰਜੀ ਦੇ ਖਿਲਾਫ 1-2 ਘੰਟੇ ਕੱਟਣੇ ਪੈ ਜਾਣ ਤਾਂ ਬਿਮਾਰ ਹੋਣਾ ਨਿਸ਼ਚਿਤ ਹੈ। ਇਥੇ ਵੀ ਓਹੀ ਗੱਲ ਹੋਈ, ਰਾਤ ਨੂੰ ਤੇਜ਼ ਬੁਖਾਰ ਤੇ ਹੋਰ ਕਈ ਤਕਲੀਫਾਂ ਸ਼ੁਰੂ ਹੋ ਗਈਆਂ। ਸਵੇਰੇ 6 ਵਜੇ ਸ਼ੁਰੂ ਹੋਣ ਵਾਲੇ ਸੈਸ਼ਨ 'ਚ ਜਾਣ ਦੀ ਬਜਾਏ ਡਿਸਪੈਂਸਰੀ ਗਿਆ। ਐਮਰਜੈਂਸੀ ਡਿਊਟੀ ਵਾਲੀ ਡਾਕਟਰ ਭੈਣ ਨੇ ਬੜੇ ਪਿਆਰ ਨਾਲ ਟੀਕਾ ਲਾਇਆ ਤੇ ਦਵਾਈ ਦਿੱਤੀ, ਕੋਈ ਪੈਸਾ ਨਹੀਂ ਲਿਆ।

ਮੇਰੇ 'ਚ ਉਨ੍ਹਾਂ ਦਾ ਪ੍ਰੋਗਰਾਮ ਅਟੈਂਡ ਕਰਨ ਜਾਂ ਕੋਈ ਵਾਦ-ਸੰਵਾਦ ਕਰਨ ਦੀ ਸੱਤਿਆ ਨਹੀਂ ਸੀ ਬਚੀ। ਸੋਚਿਆ, ਮਨਾਂ ਜਿਸ ਦੁਕਾਨ ਤੋਂ ਸੌਦਾ ਨਹੀਂ ਲੈਣਾ ਤਾਂ 4 ਦਿਨ ਉਸ ਦੇ ਥੜ੍ਹੇ 'ਤੇ ਕਿਉਂ ਬੈਠੇ ਰਹਿਣਾ, ਤੈਨੂੰ ਮੁਫਤ ਦੀ ਰਿਹਾਇਸ਼ ਵਿਚ ਰਹਿ ਕੇ ਮੰਜੀ ਤੋੜਨ ਅਤੇ ਮੁਫਤ ਦੇ ਪ੍ਰਸ਼ਾਦੇ ਪਾੜਨ ਦਾ ਕੋਈ ਹੱਕ ਨਹੀਂ। ਚੱਲ ਜੀਆ ਘਰ ਆਪਣੇ ਚੱਲੀਏ। 11 ਤਰੀਕ ਦੀ ਵਾਪਸੀ ਵਾਲੀ ਟਿਕਟ ਰੱਦ ਕਰਾਈ, ਜਲਦੀ ਤੋਂ ਜਲਦੀ ਅਗਲੇ ਦਿਨ 9 ਤਰੀਕ ਦੀ ਬੁਕਿੰਗ ਹੋ ਸਕੀ। ਸੋਚਿਆ ਕਿ ਜਦ ਤਬੀਅਤ ਠੀਕ ਹੋਈ ਤਾਂ ਇਸ 24 ਘੰਟੇ ਦੇ ਸਮੇਂ ਦੌਰਾਨ ਕਦੀ ਆਸ ਪਾਸ ਘੁੰਮ ਫਿਰ ਲਵਾਂਗਾ, ਕੁਛ ਮੂਰਤਾਂ ਲਾਹ ਲਵਾਂਗਾ, ਪਰ ਲਗਾਤਾਰ ਬਾਰਸ਼ ਹੋਣ ਕਰਕੇ ਉਹ ਵੀ ਸੰਭਵ ਨਾ ਹੋ ਸਕਿਆ।

ਇਥੋਂ ਦੀਆਂ ਕਈ ਗੱਲਾਂ ਬੜੀਆਂ ਵਧੀਆ ਲੱਗੀਆਂ। ਲੰਗਰ ਅਤੇ ਚਾਹ ਪਾਣੀ ਦਾ ਪ੍ਰਬੰਧ, ਸਲੀਕਾ ਅਤੇ ਸਵੱਛਤਾ ਬਹੁਤ ਕਮਾਲ ਦੀ ਸੀ। ਕਮਰਿਆਂ ਦੀ ਹਾਲਤ, ਸਾਂਭ-ਸੰਭਾਲ, ਬਿਸਤਰਿਆਂ ਦੀ ਤਾਜ਼ਗੀ, ਗੁਸਲਖਾਨਿਆਂ ਦੀ ਹਾਲਤ ਆਹਲਾ ਦਰਜੇ ਦੀ ਸੀ। ਕੰਪਲੈਕਸ ਦੇ ਅੰਦਰ ਬੱਸ ਸੇਵਾ ਬਹੁਤ ਵਧੀਆ ਸੀ। ਗਰਮ ਪਾਣੀ ਬਹੁਤ ਵੱਡੇ ਸੋਲਰ ਪਲਾਂਟ ਤੋਂ ਸਪਲਾਈ ਹੁੰਦਾ ਹੈ। ਸਫਾਈ ਦਾ ਕੰਮ ਸਥਾਨਕ ਰਾਜਸਥਾਨੀ ਔਰਤਾਂ ਬਹੁਤ ਦਿਲ ਲਾ ਕੇ ਕਰਦੀਆਂ ਹਨ, ਉਹ ਆਪਣੇ ਗੂੜੇ ਰੰਗਾਂ ਵਾਲੇ ਰਵਾਇਤੀ ਲਿਬਾਸ ਵਿਚ ਸੋਹਣੀਆਂ ਵੀ ਬਹੁਤ ਲਗਦੀਆਂ ਹਨ।

ਬ੍ਰਹਮਕੁਮਾਰੀ ਹੈਡ ਕੁਆਰਟਰ ਅਤੇ ਇਸ ਦੇ ਵੱਖ ਵੱਖ ਦੇਸ਼ਾਂ ਅੰਦਰਲੇ ਕੇਂਦਰਾਂ ਨੇ ਆਪਣੇ ਵੱਖ ਵੱਖ ਵਿੰਗਾਂ ਨੂੰ ਗੈਰ ਸਰਕਾਰੀ ਸੰਸਥਾਵਾਂ ਦੇ ਤੌਰ 'ਤੇ ਸਰਕਾਰਾਂ ਅਤੇ ਯੂ. ਐਨ. ਓ. ਵਰਗੇ ਅਨੇਕ ਅਦਾਰਿਆਂ ਕੋਲ ਰਜਿਸਟਰ ਕੀਤਾ ਹੈ। ਬਹੁਤ ਸਾਰੇ ਮਾਹਿਰਾਂ ਨੂੰ ਨਾਲ ਜੋੜਿਆ ਹੋਇਆ ਹੈ ਜੋ ਵਾਤਾਵਰਨ ਚੇਤਨਾ, ਕਾਰਬਨ ਕੰਟਰੋਲ, ਸੰਸਾਰ ਅਮਨ ਮਿਸ਼ਨ ਜੈਸੇ ਪ੍ਰਾਜੈਕਟ ਬਣਾ ਕੇ ਇਨ੍ਹਾਂ ਕੰਮਾਂ ਵਾਸਤੇ ਸਭ ਪਾਸੇ ਤੋਂ ਭਰਪੂਰ ਫੰਡ ਖਿੱਚਦੇ ਹਨ ਜਿਸ ਦੇ ਸਿਰੋਂ ਮੁਫਤ ਲੰਗਰ, ਰਿਹਾਇਸ਼, ਆਵਾਜਾਈ ਆਦਿ ਦਾ ਪ੍ਰਬੰਧ ਲੋਕਾਂ ਨੂੰ ਖੂਬ ਆਕਰਸ਼ਿਤ ਕਰਦਾ ਹੈ। ਸਾਡੇ ਸਿੰਘਾਂ ਨੂੰ ਵੀ ਗੁਰੂ ਕੀ ਗੋਲਕ 'ਤੇ ਕਬਜ਼ੇ ਲਈ ਪੱਗੋ-ਪੱਗੀ ਅਤੇ ਜੁੱਤੀਓ-ਜੁੱਤੀ ਹੋਣ ਦੀ ਬਜਾਏ ਸਰਕਾਰਾਂ ਅਤੇ ਕੌਮਾਂਤਰੀ ਅਦਾਰਿਆਂ ਦੇ ਮੋਟੇ ਫੰਡਾਂ ਨਾਲ ਹਰ ਮੁਲਕ 'ਚ ਗੈਰ ਸਰਕਾਰੀ ਸੰਸਥਾਵਾਂ ਖੜ੍ਹੀਆਂ ਕਰਕੇ ਸਰਬੱਤ ਦੇ ਭਲੇ ਵਾਲੇ ਪ੍ਰਾਜੈਕਟ ਚਲਾਉਣੇ ਚਾਹੀਦੇ ਹਨ। ਇਸ ਵਾਸਤੇ ਉਤਸ਼ਾਹੀ ਨੌਜਵਾਨਾਂ ਨੂੰ ਅੱਗੇ ਆ ਕੇ ਸਿੱਖੀ ਦੇ ਲਿਹਾਜ਼ ਨਾਲ ਅਪ੍ਰਸੰਗਕ ਹੋ ਚੁੱਕੀ ਲੀਡਰਸ਼ਿਪ ਨੂੰ ਰਸਤਾ ਦਿਖਾਉਣਾ ਚਾਹੀਦਾ ਹੈ। ਇਸ ਤਰ੍ਹਾਂ ਸਿੱਖ ਆਪਣੇ ਨਿਆਰੇ ਹੋਣ ਦਾ ਸਹੀ ਅਰਥਾਂ ਵਿਚ ਚਾਅ ਵੀ ਪੂਰਾ ਕਰ ਸਕਦੇ ਹਨ। ਅੰਤਰਾਸ਼ਟਰੀ ਪੱਧਰ 'ਤੇ ਪਹਿਰਾਵੇ ਅਤੇ ਦਿਖਾਵੇ ਵਾਲਾ ਨਿਆਰਾਪਨ ਤਾਂ 9/11 ਦੀ ਘਟਨਾ ਪਿਛੋਂ ਕਾਫੀ ਤਹਿਸ-ਨਹਿਸ ਹੋ ਗਿਆ ਹੈ। ਇਸ ਤਰ੍ਹਾਂ ਦੀਆਂ ਸੋਚਾਂ ਸੋਚਦਾ ਮੈਂ ਵਾਪਿਸ ਛੱਜੂ ਦੇ ਚੁਬਾਰੇ ਆ ਡਿਗਿਆ।

# ਕਬੂਤਰਬਾਜ਼

*(ਪਿਛਲੇ ਸਫੇ ਦੀ ਬਾਕੀ)*

ਉਹ ਸ਼ਰਤ ਦਾ ਹਿੱਸਾ ਨਹੀਂ ਸੀ ਸਮਝਿਆ ਜਾਂਦਾ। ਅਜਿਹਾ ਦੋ ਹਾਲਾਤ ਵਿਚ ਸੰਭਵ ਹੈ- ਪਹਿਲੀ, ਅਸਮਾਨ ਵਿਚੋਂ ਉਹਨੂੰ ਕਿਸੇ ਬਾਜ਼ ਜਾਂ ਬਹਿਰੀ ਨੇ ਬੋਚ ਲਿਆ ਹੋਵੇ ਤੇ ਖਾਣ ਲਈ ਉਹਨੂੰ ਆਪਣੇ ਆਲ੍ਹਣੇ ਵਿਚ ਲੈ ਗਏ ਹੋਣ। ਦੂਜਾ, ਉਹ ਕਬੂਤਰ ਥੱਕ ਕੇ ਆਪਣਾ ਘਰ ਭੁੱਲ ਗਿਆ ਹੋਵੇ ਤੇ ਸ਼ਹਿਰ ਦੇ ਕਿਸੇ ਹੋਰ ਉਚੇ ਕੋਠੇ 'ਤੇ ਬੈਠਾ ਆਰਾਮ ਕਰ ਰਿਹਾ ਹੋਵੇ। ਘਰ ਭੁੱਲਣ ਦਾ ਚਾਂਸ ਬਹੁਤ ਘੱਟ ਹੁੰਦਾ ਸੀ।

ਦੁਪਹਿਰੇ ਦੋ ਕੁ ਵਜੇ ਤਾਰਾ ਚੰਦ ਨੇ ਆਪਣਾ ਸਾਈਕਲ ਦੇ ਕੇ ਸਵਰਨ ਨੂੰ ਪਹਿਲਾਂ ਭਲਵਾਨ ਦੇ ਕੋਠੇ ਭੇਜਿਆ ਤੇ ਫਿਰ ਸਾਡੇ ਵੱਲ, ਇਹ ਪਤਾ ਲੈਣ ਲਈ ਕਿ ਦੋਹਾਂ ਧਿਰਾਂ ਦੇ ਕਬੂਤਰ ਕਿਸ ਹਾਲਤ ਵਿਚ ਨੇ। ਸਵਰਨ ਨੇ ਆ ਕੇ ਦੱਸਿਆ ਕਿ ਹੁਣ ਭਲਵਾਨ ਦੇ ਚਾਰ ਹੀ ਕਬੂਤਰ ਉਡਾਰੀ ਵਿਚ ਨੇ। ਪੰਜਵਾਂ ਇਕ ਘੰਟਾ ਪੰਦਰਾਂ ਮਿੰਟ ਤੱਕ ਵਖਾਲੀ ਨਾ ਦੇਣ ਕਰ ਕੇ ਜੱਜਾਂ ਨੇ 'ਕੱਟ ਗਿਆ' ਕਰਾਰ ਦੇ ਦਿੱਤਾ ਹੈ, ਪਰ ਭਲਵਾਨ ਦਾ ਹੌਸਲਾ ਬੁਲੰਦ ਏ। ਸਾਡੇ ਕੋਲ ਅੱਧਾ ਘੰਟਾ ਬੈਠ ਕੇ ਸਵਰਨ, ਤਾਰਾ ਚੰਦ ਨੂੰ ਸਾਰੀ ਰਿਪੋਰਟ ਦੇਣ ਲਈ ਚਲਾ ਗਿਆ। ਜਾਂਦਾ ਹੋਇਆ ਕਹਿ ਗਿਆ ਕਿ ਹੁਣ ਚਾਰ ਵਜੇ ਤੋਂ ਪਿੱਛੋਂ ਦੂਜਾ ਗੇੜਾ ਮਾਰੂੰ।

ਲੱਛੂ ਦੇ ਕਬੂਤਰ ਇਕ-ਇਕ ਕਰ ਕੇ ਚਾਰ ਵਜੇ ਉਤਰਨੇ ਸ਼ੁਰੂ ਹੋਏ ਤੇ ਆਖਰੀ ਪੰਜਵਾਂ ਕਬੂਤਰ ਚਾਰ ਵੱਜ ਕੇ ਪੈਂਤੀ ਮਿੰਟ ਉਤੇ ਆਣ ਬੈਠਾ। ਅਸਾਂ ਦੋਹਾਂ ਨੇ ਲੱਛੂ ਤੇ ਉਹਦੇ ਛੋਟੇ ਭਰਾ ਨੂੰ ਘੜੀਆਂ ਵਿਖਾ ਕੇ ਆਖਰੀ ਕਬੂਤਰ ਦਾ ਉਤਾਰਾ ਨੋਟ ਕਰ ਲਿਆ। ਹੁਣ ਅਸੀਂ ਚਾਰੇ ਬੜੀ ਉਤਸੁਕਤਾ ਨਾਲ ਸਵਰਨ ਨੂੰ ਉਡੀਕਣ ਲੱਗੇ। ਉਹ ਸਾਡੇ ਪਾਸੇ ਦਾ ਪਤਾ ਲੈਣ ਲਈ ਭਲਵਾਨ ਦੇ ਖੁੱਡੇ ਤੋਂ ਪੰਜ ਵਜੇ ਤੁਰਿਆ। ਉਦੋਂ ਤੱਕ ਭਲਵਾਨ ਦੇ ਤਿੰਨ ਕਬੂਤਰ ਉੱਤਰ ਆਏ ਸਨ, ਚੌਥਾ ਪਹਿਲਾਂ ਹੀ ਕੱਟਿਆ ਗਿਆ ਸੀ। ਪੰਜਵਾਂ, ਜ਼ਾਰਾ ਕਬੂਤਰ (ਸ਼ਾਹ ਕਾਲੇ ਰੰਗ ਦਾ) ਜਿਸ 'ਤੇ ਭਲਵਾਨ ਦੀ ਵੱਡੀ ਆਸ ਸੀ, ਅਜੇ ਵੀ ਉਡ ਰਿਹਾ ਸੀ।

ਸਵਰਨ ਸਾਡੇ ਪਾਸੇ ਸਾਢੇ ਪੰਜ ਵਜੇ ਪੁੱਜਾ ਤੇ ਭਲਵਾਨ ਦੇ ਪੰਜਵੇਂ ਕਬੂਤਰ ਦੀ ਅਜੇ ਵੀ ਉਡਦੇ ਹੋਣ ਦੀ ਖਬਰ ਦਿੱਤੀ। ਇਹ ਸੁਣ ਕੇ ਲੱਛੂ ਦਾ ਹੌਸਲਾ ਪਸਤ ਹੋ ਗਿਆ। ਲੱਛੂ ਨੇ ਆਪਣੇ ਛੋਟੇ ਭਰਾ ਨੂੰ ਝੋਲਾ ਲਿਆਉਣ ਲਈ ਭੇਜਿਆ। ਉਸ ਨੇ ਹਾਰੇ ਹੋਏ ਪੰਜੇ ਕਬੂਤਰ ਝੋਲੇ ਵਿਚ ਪਾ, ਨਾਲ 50 ਰੁਪਏ ਜੇਬ ਵਿਚੋਂ ਕੱਢ ਕੇ ਸਵਰਨ ਨੂੰ ਫੜਾ ਦਿੱਤੇ ਤੇ ਨਾਲ ਹੀ ਸਾਨੂੰ ਸੁਣਾ ਕੇ ਕਹਿ ਦਿੱਤਾ, "ਸਵਰਨ ਭਾਈ, ਜੱਜਾਂ ਦੀ ਹਾਜ਼ਰੀ ਵਿਚ ਪੈਸੇ ਤੇ ਕਬੂਤਰ ਤੈਨੂੰ ਪਹੁੰਚ ਗਏ। ਤੂੰ ਹੁਣ ਭਲਵਾਨ ਨੂੰ ਪਹੁੰਚਦੇ ਕਰ ਦੇਈਂ ਤੇ ਉਹਨੂੰ ਮੇਰੇ ਵੱਲੋਂ ਵਧਾਈ ਵੀ ਦੇਵੀਂ।"

ਜੀਤਾ, ਮੈਂ ਤੇ ਸਵਰਨ ਪੈਸੇ ਤੇ ਕਬੂਤਰ ਲੈ ਕੇ ਲੱਛੂ ਤੇ ਉਸ ਦੇ ਭਰਾ ਨਾਲ ਹੱਥ ਮਿਲਾ ਕੇ ਪੌੜੀਆਂ ਉਤਰੇ ਤੇ ਬਾਜ਼ਾਰ ਦੇ ਰਾਹ ਪੈ ਗਏ। ਭਲਵਾਨ ਦੇ ਘਰ ਪਹੁੰਚੇ ਤਾਂ ਸਾਡੇ ਜਾਂਦਿਆਂ ਨੂੰ ਭਲਵਾਨ ਦਾ ਲਾਹੌਰ ਵਾਲਾ ਉਸਤਾਦ ਵੀ ਉਸ ਦੇ ਨਾਲ ਬੈਠਾ ਸੀ। ਸ਼ਰਤ ਤੈਅ ਹੋਣ ਤੋਂ ਬਾਅਦ ਖੁਸ਼ੀ ਵਿਚ ਆਏ ਭਲਵਾਨ ਨੇ ਉਸਤਾਦ ਨੂੰ ਚਿੱਠੀ ਪਾ ਦਿੱਤੀ ਸੀ, ਉਜਾੜੇ ਪਿੱਛੋਂ ਇਹ ਮੇਰੀ ਪਹਿਲੀ ਸ਼ਰਤ ਹੈ। ਜੇ ਤੁਸੀਂ ਵੀ ਆ ਜਾਓ ਤਾਂ ਜਿੱਤ-ਹਾਰ ਦੀ ਖੁਸ਼ੀ ਇਕੱਠੇ ਮਨਾਈਏ।

ਭਲਵਾਨ ਦਾ ਉਸਤਾਦ ਸ਼ੌਕਤ ਅਲੀ ਵਿਰਕ ਸਾਨੂੰ ਤਿੰਨਾਂ ਨੂੰ ਜੱਫੀ ਪਾ ਕੇ ਮਿਲਿਆ। ਫਿਰ ਉਹਨੇ ਪੰਜਾਂ ਕਬੂਤਰਾਂ ਦੇ ਪਰ ਤੇ ਅੱਖਾਂ ਇਕ-ਇਕ ਕਰ ਕੇ ਵੇਖੀਆਂ ਤੇ ਭਲਵਾਨ ਨੂੰ ਕਹਿਣ ਲੱਗਾ, "ਭਲਵਾਨਾ! ਕਬੂਤਰ ਬੜੇ ਮਾਅਰਕੇ ਦੇ ਨੇ, ਪਤਾ ਨਹੀਂ ਕਿਸ ਤਰ੍ਹਾਂ ਹਾਰ ਗਏ।" ਭਲਵਾਨ ਨੇ ਮਜ਼ਾਕ ਦੇ ਅੰਦਾਜ਼ ਵਿਚ ਜਵਾਬ ਦਿੱਤਾ, "ਉਸਤਾਦ, ਜੇ ਇਹ ਨਾ ਹਾਰਦੇ ਤਾਂ ਮੈਂ ਕਿਵੇਂ ਜਿੱਤਦਾ? ਮੈਨੂੰ ਉਜੜੇ ਰਫ਼ਿਊਜੀ ਨੂੰ ਪੰਜਾਹ ਰੁਪਏ ਤੇ ਪੰਜ ਕਬੂਤਰਾਂ ਦਾ ਹੋਰ ਡੰਨ ਪੈ ਜਾਣਾ ਸੀ।"

ਉਨ੍ਹਾਂ ਦਿਨਾਂ ਤੋਂ 1970 ਤੱਕ ਸ਼ਹਿਰਾਂ ਵਿਚ ਸ਼ਰਤਾਂ ਦੀ ਰਕਮ ਪੱਚੀ, ਪੰਜਾਹ ਤੇ ਸੌ ਤੱਕ ਹੁੰਦੀ ਸੀ। ਅੱਜ ਕੱਲ੍ਹ ਪੈਸੇ ਦੇ ਫੈਲਾਓ ਕਾਰਨ ਇਹ ਹਜ਼ਾਰਾਂ ਤੇ ਮਾਲਵੇ ਦੇ ਕੁਝ ਪਿੰਡਾਂ ਵਿਚ ਲੱਖਾਂ ਤੱਕ ਪਹੁੰਚ ਗਈ ਹੈ।

ਮਾਝੇ ਵਿਚ ਪੱਟੀ, ਤਰਨਤਾਰਨ ਤੇ ਖਾਲੜੇ ਵਾਲੀ ਬੈਲਟ ਵਿਚ ਕਈ ਕਬੂਤਰਬਾਜ਼ ਉਡਾਉਣ ਤੋਂ ਪਹਿਲਾਂ ਕਬੂਤਰਾਂ ਨੂੰ ਥੋੜ੍ਹੀ ਜਿਹੀ ਅਫੀਮ ਵੀ ਦੇ ਦਿੰਦੇ ਹਨ। ਇਸ ਦਾ ਉਡਣ ਵਿਚ ਕੋਈ ਫਾਇਦਾ ਹੁੰਦਾ ਹੈ ਜਾਂ ਨਹੀਂ, ਕੁਝ ਨਹੀਂ ਕਿਹਾ ਜਾ ਸਕਦਾ। ਅੰਮ੍ਰਿਤਸਰ ਵਿਚ ਉਸਤਾਦ ਹੁਰੀਂ ਆਪਣੇ ਸ਼ਾਗਿਰਦਾਂ ਤੇ ਆਪਣੀਆਂ ਸ਼ਰਤਾਂ ਵਿਚ ਕੁਝ ਬਦਾਮ ਰਾਤ ਪਾਣੀ ਵਿਚ ਭਿਉਂ ਕੇ ਸਵੇਰੇ ਚੱਟੂ ਵਿਚ ਮਸਲ ਕੇ ਵਿਚ ਪਤਾ ਨਹੀਂ ਕੀ ਪਾਉਂਦੇ ਤੇ ਉਨ੍ਹਾਂ ਦੀਆਂ ਗੋਲੀਆਂ ਬਣਾ ਕੇ ਉਡਾਉਣ ਤੋਂ ਪਹਿਲਾਂ ਕਬੂਤਰਾਂ ਨੂੰ ਚਾਰ ਦਿੰਦੇ ਸਨ, ਪਰ ਉਨ੍ਹਾਂ ਦੇ ਫਾਇਦੇ 'ਤੇ ਵੀ ਸ਼ੱਕ ਹੈ। ਦੋ ਵਾਰ ਉਨ੍ਹਾਂ ਉਹ ਗੋਲੀਆਂ ਮੇਰੇ ਹੱਥੀਂ ਤਾਰਾ ਚੰਦ ਦੇ ਕਬੂਤਰਾਂ ਲਈ ਭੇਜੀਆਂ। ਦੋਵੇਂ ਵਾਰ ਉਹਦੇ ਕਬੂਤਰ ਹਾਰ ਗਏ।

*ਮਿੱਕੀ ਕਬੂਤਰਾਂ ਵਾਲਾ ਮਾਨਸਾ ਜ਼ਿਲ੍ਹੇ ਵਿਚ ਗਾਮੀਵਾਲਾ ਪਿੰਡ ਦਾ ਵਾਸੀ ਹੈ। ਪੰਜਾਬ ਦੀ ਤਿੰਨ ਸੂਬਿਆਂ ਵਿਚ ਵੰਡ ਤੋਂ ਪਹਿਲਾਂ ਇਹ ਪਿੰਡ ਬਠਿੰਡੇ ਜ਼ਿਲ੍ਹੇ ਵਿਚ ਸੀ। ਬੁਢਲਾਡੇ ਤੋਂ ਰੱਤੀਆਂ ਨੂੰ ਜਾਂਦੀ ਸੜਕ 'ਤੇ ਇਹ ਬੋਹਾ ਤੋਂ ਕੋਈ ਦੋ ਕੁ ਮੀਲ ਦੀ ਦੂਰੀ ਉਤੇ ਹੈ। ਮਿੱਕੀ ਇਸ ਪਿੰਡ ਦੇ ਵੱਡੇ ਜ਼ਿਮੀਂਦਾਰਾਂ ਵਿਚੋਂ ਹੈ। ਮੁਗਲ ਸ਼ਹਿਜ਼ਾਦਿਆਂ ਵਾਂਗ ਜਦੋਂ ਮਿੱਕੀ ਦੀ ਹਿੱਕ ਵਿਚ ਕਬੂਤਰਬਾਜ਼ੀ ਦਾ ਫੁੱਲ ਖਿੜਿਆ ਤਾਂ ਉਸ ਵਾਹੀ ਨੂੰ ਤਿਲਾਂਜਲੀ ਦੇ ਦਿੱਤੀ ਤੇ ਹੋਲ-ਟਾਈਮ ਕਬੂਤਰਬਾਜ਼ ਬਣ ਗਿਆ। ਮਿੱਕੀ ਦੀਆਂ ਸ਼ਰਤਾਂ ਇਕ ਲੱਖ ਤੋਂ ਸ਼ੁਰੂ ਹੋ ਕੇ ਪੰਜ-ਪੰਜ ਲੱਖ ਤੱਕ ਜਾਂਦੀਆਂ ਹਨ। ਉਹਨੇ ਦੋ ਨੌਕਰ ਸਿਰਫ ਕਬੂਤਰ ਸਾਂਭਣ ਲਈ ਹੀ ਰੱਖੇ ਹੋਏ ਹਨ। ਆਪ ਉਹ ਪਟਿਆਲੇ ਕੋਠੀ ਵਿਚ ਰਹਿੰਦਾ ਹੈ।ਉਹਦੇ ਕਬੂਤਰ ਏਅਰ ਕੰਡੀਸ਼ਨ ਮਕਾਨਾਂ ਵਿਚ ਰਹਿੰਦੇ ਹਨ। ਉਹ ਇਕ-ਦੋ ਬੋਰੀਆਂ ਬਦਾਮਾਂ ਦੀਆਂ ਕਬੂਤਰਾਂ ਲਈ ਜਮ੍ਹਾਂ ਰੱਖਦਾ ਹੈ।*

ਮਿੱਕੀ ਕਬੂਤਰਾਂ ਵਾਲਾ ਮਾਨਸਾ ਜ਼ਿਲ੍ਹੇ ਵਿਚ ਗਾਮੀਵਾਲਾ ਪਿੰਡ ਦਾ ਵਾਸੀ ਹੈ। ਪੰਜਾਬ ਦੀ ਤਿੰਨ ਸੂਬਿਆਂ ਵਿਚ ਵੰਡ ਤੋਂ ਪਹਿਲਾਂ ਇਹ ਪਿੰਡ ਬਠਿੰਡੇ ਜ਼ਿਲ੍ਹੇ ਵਿਚ ਸੀ। ਬੁਢਲਾਡੇ ਤੋਂ ਰਤੀਏ ਨੂੰ ਜਾਂਦੀ ਸੜਕ 'ਤੇ ਇਹ ਬੋਹਾ ਤੋਂ ਕੋਈ ਦੋ ਕੁ ਮੀਲ ਦੀ ਦੂਰੀ ਉਤੇ ਹੈ। ਮਿੱਕੀ ਇਸ ਪਿੰਡ ਦੇ ਵੱਡੇ ਜ਼ਿਮੀਂਦਾਰਾਂ ਵਿਚੋਂ ਹੈ। ਮੁਗਲ ਸ਼ਹਿਜ਼ਾਦਿਆਂ ਵਾਂਗ ਜਦੋਂ ਮਿੱਕੀ ਦੀ ਹਿੱਕ ਵਿਚ ਕਬੂਤਰਬਾਜ਼ੀ ਦਾ ਫੁੱਲ ਖਿੜਿਆ ਤਾਂ ਉਸ ਵਾਹੀ ਨੂੰ ਤਿਲਾਂਜਲੀ ਦੇ ਦਿੱਤੀ ਤੇ ਪੱਕਾ ਕਬੂਤਰਬਾਜ਼ ਬਣ ਗਿਆ। ਮਿੱਕੀ ਦੀਆਂ ਸ਼ਰਤਾਂ ਇਕ ਲੱਖ ਤੋਂ ਸ਼ੁਰੂ ਹੋ ਕੇ ਪੰਜ-ਪੰਜ ਲੱਖ ਤੱਕ ਜਾਂਦੀਆਂ ਹਨ। ਉਹਨੇ ਦੋ ਨੌਕਰ ਸਿਰਫ ਕਬੂਤਰ ਸਾਂਭਣ ਲਈ ਹੀ ਰੱਖੇ ਹੋਏ ਹਨ। ਆਪ ਉਹ ਪਟਿਆਲੇ ਕੋਠੀ ਵਿਚ ਰਹਿੰਦਾ ਹੈ। ਉਹਦੇ ਕਬੂਤਰ ਏਅਰ ਕੰਡੀਸ਼ਨ ਮਕਾਨਾਂ ਵਿਚ ਰਹਿੰਦੇ ਹਨ। ਉਹ ਇਕ-ਦੋ ਬੋਰੀਆਂ ਬਦਾਮਾਂ ਦੀਆਂ ਕਬੂਤਰਾਂ ਲਈ ਜਮ੍ਹਾਂ ਰੱਖਦਾ ਹੈ।

ਮਿੱਕੀ ਕਬੂਤਰਬਾਜ਼ੀ ਦੇ ਗੁਰ ਦਾ ਸ਼ਾਹਸਵਾਰ ਹੈ ਤੇ ਕਬੂਤਰਬਾਜ਼ੀ ਦਾ ਬਾਦਸ਼ਾਹ। ਉਹਨੇ ਕਬੂਤਰਬਾਜ਼ੀ ਵਿਚ ਬਿਲਕੁਲ ਨਵੀਂ ਕਾਢ ਕੱਢੀ ਹੈ ਜੋ ਪੰਜਾਬ ਵਿਚ ਪਹਿਲਾਂ ਨਹੀਂ ਸੀ। ਸ਼ਰਤਾਂ ਲਾਉਣ ਲਈ ਮਿੱਕੀ ਉਡਾਉਣ ਵਾਲੇ ਕਬੂਤਰ ਖੁੱਲ੍ਹੇ ਪਿੰਜਰੇ ਵਿਚ ਪਾ ਕੇ ਕਾਰ ਵਿਚ ਰੱਖ ਕੇ ਸ਼ਰਤਾਂ ਵਾਲੀ ਥਾਂ 'ਤੇ ਲੈ ਜਾਂਦਾ ਹੈ। ਉਥੇ ਇਕ ਵੱਡ-ਅਕਾਰੀ ਤੰਬੂ ਟਾਈਪ ਚਾਨਣੀ ਤਾਣ ਕੇ ਉਪਰ ਲਾਲ ਰੰਗ ਦੀ ਚਾਦਰ ਪਾ ਕੇ ਕਬੂਤਰ ਉਥੋਂ ਉਡਾਉਂਦਾ ਹੈ ਅਤੇ ਉਥੇ ਹੀ ਉਹ ਵਾਪਸ ਆਉਂਦੇ ਹਨ। ਉਹਦੇ ਕਬੂਤਰ ਕਿਤੇ ਹਾਰਨ ਦੀ ਗੁੰਜਾਇਸ਼ ਨਹੀਂ। ਮਿੱਕੀ ਮਾਲਵੇ ਤੇ ਪੰਜਾਬ ਦਾ ਸਿਰਮੌਰ ਕਬੂਤਰਬਾਜ਼ ਹੈ।

ਦੁੱਖ ਦੀ ਗੱਲ ਹੈ ਕਿ ਮੁਗਲ ਬਾਦਸ਼ਾਹ ਦੇ ਦੌਰ ਦਾ ਇਹ ਸ਼ਾਹੀ ਸ਼ੌਕ ਹੁਣ ਕਬੂਤਰਬਾਜ਼ੀ ਨਾਲੋਂ ਵੱਧ ਜੂਏਬਾਜ਼ੀ ਦੇ ਮਾਰੂ ਰੋੜ੍ਹ ਵਿਚ ਰੁੜ੍ਹਨਾ ਸ਼ੁਰੂ ਹੋ ਗਿਆ ਹੈ ਤੇ ਗਰੀਬੜੇ ਕਬੂਤਰਬਾਜ਼ ਇਸ ਵਿਚੋਂ ਮਨਫੀ ਹੋ ਰਹੇ ਹਨ।

#

# ਨਾਨਕ ਨਾਮ ਜਹਾਜ਼ ਹੈ...

## ਸਾਢੇ ਚਾਰ ਦਹਾਕਿਆਂ ਬਾਅਦ ਫਿਰ ਰਿਲੀਜ਼





***'ਨਾਨਕ ਨਾਮ ਜਹਾਜ਼ ਹੈ' ਫਿਲਮ ਸਾਢੇ ਚਾਰ ਦਹਾਕੇ ਪਹਿਲਾਂ 15 ਅਪਰੈਲ 1969 ਨੂੰ ਰਿਲੀਜ਼ ਕੀਤੀ ਗਈ ਸੀ ਜਦੋਂ ਗੁਰੂ ਨਾਨਕ ਦਾ ਪੰਜ ਸੌ ਸਾਲਾ ਜਨਮ ਦਿਵਸ ਪੁਰਬ ਮਨਾਇਆ ਜਾ ਰਿਹਾ ਸੀ। ਐਤਕੀਂ ਗੁਰੂ ਨਾਨਕ ਦੇ ਪੁਰਬ ਮੌਕੇ ਇਹ ਫਿਲਮ ਇਕ ਵਾਰ ਫਿਰ 27 ਨਵੰਬਰ 2015 ਨੂੰ ਰਿਲੀਜ਼ ਕੀਤੀ ਗਈ। ਇਸ ਫਿਲਮ ਨੂੰ 1970 ਵਿੱਚ ਸਰਵੋਤਮ ਪੰਜਾਬੀ ਫਿਲਮ ਅਤੇ ਸਰਵੋਤਮ ਸੰਗੀਤ ਦੇ ਕੌਮੀ ਪੁਰਸਕਾਰ ਮਿਲੇ ਸਨ। ਇਸ ਫਿਲਮ ਬਾਰੇ ਸਿਮਰਨ ਕੌਰ ਨੇ ਕੁਝ ਤੱਥ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੇ ਕੀਤੇ ਹਨ। -ਸੰਪਾਦਕ***

**ਸਿਮਰਨ ਕੌਰ**

ਪੰਜਾਬੀ ਫਿਲਮ 'ਨਾਨਕ ਨਾਮ ਜਹਾਜ਼ ਹੈ' ਦਾ ਜਾਦੂ ਇਕ ਵਾਰ ਫਿਰ ਚੱਲਿਆ ਹੈ। ਇਕ ਵਾਰ ਫਿਰ 1969 ਵਿਚ ਸਾਹਮਣੇ ਆਈ ਕਹਾਣੀ ਸੁਣਾਈ ਗਈ ਹੈ। ਇਹ ਫਿਲਮ 1969 ਵਿਚ ਗੁਰੂ ਨਾਨਕ ਦੇਵ ਦੀ 5ਵੀਂ ਜਨਮ ਸ਼ਤਾਬਦੀ ਮੌਕੇ ਰਿਲੀਜ਼ ਕੀਤੀ ਗਈ ਸੀ ਅਤੇ ਉਦੋਂ ਇਹ ਫਿਲਮ ਦੇਖਣ ਲੋਕ ਹੁੰਮ-ਹੁਮਾ ਕੇ ਥਿਏਟਰਾਂ ਵਿਚ ਗਏ ਸਨ। ਇਸ ਫਿਲਮ ਅਤੇ ਇਸ ਫਿਲਮ ਪੇਸ਼ ਸੁਨੇਹਾ ਦਾ ਜ਼ੋਰ ਇੰਨਾ ਜ਼ੋਰਦਾਰ ਸੀ ਕਿ ਲੋਕ ਥਿਏਟਰਾਂ ਵਿਚ ਫਿਲਮ ਦੇਖਣ ਜਾਣ ਸਮੇਂ ਜੁੱਤੀ ਲਾਹ ਕੇ ਜਾਂਦੇ ਸਨ। ਬਹੁਤ ਸਾਰੇ ਥਾਂਈਂ ਤਾਂ ਲੰਗਰ ਲਾਉਣ ਦੀਆਂ ਖਬਰਾਂ ਵੀ ਆਈਆਂ ਸਨ।

ਜਦੋਂ ਇਹ ਫਿਲਮ ਰਿਲੀਜ਼ ਹੋਈ ਸੀ, ਤਾਂ ਮੁਲਕ ਨੂੰ ਆਜ਼ਾਦ ਹੋਇਆਂ ਭਾਵੇਂ ਦੋ ਦਹਾਕਿਆਂ ਤੋਂ ਵੱਧ ਦਾ ਸਮਾਂ ਹੋ ਚੁੱਕਾ ਸੀ, ਪਰ 1947 ਦੀ ਵੰਡ ਵੇਲੇ ਜੋ ਜ਼ਖਮ ਲੋਕਾਂ ਦੇ ਦਿਲਾਂ ਉਤੇ ਲੱਗੇ ਸਨ, ਉਹ ਅਜੇ ਆਠਰੇ ਨਹੀਂ ਸਨ। ਵੰਡ ਦੀ ਕਤਲੋ-ਗਾਰਤ ਅਜੇ ਲੋਕਾਂ ਦੇ ਹਿਰਦਿਆਂ ਵਿਚ ਖੌਰੂ ਪਾ ਰਹੀ ਸੀ ਅਤੇ ਇਸ ਫਿਲਮ ਦੀ ਕਹਾਣੀ ਦਾ ਪਿਛੋਕੜ ਇਹੀ ਵੰਡ ਵਾਲਾ ਸਮਾਂ ਸੀ। ਇਸ ਫਿਲਮ ਦੀ ਕਹਾਣੀ ਅੰਮ੍ਰਿਤਸਰ ਵਿਚ ਵੱਸਦੇ ਇਕ ਪਰਿਵਾਰ ਦੀ ਕਹਾਣੀ ਹੈ। ਗੁਰਮੁਖ ਸਿੰਘ (ਪ੍ਰਿਥਵੀ ਰਾਜ ਕਪੂਰ) ਗੁਰਾਂ ਦੇ ਚਰਨਾਂ ਵਿਚ ਰਹਿਣ ਵਾਲਾ ਸਿੱਖ ਹੈ। ਉਸ ਦਾ ਪੁੱਤਰ ਗੁਰਮੀਤ (ਅਦਾਕਾਰ ਸੋਮ ਦੱਤ ਜੋ ਸੁਨੀਲ ਦੱਤ ਦਾ ਭਰਾ ਸੀ) ਵੀ ਆਪਣੇ ਪਿਤਾ ਵਾਂਗ ਹੀ ਰੱਬ ਰਜ਼ਾ ਵਿਚ ਰਹਿਣ ਵਾਲਾ ਬੰਦਾ ਹੈ। ਗੁਰਮੁਖ ਦੇ ਕਾਰੋਬਾਰੀ ਭਾਈਵਾਲ ਪ੍ਰੇਮ ਸਿੰਘ ਅਤੇ ਉਸ ਦੀ ਪਤਨੀ ਦੀਆਂ ਲਾਲਸਾਵਾਂ ਕਾਰਨ ਇਕ ਦਿਨ ਗੁਰਮੀਤ ਸਿੰਘ ਦੀਆਂ ਅੱਖਾਂ ਦੀ ਲੋਅ ਗੁਆਚ ਜਾਂਦੀ ਹੈ। ਇਹ ਘਟਨਾ ਚਰਨਜੀਤ ਕੌਰ ਚੰਨੀ (ਵਿਮੀ) ਕਾਰਨ ਹੁੰਦੀ ਹੈ। ਮਗਰੋਂ ਜਦੋਂ ਪਰਿਵਾਰ ਦੇ ਕੁਝ ਜੀਅ ਤੀਰਥ ਯਾਤਰਾ ਉਤੇ ਨਿਕਲਦੇ ਹਨ ਤਾਂ ਚੰਨੀ ਮੁੰਡਿਆਂ ਵਾਲਾ ਭੇਸ ਵਟਾ ਕੇ ਗੁਰਮੀਤ ਦੇ ਸੰਗ ਰਹਿੰਦੀ ਹੈ। ਆਖਰਕਾਰ ਕ੍ਰਿਸ਼ਮਾ ਵਾਪਰਦਾ ਹੈ ਅਤੇ ਗੁਰਮੀਤ ਦੀਆਂ ਅੱਖਾਂ ਦੀ ਲੋਅ ਪਰਤ ਆਉਂਦੀ ਹੈ। ਇਸ ਫਿਲਮ ਦੀ ਕਹਾਣੀ ਬੱਸ ਇੰਨੀ ਕੁ ਹੀ ਹੈ, ਪਰ ਇਸ ਵਿਚ ਜਿਹੜਾ ਦਰਦ ਪਰੋਇਆ ਗਿਆ ਹੈ, ਉਹ ਆਮ ਨਹੀਂ; ਬਹੁਤ ਦੂਰ ਅਤੇ ਦੇਰ ਤੱਕ ਮਾਰ ਕਰਦਾ ਹੈ।

ਇਸ ਫਿਲਮ ਦੇ ਸੰਗੀਤ ਬਾਰੇ ਉਚੇਚੀ ਗੱਲ ਕਰਨੀ ਬਣਦੀ ਹੈ। ਫਿਲਮ ਦਾ ਸੰਗੀਤ ਐਸ. ਮਹਿੰਦਰ ਨੇ ਦਿੱਤਾ ਸੀ ਜਿਨ੍ਹਾਂ ਦਾ ਅਸਲ ਨਾਂ ਸੀ-ਮਹਿੰਦਰ ਸਿੰਘ ਸਰਨਾ। ਉਹ ਪਹਿਲਾਂ-ਪਹਿਲ ਗਾਇਕ ਬਣਨਾ ਚਾਹੁੰਦੇ ਸਨ ਅਤੇ ਉਨ੍ਹਾਂ ਭਾਈ ਸਮੁੰਦ ਸਿੰਘ ਤੋਂ ਕਲਾਸੀਕਲ ਸੰਗੀਤ ਦੀ ਸਿਖਿਆ ਹਾਸਲ ਕੀਤੀ ਸੀ। ਮਗਰੋਂ ਉਹ ਬਨਾਰਸ (ਹੁਣ ਵਾਰਾਣਸੀ) ਵੀ ਗਏ ਜੋ ਉਸ ਵਕਤ ਸੰਗੀਤ ਦਾ ਗੜ੍ਹ ਸੀ। ਇਸ ਫਿਲਮ ਵਿਚ ਪ੍ਰਿਥਵੀ ਰਾਜ ਕਪੂਰ, ਵਿਮੀ, ਨਿਸ਼ੀ ਤੇ ਸੋਮ ਦੱਤ ਤੋਂ ਇਲਾਵਾ ਆਈ.ਐਸ. ਜੌਹਰ, ਸੁਰੇਸ਼, ਰਮਾਇਣ ਤਿਵਾੜੀ ਵਰਗੇ ਕਲਾਕਾਰਾਂ ਨੇ ਵੀ ਆਪਣੀ ਕਲਾ ਦੇ ਜੌਹਰ ਦਿਖਾਏ ਸਨ। ਇਸ ਮਿਸਾਲੀ ਫਿਲਮ ਦੇ ਡਾਇਰੈਕਟਰ ਰਾਮ ਮਹੇਸ਼ਵਰੀ ਸਨ ਅਤੇ ਆਜ਼ਾਦੀ ਤੋਂ ਬਾਅਦ ਪੰਜਾਬੀ ਦੀ ਇਹ ਪਹਿਲੀ ਵੱਡੀ ਹਿੱਟ ਫਿਲਮ ਸੀ। ਫਿਲਮ ਨੇ ਅੱਜ ਵੀ ਆਪਣਾ ਕ੍ਰਿਸ਼ਮਾ ਦਿਖਾਇਆ ਹੈ। ਨੌਜਵਾਨ ਵਰਗ ਨੇ ਵੀ ਇਸ ਫਿਲਮ ਨੂੰ ਖੂਬ ਹੁੰਗਾਰਾ ਭਰਿਆ ਹੈ। ਇਹ ਫਿਲਮ ਪੰਜਾਬ ਦੇ ਇਤਿਹਾਸ ਦਾ ਅਹਿਮ ਅੰਗ ਹੋ ਨਿਬੜੀ ਹੈ।





*ਫਿਲਮ 'ਨਾਨਕ ਨਾਮ ਜਹਾਜ਼ ਹੈ' ਮੁੜ ਰਿਲੀਜ਼ ਕਰਨ ਮੌਕੇ ਕਰਵਾਏ ਸਮਾਗਮ ਵਿਚ ਸ਼ਿਰਕਤ ਕਰ ਰਹੀ ਅਦਾਕਾਰਾ ਨਿਸ਼ੀ, ਸੰਗੀਤਕਾਰ ਐਸ. ਦਰਸ਼ਨ ਅਤੇ ਹੋਰ।*



*ਫਿਲਮ 'ਨਾਨਕ ਨਾਮ ਜਹਾਜ਼ ਹੈ' ਦੇ ਦੋ ਦ੍ਰਿਸ਼ ਜਿਸ ਵਿਚ ਮਿਸਾਲੀ ਅਦਾਕਾਰ ਪ੍ਰਿਥਵੀ ਰਾਜ ਕਪੂਰ ਨਜ਼ਰ ਆ ਰਹੇ ਹਨ।*

# ਮੋਹਨ ਜੋਸ਼ੀ ਹਾਜ਼ਿਰ ਹੋ

## ਨਿਆਂ ਪ੍ਰਬੰਧ ਦੇ ਖਾਸੇ ਦੀਆਂ ਪਰਤਾਂ

**ਆਵਾਜ਼ ਦੇ ਕਹਾਂ ਹੈ... -28-**



**ਕੁਲਦੀਪ ਕੌਰ**
ਫੋਨ: +91-98554-04330

ਫਿਲਮਸਾਜ਼ ਸਈਦ ਅਖਤਰ ਮਿਰਜ਼ਾ ਦੀ ਫਿਲਮ 'ਮੋਹਨ ਜੋਸ਼ੀ ਹਾਜ਼ਿਰ ਹੋ' ਵਿਚ ਬਜ਼ੁਰਗ ਜੋੜੇ ਦੀ ਭੂਮਿਕਾ ਵਿਚ ਹੰਢੇ-ਵਰਤੇ ਕਲਾਕਾਰ ਭੀਸ਼ਮ ਸਾਹਨੀ ਅਤੇ ਦੀਨਾ ਪਾਠਕ ਸਨ। ਫਿਲਮ ਦੀ ਕਹਾਣੀ ਅਨੁਸਾਰ ਇਹ ਬਜ਼ੁਰਗ ਜੋੜਾ ਮੁੰਬਈ ਦੀ ਕਿਸੇ ਪੁਰਾਣੀ ਚਾਲ ਵਿਚ ਰਹਿੰਦੇ ਹਨ ਅਤੇ ਚਾਲ ਦੇ ਮਾੜੇ ਹਾਲਾਤ ਲਈ ਪ੍ਰਾਪਰਟੀ ਡੀਲਰ ਕੁੰਦਨ ਕਪਾਡੀਆ (ਅਮਜਦ ਖਾਨ) 'ਤੇ ਮੁਕੱਦਮਾ ਕਰ ਦਿੰਦੇ ਹਨ। ਕੁੰਦਨ ਕਪਾਡੀਆ ਘਾਗ ਕਿਸਮ ਦਾ ਬੰਦਾ ਹੈ ਜਿਹੜਾ ਚਾਲ ਹੇਠਲੀ ਜ਼ਮੀਨ ਵੇਚਣ ਤੇ ਇਸ ਵਿਚ ਵਸਦੇ ਬਾਸ਼ਿੰਦਿਆਂ ਨੂੰ ਬੇਘਰ ਕਰਨ 'ਤੇ ਉਤਾਰੂ ਹੈ। ਮੁਕੱਦਮਾ ਲੜਨ ਲਈ ਇਹ ਬਜ਼ੁਰਗ ਦੋ ਵਕੀਲਾਂ (ਨਸੀਰੂਦੀਨ ਸ਼ਾਹ ਤੇ ਸਤੀਸ਼ ਸ਼ਾਹ) ਨੂੰ ਜ਼ਿੰਮੇਵਾਰੀ ਸੌਂਪਦੇ ਹਨ। ਇਸ ਤੋਂ ਬਾਅਦ ਫਿਲਮ ਦੀ ਪੂਰੀ ਪਟਕਥਾ ਭਾਰਤੀ ਨਿਆਂ ਪ੍ਰਬੰਧ ਦਾ ਹੀਜ-ਪਿਆਜ਼ ਫਰੋਲਣ ਦੇ ਇਰਦ-ਗਿਰਦ ਘੁੰਮਦੀ ਹੈ। ਇਹ ਨਿਆਂ ਪ੍ਰਬੰਧ ਲਾਲ ਫੀਤਾਸ਼ਾਹੀ, ਭ੍ਰਿਸ਼ਟਾਚਾਰ ਤੇ ਗਵਾਹਾਂ ਨੂੰ ਖੁਰਦ-ਬੁਰਦ ਕਰਨ ਦਾ ਇਸ ਹੱਦ ਤੱਕ ਸ਼ਿਕਾਰ ਹੈ ਕਿ ਪੂਰਾ ਮੁਕੱਦਮਾ ਮਜ਼ਾਕ ਬਣ ਕੇ ਰਹਿ ਜਾਂਦਾ ਹੈ ਤੇ ਇਨਸਾਫ ਦਾ ਤਰਾਜੂ ਡੋਲ ਜਾਂਦਾ ਹੈ। ਫਿਲਮ ਦੀ ਪਟਕਥਾ ਬੇਹੱਦ ਗੁੰਦਵੀਂ ਹੈ ਅਤੇ ਇਸ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕੀਤੀ ਗਈ ਹੈ ਕਿ ਸਿਨੇਮਾ ਵਿਚ ਬੈਠਾ ਦਰਸ਼ਕ ਆਪਣੇ-ਆਪ ਵਿਚ ਖੁਦ ਮੁਕੱਦਮਾ ਹਾਰ ਗਿਆ ਮਹਿਸੂਸ ਕਰਦਾ ਹੈ।

ਮੁਕੱਦਮਾ ਅਦਾਲਤ ਦੇ ਅੰਦਰ ਅਤੇ ਬਾਹਰ, ਦੋਹੀਂ ਥਾਈਂ ਲੜਿਆ ਜਾ ਰਿਹਾ ਹੈ। ਅਦਾਲਤ ਵਿਚ ਜੋੜੇ ਦੇ ਦੋਵੇਂ ਵਕੀਲ ਕੁੰਦਨ ਕਪਾਡੀਆ ਦੀ ਵਕੀਲ (ਰੋਹਿਣੀ ਹਤੰਗੜੀ) ਨਾਲ ਮਿਲ ਜਾਂਦੇ ਹਨ। ਤਿੰਨਾਂ ਦੀ ਮਿਲੀਭੁਗਤ ਕਾਰਨ ਬਜ਼ੁਰਗਾਂ ਦੀ ਜ਼ਿੰਦਗੀ ਘੁੰਮਣਘੇਰੀ ਵਿਚ ਫਸ ਜਾਂਦੀ ਹੈ ਜਿਥੇ ਉਹ ਇਨਸਾਫ ਦੀ ਤਾਂਘ ਵਿਚ ਆਪਣੀ ਕੁੱਲ ਜਮਾਂ-ਪੂੰਜੀ ਦੇ ਨਾਲ-ਨਾਲ ਮਨ ਦੀ ਸ਼ਾਂਤੀ ਵੀ ਗੁਆ ਬੈਠਦੇ ਹਨ। ਅਦਾਲਤ ਤੋਂ ਬਾਹਰ ਲੜਿਆ ਜਾ ਰਿਹਾ ਮੁਕੱਦਮਾ ਜ਼ਿਆਦਾ ਕਰੂਰ ਹੈ ਜਿਥੇ ਬਜ਼ੁਰਗਾਂ ਦੀ ਸਾਫਗੋਈ, ਇਨਸਾਫ ਲਈ ਤਾਂਘ ਅਤੇ ਉਨ੍ਹਾਂ ਦੀ ਮੁਕੱਦਮਾ ਲੜਨ ਦੀ ਜ਼ਿੱਦ ਨੂੰ ਉਨ੍ਹਾਂ ਦੀ ਮੂਰਖਤਾ ਗਿਣਿਆ ਜਾ ਰਿਹਾ ਹੈ। ਅਦਾਲਤ ਦੇ ਅੰਦਰ ਉਹ ਜੱਜ ਅੱਗੇ ਆਪਣਾ ਰੋਣਾ ਰੋ ਸਕਦੇ ਹਨ, ਪਰ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਢੀਠਤਾਈ ਅਤੇ ਤਨਜ਼ਾਂ ਦਾ ਸਾਹਮਣਾ ਉਨ੍ਹਾਂ ਦਾ ਅਸਲ ਇਮਤਿਹਾਨ ਹੋ ਨਿਬੜਦਾ ਹੈ।

ਫਿਲਮ ਮੁੰਬਈ ਸ਼ਹਿਰ ਦੇ ਕਿਰਦਾਰ ਵਿਚਲੀਆਂ ਪੇਚੀਦਗੀਆਂ ਨੂੰ ਬਹੁਤ ਖੂਬਸੂਰਤੀ ਨਾਲ ਫੜਦੀ ਹੈ। ਕੀ ਕਿਸੇ ਸ਼ਹਿਰ ਦੇ ਬਾਸ਼ਿੰਦੇ ਇੱਦਾਂ ਦੀ ਹੀ ਹੋਣੀ ਦਾ ਸ਼ਿਕਾਰ ਬਣਦੇ ਹਨ ਜਿਦਾਂ ਦਾ ਸ਼ਹਿਰ ਉਨ੍ਹਾਂ ਨੇ ਸਿਰਜਿਆ ਹੁੰਦਾ ਹੈ; ਜਾਂ ਸ਼ਹਿਰ ਨੂੰ ਸਿਰਜਦਾ ਕੋਈ ਹੋਰ ਹੈ, ਚਲਾਉਂਦਾ ਕੋਈ ਹੋਰ ਹੈ; ਭੁਗਤਦਾ ਕੋਈ ਹੋਰ ਹੈ ਤੇ ਮਾਣਦਾ ਕੋਈ ਹੋਰ ਹੈ? ਬੇਇਨਸਾਫੀ ਦੀ ਜ਼ੱਦ ਵਿਚ ਆਏ ਲੋਕਾਂ ਲਈ ਸ਼ਹਿਰ ਨਾਲ ਲਗਾਉ ਦੇ ਮਾਅਨੇ ਕਿਵੇਂ ਬਦਲ ਜਾਂਦੇ ਹਨ, ਫਿਲਮ ਇਸ ਦਾ ਪੁਖਤਾ ਦਸਤਾਵੇਜ਼ ਹੈ।

ਫਿਲਮ ਦਾ ਅੰਤ ਬਹੁਤ ਉਦਾਸ ਕਰਨ ਵਾਲਾ ਹੈ। ਜਦੋਂ ਵਰ੍ਹਿਆਂ ਬੱਧੀ ਮੁਕੱਦਮਾ ਲੜਨ ਤੋਂ ਬਾਅਦ ਜੱਜ ਚਾਲ ਦੀ ਮਾੜੀ ਹਾਲਤ ਦਾ ਜ਼ਾਇਜ਼ਾ ਲੈਣ ਚਾਲ ਵਿਚ ਆਉਂਦਾ ਹੈ ਤਾਂ ਪ੍ਰਾਪਰਟੀ ਡੀਲਰ ਕੁੰਦਨ ਕਪਾਡੀਆ ਦੇ ਗੁੰਡੇ ਚਾਲ ਦੀ ਲੀਪਾ-ਪੋਚੀ ਕਰ ਦਿੰਦੇ ਹਨ। ਜੱਜ ਨੂੰ ਚਾਲ ਸਾਬਤੀ-ਸਬੂਤੀ ਨਜ਼ਰ ਆਉਂਦੀ ਹੈ। ਦਰਸ਼ਕਾਂ ਦਾ ਗਲਾ ਭਰ ਆਉਂਦਾ ਹੈ। ਬਜ਼ੁਰਗ ਕੋਲ ਹੋਰ ਕੋਈ ਚਾਰਾ ਨਾ ਹੋਣ ਕਾਰਨ ਉਹ ਧੱਕਾ ਮਾਰ ਕੇ ਆਰਜ਼ੀ ਢਾਂਚੇ ਢਾਹ ਦਿੰਦਾ ਹੈ। ਇਸ ਤਰੱਦਦ ਵਿਚ ਉਹ ਢਾਂਚੇ ਦੇ ਮਲਬੇ ਥੱਲੇ ਆ ਕੇ ਦਮ ਤੋੜ ਦਿੰਦਾ ਹੈ। ਇਸ ਦੇ ਨਾਲ ਹੀ ਇਹ ਬਜ਼ੁਰਗ, ਜੱਜ ਅੱਗੇ ਆਪਣੀ ਲਾਸ਼ ਦੁਆਰਾ ਸਮਿਆਂ ਦੀ ਕਰੂਰ ਹਕੀਕਤ ਢੇਰੀ ਕਰ ਦਿੰਦਾ ਹੈ। ਦਰਸ਼ਕ ਫਿਲਮ ਵਿਚ ਪਈ ਨਿਆਂ ਦੀ ਲਾਸ਼ ਚੁੱਕਣ ਵਾਲਿਆਂ ਦੀ ਉਡੀਕ ਕਰਦਾ ਹੈ।ਇਹ ਫਿਲਮ ਰਿਲੀਜ਼ ਹੋਣ ਤੋਂ ਬਾਅਦ ਇਸ ਦੇ ਅਦਾਕਾਰਾਂ ਦੀ ਖਾਸ ਪ੍ਰਸੰਸਾ ਹੋਈ ਸੀ। ਦੀਪਤੀ ਨਵਲ, ਮੋਹਨ ਗੋਖਲੇ, ਅਰਵਿੰਦ ਦੇਸ਼ਪਾਂਡੇ, ਰੋਹਿਣੀ ਹਤੰਗੜੀ, ਪੰਕਜ ਕਪੂਰ ਆਦਿ ਨੇ ਆਪਣੀਆਂ ਭੂਮਿਕਾਵਾਂ ਨਾਲ ਪੂਰਾ ਇਨਸਾਫ ਹੀ ਨਹੀਂ ਕੀਤਾ, ਸਗੋਂ ਫਿਲਮ ਇਤਿਹਾਸ ਵਿਚ ਨਵਾਂ ਵਰਕਾ ਜੋੜਿਆ।






*'ਮੋਹਨ ਜੋਸ਼ੀ ਹਾਜ਼ਿਰ ਹੋ' ਦੇ ਇਕ ਦ੍ਰਿਸ਼ ਵਿਚ ਭੀਸ਼ਮ ਸਾਹਨੀ ਅਤੇ ਦੀਨਾ ਪਾਠਕ।*


SIGNS • GRAPHICS • WRAP
QUIK SIGNS
Quik Signs
www.quiksigns.us
SIGNS & GRAPHICS
ਟਰੱਕਾਂ ਅਤੇ ਟਰੇਲਰਾਂ ਦੇ ਸਾਈਨ, ਟਰਿਪ ਪੈਕ, ਲੌਗ ਬੁੱਕ
• ਸਟੋਰਾਂ ਦੇ ਸਾਈਨ • ਫਲਾਇਰ • ਪੋਸਟਰ • ਬਿਜ਼ਨਸ ਕਾਰਡ
• ਇਲੈਕਟ੍ਰਾਨਿਕ ਸਾਈਨ • ਐਲ.ਈ.ਡੀ. ਸਾਈਨ • ਕਲੈਂਡਰ
ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਕਰਵਾਉਣ ਲਈ ਕਾਲ ਕਰੋ
• Store Sign • Flyers • Posters • LED Sign
• Business Cards • Electronic Signs • Banner
REGULAR
2.39 9/10
2.65 9
ਅਸੀਂ ਸਾਈਨ ਮੇਲ ਵੀ ਕਰ ਦਿੰਦੇ ਹਾਂ
LED
GAS PRICE CHANGER
ALL SIZE AVAILABLE
Reasonable Price, Fast & Friendly Service
661.703.8795
tanjit5020@yahoo.com
661.900.7357
manmit5020@yahoo.com

# Two Awesome Packages. One Amazing Deal.

Get the best of Punjabi and American TV for one low price.

11 Punjabi Channels
+
55 English Channels

$34.98/mo

for 1 year then $69.98/mo with Offer Code SAVEBIG. Requires credit qualification, 24-month commitment with early termination fee and e-bill autopay.

11 Punjabi Channels: Punjabi Mega Pack

55 English Channels: Smart Pack

and more

HBO CINEMAX SHOWTIME
Free for 3 months

Order Now!
1-888-622-8456

Use Offer Code SAVEBIG

dish

**$10/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.

**Important Terms and Conditions: Promotional Offers:** Require activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current monthly price applies and is subject to change. **ETF:** If you cancel service during first 24 months, early termination fee of $20 for each month remaining applies. **Additional Requirements: E-Bill Autopay Credit:** Promotional prices reflect a $10/mo credit for enrollment in e-bill autopay. If e-bill autopay is cancelled, credit will be removed. **Premium Channels:** Premium offer value is $135; after 3 months then-current monthly prices apply and are subject to change unless you call or go online to cancel prior to the end of 3 months. **Installation/Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers. Activation Fee may apply. Offers subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. **Offers end 1/13/16.**

© 2015 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company.

Punjabi "Single Price" 2015